# ਇਤਿਹਾਸ ਤੁਰਦਾ ਹੈ

ਸਾਥੀ ਲੁਧਿਆਣਵੀ



1

# ਇਤਿਹਾਸ ਟੁਰਦਾ ਹੈ

(ਸੋਸ਼ੀਓ-ਪੁਲੀਟੀਕਲ ਲੇਖ ਸੰਗ੍ਰਹਿ)

੨

**ਇਸੇ ਕਲਮ ਤੋਂ:**

- ਸਮੁੰਦਰੋਂ ਪਾਰ
- ਅੱਗ ਖਾਣ ਪਿੱਛੋਂ
- ਉਡਦੀਆਂ ਤਿੱਤਲੀਆਂ ਮਗ਼ਰ
- ਮੌਸਮ ਖ਼ਰਾਬ ਹੈ
- ਪ੍ਰੇਮ ਖੇਲਨ ਦਾ ਚਾਓ
- ਤਿੜਕਿਆ ਸ਼ਹਿਰ
- ਕਦੇ ਸਾਹਿਲ ਕਦੇ ਸਮੁੰਦਰ
- ਸਮੇਂ ਦੇ ਪੈਰ ਚਿੰਨ੍ਹ
- ਪੱਥਰ
- ਗੋਰੀ ਧਰਤੀ (ਸਹਿ ਸੰਪਾਦਕ)
- ਰੇਨਬੋਅ (ਸਹਿ ਸੰਪਾਦਕ)
- ਸੱਜਰੇ ਫ਼ੁੱਲ (ਸੰਪਾਦਕ)

3

# ਇਤਿਹਾਸ ਟੁਰਦਾ ਹੈ

(ਸੋਸ਼ੀਓ-ਪੁਲੀਟੀਕਲ ਲੇਖ਼ ਸੰਗ੍ਰਹਿ)

ਸਾਥੀ ਲੁਧਿਆਣਵੀ

5 ਆਬ
ਪ੍ਰਕਾਸ਼ਨ, ਜਲੰਧਰ

# ITHAS TURDA HAI

By

**DR SATHI LUDHIANVI**

33 Westholme Gardens
Ruislip
Middlesex
HA4 8 QJ
Mob. 07956 525324 Tel. 01895 678929
drsathi@hotmail.co.uk and /or drsathi41@gmail.com

© ਲੇਖਕ

ISBN : 978-93-82413-33-2

ਪਹਿਲੀ ਵਾਰ: 2013

ਮੁੱਲ: 150 ਰੁਪਏ

**ਪ੍ਰਕਾਸ਼ਕ: ਪੰਜ ਆਬ ਪ੍ਰਕਾਸ਼ਨ**

1-ਦੇਸ਼ ਭਗਤ ਯਾਦਗਾਰ ਹਾਲ, ਜਲੰਧਰ
ਫ਼ੋਨ: 98140-87063
5aabparkashan@gmail.com
www. 5aabparkashan.com

**ਟਾਈਪ ਸੈਟਿੰਗ: ਵੈਕ ਕੰਪਿਊਟਰਜ਼**

1-ਦੇਸ਼ ਭਗਤ ਯਾਦਗਾਰ ਹਾਲ ਜੀ. ਟੀ. ਰੋਡ
ਜਲੰਧਰ ਫ਼ੋਨ : 98140-87063
e-maii: vac_comp@yahoo.com

S

# ਸਮਰਪਣ

ਆਪਣੀ ਪਤਨੀ ਯਸ਼,
ਪੁੱਤਰ ਨਵੀਨ ਅਤੇ ਨੂੰਹ ਸ਼ਰਨਜੀਤ ਸਾਥੀ ਨੂੰ।
ਆਪਣੇ ਵੀਰ
ਜੋਗਿੰਦਰ ਸਿੰਘ, ਵੀਰ ਬਲਬੰਤ ਸਿੰਘ
ਅਤੇ
ਡਾਕਟਰ ਦਿਲਬਾਗ਼ ਸਿੰਘ ਨੂੰ।
ਪਿਆਰੇ ਦੋਸਤ
ਸੰਤੋਖ਼ ਧਾਲੀਵਾਲ, ਵੀਰੇਂਦਰਾ ਪਰਿਹਾਰ, ਚਮਨ ਲਾਲ ਚਮਨ,
ਦੀਦਾਰ ਸਿੰਘ ਪਰਦੇਸੀ ਅਤੇ ਮੋਹਨ ਸਿੰਘ ਕੁੱਕੜਪਿੰਡੀਆ
ਨੂੰ ਅਤੇ
ਆਪਣੇ ਸੱਭੇ ਪਾਠਕਾਂ ਅਤੇ
ਸਰੋਤਿਆਂ ਤੇ
ਦਰਸ਼ਕਾਂ ਨੂੰ।

6

# ਤਤਕਰਾ


| | | |
|---|---|---|
| 1. | ਮੁੱਖ ਲੇਖ–ਡਾਕਟਰ ਸਾਥੀ ਲੁਧਿਆਣਵੀ | 08 |
| 2. | ਇੰਗਲੈਂਡ ਵਿਚ ਪੰਜਾਬੀਆਂ ਦੀਆਂ ਪੀੜ੍ਹੀਆਂ ਵਿਚ ਪਾੜਾ–1978 | 15 |
| 3. | ਵੈਲਕੰਮ ਟੂ ਬ੍ਰਿਟਨ–1978 | 24 |
| 4. | ਲਾਈਨ ਵਿਚ ਖੜੋਵੋ–1978 | 29 |
| 5. | ਬਰਤਾਨੀਆਂ ਵਿਚ ਬਦਲਦੇ ਰਿਸ਼ਤੇ–1978 | 33 |
| 6. | ਪਹੁੰਚੇ ਹਾਂ ਕਿਸ ਮੁਕਾਮ 'ਤੇ–1986 | 37 |
| 7. | ਈਰਾਕ ਦੇ ਕੁਰਦ ਲੋਕ–1999 | 43 |
| 8. | ਬੀ ਬੀ ਸੀ ਅਤੇ ਰੇਡੀਓ ਅਥੌਰਟੀ–1988 | 47 |
| 9. | 1999 ਦੀ ਇਕ ਰੇਡੀਓ ਡੀਬੇਟ–1999 | 52 |
| 10. | ਔਂਗ ਸੂੰ ਸਾਂ ਚੀ–1995 | 58 |
| 11. | ਬਰ੍ਹਮਾ ਦੇ ਦੁਖ਼ੀ ਲੋਕਾਂ ਦੀ ਆਵਾਜ਼–1995 | 61 |
| 12. | ਮਹਾਰਾਣੀ ਕ੍ਰਿਮਿਸ ਵਾਲੇ ਦਿਨ–1998 | 64 |
| 13. | ਰਈਸਾ ਗੋਰਬਾਚੋਵ–1999 | 69 |
| 14. | ਨਸਲਵਾਦ ਅਤੇ ਬਰਤਾਨਵੀ ਫ਼ੌਜਾਂ–1992 | 73 |
| 15. | 1999 ਦੀ ਭਾਰਤੀ ਸਰਕਾਰ–1994 | 77 |
| 16. | ਯੂ. ਐਨ. ਓ. ਦੀ ਬੁਜ਼ਦਿਲੀ–1994 | 81 |
| 17. | ਸਾਡੇ ਪਿੰਡ ਵਿਚ ਪਾ ਕੇ ਹੱਟੀ–1998 | 85 |
| 18. | ਸੋਲ੍ਹਵੇਂ ਸਾਲ ਤੋਂ ਪਹਿਲਾਂ ਦੀ ਲਿੰਗ–ਆਜ਼ਾਦੀ–1985 | 91 |
| 19. | ਇੰਗਲੈਂਡ ਵਿਚ ਕੁਆਰੇ ਗਰਭ ਦੀ ਸਮੱਸਿਆ–1978 | 95 |
| 20. | ਭਲਾ ਨਾਂ ਵਿਚ ਕੀ ਪਿਆ ਹੈ? 1983 | 97 |
| 21. | ਮਨਫ਼ੀ ਹੋ ਗਏ ਵਰ੍ਹੇ–1990 | 101 |
| 22. | ਜੌਰਡਨ–2001 | 105 |
| 23. | ਈਰਾਨ–1999 | 109 |
| 24. | ਇੰਡੀਅਨ ਵਿਜ਼ਿਟਰਜ਼ ਟੂ ਯੂ ਕੇ–1989 | 113 |
| 25. | ਮੋਹ ਇੰਗਲੈਂਡ ਨਾਲ–1999 | 118 |
| 26. | ਪੰਜਾਬੀ ਭਾਸ਼ਾ ਦਾ ਭੱਠਾ ਗੁੱਲ ਕਿਉਂ–1990 | 123 |

27. ਬਿੱਲ ਕਲਿੰਟਨ ਦੀਆਂ ਸੈਕਸ ਖ਼ੇਡਾਂ ਅਤੇ ਅਮਰੀਕਾ–1998 127

28. ਬਿੱਲ ਕਲਿੰਟਨ ਸੈਕਸ ਸਕੈਂਡਲ–1999 131

29. ਸ਼ਹਿਜ਼ਾਦੀ ਡਿਆਨਾ ਦੀ ਮੌਤ ਅਤੇ ਅਫ਼ਵਾਹਾਂ–2004 135

30. ਲਿੱਬੀਆ ਦੇ ਡਿਕਟੇਟਰ ਕਰਨਲ ਗੱਦਾਫ਼ੀ ਦਾ ਦਰਦਨਾਕ ਅੰਤ–2011 139

31. ਅੰਗਰੇਜ਼ੀ ਸਾਹਿਤ ਰਸੀਆਂ ਦੇ ਮੱਕੇ ਦੀ ਦੂਜੀ ਜ਼ਿਆਰਤ–2012 144

32. ਸੀਆਟਲ ਦੀ ਬੋਇੰਗ ਫ਼ੈਕਟਰੀ –2012 151

33. ਬਰਤਾਨੀਆਂ ਦੇ ਬੇਕਾਬੂ ਹੋ ਗਏ ਸਰਕਾਰੀ ਭੱਤੇ
ਦੇਸ ਦੀ ਆਰਥਿਕਤਾ ਲਈ ਖ਼ਤਰਾ 157

34. ਪੰਜਾਬੀ ਸਾਹਿਤ ਦਾ ਸਿਰਮੌਰ ਲੇਖ਼ਕ–ਡਾ.ਸਾਥੀ ਲੁਧਿਆਣਵੀ
–ਡਾ. ਪ੍ਰੀਤਮ ਸਿੰਘ ਕੈਂਬੋ ਦੀਆਂ ਨਜ਼ਰਾਂ ਵਿਚ 162

35. Bio data of Dr Sathi Ludhianvi 166

# ਇਤਿਹਾਸ ਟੁਰਦਾ ਹੈ

ਇਸ ਪੁਸਤਕ ਵਿਚਲੇ ਲੇਖਾਂ ਵਰਗੇ ਲੇਖਾਂ ਦੀ ਇਕ ਕਿਤਾਬ, ਸਮੇਂ ਦੇ ਪੈਰ ਚਿੰਨ੍ਹ, ਵੀ ਮੈਂ ਪਿਛਲੇ ਵਰ੍ਹੇ ਵਿਚ ਪਾਠਕਾਂ ਨੂੰ ਦੇ ਚੁੱਕਾ ਹਾਂ ਤੇ ਉਸ ਤੋਂ ਪਹਿਲਾਂ ਦੋ ਹੋਰ ਪੁਸਤਕਾਂ ਵੀ। ਇਨ੍ਹਾਂ ਪੁਸਤਕਾਂ ਦੇ ਹੁੰਗਾਰੇ ਤੋਂ ਹੀ ਮੈਨੂੰ ਉਤਸ਼ਾਹ ਮਿਲ਼ਿਆ ਹੈ ਕਿ ਇਸ ਪੁਸਤਕ-ਲੜੀ ਵਿਚ 'ਇਤਿਹਾਸ ਟੁਰਦਾ ਹੈ' ਨੂੰ ਵੀ ਮੈਂ ਸ਼ਾਮਲ ਕਰਾਂ। ਇਹ ਅਜਿਹੇ ਲੇਖ ਹਨ ਜਿਨ੍ਹਾਂ ਵਿਚ ਇੰਗਲੈਂਡ ਤੋਂ ਇਲਾਵਾ ਦੂਜੇ ਦੇਸ਼ਾਂ ਦੀਆਂ ਰਾਜਨੀਤਕ ਅਤੇ ਸਮਾਜਕ ਪ੍ਰਸਥਿਤੀਆਂ ਬਦਲਣ ਦਾ ਇਤਿਹਾਸ ਹੈ। ਇਤਿਹਾਸ ਨੂੰ ਸਾਂਭਣਾ ਭਵਿੱਖ ਨੂੰ ਸੁਰੱਖਿਅਤ ਕਰਨਾ ਹੁੰਦਾ ਹੈ ਕਿਉਂਕਿ ਇਤਿਹਾਸ ਤੋਂ ਪ੍ਰੇਰਨਾ ਲੈ ਕੇ ਹੀ ਵਰਤਮਾਨ ਭਵਿੱਖ ਵੱਲ ਨੂੰ ਟੁਰਦਾ ਹੈ।

ਭਾਰਤੀ ਲੋਕ ਵਧੇਰੇ ਕਰਕੇ ਪੰਜਾਹਵਿਆਂ ਦੇ ਅਖ਼ੀਰ ਅਤੇ ਸੱਠਵਿਆਂ ਦੇ ਸ਼ੁਰੂ ਵਿਚ ਹੀ ਇਥੇ ਯੂ. ਕੇ. ਵਿਚ ਆਏ ਸਨ। ਇਸ ਪੁਸਤਕ ਦਾ ਮੇਰਾ ਪਹਿਲਾ ਲੇਖ 'ਇੰਗਲੈਂਡ ਵਿਚ ਪੰਜਾਬੀਆਂ ਦੀਆਂ ਪੀੜ੍ਹੀਆਂ ਵਿਚ ਪਾੜਾ' ਨਾਂ ਦੇ ਸਬਜੈਕਟ ਨੂੰ ਛੂੰਹਦਾ ਹੈ। ਅੱਜ 2012 ਵਿਚ ਜਿਹੜੀਆਂ ਸਮੱਸਿਆਵਾਂ ਸਾਡਾ ਭਾਈਚਾਰਾ ਫ਼ੇਸ ਕਰ ਰਿਹਾ-ਉਹ ਸਮੱਸਿਆਵਾਂ ਅੱਸੀਵਿਆਂ ਵਿਚ ਸ਼ੁਰੂ ਹੋ ਚੁੱਕੀਆਂ ਸਨ। ਭਾਵੇਂ ਅੱਜਕੱਲ੍ਹ ਨਵੀਂ ਅਤੇ ਪੁਰਾਣੀ ਪੀੜ੍ਹੀ ਵਿਚਕਾਰ ਕਾਫੀ ਸਮਝੌਤਾ ਹੋ ਚੁੱਕਾ ਹੈ ਪਰ ਅਜੇ ਵੀ ਪੁਰਾਣੇ ਲੋਕ ਨਵਿਆਂ ਦੀ ਵਿਚਾਰਧਾਰਾ ਨੂੰ ਕਬੂਲ ਕਰਨ ਵਾਸਤੇ ਜੱਕੋ-ਤੱਕੀ ਕਰਦੇ ਹਨ। ਫਿਰ ਵੀ ਮੈਂ ਸਮਝਦਾ ਹਾਂ ਕਿ ਸਾਡਾ ਕਦਮ ਅੱਗੇ ਹੀ ਅੱਗੇ ਟੁਰਿਆ ਹੈ ਤੇ ਪੁਰਾਣੀ ਪੀੜ੍ਹੀ ਨਵੀਆਂ ਕਦਰਾਂ ਕੀਮਤਾਂ ਵੱਲ ਸਹਾਨੁਭੂਤੀ ਦਿਖਾ ਰਹੀ ਹੈ।

'ਵੈਲਕੰਮ ਟੂ ਬ੍ਰਿਟੇਨ' ਨਾਂ ਦੇ ਲੇਖ ਵਿੱਚ ਮੈਂ 1978 ਵਿਚ ਇਧਰ ਵੱਲ ਆਂਦੇ ਵੀਅਤਨਾਮੀ ਰਫਿਊਜੀਆਂ ਬਾਰੇ ਲਿਖਿਆ ਹੈ। ਮੈਂ ਕਿਹਾ ਹੈ ਕਿ ਇਨ੍ਹਾਂ ਲੋਕਾਂ ਨੂੰ ਆਪਣੇ ਦੇਸੀਂ ਲਿਜਾਣ ਦੀ ਜ਼ਿੰਮੇਵਾਰ ਅਮਰੀਕਾ ਦੀ ਸੀ ਨਾ ਕਿ ਸਾਡੀ। ਇਸ ਦਾ ਕਾਰਨ ਇਹ ਹੈ ਕਿ ਵੀਅਤਨਾਮ ਦੀ ਲੜਾਈ ਵੇਲੇ ਇੰਗਲੈਂਡ ਇਸ ਲੜਾਈ ਵਿਚ ਸ਼ਾਮਲ ਨਹੀਂ ਸੀ। ਪੁਲੀਟੀਕਲ ਅਸਾਇਲਮ ਵਾਲੀ ਇਹ ਸਮੱਸਿਆ ਅੱਜ ਬਰਤਾਨੀਆ ਲਈ ਜ਼ਬਰਦਸਤ ਸਿਰਦਰਦੀ ਬਣੀ ਹੋਈ ਹੈ। ਤਕਰੀਬਨ 10 ਲੱਖ ਲੋਕ ਅਸਾਇਲਮ ਲੈਣ ਲਈ ਇਥੇ ਬੈਠੇ ਹੋਏ ਹਨ। ਇਨ੍ਹਾਂ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਹੈ। ਇਸ ਲਈ ਇਹ ਸਟੇਟ ਉਤੇ ਭਾਰ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ ਅੱਜ ਦੇ ਰਿਫਿਊਜੀ ਪੁਲੀਟੀਕਲ ਨਹੀਂ ਸਗੋਂ ਇਕਨੌਮਿਕ ਇਮੀਗਰਾਂਟਸ ਹਨ।

ਦੇਸੋਂ ਆ ਕੇ ਸਾਨੂੰ ਇਥੋਂ ਦੀਆਂ ਕਈ ਗੱਲਾਂ ਕਾਫੀ ਆਚੰਭਤ ਕਰਦੀਆਂ ਹਨ। ਉਨ੍ਹਾਂ ਵਿੱਚੋਂ ਇਕ ਸੀ ਬਰਤਾਨਵੀ ਲੋਕਾਂ ਦੀ ਲਾਈਨ ਵਿਚ ਖ਼ੜੋਨ ਦੀ ਆਦਤ। ਕੋਈ ਧੱਕੇ ਧੋੜੇ

ਨਹੀਂ। ਕੋਈ ਰੌਲਾ-ਗੌਲਾ ਨਹੀਂ।ਬੱਸ ਆਪਣੀ ਵਾਰੀ ਦੀ ਉਡੀਕ ਵਿਚ ਇਹ ਲੋਕ ਚੁਪੀਤੇ ਖੜੇ ਰਹਿੰਦੇ ਹਨ। ਬਾਹਰਲੇ ਪਰ ਖਾਸ ਕਰਕੇ ਤੀਜੀ ਦੁਨੀਆਂ ਦੇ ਲੋਕਾਂ ਨੂੰ ਇਨ੍ਹਾਂ ਦੀ ਇਹੋ ਜਿਹੀ ਆਦਤ ਤੋਂ ਬੜਾ ਕੁਝ ਸਿੱਖਣਾ ਚਾਹੀਦਾ ਹੈ। ਪੁਲੀਟੀਕਲ ਅਨੈਲਿਸਜ਼ ਦੇ ਨਾਲ ਨਾਲ ਮੈਂ ਯੂ ਕੇ ਦੀਆਂ ਸਮਾਜਕ ਅਤੇ ਸਿਵਿਕ ਗੱਲਾਂ ਵੱਲ ਵੀ ਧਿਆਨ ਦੁਆਉਣ ਦੀ ਵੀ ਕੋਸ਼ਿਸ਼ ਕੀਤੀ ਹੈ। 'ਲਾਈਨ ਵਿਚ ਖੜੋਵੋ' ਨਾਂ ਦਾ ਲੇਖ ਮੈਂ 1978 ਵਿਚ ਲਿਖਿਆ ਸੀ। ਕੀ ਇਹੋ ਜਿਹੇ ਲੇਖਾਂ ਕਾਰਨ ਭਾਰਤ ਵਿਚ ਵਸਦੇ ਲੋਕਾਂ ਵਿਚ ਕੋਈ ਤਬਦੀਲੀ ਆਈ ਹੈ? ਭਾਰਤ ਦੇ 25 ਮਿਲੀਅਨ ਲੋਕ ਬਾਹਰਲੇ ਦੇਸੀ ਰਹਿੰਦੇ ਹਨ। ਕੀ ਉਨ੍ਹਾਂ ਨੇ ਇਥੋਂ ਦੇਸ਼ ਜਾ ਕੇ ਆਪਣੇ ਲੋਕਾਂ ਨੂੰ ਇਹ ਸਲੀਕੇ ਵਾਲੀਆਂ ਗੱਲਾਂ ਦੱਸੀਆਂ ਹਨ? ਮੇਰਾ ਇਹ ਸਵਾਲ ਪਾਠਕਾਂ ਪ੍ਰਤੀ ਹਨ।

1978 ਤੀਕ ਇਥੇ ਵਸਦੇ ਆਪਣੇ ਲੋਕਾਂ ਦੇ ਸ਼ਿਸਟਾਚਾਰ ਜਾਨੀ ਕਿ ਮੈਨਰਜ਼ ਬਦਲ ਚੁੱਕੇ ਸਨ। ਉਨ੍ਹਾਂ ਨੇ ਗੋਰੇ ਲੋਕਾਂ ਤੋਂ ਚੰਗੇ ਐਟੀਕੇਟਸ ਸਿੱਖਣੇ ਸ਼ੁਰੂ ਕਰ ਦਿੱਤੇ ਸਨ। ਉਨ੍ਹਾਂ ਦੇ ਪੁੱਤਰ ਤੇ ਧੀਆਂ ਦਾ ਰਵੱਈਆ ਵੀ ਛੇਤੀ ਛੇਤੀ ਬਦਲ ਰਿਹਾ ਸੀ। ਇਸੇ ਸਬਜੈਕਟ ਨੂੰ ਲੈ ਕੇ ਮੈਂ 'ਬਦਲਦੇ ਰਿਸ਼ਤੇ' ਨਾਂ ਦਾ ਲੇਖ਼ ਲਿਖਿਆ ਸੀ।

1986 ਵਿਚ ਪੰਜਾਬ ਦੀ ਸਥਿਤੀ ਹਰਿਮੰਦਰ ਸਾਹਿਬ ਉਤੇ ਹੋਏ ਹਮਲੇ, 1984 ਵਿਚ ਇੰਦਰਾ ਗਾਂਧੀ ਦੇ ਕਤਲ ਪਿਛੋਂ ਹੋਏ ਦਿੱਲੀ ਤੇ ਕਾਨ੍ਹਪੁਰ ਦੇ ਕਤਲੇਆਮ ਨੇ 'ਪਹੁੰਚੇ ਹਾਂ ਕਿਸ ਮੁਕਾਮ 'ਤੇ' ਨਾਂ ਦਾ ਲੇਖ਼ ਮੇਰੇ ਕੋਲੋਂ ਲਿਖਵਾਇਆ ਸੀ। ਪੰਜਾਬ ਤੇ ਪੰਜਾਬੀਆਂ ਦੇ ਜ਼ਖਮ ਹਾਲੀਂ ਅੱਲ੍ਹੇ ਸਨ। ਅਜੇ ਬਹੁਤ ਕੁਝ ਹੋਰ ਹੋਣ ਵਾਲਾ ਸੀ। ਇਤਿਹਾਸ ਸਿਰਜਿਆ ਜਾ ਰਿਹਾ ਸੀ।

1988 ਵਿਚ ਮੈਂ ਬੀ. ਬੀ. ਸੀ. ਅਤੇ ਰੇਡੀਓ ਅਥੌਰਟੀ ਨੂੰ ਕੋਸਿਆ ਸੀ। ਬੀ ਬੀ ਸੀ ਤੋਂ ਮੰਗ ਕੀਤੀ ਸੀ ਕਿ ਉਹ ਘਟ ਗਿਣਤੀ ਕੌਮਾਂ ਦੇ ਦੇ ਦਰਸ਼ਕਾਂ/ਸਰੋਤਿਆਂ/ਪੇਸ਼ਕਾਰਾਂ ਨੂੰ ਉਨ੍ਹਾਂ ਦਾ ਬਣਦਾ ਏਅਰ ਟਾਈਮ ਦਿਆ ਕਰਨ। ਮੈਂ ਰੇਡੀਓ ਅਥੌਰਟੀ ਤੋਂ ਮੰਗ ਕੀਤੀ ਸੀ ਕਿ ਉਹ ਘੱਟ ਗਿਣਤੀ ਕੌਮਾਂ ਪਰ ਖਾਸ ਕਰਕੇ ਏਸ਼ੀਅਨਾਂ ਨੂੰ ਕਮਿਊਨਿਟੀ ਰੇਡੀਓ ਲਾਈਸੈਂਸ ਦੇਵੇ। ਸਭ ਤੋਂ ਪਹਿਲਾਂ 'ਸੰਨਰਾਈਜ਼ ਰੇਡੀਓ' ਨੂੰ 1989 ਵਿਚ ਲਾਈਸੈਂਸ ਮਿਲਿਆ।ਇਨ੍ਹਾਂ ਸਤਰਾਂ ਦਾ ਲੇਖਕ ਸੰਨਰਾਈਜ਼ ਰੇਡੀਓ, ਕਿਸਮਤ ਰੇਡੀਓ ਅਤੇ ਸੰਨਰਾਈਜ਼ ਟੈਲੀਵੀਜ਼ਨ ਨਾਲ ਸ਼ੁਰੂ ਤੋਂ ਹੀ ਬਤੌਰ ਪੇਸ਼ਕਾਰ ਦੇ ਜੁੜਿਆ ਹੋਇਆ ਹੈ। ਮੈਨੂੰ ਇਸ ਗੱਲ ਦਾ ਵੀ ਮਾਣ ਹੈ ਕਿ ਯੂਰਪੀਨ ਦੇਸਾਂ ਵਿੱਚ ਪਹਿਲੀ ਵੇਰ ਪੰਜਾਬੀ ਵਿਚ ਖ਼ਬਰਾਂ ਮੈਂ ਹੀ ਪੜ੍ਹੀਆਂ ਸਨ ਤੇ ਪੂਰੇ ਦਸ ਵਰ੍ਹੇ ਨਿਊਜ਼ ਐਡੀਟਰ ਰਿਹਾ। ਇਕ ਚੌਥਾਈ ਸਦੀ ਦੇ ਬ੍ਰਾਡਕਾਸਟਿੰਗ ਕਰੀਅਰ ਕਾਰਨ ਤੇ ਮਲਟੀ ਲਿੰਗੂਅਲ ਸੋਸ਼ੀਓ ਪੁਲੀਟਕਲ ਡਿਸਕਸ਼ਨ ਪ੍ਰੋਗਰਾਮਾਂ ਦਾ ਹੋਸਟ ਹੋਣ ਕਰਕੇ ਤੇ ਇਕ ਜਰਨਾਲਿਸਟ ਤੇ ਸਾਹਿਤਕਾਰ ਹੋਣ ਕਰਕੇ ਹੀ ਮੈਨੂੰ ਯੂਨੀਵਰਸਿਟੀ ਔਫ ਈਸਟ ਲੰਡਨ ਨੇ 2009 ਵਿਚ 'ਡਾਕਟਰ ਔਫ਼ ਆਰਟ' ਦੀ ਡਿਗਰੀ ਦਿਤੀ ਸੀ। ਮੈਂ ਅਜਹਿਾ ਪਹਿਲਾ ਪੰਜਾਬੀ ਹਾਂ ਜਿਸ ਨੂੰ ਇਹ ਮਾਣ ਹਾਸਲ ਹੋਇਆ ਹੈ। ਮੇਰੇ ਕੰਮਾਂ ਦਾ ਲੇਖ਼ਾ ਜੋਖ਼ਾ ਕਰਨ ਵੇਲੇ ਮੇਰੇ ਪੰਜਾਬੀ ਪ੍ਰਤੀ ਕੀਤੇ ਕੰਮ ਨੂੰ ਵੀ ਯੂਨੀਵਰਸਿਟੀ ਔਫ਼ ਈਸਟ ਲੰਡਨ ਨੇ ਧਿਆਨ ਵਿਚ ਰੱਖ਼ਿਆ ਸੀ। ਅਜਕਲ ਸਮੇਂ ਬਦਲ ਗਏ ਹਨ। ਹਰੇਕ ਰੰਗ ਦੇ ਸ਼ਹਿਰੀ ਨੂੰ ਬਰਾਬਰ ਦੇ ਹੱਕ ਹਾਸਲ ਹੋ ਗਏ ਹਨ।ਇਸੇ ਲਈ ਬੀ. ਬੀ. ਸੀ. ਟੈਲੀਵੀਯਨ ਉਤੇ ਵੀ ਅਕਸਰ ਹੀ ਅੱਜਕੱਲ੍ਹ ਏਸ਼ੀਅਨ ਚਿਹਰੇ ਨਜ਼ਰ ਆਉਣ ਲੱਗ ਪਏ ਹਨ। 'ਚੈਨਲ ਫੋਰ' ਵੀ ਅਕਸਰ ਹੀ ਐਥਨਿਕ ਮਾਇਨੌਰਿਟੀ ਦੇ ਸਬਜੈਕਟ ਦਿਖ਼ਾਉਂਦਾ ਰਹਿੰਦਾ ਹੈ।

"ਲੈਟਸ ਟਾਕ' ਤੇ ਫਿਰ 'ਟਾਕਿੰਗ ਪੁਆਇੰਟ' ਨਾਂ ਦੇ ਰੇਡੀਓ ਪ੍ਰੋਗਰਾਮਾਂ ਰਾਹੀਂ ਮੈਂ ਸੈਂਕੜੇ ਹੀ ਵਿਸ਼ਿਆਂ ਉਤੇ ਡੀਬੇਟਾਂ ਕਰਵਾਈਆਂ ਹਨ। ਇਹ ਪ੍ਰੋਗਰਾਮ ਮੈਂ ਹਫ਼ਤੇ ਵਿਚ ਪੰਜ ਦਿਨ ਕਰਦਾ ਹਾਂ ਤੇ ਰੋਜ਼ਾਨਾ ਦੋ ਦੋ, ਤਿੰਨ ਤਿੰਨ ਵਿਸ਼ੇ ਡਿਸਕਸ ਕੀਤੇ ਜਾਂਦੇ ਹਨ। ਵਕਤ ਦੀ ਘਾਟ ਕਰਕੇ ਮੈਂ ਇਨ੍ਹਾਂ ਸਭਨਾਂ ਨੂੰ ਕਲਮ ਬੰਦ ਨਹੀਂ ਕਰ ਸਕਿਆ। ਪਰ ਇਨ੍ਹਾਂ ਕਰਕੇ ਮੈਨੂੰ ਢੇਰ ਸਾਰੀ ਜਾਣਕਾਰੀ ਮਿਲੀ ਹੈ। 1999 ਵਿਚ ਕੀਤੀ ਇਕ ਡੀਬੇਟ ਨੂੰ ਕਲਮਬੰਦ ਕੀਤਾ ਹੈ। 'ਇਤਿਹਾਸ ਟੁਰਦਾ ਹੈ' ਦੇ ਪਾਠਕਾਂ ਲਈ ਲੇਖ਼ ਨੰਬਰ ਅੱਠ ਪੇਸ਼ ਕਰ ਰਿਹਾ ਹਾਂ। ਲੇਖ ਨੰਬਰ ਗਿਆਰਾਂ ਵੀ ਇਸੇ ਮਿਜਾਜ਼ ਦਾ ਹੈ।

1999 ਵਿਚ ਹੀ ਮੈਂ ਔਂਗ ਸੂੰ ਸਾਂ ਚੀ ਬਾਰੇ ਲਿਖਿਆ ਸੀ। ਅੱਜ ਔਂਗ ਸੂੰ ਸਾਂ ਚੀ ਆਜ਼ਾਦ ਹੋ ਚੁੱਕੀ ਹੈ ਤੇ ਬਰਤਾਨੀਆ ਵੀ ਆ ਚੁੱਕੀ ਹੈ। ਨੈਲਸਨ ਮੰਡੇਲਾ ਤੋਂ ਬਾਅਦ ਮੈਂ ਇਸੇ ਔਰਤ ਨੂੰ ਪ੍ਰਣਾਮ ਕਰਦਾ ਹਾਂ।

2012 ਵਿਚ ਮਹਾਰਾਣੀ ਅਲਿਜ਼ਬੈੱਥ ਨੇ ਆਪਣੀ ਡਾਇਮੰਡ ਜੁਬਲੀ ਮਨਾਈ ਹੈ। 'ਮਹਾਰਾਣੀ ਕ੍ਰਿਸਮਸ ਵਾਲੇ ਦਿਨ' ਵਾਲ਼ੇ ਲੇਖ਼ ਵਿਚ ਮੈਂ ਉਸ ਸਮੇਂ ਦੀ ਗੱਲ ਕੀਤੀ ਹੈ ਜਦੋਂ ਪਰਿੰਸ ਚਾਰਲਸ ਅਤੇ ਪ੍ਰਿੰਸੈਸ ਡਿਆਨਾ ਦਾ ਡਾਈਵੋਰਸ ਹੋ ਗਿਆ ਸੀ। ਪਰਿੰਸ ਚਾਰਲਸ ਦੇ ਇਕ ਵਿਆਹੀ ਵਰ੍ਹੀ ਔਰਤ ਕਮੀਲਾ ਪਾਰਕਰ ਬਾਊਲਜ਼ ਨਾਲ ਸੈਕਸੁਅਲ ਸੰਬੰਧਾਂ ਨੇ ਬਰਤਾਨਵੀ ਲੋਕਾਂ ਉਤੇ ਮਾੜਾ ਅਸਰ ਪਾਇਆ ਸੀ। ਇਸੇ ਗੱਲ ਕਰਕੇ ਕਈ ਲੋਕ ਪਰਿੰਸ ਚਾਰਲਸ ਨੂੰ ਅਗਲਾ ਕਿੰਗ ਬਣਾਉਣ ਦੇ ਹੱਕ ਵਿਚ ਵੀ ਨਹੀਂ ਸਨ। ਡਿਆਨਾ ਦੀ ਮੌਤ ਤੋਂ 17 ਸਾਲ ਬਾਅਦ ਪਰਿੰਸ ਚਾਰਲਸ ਦਾ ਵੱਕਾਰ ਅੱਛਾ ਖਾਸਾ ਪੌਜ਼ੇਟਿਵ ਹੋ ਗਿਆ ਹੈ ਤੇ ਉਸ ਨੇ ਆਪਣੀ ਮਸ਼ੂਕ ਕਮੀਲਾ ਪਾਰਕਰ ਨਾਲ਼ ਵਿਆਹ ਵੀ ਕਰਵਾ ਲਿਆ ਹੈ। ਸ਼ਾਹੀ ਘਰਾਣੇ ਵਾਰੇ ਗੱਲ ਕਰਦਿਆਂ ਹੋਇਆ ਅਸੀਂ ਪਰਸਿੰਸ ਡਿਆਨਾ ਦੀ ਟਰੈਜਿਕ ਮੌਤ ਨੂੰ ਨਹੀਂ ਭੁੱਲ ਸਕਦੇ। ਇਸ ਘਟਨਾ ਨੇ ਸ਼ਾਹੀ ਘਰਾਣੇ ਦੇ ਵੱਕਾਰ ਉੱਤੇ ਕੀ ਅਸਰ ਪਾਇਆ ਸੀ ਤੇ ਦੇਸ ਦੇ ਭਵਿਖ਼ ਦੇ ਬਾਦਸ਼ਾਹ ਚਾਰਲਸ ਵਾਰੇ ਕਿਹੜੇ ਪ੍ਰਸ਼ਨ ਚਿੰਨ੍ਹ ਖੜ੍ਹੇ ਕੀਤੇ ਸਨ? ਇਹੋ ਜਿਹਾ ਲੇਖ਼ ਵੀ ਮੈਂ ਇਸ ਪੁਸਤਕ ਵਿਚ ਸ਼ਾਮਲ ਕੀਤਾ ਹੈ।

ਸੋਵੀਅਤ ਯੂਨੀਅਨ ਦੀ ਟੁੱਟ ਭੱਜ ਮਿਖਾਇਲ ਗੋਰਬਾਚੋਵ ਵੇਲੇ ਹੋਣੀ ਸ਼ੁਰੂ ਹੋ ਗਈ ਸੀ। ਬਰਲਿਨ ਦੀ ਦੀਵਾਰ ਢਾਏ ਜਾਣ ਵਿਚ ਗੋਰਬਾਚੋਵ ਦਾ ਹੀ ਹਿੱਸਾ ਸੀ। ਕਹਿੰਦੇ ਨੇ ਕਿ ਕਿਸੇ ਵੀ ਮਹਾਨ ਵਿਅਕਤੀ ਪਿਛੇ ਕਿਸੇ ਇਕ ਔਰਤ ਦਾ ਹੱਥ ਜ਼ਰੂਰ ਹੁੰਦਾ ਹੈ। ਮਿਖਾਈਲ ਗੋਰਬਾਚੋਵ ਨੂੰ ਹੱਲਾਸ਼ੇਰੀ ਦੇਣ ਵਿਚ ਉਹਦੀ ਬੀਵੀ ਰਾਇਸਾ ਗੋਰਬਾਚੋਵ ਦਾ ਵਿਸ਼ੇਸ਼ ਰੋਲ ਸੀ। ਇਹ ਮਹਾਨ ਔਰਤ 1999 ਵਿਚ ਪੂਰੀ ਹੋ ਗਈ ਸੀ। ਮਿਖਾਇਲ ਗੋਰਬਾਚੋਵ ਨੂੰ ਜਦੋਂ 1990 ਵਿਚ ਨੋਬਲ ਪੀਸ ਪਰਾਈਜ਼ ਦਾ ਐਵਾਰਡ ਮਿਲਿਆ ਸੀ ਤਾਂ ਉਸ ਨੇ ਆਪਣੀ ਬੀਵੀ ਵੱਲ ਉਂਗਲ ਕਰਕੇ ਕਿਹਾ ਸੀ ਕਿ ਇਹ ਇਨਾਮ ਰਾਇਸਾ ਵਾਸਤੇ ਹੈ। ਇਸ ਕਿਤਾਬ ਵਿਚ ਮੈਂ ਰਾਇਸਾ ਬਾਰੇ ਇਕ ਆਰਟੀਕਲ 'ਰਾਇਸਾ ਗੋਰਬਾਚੋਵ' ਦੇ ਨਾਮ ਹੇਠ ਸ਼ਾਮਲ ਕੀਤਾ ਹੈ। ਇਸ ਵਿਚ ਸਮੇਂ ਦੀਆਂ ਪੁਲੀਟੀਕਲ ਘਟਨਾਵਾਂ ਦਾ ਜ਼ਿਕਰ ਹੈ। ਇਹ ਇਕ ਇਤਿਹਾਸਕ ਦਸਤਾਵੇਜ਼ ਹੈ।

"ਨਸਲਵਾਦ ਅਤੇ ਬਰਤਾਨਵੀ ਫੌਜਾਂ" ਨਾਂ ਦਾ ਲੇਖ਼ ਮੈਂ 1992 ਵਿਚ ਲਿਖਿਆ ਸੀ

ਤੇ ਬ੍ਰਿਟਿਸ਼ ਆਰਮਡ ਸਰਵਿਸਜ਼ ਵਿਚ ਨਸਲਬਾਦ ਦਾ ਜ਼ਿਕਰ ਕੀਤਾ ਸੀ। ਇਸ ਪਿਛੇ ਮੈਂ ਘੱਟ ਗਿਣਤੀ ਵਿਚੋਂ ਬਹੁਤ ਘੱਟ ਨੌਜਵਾਨਾਂ ਦਾ ਫ਼ੌਜ ਵਿਚ ਜਾਣ ਦਾ ਕਾਰਨ ਦੱਸਿਆ ਸੀ। 2012 ਵਿਚ ਯੂ ਕੇ ਵਿਚ ਘਟ ਵਧ ਹੀ ਨਸਲਵਾਦ ਹੈ ਪਰ ਭਾਰਤੀ ਅਤੇ ਪਾਕਿਸਤਾਨੀ ਲੋਕ ਫੌਜ ਵਿਚ ਭਰਤੀ ਨਹੀਂ ਹੋ ਰਹੇ। ਪਾਕਿਸਤਾਨੀ ਤਾਂ ਇਹਦਾ ਕਾਰਨ ਬ੍ਰਿਟਿਸ਼ ਫ਼ੌਜਾਂ ਦੇ ਇਸਲਾਮੀ ਦੇਸਾਂ ਵਿਚ ਜਾਣ ਦਾ ਕਾਰਨ ਦਸਦੇ ਹਨ ਪਰ ਭਾਰਤੀ ਮੂਲ ਦੇ ਲੋਕਾਂ ਨੂੰ ਕੀ ਤਕਲੀਫ ਹੈ? ਸਿੱਖ ਕੌਮ ਤਾਂ ਮਾਰਸ਼ਲ ਕੌਮ ਹੈ। ਫਿਰ ਅਜਿਹਾ ਕਿਉਂ?

'1999 ਦੀ ਭਾਰਤੀ ਸਰਕਾਰ' ਦੇ ਨਾਮ ਹੇਠ ਮੈਂ ਅਟਲ ਬਿਹਾਰੀ ਵਾਜਪਾਈ ਦੀ ਦੂਜੀ ਵੇਰੀ ਦੀ ਸਰਕਾਰ ਦਾ ਜ਼ਿਕਰ ਕੀਤਾ ਸੀ। ਭਾਰਤ ਕਿਸੇ ਵੇਲੇ ਕਾਂਗਰਸ ਪਾਰਟੀ ਦੀ ਅਧੀਨਗੀ ਹੇਠ ਰਿਹਾ ਸੀ ਪਰ ਇਹ ਭਰਮ ਚਿਰੋਕਣਾ ਟੁੱਟ ਚੁੱਕਿਆ ਹੈ। 2012 ਵਿਚ ਵੀ ਕਾਂਗਰਸ ਪਾਰਟੀ ਸਹਿਯੋਗੀ ਪਾਰਟੀਆਂ ਨਾਲ ਹੀ ਰਾਜ ਕਰ ਰਹੀ ਹੈ।

ਇੰਟਰਨੈਸ਼ਨਲ ਵਿਸ਼ਿਆਂ ਵਿੱਚੋਂ ਇਕ ਨੂੰ ਛੂੰਹਦਿਆਂ ਮੈਂ 1998 ਵਿਚ ਪੂਰਬੀ ਤੈਮੂਰ ਬਾਰੇ ਲਿਖਿਆ ਸੀ। ਪੂਰਬੀ ਤੈਮੂਰ ਦੇ ਲੋਕ ਪੁਰਤਗਾਲੀਆਂ ਵੱਲੋਂ ਆਜ਼ਾਦੀ ਪ੍ਰਾਪਤ ਕਰਕੇ ਇੰਡੋਨੇਸ਼ੀਆ ਦੇ ਗੁਲਾਮ ਨਹੀਂ ਹੋਣਾ ਚਾਹੁੰਦੇ। ਇੰਡੋਨੇਸ਼ੀਅਨ ਫ਼ੌਜਾਂ ਇਸ ਲਹਿਰ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ। 1994 ਵਿਚ ਸਿੱਤਮ ਦੀ ਏਨੀ ਹੱਦ ਹੋ ਗਈ ਸੀ ਕਿ ਯੂ. ਐੱਨ. ਓ. ਨੂੰ ਦਖਲ ਦੇਣਾ ਪਿਆ ਸੀ।

1998 ਵਿਚ ਮੈਂ "ਸਾਡੇ ਪਿੰਡ ਵਿਚ ਪਾ ਕੇ ਹੱਟੀ' ਨਾਂ ਦਾ ਆਰਟੀਕਲ ਲਿਖਿਆ ਸੀ ਜਿਸ ਵਿਚ ਯਹੂਦੀਆਂ ਅਤੇ ਗੁਜਰਾਤੀਆਂ ਪਿਛੋਂ ਪੰਜਾਬੀਆਂ ਦਾ ਇੰਗਲੈਂਡ ਵਿਚ ਬਿਜ਼ਨੈਸ ਵੱਲ ਵੱਧ ਰਹੇ ਰੁਝਾਨ ਦਾ ਜ਼ਿਕਰ ਕੀਤਾ ਹੈ। ਹੁਣ 2012 ਵਿਚ ਇਹ ਥਾਂ ਸ੍ਰੀਲੰਕਾ ਅਤੇ ਪੋਲੈਂਡ ਆਦਿ ਤੋਂ ਆਏ ਲੋਕਾਂ ਨੇ ਲੈ ਲਈ ਹੈ। ਪਾਕਿਸਤਾਨੀ ਵੀ ਇਸ ਖੇਤਰ ਵਿਚ ਕਾਫੀ ਕਰਮਸ਼ੀਲ ਹਨ। ਪਰ ਭਾਰਤੀ ਮੂਲ ਦੇ ਬਹੁਤੇ ਲੋਕਾਂ ਦੇ ਬੱਚਿਆਂ ਨੇ ਦੁਕਾਨਦਾਰੀ ਦਾ ਕਿੱਤਾ ਨਹੀਂ ਅਪਣਾਇਆ। ਉਹ ਪ੍ਰੋਫੈਸ਼ਨਲ ਖੇਤਰ ਵਿਚ ਪਰਵੇਸ਼ ਕਰ ਗਏ ਹਨ। ਹੁਣੇ ਹੁਣੇ ਹੋਏ ਇਕ ਸਰਵੇਖਣ ਤੋਂ ਪਤਾ ਚੱਲਿਆ ਹੈ ਕਿ ਪੜ੍ਹਨ-ਲਿਖਣ ਦੇ ਖ਼ੇਤਰ ਵਿਚ ਚੀਨੀ ਬੱਚੇ ਇਥੇ ਨੰਬਰ ਹਨ ਤੇ ਭਾਰਤੀ ਮੂਲ ਦੇ ਬੱਚੇ ਨੰਬਰ ਦੋ ਹਨ।

ਇੰਗਲਿਸਤਾਨ ਇਸ ਵੇਲੇ ਕੁਆਰੀਆਂ ਮਾਵਾਂ (Single Women) ਦੀ ਵੱਧ ਰਹੀ ਗਿਣਤੀ ਤੋਂ ਬਹੁਤ ਪਰੇਸ਼ਾਨ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਮਾਪਿਆਂ ਅਤੇ ਅਧਿਆਪਕਾਂ ਦਾ ਇਨ੍ਹਾਂ ਬੱਚਿਆਂ ਉਤੇ ਕੰਟਰੋਲ ਨਹੀਂ ਰਿਹਾ। ਹੱਦੋਂ ਵੱਧ ਦੀ ਅਜ਼ਾਦੀ ਅਤੇ ਸਦਾਚਾਰਕ ਕੀਮਤਾਂ ਦੀ ਇੱਜ਼ਤ ਨਾ ਕਰਨਾ ਟੀਨਏਜ ਪਰੈਗਨੈਂਸੀਜ਼ ਵਿਚ ਵਾਧਾ ਕਰ ਰਹੇ ਹਨ। ਇਹ ਗੱਲ ਇੰਟਰਨੈੱਟ ਦੇ ਯੁੱਗ ਤੋਂ ਪਹਿਲਾਂ ਦੀ ਹੈ। ਸੋਲ੍ਹਵੇਂ ਸਾਲ ਤੋਂ ਪਹਿਲਾ ਦਾ ਇਸ਼ਕ ਮੈਂ 1985 ਵਿਚ ਲਿਖਿਆ ਸੀ। 2012 ਵਿਚ ਟੀਨਏਜ ਪਰੈਗਨੈਂਸੀਜ਼ ਹੋਰ ਵੀ ਚਿੰਤਾਜਨਕ ਸਥਿਤੀ ਉਤੇ ਪੁੱਜ ਗਈ ਹੈ। 'ਕੁਆਰਾ ਗਰਭ' ਨਾਂ ਦੇ ਲੇਖ਼ ਵੀ ਇਨ੍ਹਾਂ ਦੀਆਂ ਗੱਲਾਂ ਨੂੰ ਹੀ ਦ੍ਰਿਸ਼ਟਮਾਨ ਕਰਦਾ ਹੈ।

ਲੇਖ "ਭਲਾ ਨਾਂ ਵਿਚ ਕੀ ਪਿਆ ਹੈ" ਮੈਂ 1983 ਵਿਚ ਲਿਖਿਆ ਸੀ। ਆਪਣੇ ਲੋਕਾਂ ਵਿਚ ਉਦੋਂ ਅਹਿਸਾਸੇ-ਕਮਤਰੀ ਦੀ ਹੱਦ ਹੋ ਜਾਂਦੀ ਹੈ ਜਦੋਂ ਇਹ ਆਪਣੇ ਨਾਂ ਬਦਲ ਲੈਂਦੇ ਹਨ ਤੇ ਗੋਰਿਆਂ ਵਰਗੇ ਰੱਖ ਲੈਂਦੇ ਹਨ। ਇਹ ਬਿਮਾਰੀ ਪਹਿਲਾਂ ਇੰਗਲਿਸਤਾਨ ਵਿਚ ਹੁੰਦੀ ਸੀ ਪਰ

ਅੱਜ ਕੱਲ੍ਹ ਕੈਨੇਡਾ ਅਤੇ ਅਮਰੀਕਾ ਵਿਚ ਪਹੁੰਚੀ ਹੋਈ ਹੈ। ਜੌਨ, ਟਿੰਮ, ਹੈਰੀ ਤੇ ਚਾਰਲੀ, ਸੈਂਡੀ, ਸਿੰਡੀ, ਸੂਜ਼ਨ ਆਦਿ ਨਾਮ ਅਪਨਾਉਣ ਲੱਗਿਆਂ ਸਾਡੇ ਲੋਕ ਆਪਣਾ ਸਵੈਮਾਨ ਕਿੱਲੀ ਉਤੇ ਟੰਗ ਦਿੰਦੇ ਹਨ।

ਸਊਥ ਅਫ਼ਰੀਕਾ ਦਾ ਅੱਪਾਰਥਾਈਡ ਸਿਸਟਮ ਕਈ ਵਰ੍ਹੇ ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਲੱਖਾਂ ਹੀ ਲੋਕਾਂ ਨੇ, ਜਿਨ੍ਹਾਂ ਵਿਚ ਗੋਰੇ ਲੋਕ ਵੀ ਸ਼ਾਮਲ ਸਨ, ਇਸ ਨਸਲਵਾਦੀ ਸਿਸਟਮ ਵਿਰੁੱਧ ਅਵਾਜ਼ਾਂ ਉਠਾਈਆਂ ਸਨ। ਅੱਜਕੱਲ੍ਹ ਸਊਥ ਅਫ਼ਰੀਕਾ ਇਕ ਆਜ਼ਾਦ ਦੇਸ਼ ਹੈ। ਅੱਪਾਰਥਾਈਡ ਸਿਸਟਮ ਵਿਰੁੱਧ ਸੰਘਰਸ਼ ਕਰ ਚੁੱਕੇ ਵਿਸ਼ਵੀ ਨਾਇਕ ਨੈਲਸਨ ਮੰਡੇਲਾ ਦੀ ਰਿਹਾਈ ਵੇਲੇ ਮੈਂ "ਮਨਫੀ ਹੋ ਗਏ ਵਰ੍ਹੇ" ਨਾਂ ਦਾ ਲੇਖ ਲਿਖਿਆ ਸੀ ਤੇ ਉਸਦੀ ਜ਼ਿੰਦਗੀ ਉਤੇ ਝਾਤ ਪਾਈ ਸੀ। ਨੈਲਸਨ ਮੰਡੇਲਾ 11 ਫਰਵਰੀ 1990 ਵਾਲੇ ਦਿਨ ਸਤਾਈਆਂ ਵਰ੍ਹਿਆਂ ਦੀ ਜੇਲ੍ਹਬੰਦੀ ਪਿਛੋਂ ਰਿਹਾਅ ਹੋਏ ਸਨ।

'ਜੌਰਡਨ' ਨਾਂ ਦਾ ਲੇਖ ਮੈਂ ਉਦੋਂ ਲਿਖਿਆ ਸੀ ਜਦੋਂ ਉਥੋਂ ਦੇ ਕਿੰਗ ਹੁਸੈਨ ਨੂੰ ਸਪੁਰਦੇ-ਖ਼ਾਕ ਕੀਤਾ ਗਿਆ ਸੀ। ਇਸ ਲੇਖ ਦੇ ਅੰਤਮ ਪਹਿਰੇ ਵਿਚ ਮੈਂ ਲਿਖਿਆ ਸੀ ਕਿ ਅਗਰ ਤੀਜੀ ਆਲਮੀ ਜੰਗ ਲੱਗੀ ਤਾਂ ਇਹ ਮਿਡਲ ਈਸਟ ਤੋਂ ਹੀ ਸ਼ੁਰੂ ਹੋਵੇਗੀ। ਇਹ ਭਵਿੱਖ ਬਾਣੀ ਦਾ ਮੇਰੇ ਜੀਵਨ ਦੌਰਾਨ ਤਾਂ ਇਹ ਸਿਰੇ ਨਾ ਚੜ੍ਹੇ ਪਰ ਅਰਬ ਸਪਰਿੰਗ ਨਾਂ ਦੀ ਰੈਵੋਲੀਸ਼ਨ ਹੁਣੇ ਹੁਣੇ ਮਿਡਲ ਈਸਟ ਤੋਂ ਹੀ ਤਾਂ ਸ਼ੁਰੂ ਹੋਈ ਸੀ। ਹੁਣ ਤੀਕ ਟੁਨੀਸ਼ੀਆ, ਈਜਿਪਟ ਤੇ ਲਿਬੀਆ ਡਿਕਟੇਟਰਸ਼ਾਹੀ ਦਾ ਜੂਲਾ ਲਾਹ ਚੁੱਕੇ ਹਨ। ਸੀਰੀਆ ਦੀ ਗੜਬੜ ਤੋਂ ਵੀ ਛੇਤੀ ਹੀ ਕੋਈ ਸਿੱਟਾ ਨਿਕਲਣ ਵਾਲਾ ਹੈ।

ਜਦੋਂ ਡਿਕਟੇਟਰ ਅਤੇ ਬਾਦਸ਼ਾਹਾਂ ਦੇ ਲਹਿਣ ਦੀ ਗੱਲ ਕਰਦੇ ਹਾਂ ਤਾਂ ਕਈ ਵੇਰ ਅਣਚਾਹੀਆਂ ਸਰਕਾਰਾਂ ਵੀ ਪੱਲੇ ਪੈ ਜਾਂਦੀਆਂ ਹਨ। ਇੰਞ ਹੀ 'ਈਰਾਨ' ਨਾਲ ਹੋਇਆ ਹੈ। 1979 ਵਿਚ ਉਥੋਂ ਦੀ ਸਿਆਸਤ ਸ਼ਾਹ ਔਫ਼ ਈਰਾਨ ਤੋਂ ਬਦਲ ਕੇ ਮੌਲਾਣਿਆਂ ਦੇ ਹੱਥ ਆ ਗਈ। ਉਨ੍ਹਾਂ ਨੇ ਆਮ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਚੰਗੀ ਤਰ੍ਹਾਂ ਘਾਣ ਕੀਤਾ। ਅੱਜਕੱਲ੍ਹ ਇਸ ਦਾ ਪ੍ਰਧਾਨ ਅਹਿਮਦੀਨੇਯਾਦ ਨੁਕਲੀਅਰ ਹਥਿਆਰ ਬਣਾ ਕੇ ਇਜ਼ਰਾਈਲ ਅਤੇ ਅਮਰੀਕਾ ਨੂੰ ਤਬਾਹ ਕਰਨ ਦੇ ਸੁਪਨੇ ਲੈ ਰਿਹਾ ਹੈ। 'ਈਰਾਨ' ਨਾਂ ਦਾ ਲੇਖ਼ ਮੈਂ ਅਹਿਮਦੀਨੇਯਾਦ ਦੇ ਪਾਵਰ 'ਚ ਆਉਣ ਤੋਂ ਪਹਿਲਾਂ ਭਾਵ 1998 ਵਿਚ ਲਿਖਿਆ ਸੀ।ਇਸ ਪੁਸਤਕ ਵਿਚ ਮੈਂ ਲਿਬੀਆ ਦੇ ਡਿਕਟੇਟਰ ਕਰਨਲ ਮੁਹੰਮਰ ਗੱਦਾਫ਼ੀ ਦੀ ਮੌਤ ਅਤੇ ਲਿੱਬੀਆ ਵਿਚ ਆਈ ਸਿਆਸੀ ਉੱਥਲ ਪੁੱਥਲ ਦਾ ਵੀ ਜ਼ਿਕਰੇ ਖ਼ੈਰ ਕੀਤਾ ਹੈ।

ਬਿੱਲ ਕਲਿੰਟਨ ਦੀ ਪਰੈਜ਼ੀਡੈਂਸੀ ਵੇਲੇ ਜ਼ਬਰਦਸਤ ਸੈਕਸ ਸਕੈਂਡਲ ਉਦੋਂ ਵਾਪਰਿਆ ਜਦੋਂ ਦੇਸ ਦਾ ਰਾਸ਼ਟਰਪਤੀ ਵਾਈਟ ਹਾਊਸ ਵਿਚ ਟਰੇਨਿੰਗ ਲੈ ਰਹੀ ਇਕ ਲੜਕੀ ਮੌਨਿਕਾ ਲਵਿੰਸਕੀ ਨਾਲ ਇਸ਼ਕ ਕਰਨ ਲੱਗ ਪਿਆ ਸੀ। ਇਸ ਸ਼ਰਮਨਾਕ ਘਟਨਾ ਨੇ ਕਲਿੰਟਨ ਨੂੰ ਉਸੇ ਸਟੇਜ ਉਤੇ ਲੈ ਆਂਦਾ ਸੀ ਜਿਥੇ ਇਕ ਹੋਰ ਪ੍ਰਧਾਨ ਰਿਚਰਡ ਨਿਕਸਨ ਜਾ ਚੁੱਕਾ ਸੀ। ਰਿਚਰਡ ਨਿਕਸਨ ਵਾਟਰਗੇਟ ਸਕੈਂਡਲ ਕਰਕੇ ਪ੍ਰਧਾਨਗੀ ਖੋ ਬੈਠਾ ਸੀ ਪਰ ਕਲਿੰਟਨ ਸੈਕਸ ਸਕੈਂਡਲ ਕਾਰਨ ਬਦਨਾਮ ਤਾਂ ਹੋ ਗਿਆ ਸੀ ਪਰ ਪ੍ਰਧਾਨਗੀ ਗੁਆਉਣ ਤੋਂ ਬਚ ਗਿਆ ਸੀ। ਇਸ ਐਪੀਸੋਡ ਵੇਲੇ ਬਿੱਲ ਕਲਿੰਟਨ ਦੀ ਪਤਨੀ ਹਿੱਲਰੀ ਕਲਿੰਟਨ ਦੀ ਜ਼ਬਰਦਸਤ ਪ੍ਰਸੰਸਾ ਹੋਈ

ਜਿਸ ਨੇ ਆਪਣੇ ਪਤੀ ਨੂੰ ਮੁਆਫ ਕਰ ਦਿਤਾ ਸੀ। ਅੱਜਕੱਲ੍ਹ ਹਿੱਲਰੀ ਕਲਿੰਟਨ ਅਮਰੀਕਾ ਦੀ ਸੈਕਟਰੀ ਔਫ ਸਟੇਟ ਹੈ ਤੇ ਅਤਿ ਸਤਿਕਾਰਤ ਔਰਤ ਹੈ। ਕਈਆਂ ਸਰਵੇਖਣਾਂ ਤੋਂ ਇਹ ਵੀ ਸਾਬਤ ਹੋ ਗਿਆ ਹੈ ਕਿ ਉਹ ਪ੍ਰਧਾਨ ਬਾਰਾਕ ਓਬਾਮਾ ਨਾਲੋਂ ਵੀ ਵੱਧ ਲੋਕ ਪ੍ਰੀਆ ਹੈ।

ਜਦੋਂ ਤੁਸੀਂ ਵੈਲਫ਼ੇਅਰ ਸਟੇਟ ਦੀ ਗੱਲ ਕਰਦੇ ਹੋ ਤਾਂ ਇੰਗਲੈਂਡ ਵਰਗਾ ਦਰਿਆ ਦਿਲ ਦੇਸ ਕਿਧਰੇ ਵੀ ਨਹੀਂ ਹੈ ਪਰ ਜਿਸ ਇਰਾਦੇ ਨਾਲ਼ ਇਹ ਸਿਸਮ ਸ਼ੁਰੂ ਕੀਤਾ ਗਿਆ ਸੀ ਉਸ ਦੀ ਜ਼ਬਰਦਸਤ ਦੁਰਵਰਤੋਂ ਕੀਤੀ ਜਾ ਰਹੀ ਹੈ। ਇਹ ਸਿਰਫ਼ ਈਮਾਨਦਾਰ ਲੋੜਵੰਦਾਂ ਲਈ ਬਣਾਇਆ ਗਿਆ ਸੀ ਪਰ ਹੁਣ ਨਾ ਸਿਰਫ਼ ਇਸ ਦੀ ਦੁਰਵਰਤੋਂ ਇਥੋਂ ਦੇ ਜੱਦੀ ਲੋਕ ਹੀ ਕਰ ਰਹੇ ਹਨ ਸਗੋਂ ਬਾਹਰੋਂ ਆਏ ਹੋਏ ਲੋਕ ਵੀ ਇਸ ਦੇ ਸਿਰ 'ਤੇ ਗੁਲਛੱਰਰੇ ਉੜਾ ਰਹੇ ਹਨ। ਇਹ ਦੇਸ ਇਸ ਕਰਕੇ ਅਤੇ ਹੋਰ ਕਾਰਨਾਂ ਕਰਕੇ ਖ਼ਤਰੇ ਵਲ ਜਾ ਰਿਹਾ ਹੈ। ਇਸ ਵਿਸ਼ੇ ਉਤੇ ਇਸ ਪੁਸਤਕ ਵਿਚ ਦੋ ਅਜਿਹੇ ਲੇਖ਼ ਹਨ ਜਿਹੜੇ ਉਨ੍ਹਾਂ ਲੋਕਾਂ ਵਾਸਤੇ ਹਨ ਜਿਹੜੇ ਇੰਗਲੈਂਡ ਨੂੰ ਪੌਂਡਾਂ ਦੇ ਅਮੁੱਕ ਭੰਡਾਰਾਂ ਵਾਲਾਂ ਦੇਸ ਸਮਝਦੇ ਹਨ।

ਅੱਸੀਵਿਆਂ ਤੋਂ ਬਾਅਦ ਯੂ ਕੇ ਵਿਚ ਭਾਰਤੀ ਲੋਕ ਭਾਰਤੋਂ ਬਤੌਰ ਵਿਜ਼ਿਟਰ ਦੇ ਵੀ ਆਉਣੇ ਸ਼ੁਰੂ ਹੋ ਗਏ ਸਨ। ਇਸ ਸਮੇਂ ਦੇ ਲੇਖ 'ਇੰਡੀਅਨ ਵਿਜ਼ਿਟਰਜ਼ ਟੂ ਯੂ ਕੇ' ਵਿਚ ਮੈਂ ਇਹ ਦੱਸਣ ਦੀ ਕੋਸ਼ਿਸ਼ ਕੀਤੀ ਸੀ ਕਿ ਯੂ ਕੇ ਤੋਂ ਚੰਗੀਆਂ ਗੱਲਾਂ ਵੀ ਸਿਖ ਕੇ ਜਾਣ ਦੀ ਲੋੜ ਹੈ ਤੇ ਪਿਛਾਂਹ ਦੇਸ਼ਵਾਸੀਆਂ ਨੂੰ ਦੱਸਣ ਦੀ ਲੋੜ ਹੈ ਨਾ ਕਿ ਸਿਰਫ਼ ਇਥੋਂ ਦੀਆਂ ਇਮਾਰਤਾਂ ਤੇ ਹੋਰ ਥਾਵਾਂ ਹੀ ਦੇਖ਼ਣੀਆਂ ਕਾਫ਼ੀ ਹਨ।

'ਮੋਹ ਇੰਗਲੈਂਡ ਨਾਲ' ਨਾਂ ਦੇ ਲੇਖ਼ ਵਿਚ ਮੈਂ ਇਹ ਕਹਿਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਸੇ ਵੇਲੇ ਅਸੀਂ ਭਾਰਤ ਨੂੰ ਛੱਜੂ ਦਾ ਚੁਬਾਰਾ ਕਹਿੰਦੇ ਹੁੰਦੇ ਸਾਂ ਪਰ ਹੁਣ ਇੰਗਲੈਂਡ ਹੀ ਸਾਡੇ ਲਈ ਛੱਜੂ ਦਾ ਚੁਬਾਰਾ ਬਣ ਗਿਆ ਹੈ। ਭਾਵ ਜੇਕਰ ਅਸੀਂ ਅਮਰੀਕਾ, ਕੈਨੇਡਾ ਜਾਂ ਭਾਰਤ ਜਾਂਦੇ ਹਾਂ ਤਾਂ ਇਕ ਦਮ ਅਸੀਂ ਇੰਗਲੈਂਡ ਆਪਣੇ ਘਰ ਹੀ ਵਾਪਸ ਪਰਤਣਾ ਚਾਹੁੰਦੇ ਹੁੰਦੇ ਹਾਂ।ਇਥੇ ਹੀ ਸਾਨੂੰ ਸਕੂਨ ਅਤੇ ਸੁਰੱਖਿਅਤਾ ਮਹਿਸੂਸ ਹੁੰਦੀ ਹੈ

'ਈਰਾਕ ਦੇ ਕੁਰਦ ਲੋਕਾਂ' ਨਾਂ ਦਾ ਲੇਖ਼ ਮੈਂ ਈਰਾਕ ਦੀ ਲੜਾਈ ਤੋਂ ਪਹਿਲਾਂ ਲਿਖਿਆ ਸੀ। ਇਸ ਵਿਚ ਸਦਾਮ ਹੁਸੈਨ ਵੱਲੋਂ ਕੁਰਦ ਲੋਕਾਂ ਉਤੇ ਢਾਏ ਜਾ ਰਹੇ ਜ਼ੁਲਮ ਦੀ ਕਹਾਣੀ ਹੈ। ਅੱਜਕੱਲ੍ਹ ਈਰਾਕੀ ਲੋਕ ਅਜ਼ਾਦ ਹਨ ਪਰ ਉਨ੍ਹਾਂ ਨੂੰ ਸਾਦਾਮ ਵੇਲੇ ਦੇ ਘਿਨਾਉਣੇ ਦਿਨ ਵੀ ਨਹੀਂ ਭੁੱਲਣੇ ਚਾਹੀਦੇ ਤੇ ਕੁਰਦ ਲੋਕਾਂ ਨੂੰ ਆਪਣੇ ਹਮ-ਕਦਮ ਮੰਨਣਾ ਚਾਹੀਦਾ ਹੈ।

ਇੰਗਲੈਂਡ ਵਿਚ ਵਧ ਰਹੇ ਟਰੈਫਿਕ ਅਤੇ ਰੇਲਵੇ ਅਤੇ ਬੱਸ ਕੰਪਨੀਆਂ ਦੀ ਨਲਾਇਕੀ ਦੀ ਗੱਲ ਵੀ ਮੈਂ ਕੀਤੀ ਹੈ। ਇਸ ਲੇਖ਼ ਦਾ ਨਾਮ ਹੈ-ਇੰਗਲੈਂਡ ਦਾ ਟਰੈਫਿਕ। ਇਹ ਸਮੱਸਿਆ ਪੰਜਾਬ ਅਤੇ ਭਾਰਤ ਵਿਚ ਤਾਂ ਕਹੀ ਗੁਣਾ ਜ਼ਿਆਦਾ ਹੈ ਪਰ ਇੰਗਲਿਸਤਾਨ ਵਰਗੇ ਦੇਸ਼ ਵਿਚ ਉਸ ਤੋਂ ਵੀ ਘੱਟ ਮਾਤਰਾ ਵਾਲੀ ਐਸੀ ਸਮੱਸਿਆ ਬਾਰੇ ਤੂਫਾਨ ਖ਼ੜਾ ਹੋ ਜਾਂਦਾ ਹੈ।ਇਹੋ ਤਾਂ ਵਿਕਸਤ ਦੇਸਾਂ ਦੀ ਖ਼ਾਸੀਅਤ ਹੈ।

ਸਿਰਫ ਇੰਡੀਆ ਵਿਚ ਹੀ ਆਮ ਲੋਕ ਵੋਟ ਦਾ ਇਸਤੇਮਾਲ ਕਰਨ ਵਿਚ ਪਿਛੇ ਨਹੀਂ ਹਨ-ਯੂਰਪੀਨ ਦੇਸ਼ ਉਸ ਤੋਂ ਵੀ ਘੱਟ ਦਿਲਚਸਪੀ ਲੈਂਦੇ ਹਨ-ਵੋਟਾਂ ਪਾਉਣ ਵਿਚ। ਜਿਵੇਂ ਆਸਟਰੇਲੀਆ ਵਿਚ ਵੋਟ ਦੀ ਵਰਤੋਂ ਨਾ ਕਰਨ ਵਾਲਿਆਂ ਨੂੰ ਜੁਰਮਾਨੇ ਹੁੰਦੇ ਹਨ। ਇਸੇ ਤਰ੍ਹਾਂ

ਇੰਗਲਿਸਤਾਨ ਵਿਚ ਵੀ ਇਸ ਗੱਲ ਉਤੇ ਅਕਸਰ ਹੀ ਚਰਚਾ ਛਿੜਦੀ ਰਹਿੰਦੀ ਹੈ ਤੇ ਵੋਟ ਨਾ ਪਾਉਣ ਵਾਲਿਆਂ ਨੂੰ ਜੁਰਮਾਨੇ ਅਤੇ ਸਜ਼ਾਵਾਂ ਦੇਣ ਦੀ ਮੰਗ ਹੁੰਦੀ ਰਹਿੰਦੀ ਹੈ ਪਰੰਤੂ ਇੰਗਲਿਸਤਾਨ ਕਿਉਂਕਿ ਇਕ ਡੈਮੋਕਰੇਟਿਕ ਕੰਟਰੀ ਹੈ ਤੇ ਇਸ ਸਿਸਟਮ ਦੀ ਪ੍ਰੋੜ੍ਹਤਾ ਕਰਨ ਵਾਲੇ ਲੋਕ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ ਅਗਰ ਉਹ ਵੋਟ ਦਾ ਹੱਕ ਨਹੀਂ ਵਰਤਣਾ ਚਾਹੁੰਦੇ ਤਾਂ ਇਹ ਉਨ੍ਹਾਂ ਦਾ ਡੈਮੋਕਰੇਟਿਕ ਰਾਈਟ ਹੈ।ਇਸ ਗੱਲ ਉੱਤੇ ਵੀ ਮੈਂ ਚਾਨਣਾ ਪਾਇਆ ਹੈ।

ਇਸ ਪੁਸਤਕ ਵਿਚ 'ਸੀਆਟਲ ਦੀ ਬੋਇੰਗ ਫ਼ੈਕਟਰੀ' ਨਾਂ ਦਾ ਲੇਖ਼ ਵੀ ਸ਼ਾਮਲ ਕੀਤਾ ਹੈ।ਇਹ ਲੇਖ਼ ਇਸ ਗੱਲੋਂ ਆਕਰਤ ਹੈ ਕਿ ਇਸ ਵਿਚ ਉਨ੍ਹਾਂ ਜਹਾਜ਼ਾਂ ਅਤੇ ਇਸ ਨੂੰ ਬਨਾਉਣ ਵਾਲ਼ੀ ਫ਼ੈਕਟਰੀ ਦੀ ਗੱਲ ਕੀਤੀ ਹੈ ਜਿਸ ਨੇ ਆਵਾਜਾਈ ਦੇ ਸਾਧਨਾਂ ਵਿਚ ਇਨਕਲਾਬੀ ਤਰੱਕੀ ਕੀਤੀ ਹੈ।ਐਕਸੇਲੈਂਸੀ ਇਨ ਇੰਜਿਨੀਅਰਿੰਗ ਦੀ ਇਸ ਤੋਂ ਵਧੀਆ ਮਿਸਾਲ ਹੋਰ ਕਿਧਰੇ ਨਹੀਂ ਮਿਲ਼ਦੀ।

'ਅੰਗਰੇਜ਼ੀ ਸਾਹਿਤ ਰਸੀਆਂ ਦੇ ਮੱਕੇ ਦੀ ਦੂਜੀ ਜ਼ਿਆਰਤ' ਨਾਂ ਦਾ ਲੇਖ਼ ਉਨ੍ਹਾਂ ਪਾਠਕਾਂ ਲਈ ਦਿਲਚਸਪੀ ਦਾ ਕਾਰਨ ਬਣੇਗਾ ਜਿਹੜੇ ਅੰਗਰੇਜ਼ੀ ਸਾਹਿਤ ਦਾ ਲਗਾਤਾਰ ਪਾਠ ਕਰਦੇ ਰਹਿੰਦੇ ਹਨ।ਅੰਗਰੇਜ਼ੀ ਸਾਹਿਤ ਵਿਚ ਸ਼ੈਕਸਪੀਅਰ ਦਾ ਉਚ ਦੁਮਾਲੜਾ ਸਥਾਨ ਹੈ।

ਮੈਂ ਇਸ ਆਸ ਨਾਲ ਇਸ ਪੁਸਤਕ "ਇਤਿਹਾਸ ਟੁਰਦਾ ਹੈ" ਦਾ ਸੰਕਲਨ ਕੀਤਾ ਹੈ ਕਿ ਇਸ ਵਿਚ ਬਿਆਨ ਕੀਤੇ ਮਜ਼ਮੂਨਾਂ ਬਾਰੇ ਇਕ ਬਹਿਸ ਛਿੜੇ ਤੇ ਸਾਡੇ ਲੋਕ ਇਤਿਹਾਸ ਦੇ ਇਨ੍ਹਾਂ ਲਹਮਿਆਂ ਬਾਰੇ ਜਾਨਣ ਅਤੇ ਇਨ੍ਹਾਂ ਤੋਂ ਕੁਝ ਸਿੱਖਣ ਵੀ। ਇਤਿਹਾਸ ਏਦਾਂ ਹੀ ਟੁਰਦਾ ਰਹਿੰਦਾ ਹੈ ਤੇ ਟੁਰਦਾ ਰਹੇਗਾ। ਦੁਨੀਆਂ ਦੀ ਸਟੇਜ ਤੋਂ ਲੋਕੀਂ ਕੁਝ ਸਮਾਂ ਬਿਤਾ ਕੇ ਟੁਰਦੇ ਹੁੰਦੇ ਹਨ ਪਰ ਆਪਣੇ ਜੀਵਨ ਕਾਲ ਵਿਚ ਉਨ੍ਹਾਂ ਨੇ ਇਤਿਹਾਸ ਵੀ ਸਿਰਜਿਆ ਹੁੰਦਾ ਹੈ। ਇਤਿਹਾਸ ਸਿਰਜਣ ਵਾਲ਼ੇ ਆਮ ਲੋਕ ਵੀ ਹੁੰਦੇ ਤੇ ਖ਼ਾਸ ਵੀ।ਖ਼ਾਸ ਬੰਦੇ ਆਮ ਲੋਕਾਂ ਕਰਕੇ ਹੀ ਖ਼ਾਸ ਬਣਦੇ ਹਨ।ਸੋ ਇਤਿਹਾਸ ਮਸਲਸਲ ਕਰਮ ਹੈ ਤੇ ਟੁਰਦਾ ਰਹਿੰਦਾ ਹੈ।

**ਸਾਥੀ ਲੁਧਿਆਣਵੀ, ਲੰਡਨ**-2013

E mail:drsathi41@gmail.com

# ਇੰਗਲੈਂਡ ਵਿਚ ਪੰਜਾਬੀਆਂ ਦੀਆਂ ਪੀੜ੍ਹੀਆਂ 'ਚ ਪਾੜਾ

ਪੁਰਾਨੀ ਔਰ ਨਈ ਰੌਸ਼ਨੀ ਮੇਂ ਫਰਕ ਹੈ ਇਤਨਾ,
ਉਹਨੇਂ ਕਿਸ਼ਤੀ ਨਹੀਂ ਮਿਲਤੀ, ਇਨਹੇਂ ਸਾਹਲ ਨਹੀਂ ਮਿਲਤਾ।

ਅਕਬਰ ਅਲਾਹਬਾਦੀ ਦਾ ਇਹ ਸ਼ੇਅਰ ਆਪਣੇ ਆਪ ਵਿਚ ਬੜਾ ਕੁਝ ਸਮੇਟੀ ਬੈਠਾ ਹੈ। ਇਸ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਪੁਰਾਣੀ ਪੀੜ੍ਹੀ ਦੇ ਆਪਣੇ ਮਸਲੇ ਅਤੇ ਵਿਚਾਰ ਹਨ ਤੇ ਨਵੀਂ ਦੇ ਆਪਣੇ। ਦੋਵੇਂ ਧਿਰਾਂ ਇਕ ਕਿਸਮ ਦੀ ਜ਼ਿਦ ਅਤੇ ਹਠਧਰਮੀ ਤੀਕ ਆਪਣੇ ਆਪ ਨੂੰ ਸਹੀ ਸਿਧ ਕਰਨ ਦੀ ਕੋਸ਼ਿਸ਼ ਕਰਦੀਆਂ ਹਨ। ਪੁਰਾਣੀ ਪੀੜ੍ਹੀ ਆਪਣੇ ਜ਼ਮਾਨੇ ਦੀਆਂ ਕੀਮਤਾਂ ਦੀ ਰਖਿਆ ਲਈ ਲੜਦੀ ਹੈ ਤੇ ਨਵੀਂ ਪੀੜ੍ਹੀ ਨਵੇਂ ਵਿਚਾਰਾਂ ਨੂੰ ਸੁਸਾਇਟੀ ਵਿਚ Inject ਕਰਨ ਦੀ ਕੋਸ਼ਿਸ਼ ਕਰਦੀ ਹੈ। ਇਹ ਨਵੇਂ ਵਿਚਾਰ ਆਮ ਤੌਰ 'ਤੇ ਪੁਰਾਣੀ ਪੀੜ੍ਹੀ ਨੂੰ ਅਸਵੀਕਾਰਿਤ ਹੁੰਦੇ ਹਨ।

ਪੁਰਾਣੀ ਪੀੜ੍ਹੀ ਢਲਦਾ ਸੂਰਜ ਹੈ। ਨਵੀਂ ਪੀੜ੍ਹੀ ਨਵੀਂ ਸਵੇਰ ਦੇ ਉਦੈ ਹੋਣ ਦੀ ਸੂਚਕ ਹੈ। ਉਹ ਨਵੀਆਂ ਆਸਾਂ ਦੀ ਪ੍ਰਤੀਕ ਹਨ ਤੇ ਇਸ ਤੋਂ ਦੁਨੀਆਂ ਨੂੰ ਅਗੇ ਵਧਣ ਦਾ ਸੰਕੇਤ ਮਿਲਦਾ ਹੈ। ਨਵੀਂ ਪੀੜ੍ਹੀ Continuation of life ਦੀ ਨਿਸ਼ਾਨੀ ਹੈ। ਹੈਲਨ ਕੈਲਰ ਦਾ ਕਥਨ ਹੈ," It is not possivle for civilsation to go backwards while there is youth in th world". ਸੋ ਕਿਸੇ ਵੀ ਕੌਮ ਦੀ ਤਰੱਕੀ ਹੀ ਨਹੀਂ ਚਿਰੰਜੀਵਤਾ ਲਈ ਵੀ ਇਹ ਜ਼ਰੂਰੀ ਹੈ ਕਿ ਉਹ ਆਪਣੀ ਜਵਾਨ ਪਨੀਰੀ ਦੇ ਭਾਵਾਂ ਦਾ ਆਦਰ ਕਰੇ। ਮਹਾਨ ਚਿੰਤਕ ਜਾਰਜ਼ ਮੈਕਡੌਨਲਡ ਕਹਿੰਦਾ ਹੈ ਕਿ ਜਦੋਂ ਅਸੀਂ ਜਵਾਨਾਂ ਨਾਲ ਹਮਦਰਦੀ ਪ੍ਰਗਟਾਉਣੀ ਛੱਡ ਦਿੰਦੇ ਹਾਂ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਦੁਨੀਆਂ ਦੀ ਸੇਵਾ ਨਹੀਂ ਕਰ ਰਹੇ ਹੁੰਦੇ ਕਿਉਂਕਿ ਜੌਸ਼ ਬਿਲਿੰਗ ਅਨੁਸਾਰ ਜਵਾਨ ਬਿਪਤਾਵਾਂ ਨਾਲ ਟੱਕਰ ਲੈਂਦੇ ਹਨ ਜਦਕਿ ਬੁੱਢਿਆਂ ਨਾਲ ਬਿਪਤਾਵਾਂ ਨਾਲ ਟੱਕਰ ਲੈਂਦੀਆਂ ਹਨ। ਜਵਾਨ ਲੋਕ ਭਵਿੱਖ ਦੇ ਚਿਰਾਗ ਵੀ ਹਨ ਤੇ ਰਖਿਅਕ ਵੀ।

ਜਦੋਂ ਅਸੀਂ ਆਵਾਸੀਆਂ ਵਿਚ ਪੀੜ੍ਹੀਆਂ ਦੇ ਵਖਰੇਵਿਆਂ ਦੀ ਗੱਲ ਕਰਦੇ ਹਾਂ ਤਾਂ ਸਾਨੂੰ ਇਹ ਗੱਲ ਵੀ ਨਹੀਂ ਭੁੱਲਣੀ ਚਾਹੀਦੀ ਕਿ ਪੀੜ੍ਹੀਆਂ ਦੇ ਵਖਰੇਵੇਂ ਹਰ ਦੇਸ਼ ਤੇ ਹਰ ਸਮਾਜ ਵਿਚ ਹੀ ਹੁੰਦੇ ਹਨ ਤੇ ਇਹ ਇਤਿਹਾਸ ਦੇ ਹਰ ਪੜਾਅ ਉਤੇ ਹੀ ਖੜੋਤੇ ਹੁੰਦੇ ਹਨ। ਜਿਸ ਪੱਛਮੀ ਸਮਾਜ ਵਿਚ ਅਸੀਂ ਰਹਿੰਦੇ ਹਾਂ, ਇਸ ਦੇ ਆਪਣੇ ਹੀ ਪੀੜ੍ਹੀਆਂ ਦੇ ਮਸਲੇ ਹਨ। ਪੁਰਾਣੀ ਅੰਗਰੇਜ਼ ਪੀੜ੍ਹੀ ਨੂੰ ਸ਼ਿਕਵਾ ਹੈ ਕਿ ਅੱਜ ਦੇ ਜਵਾਨ ਮੁੰਡੇ ਕੁੜੀਆਂ ਆਖੇ ਨਹੀਂ ਲਗਦੇ। ਇਹ

ਨਸ਼ੀਲੀਆਂ ਵਸਤਾਂ ਦੀ ਵਰਤੋਂ ਕਰਦੇ ਹਨ। ਲੰਮੇ ਲੰਮੇ ਵਾਲ ਰਖਦੇ ਹਨ। ਕਪੜਿਆਂ ਦੇ ਪਹਿਨਣ ਵਿਚ ਝੱਲਿਆਂ ਵਰਗੇ ਜਲੂਸ ਕੱਢਦੇ ਹਨ। ਲਿੰਗ ਨੂੰ ਇਨ੍ਹਾਂ ਨੇ ਏਨਾ ਸਸਤਾ ਬਣਾ ਲਿਆ ਹੈ ਕਿ ਸ਼ਰਮ, ਹਯਾ ਤੇ ਈਸਾਈ ਸਿਖਿਆਵਾਂ ਤੋਂ ਬੇਮੁਖ ਹੋ ਕੇ ਇਹ ਬਿਨਾਂ ਵਿਆਹੋਂ ਹੀ ਇਕ ਦੂਜੇ ਦੀ ਲਿੰਗ ਸੰਗਤ ਕਰਦੇ ਹਨ ਤੇ ਬੱਚੇ ਪੈਦਾ ਕਰਦੇ ਹਨ। ਹੋਮੋਸੈਕਸੂਐਲਿਟੀ, ਲੇਜ਼ਬੀਅਨਿਜ਼ਮ ਅਤੇ ਪਰੋਨੋਗਰਾਫੀ ਵੀ ਇਨਾਂ ਦੇ ਵੇਲੇ ਹੀ ਪ੍ਰਫੁੱਲਤ ਹੋ ਰਹੀ ਹੈ। ਪਦਾਰਥਕ ਐਸ਼ੋ-ਇਸ਼ਰਤ ਅਤੇ ਅਰਾਮ ਇਹ ਗਰੰਟੀ ਦੇ ਤੌਰ 'ਤੇ ਮੰਗਦੇ ਹਨ। ਬਜ਼ੁਰਗਾਂ ਦੀ ਇਹ ਇਜ਼ਤ ਨਹੀਂ ਕਰਦੇ। ਪਬਲਿਕ ਥਾਵਾਂ ਦੀ ਤੋੜ ਭੱਜ ਕਰਦੇ ਹਨ। ਰਾਹ ਜਾਂਦੀਆਂ ਬੁਢੀਆਂ ਸੁਆਣੀਆਂ ਨੂੰ ਲੁਟਦੇ ਉਤੇ ਬੇਇੱਜ਼ਤ ਹਨ। ਪੜ੍ਹਨ ਦੀ ਥਾਂ ਇਹ ਸਿਆਸੀ ਕਿਸਮ ਦੇ ਮੁਜ਼ਾਹਰੇ ਕਰਦੇ ਹਨ ਤੇ ਲੋਕਾਂ ਦੇ ਖਜ਼ਾਨੇ 'ਚੋਂ ਮਿਲੀਆਂ ਗਰਾਂਟਾਂ ਦੀ ਦੁਰ ਵਰਤੋਂ ਕਰਦੇ ਹਨ। ਇਸ ਵਿਚ ਸੱਚਾਈ ਕਿੰਨੀ ਕੁ ਹੈ? ਇਹ ਵਖਰੀ ਬਹਿਸ ਦਾ ਵਿਸ਼ਾ ਹੈ ਪਰ ਫਿਲਹਾਲ ਇਹ ਜ਼ਰੂਰ ਆਖਿਆ ਜਾ ਸਕਦਾ ਹੈ ਕਿ ਪੱਛਮ ਵਿਚ ਸਮੇਂ ਸਮੇਂ ਅਨੇਕਾਂ ਲਹਿਰਾਂ ਚੱਲਦੀਆਂ ਰਹੀਆਂ ਹਨ ਜਿਨ੍ਹਾਂ ਰਾਹੀਂ ਪ੍ਰਮੁੱਖ ਤੌਰ 'ਤੇ ਨੌਜਵਾਨ ਪੀੜ੍ਹੀ ਦਾ ਪ੍ਰਤੀਬਿੰਬ ਉਘੜਦਾ ਰਿਹਾ ਹੈ, ਜਿਵੇਂ ਐਲਵਿਸ ਪ੍ਰਿਜ਼ਲੇ ਅਤੇ ਕਲਿਫ ਰਿਚਰਡ ਦੇ ਰਾਕ ਐਨ ਰੋਲ ਦੇ ਯੁਗ ਵੇਲੇ 'ਟੈਡੀ ਬੁਆਏਜ਼' ਦੀ ਲਹਿਰ। ਫੇਰ ਬੀਟਲਾਂ ਦੇ ਜ਼ਮਾਨੇ ਵਿਚ 'ਬੀਟਲਮੇਨੀਆਂ' ਤੇ ਉਨ੍ਹਾਂ ਦੇ ਗਾਣਿਆਂ ਅਤੇ ਪਹਿਰਾਵਿਆਂ ਦੀ ਨਕਲ। ਫੇਰ ਹਿੱਪੀਆਂ ਦਾ ਯੁਗ ਆਇਆ ਤੇ ਇਸ ਦੇ ਨਾਲ ਹੀ ਨਸ਼ੀਲੀਆਂ ਵਸਤਾਂ ਦੇ ਸੇਵਨ ਦੀ ਭੈੜੀ ਵਾਦੀ ਵੀ ਸ਼ੁਰੂ ਹੋਈ ਜਿਸ ਦੇ ਸਿਟੇ ਵਜੋਂ ਲੰਡਨ, ਨਿਊਯਾਰਕ, ਟਰਾਂਟੋ ਤੇ ਲਾਸ ਐਂਜਲਸ ਦੀਆਂ ਕੰਧਾਂ ਉਤੇ ਅਜ ਵੀ 'ਲੀਗੇਜਲਾਈਜ਼ ਦਾ ਪੌਟ' ਦੇ ਨਾਅਰੇ ਉਕਰੇ ਹੋਏ ਮਿਲਦੇ ਹਨ। ਏਸੇ ਹਿੱਪੀ ਲਹਿਰ ਨਾਲ ਮਿਲਦੀ ਜੁਲਦੀ ਇਕ ਲਹਿਰ 'ਫਲਾਵਰ ਪਾਵਰ' ਦੇ ਨਾਮ ਨਾਲ ਵੀ ਸ਼ੁਰੂ ਹੋਈ। ਪੌਪ ਸਟਾਰ ਮੈਕੰਨਜ਼ੀ ਦਾ ਗੀਤ 'ਜੇਕਰ ਤੁਸੀਂ ਸਾਂਨਫਰਾਂਸਿਸਕੋ ਜਾ ਰਹੇ ਹੋ ਤਾਂ ਆਪਣੇ ਵਾਲਾਂ ਵਿਚ ਫੁਲ ਟੰਗ ਕੇ ਜਾਣਾ ਕਿਉਂਕਿ ਉਥੇ ਫੁਲਾਂ ਨੂੰ ਮੁਹੱਬਤ ਕਰਨ ਵਾਲੇ ਲੋਕ ਰਹਿੰਦੇ ਨੇ, ਉਸ ਜ਼ਮਾਨੇ ਦੀ 'ਫਲਾਵਰ ਪਾਵਰ' ਦੀ ਲੋਕ ਪ੍ਰੀਯਤਾ ਦੀ ਮੂੰਹੋਂ ਬੋਲਦੀ ਤਸਵੀਰ ਹੈ। ਨਸ਼ੀਲੀਆਂ ਵਸਤਾਂ ਦੇ ਸੇਵਨ ਅਤੇ ਲਿੰਗ-ਖੁਲ੍ਹ ਨੇ ਅਮਰੀਕਾ ਵਿਚ ਚਾਰਲਸ ਮੈਨਸਨ ਜਿਹੇ ਕੇਸਾਂ ਨੂੰ ਜਨਮ ਦਿਤਾ ਜਿਸ ਵਿਚ ਚਾਰਲਸ ਮੈਨਸਨ ਅਤੇ ਉਸ ਦੀਆਂ ਮਿੱਤਰ ਕੁੜੀਆਂ ਨੇ ਗਰਭਵਤੀ ਐਕਟਰੈਸ ਸ਼ੈਰਨ ਟੇਟ ਤੇ ਉਹਦੇ ਮਹਿਮਾਨਾਂ ਨੂੰ ਬੁਰੀ ਕਤਲ ਕਰ ਦਿਤਾ ਸੀ ਤੇ ਉਨ੍ਹਾਂ ਦੇ ਹੀ ਖ਼ੂਨ ਨਾਲ ਘਰ ਦੀਆਂ ਕਧਾਂ ਅਤੇ ਫਰਸ਼ ਉਤੇ ਲਿਖ ਦਿਤਾ ਸੀ ' THE PIGS'। ਇੰਗਲੈਂਡ ਵਿਚ ਸਕਿਨਹੈੱਡ ਨਾਮੀ ਅੱਤਵਾਦੀ ਲਹਿਰ ਚੱਲੀ। ਇਹ ਲੋਕ ਹਿੱਪੀਆਂ ਅਤੇ ਕਾਲਿਆਂ ਦੇ ਵੈਰੀ ਸਨ। ਮਹਾਂਰਿਸ਼ੀ ਮਹੇਸ਼ ਯੋਗੀ ਦੇ ਚੇਲੇ ਬੀਟਲ ਜੌਰਜ ਹੈਰੀਸਨ ਨੇ TRANSCEN DENTAL ਨਾਮੀ ਆਤਮਕਿ ਲਹਿਰ ਚਲਾਈ। ਇਹ ਰੱਜੇ ਹੋਏ ਪਛਮੀ ਗਭਰੂਆਂ ਅਤੇ ਮੁਟਿਆਰਾਂ ਦੀ ਅਯਾਸ਼ੀ ਅਤੇ ਦਿਲਲਗੀ ਦੀ ਪ੍ਰਤੀਕ ਸੀ। ਪੱਛਮ ਦੀਆਂ ਇਹ ਲਹਿਰਾਂ ਐਪਰ ਕਦਾਚਿਤ ਇਥੋਂ ਦੀ ਪ੍ਰਤੀਨਿਧਤਾ ਨਹੀਂ ਸਨ ਕਰਦੀਆਂ। ਅਣਖੀਲੇ ਪੱਛਮੀ ਜਵਾਨਾਂ ਵਿਚ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਨੇ ਯੂਰਪ ਅਤੇ ਅਮਰੀਕਾ ਦੇ ਹਰ ਸ਼ਹਿਰ ਵਿਚ ਅਮਰੀਕਾ ਦੀ ਵੀਅਤਨਾਮੀ ਨੀਤੀ ਵਿਰੁਧ ਮੁਜ਼ਾਹਰੇ ਕੀਤੇ। ਜੇਲ੍ਹਾਂ ਕੱਟੀਆਂ ਅਤੇ ਕਈਆਂ ਹਾਲਤਾਂ ਵਿਚ ਗੋਲੀਆਂ ਵੀ ਖਾਧੀਆਂ। ਲੰਡਨ ਵਿਚ ਤਾਰਿਕ ਅਲੀ, ਵੈਨੇਸਾ

ਰੈਡਗਰੇਵ, ਰੂਡੀ ਦਸਕੇ ਆਦਿ ਦੇ ਵੀਅਤਨਾਮ ਵਿਰੋਧੀ ਮੁਜ਼ਾਹਰੇ ਇਤਿਹਾਸ ਵਿਚ ਅੰਕਤ ਹਨ : ਯੰਗ ਲਿਬਰਲਜ਼ ਦੇ ਆਗੂ ਪੀਟਰ ਹੇਨ ਨੇ ਨਾ ਸਿਰਫ ਨਸਲਵਾਦੀ ਸਾਊਥ ਅਫਰੀਕਾ ਦੀ 'ਸਟਾਪ ਦੀ ਸੈਂਵਟੀ ਟੂਰ' (ਭਾਵ ਸਾਊਥ ਅਫਰੀਕਾ ਦੀ ਚਿੱਟੀ ਟੀਮ ਨੂੰ ਏਥੇ ਕ੍ਰਿਕਟ ਖੇਡਣ ਤੋਂ ਰੋਕੋ) ਵਿਚ ਹੀ ਪ੍ਰਸਿਧੀ ਪ੍ਰਾਪਤ ਨਹੀਂ ਸੀ ਕੀਤੀ ਸਗੋਂ ਹਰ ਮੌਕੇ ਉਹ ਹਰ ਤਰ੍ਹਾਂ ਦੀਆਂ ਇਨਕਲਾਬੀ ਲਹਿਰਾਂ ਵਿਚ ਸਰਗਰਮ ਰਿਹਾ ਹੈ। ਅਮਰੀਕਾ ਵਿਚ ਐਕਟਰੈਸ ਜੇਨ ਫੌਂਡਾ ਦੀ ਵੀਅਤਨਾਮ ਦੀ ਜੰਗ ਵਿਰੁੱਧ ਸ਼ਰੇਆਮ ਵੰਗਾਰ ਤੇ ਵਰਲਡ ਹੈਵੀ ਵੇਟ ਬਾਕਸਰ ਮੁਹੰਮਦ ਅਲੀ ਦਾ ਵੀਅਤਨਾਮ ਦੀ ਜੰਗ ਵਿੱਚ ਲੜਨ ਤੋਂ ਸਾਫ ਇਨਕਾਰ ਦੁਨੀਆਂ ਦੀ ਜਾਵਾਨ ਪਨੀਰੀ ਲਈ ਮਾਣ ਦੀ ਗੱਲ ਹੈ। ਮੁਹੰਮਦ ਅਲੀ ਦੇ ਇਸ ਇਨਕਾਰ ਨੇਂ ਮਹਾਨ ਫਿਲਾਸਫਰ ਅਤੇ ਚਿੰਤਕ ਲੌਰਡ ਬਰਟਰੰਡ ਰਸਲ ਤੋਂ ਉਹ ਪ੍ਰਸੰਸਕ ਚਿੱਠੀ ਲਿਖਾਈ ਜਿਹੜੀ ਇਸ ਹੈਵੀਵੇਟ ਬੌਕਸਰ ਦੀ ਬਾਇਓਗਰਾਫੀ 'ਦੀ ਗਰੇਟੈਸਟ' ਵਿਚ ਸ਼ਾਮਲ ਹੈ। ਰਸਲ ਲਿਖਦੇ ਹਨ, "ਵੀਅਤਨਾਮ ਦੀ ਇਹ ਜੰਗ ਏਸ ਸਦੀ ਦੀਆਂ ਘਿਨਾਉਣੀਆਂ ਘਟਨਾਵਾਂ ਵਿਚੋਂ ਇਕ ਹੈ। ਤੇਰੇ ਜਿਹੇ ਜਵਾਨਾਂ ਦੀ ਇਹ ਹਿੰਮਤ ਆਸ ਬਨ੍ਹਾਉਂਦੀ ਹੈ ਕਿ ਸਾਡਾ ਭਵਿਖ ਅਮਨ ਅਮਾਨ ਵਾਲਾ ਹੋਵੇਗਾ।' ਮੁਹੰਮਦ ਅਲੀ ਤੋਂ ਪ੍ਰੇਰਨਾ ਲੈ ਕੇ ਅਨੇਕਾਂ ਅਮਰੀਕੀ ਜਵਾਨਾਂ ਨੇ ਵੀਅਤਨਾਮ 'ਚ ਲੜਨ ਤੋਂ ਇਨਕਾਰ ਕੀਤਾ ਤੇ ਸਿਟੇ ਵਜੋਂ ਕਈਆਂ ਨੇ ਜੇਲ੍ਹਾਂ ਕੱਟੀਆਂ ਤੇ ਕਈਆਂ ਨੇ ਵਤਨ ਛੱਡ ਕੇ ਸਵੀਡਨ, ਨਾਰਵੇ, ਸਵਿਟਜ਼ਰਲੈਂਡ ਤੇ ਕਈਆਂ ਹੋਰਨਾਂ ਮੁਲਕਾਂ ਵਿਚ ਪਨਾਹ ਵੀ ਲਈ ਕਿਉਂਕਿ ਇਨਾਂ ਗੱਭਰੂਆਂ ਦਾ ਵਿਚਾਰ ਸੀ ਕਿ ਜਵਾਨਾਂ ਦੀ ਬਹਾਦਰੀ ਬੱਚਿਆਂ, ਇਸਤਰੀਆਂ ਅਤੇ ਬੁੱਢਿਆਂ ਨੂੰ ਕਤਲ ਕਰਨ ਦੀ ਕਸੌਟੀ ਉਤੇ ਨਹੀਂ ਪਰਖੀ ਜਾਣੀ ਚਾਹੀਦੀ। ਜਵਾਨ ਤਾਂ ਏਸ ਵਰਗ ਲਈ ਸਹਾਰੇ ਸਿੱਧ ਹੋਣੇ ਚਾਹੀਦੇ ਹਨ। ਅਮਰੀਕਾ ਅਤੇ ਇੰਗਲੈਂਡ ਵਿਚ ਅਨੇਕਾਂ ਅਜਿਹੇ ਜਵਾਨ ਗਰੁੱਪ ਸਰਗਰਮ ਹਨ ਜਿਹੜੇ ਹਮੇਸ਼ਾਂ ਹੀ ਕਾਲੇ ਲੋਕਾਂ ਨਾਲ਼ ਹੁੰਦੇ ਵਿਤਕਰੇ ਵਿਰੁੱਧ ਸਾਡੇ ਅੰਗ ਸੰਗ ਰਹੇ ਹਨ। ਸਪੇਨ ਦੇ ਉਹ ਪੰਜ ਗਭਰੂ ਜਿਹੜੇ ਫਰੈਂਕੋ ਦੀ ਡਿਕਟੇਟਰਸ਼ਾਹੀ ਵਿਰੁੱਧ ਲੜਦੇ ਹੋਏ ਫੜੇ ਗਏ ਸਨ ਤੇ ਫਾਇਰਿੰਗ ਸੁਕਾਡ ਦੁਆਰਾ ਉਡਾ ਦਿਤੇ ਗਏ ਸਨ, ਵੀ ਜਵਾਨ ਪਨੀਰੀ ਦੇ ਸੁਨਿਹਰੀ ਕਰਤਵਾਂ ਵਿਚ ਸ਼ਾਮਲ ਹਨ।

ਆਵਾਸੀਆਂ ਦੀ ਜਵਾਨ ਪਨੀਰੀ ਬਾਰੇ ਨੁਕਤੇ ਉਠਾਉਣ ਤੋਂ ਪਹਿਲਾਂ ਇਹ ਜ਼ਰੂਰੀ ਹੋਵੇਗਾ ਕਿ ਅਸੀਂ ਇਹ ਵੇਖ ਲਈਏ ਕਿ ਇਥੋਂ ਦੀ ਜਵਾਨ ਪਨੀਰੀ ਦਾ ਇਕ ਵਿਸ਼ੇਸ਼ ਵਰਗ ਇਖ਼ਲਾਕੀ ਨਿਵਾਣ ਵਲ ਕਿਉਂ ਜਾ ਰਿਹਾ ਏ?

ਪਦਾਰਥਵਾਦੀ ਸਮਾਜ ਵਿਚ ਇਖ਼ਲਾਕ ਜਾਂ ਚਰਿੱਤਰ ਇਕ Secondary ਭਾਵ ਨੰਬਰ ਦੋ ਚੀਜ਼ ਹੈ। ਸਰਮਾਏਦਾਰੀ ਨਿਜ਼ਾਮ ਦੋਗਲਾ ਸਮਾਜ ਸਿਰਜਦਾ ਹੈ। ਇਸ ਵਿਚ ਸਰਮਾਏਦਾਰਾਂ ਦੀ ਪ੍ਰਫੁਲਤਾ ਲਈ ਵਧੇਰੇ ਯਤਨ ਕੀਤੇ ਜਾਂਦੇ ਹਨ ਤੇ ਕਾਮਿਆਂ ਅਤੇ ਨੀਵੀਂ ਸ਼੍ਰੇਣੀ ਦੇ ਲੋਕਾਂ ਦਾ ਜੀਵਨ ਪੱਧਰ ਇਕ ਨਿਸਚਤ ਹੱਦ ਤੋਂ ਉਪਰ ਨਹੀਂ ਉਠਣ ਦਿਤਾ ਜਾਂਦਾ। ਆਮਦਨ ਕਰ, ਵੈਲਯੂ ਐਂਡਡ ਟੈਕਸ ਅਤੇ ਅਨੇਕਾਂ ਹੋਰ ਕਟਾਉਤੀਆਂ ਸੀਮਤ ਜਿਹੀ ਆਮਦਨ ਵਾਲੇ ਵਰਗ ਨੂੰ ਗਹਿਰਾ ਢਾਅ ਲਾਉਂਦੀਆਂ ਹਨ। ਪੱਛਮ ਦੀ ਗਰੀਬੀ ਸਾਡੇ ਦੇਸ਼ਾਂ ਤੋਂ ਬੜੀ ਵੱਖਰੀ ਕਿਸਮ ਦੀ ਹੈ। ਜਦੋਂ ਤੁਹਾਡੇ ਚੌਗਿਰਦੇ ਵਿਚ ਪਦਾਰਥਕ ਤੌਰ ਤੇ ਸੰਤੁਸ਼ਟ ਲੋਕੀਂ ਹੀ ਰਹਿੰਦੇ ਹੋਣ ਤਾਂ ਇਹੋ ਜਿਹੀ Explosive ਹਾਲਤ ਵਿਚ ਤੁਹਾਡੇ ਬੱਚਿਆਂ ਤੋਂ ਅਨੁਸ਼ਾਸਨ ਦੀ

ਆਸ ਨਹੀਂ ਕੀਤੀ ਜਾ ਸਕਦੀ। ਨੌਜਵਾਨਾਂ ਤੇ ਮੁਟਿਆਰਾਂ ਨੂੰ ਸਕਾਈਸਕਰੈਪਰਾਂ ਵਿਚ ਅਧ-ਅਸਮਾਨੇ ਨਹੀਂ ਤਾੜਿਆ ਜਾ ਸਕਦਾ ਅਤੇ ਨਾ ਹੀ ਗੰਦੀਆਂ ਭੀੜੀਆਂ ਗਲੀਆਂ ਅਤੇ ਪੁਰਾਣੇ ਅਧ-ਢਠੇ ਘਰਾਂ ਵਿਚ ਹੀ ਉਹ ਖੁਸ਼ ਰਹਿ ਸਕਦੇ ਹਨ। ਉਹਨਾਂ ਦੇ ਮੌਲਦੇ ਜਿਸਮ ਲਈ ਖੁਲ੍ਹਾ ਵਾਤਾਵਰਣ ਜ਼ਰੂਰੀ ਹੈ। ਪੱਛਮ ਵਿਚ ਗਰਭ ਰੋਕੂ ਗੋਲੀਆਂ ਅਤੇ ਹੋਰ ਲਿੰਗ-ਯੰਤਰਾਂ ਦੀ ਸਹੂਲੀਅਤ ਨੇ ਲਿੰਗ ਆਜ਼ਾਦੀ ਨੂੰ ਸਿਖਰਾਂ ਉਤੇ ਪੁਜਾ ਦਿਤਾ ਹੈ। ਜਿਹੜੀਆਂ ਫਿਲਮਾਂ ਅਜ ਤੋਂ ਐਵੇਂ ਦਸ ਵਰ੍ਹੇ ਹੀ ਪਹਿਲਾਂ X category ਵਿਚ ਸ਼ਾਮਲ ਹੋਣ ਕਾਰਨ ਕੇਵਲ ਸਿਨਮਿਆਂ ਵਿਚ ਹੀ ਵਿਖਾਈਆਂ ਜਾਂਦੀਆਂ ਸਨ ਅਜ ਉਹੋ A category ਵਿਚ ਆਉਣ ਲਗ ਪਈਆਂ ਹਨ ਤੇ ਟੀ ਵੀ ਦੇ ਪਰਦੇ ਉਤੇ ਵਿਖਾਈਆਂ ਜਾਣ ਲਗ ਪਈਆਂ ਹਨ। 'ਵੈਡਨਸਡੇ ਪਲੇਅ' ਤੋਂ ਲੈ ਕੇ ਕਾਮੇਡੀਆਂ ਤੀਕ ਸੈਕਸ-ਛੂਹ ਬਾਝੋਂ ਫੇਲ੍ਹ ਹੋ ਗਈਆਂ ਸਮਝੀਆਂ ਜਾਣ ਲਗ ਪਈਆਂ ਹਨ। ਅਖਬਾਰਾਂ, ਰਸਾਲਿਆਂ, ਟੈਲੀਵੀਯਨਾਂ, ਅੰਡਰ ਗਰਾਊਂਡ ਸਟੇਸ਼ਨਾਂ ਅਤੇ ਆਮ ਕੰਧਾਂ ਉਤੇ ਚਿਕਪਾਏ ਇਸ਼ਤਿਹਾਰਾਂ ਵਿਚ ਸੈਕਸ ਦੀ ਛੂਹ ਦਿਤੀ ਜਾਣ ਲਗ ਪਈ ਹੈ। ਸਾਡੀਆਂ ਆਪਣੀਆਂ ਅਖਬਾਰਾਂ ਵਿਚ 'ਗਵਾਂਢੀਆਂ ਦੀਆਂ ਕੰਧਾਂ ਵਿਚ ਗਲੀਆਂ ਕਰਨ' ਵਾਲੇ ਲਿੰਗ ਉਤੇਜਨਾਂ ਵਾਲ਼ੇ ਇਸ਼ਤਿਹਾਰ ਛਪਦੇ ਹਨ। ਸਕੂਲਾਂ ਵਿਚ ਸੈਕਸ ਐਜੂਕੇਸ਼ਨ ਉਤੇ ਜ਼ੋਰ ਦਿਤਾ ਜਾ ਰਿਹਾ ਹੈ। ਅਖਬਾਰਾਂ, ਰੇਡੀਓ ਅਤੇ ਟੀ.ਵੀ. ਉਤੇ ਇਸ ਵਿਸ਼ੇ 'ਤੇ ਆਮ ਡੀਬੇਟਾਂ ਹੋਣ ਲਗ ਪਈਆਂ ਹਨ। ਬਰਤਾਨੀਆਂ ਦੇ ਯੂਰਪੀਨ ਮੰਡੀ ਵਿਚ ਸ਼ਾਮਲ ਹੋ ਜਾਣ ਦੇ ਕਾਰਨ ਸਵੀਡਨ, ਡੈਨਮਾਰਕ ਅਤੇ ਜਰਮਨੀ ਦੀ ਲਿੰਗ-ਖੁੱਲ੍ਹ ਧੜਾ ਧੜ ਏਥੇ ਵੀ ਪ੍ਰਵੇਸ਼ ਕਰ ਰਹੀ ਹੈ। ਸ਼ੋਅ ਬਿਜ਼ਨੈਸ ਏਸ ਪਰਮਿਸਿਵ ਸੁਸਾਇਟੀ ਲਈ ਹੋਰ ਵੀ ਖ਼ਤਰਨਾਕ ਪਲੀਤਾ ਹੈ। ਲਿੰਗ ਫਿਲਮਾਂ, ਨਗਨ ਡਰਾਮੇ (ਓ ਕੈਲਕਟਾ, ਕਮ ਇਨਟੂ ਮਾਈ ਬੈਡ, ਲੈੱਟ ਮਾਈ ਪੀਪਲ ਕੰਮ ਅਤੇ ਦੀ ਬੈਡ ਆਦਿ) ਅਤੇ ਅਨੇਕਾਂ ਕਿਸਮ ਦੇ ਸਟਰਿਪਟੀਜ਼ ਕਲੱਬਾਂ ਦੀ ਭਰਮਾਰ ਹੋ ਰਹੀ ਹੈ। ਅਜ ਕਲ ਸਾਡੇ ਆਪਣੇ ਲੋਕ ਅਜਿਹੇ ਕਲਬ ਖੋਲ੍ਹ ਕੇ ਪੌਂਡ ਕਮਾਉਣ ਦੇ ਵਸੀਲੇ ਲਭ ਰਹੇ ਹਨ। ਪੱਛਮ ਦੇ ਫਿਲਮ ਸਟਾਰ ਤੇ ਕਈ ਪੌਪ ਗਵੱਈਏ ਨਸ਼ੀਲੀਆਂ ਗੋਲੀਆਂ ਦੇ ਸੇਵਨ ਅਤੇ ਅਨੇਕਾਂ ਲਿੰਗ-ਖੁਲ੍ਹਾਂ ਦਾ ਸ਼ਰੇਆਮ ਤੇ ਬੜੇ ਮਾਣ ਨਾਲ ਜ਼ਿਕਰ ਕਰਦੇ ਹਨ। ਵਿਆਹ ਨੂੰ ਇਕ ਫਜ਼ੂਲ ਰਸਮ ਦੁਰਕਾਰ ਕੇ ਤੀਵੀਂ ਮਰਦ ਦਾ ਬਿਨਾਂ ਵਿਆਹੋਂ ਹੀ ਇਕਠਿਆਂ ਰਹਿਣਾ ਪਰਚਾਰਿਆ ਜਾ ਰਿਹਾ ਹੈ। ਇਹੋ ਜਿਹੇ ਭਖਦੇ ਵਾਤਾਵਰਣ ਵਿਚ ਆਵਾਸੀਆਂ ਦੀ ਜਵਾਨ ਪੀੜ੍ਹੀ ਜੇਕਰ ਕੁਰਾਹੇ ਪੈ ਜਾਏ ਤਾਂ ਬਹੁਤੀ ਹੈਰਾਨੀ ਵਾਲੀ ਗਲ ਨਹੀਂ ਸਮਝੀ ਜਾਣੀ ਚਾਹੀਦੀ। ਪਰਮਿਸਿਵ ਸੁਸਾਇਟੀ ਤਾਂ ਅੱਥਰੀ ਘੋੜੀ ਵਰਗੀ ਚੀਜ਼ ਹੈ ਚੰਗਾ ਚਾਲਕ ਦੌੜ ਵਿਚ ਮੰਜ਼ਲ ਉਤੇ ਸਹੀ ਸਲਾਮਤ ਪੁਜ ਜਾਂਦਾ ਹੈ ਪਰ ਮਾੜਾ ਭੌਂਏ ਪਟਕ ਜਾਂਦਾ ਹੈ।

ਅਸਾਂ ਆਵਾਸੀਆਂ ਵਿਚ ਏਸ ਵੇਲੇ ਆਮ ਕਰਕੇ ਇਸ ਗਲ ਸਬੰਧੀ ਬੜੀ ਚਿੰਤਾ ਪਾਈ ਜਾਂਦੀ ਹੈ ਕਿ ਸਾਡੀ ਜਵਾਨ ਹੋ ਚੁਕੀ ਅਤੇ ਜਵਾਨ ਹੋ ਰਹੀ ਪੀੜ੍ਹੀ ਹੱਥੋਂ ਨਿਕਲਦੀ ਜਾ ਰਹੀ ਹੈ। ਮੈਂ ਸਮਝ ਦਾ ਹਾਂ ਕਿ ਸਚ ਨਾਲੋਂ ਤੌਖਲਾ ਵਧੇਰੇ ਹੈ।

ਸਾਡੀ ਪਹਿਲੀ ਪੀੜ੍ਹੀ ਵਧੇਰੇ ਕਰਕੇ 1957-66 ਦੇ ਸਮੇਂ ਵਿਚ ਏਥੇ ਆਈ ਸੀ। ਇਨ੍ਹਾਂ ਵਿਚ ਵਧੇਰੇ ਕਰਕੇ ਕਾਲਜਾਂ ਵਿਚ ਪੜ੍ਹਦੇ ਮੁੰਡੇ, ਸਕੂਲਾਂ ਕਾਲਜਾਂ ਵਿਚ ਪੜ੍ਹਾਉਂਦੇ ਅਧਿਆਪਕ ਅਤੇ ਕਲਰਕ ਤਬਕਾ ਸਨ। ਦੂਜੀ ਵਡੀ ਜੰਗ ਵਿਚ ਫਰੰਗੀਆਂ ਲਈ ਲੜੇ ਫੌਜੀਆਂ ਨੂੰ ਇਥੇ

ਆਉਣ ਦੀ ਰਿਆਇਤ ਨੂੰ ਛਡ ਕੇ ਇਹ ਅਵਾਸੀ ਵੀਹ ਤੋਂ ਪੈਂਤੀ ਸਾਲ ਦੀ ਉਮਰ ਦੇ ਸਨ। ਕਿਹਾ ਜਾ ਸਕਦਾ ਹੈ ਕਿ ਉਹਨਾਂ ਦੇ ਵਿਚਾਰ ਪੂਰੀ ਤਰ੍ਹਾਂ ਭਾਰਤੀ ਸੰਸਕ੍ਰਿਤੀ ਅਤੇ ਸਭਿਆਚਾਰ ਵਿਚ ਰੰਗੇ ਹੋਏ ਸਨ। ਉਨ੍ਹਾਂ ਨੂੰ ਸਾਹਿਤ ਅਤੇ ਆਪਣੀ ਬੋਲੀ ਨਾਲ ਪਿਆਰ ਸੀ। ਉਨ੍ਹਾਂ ਨੂੰ ਭਾਰਤੀ ਫਿਲਮਾਂ ਅਤੇ ਗੀਤਾਂ ਦਾ ਸ਼ੌਕ ਸੀ। ਉਹ ਭੰਗੜੇ ਅਤੇ ਲੋਕ ਨਾਚਾਂ ਦੇ ਸ਼ੌਕੀਨ ਸਨ। ਉਹਨਾਂ ਨੂੰ ਗੁਰਬਾਣੀ ਅਤੇ ਗੀਤਾਂ ਦੀ ਫਿਲਾਸਫੀ ਦਾ ਵੀ ਕੁਝ ਪਤਾ ਸੀ। ਉਹਨਾਂ ਵਿਚੋਂ ਕਈ ਮੰਦਰਾਂ ਅਤੇ ਗੁਰਦਵਾਰਿਆਂ ਵਿਚ ਜਾਣ ਵਾਲੇ ਵੀ ਸਨ। ਏਸੇ ਕਰਕੇ ਹੀ ਤਾਂ ਅਜ ਕਲ ਇਹ ਪੀੜ੍ਹੀ ਗੁਰਦਵਾਰਿਆਂ, ਮਸੀਤਾਂ, ਮੰਦਰਾਂ ਦੀ ਪ੍ਰਧਾਨ ਤੇ ਸੈਕਟਰੀ ਬਣ ਬੈਠੀ ਹੈ ਤੇ ਕਈ ਵੇਰ ਇਹ ਇਕ ਦੂਜੇ ਉੱਤੇ ਚਿਮਟੇ ਵੀ ਚਲਾਉਂਦੇ ਹਨ। ਸਾਡੀ ਇਸ ਪੁਸ਼ਤ ਨੇ ਕਈ ਉਪ-ਧਰਮ ਅਤੇ ਵੱਖ਼ ਵੱਖ਼ ਫਿਰਕਿਆਂ ਵਾਲੀਆਂ ਸੰਸਥਾਵਾਂ ਵੀ ਕਾਇਮ ਕਰ ਲਈਆਂ ਹਨ ਜਿਨ੍ਹਾਂ ਦੀ ਸਥਾਪਨਾ ਭਾਰਤ ਵਿਚ ਬੈਠੇ ਕਿਸੇ ਸਾਧ ਜਾਂ ਸੰਤ ਦੀ ਮਿਹਰ ਨਾਲ ਬਰਕਰਾਰ ਹੈ। ਸਿਟੇ ਵਜੋਂ ਸਾਡੇ ਇਸ ਵਰਗ ਨੇ ਨਾ ਸਿਰਫ ਇਥੇ ਜੰਮੀ ਪਲੀ ਔਲਾਦ ਦੀ ਵਰ-ਚੋਣ ਹੀ ਸੀਮਤ ਕਰ ਦਿਤੀ ਹੈ ਸਗੋਂ ਉਹਨਾਂ ਦੇ ਅਧੁਨਿਕ ਅਤੇ ਸਾਇੰਸੀ ਵਿਚਾਰਾਂ ਨੂੰ ਵੀ ਚੈਲੰਜ ਕੀਤਾ ਹੈ। ਦੂਜੇ ਲਫਜ਼ਾਂ ਵਿਚ ਉਹ ਪਹਿਲੀ ਪੁਸ਼ਤ ਤੋਂ ਹੋਰ ਵੀ ਦੂਰ ਹੋ ਗਏ ਹਨ। ਗੁਰਦਵਾਰਿਆਂ ਵਿਚ ਜਾ ਕੇ ਵੇਖੋ ਤਾਂ ਤੁਹਾਨੂੰ ਜਵਾਨ ਮੁੰਡੇ ਕੁੜੀਆਂ ਬੜੇ ਹੀ ਘਟ ਵਿਖਾਈ ਦੇਣਗੇ ਕਿਉਂਕਿ ਉਥੇ ਸਿਖ ਧਰਮ ਦੇ ਅਸਲ ਮੰਤਵ, ਟੀਚੇ ਅਤੇ ਉਦੇਸ਼ ਘਟ ਸਮਝਾਏ ਜਾਂਦੇ ਹਨ ਤੇ ਪੰਜਾ ਸਾਹਿਬ ਤੇ ਕੌਡੇ ਰਾਖਸ਼ ਦੀ ਸਾਖੀ ਅਤੇ ਪ੍ਰਚਲਤ ਕਿਸਮ ਦੇ ਸ਼ਬਦ ਕੀਰਤਨ ਉਤੇ ਵਧੇਰੇ ਜ਼ੋਰ ਦਿਤਾ ਜਾਂਦਾ ਹੈ। ਗੁਰਬਾਣੀ ਨੂੰ ਪੰਜਾਬੀ ਸਾਹਿਤ ਚੋਂ ਮਨਫੀ ਕਰ ਦਿਤਾ ਜਾਏ ਤਾਂ ਬਹੁਤਾ ਕੁਝ ਸਾਡੇ ਪਲੇ ਨਹੀਂ ਰਹਿ ਜਾਂਦਾ। ਗੁਰਬਾਣੀ ਚੰਗੀ ਜ਼ਿੰਦਗੀ ਲਈ ਇਕ ਮਹਾਨ ਪ੍ਰੇਰਨਾ ਹੈ ਪਰ ਦੁਖ ਦੀ ਗਲ ਹੈ ਕਿ ਇਹਨੂੰ ਇਨਾਂ ਗੁਰਦਵਾਰਿਆਂ ਦੀ ਚਾਰ ਦੀਵਾਰੀ ਤੋਂ ਬਾਹਰ ਨਹੀਂ ਨਿਕਲਣ ਦਿਤਾ ਜਾਂਦਾ। ਨਿਰਸੰਦੇਹ ਮੈਂ ਏਥੇ ਕੁਝ ਇਕ ਚੰਗੇ ਗੁਰਦਵਾਰਿਆਂ ਦੀ ਅਧੁਨਿਕ ਐਪਰੋਚ ਦੀ ਸ਼ਲਾਘਾ ਕਰਦਾ ਹਾਂ। ਗੁਰਦਵਾਰੇ ਧਾਰਮਿਕ ਪ੍ਰਚਾਰ ਲਈ ਹੀ ਨਹੀਂ ਵਰਤਣੇ ਚਾਹੀਦੇ ਸਗੋਂ ਇਹ ਪੰਜਾਬੀ ਸਭਿਆਚਾਰ ਦੀ ਸੋਝੀ ਕਰਾਉਣ ਵਜੋਂ ਵੀ ਵਰਤੇ ਜਾਣੇ ਚਾਹੀਦੇ ਹਨ। ਇਕ ਪ੍ਰਾਈਮਰੀ ਸਕੂਲ ਵਿਚ ਇਕ ਬੱਚੇ ਨੂੰ ਪੁਛਿਆ ਗਿਆ ਕਿ ਸਭ ਤੋਂ ਮਹਾਨ ਪੁਸਤਕ ਕਿਹੜੀ ਹੈ ਤਾਂ ਉਸਨੇ ਉਤਰ ਦਿਤਾ- ਬਾਈਬਲ। ਤੁਆਜਬ ਇਹ ਸੀ ਕਿ ਇਹ ਬੱਚਾ ਸਿੱਖ ਸੀ। ਸੋ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਉਹਨੂੰ ਆਪਣੇ ਧਰਮ ਬਾਰੇ ਕਿੰਨਾ ਕੁ ਘਰ 'ਚ ਦਸਿਆ ਜਾਂਦਾ ਹੋਵੇਗਾ ਤੇ ਗੁਰਦਵਾਰੇ ਜਾ ਕੇ ਵੀ ਉਸ ਨੂੰ ਕਿਸੇ ਗੱਲ ਦੀ ਕਿੰਨੀ ਕੁ ਸਮਝ ਪੈਂਦੀ ਹੋਵੇਗੀ। ਪੰਜਾਬੀ ਅਖਬਾਰਾਂ ਵਿਚ ਕਈ ਅਜਿਹੇ ਖਤ ਪੜ੍ਹਨ ਨੂੰ ਮਿਲਦੇ ਹਨ ਜਿਨ੍ਹਾਂ ਤੋਂ ਪ੍ਰਤੀਤ ਹੁੰਦਾ ਹੈ ਕਿ ਸਿੱਖ ਮਾਪੇ ਏਸ ਗੱਲੇ ਚਿੰਤਾਤੁਰ ਹਨ ਕਿ ਮਤੇ ਉਹਨਾਂ ਦੀਆਂ ਧੀਆਂ ਕਿਧਰੇ ਮੁਸਲਮਾਨਾਂ ਅਤੇ ਜਮੀਕਿਆਂ ਨਾਲ ਨਾ ਨੱਸ ਜਾਣ। ਕੀ ਉਹ ਇਹ ਦੱਸ ਸਕਦੇ ਹਨ ਕਿ ਉਹ ਆਪਣੀਆਂ ਧੀਆਂ ਨੂੰ ਕਿੰਨੀ ਕੁ ਵੇਰ ਆਪਣੀਆਂ ਧਾਰਮਕ ਤੇ ਸੋਸ਼ਲ ਕੀਮਤਾਂ ਬਾਰੇ ਦਸਦੇ ਹਨ? ਉਹਨਾਂ ਨੂੰ ਆਪਣੇ ਦੇਸ਼ ਅਤੇ ਸਭਿਆਚਾਰ ਬਾਰੇ ਕਿੰਨਾ ਕੁ ਸਮਝਾਇਆ ਜਾਂਦਾ ਹੈ? ਨਿਰਸੰਦੇਹ ਸਾਰੇ ਮਾਪੇ ਹੀ ਇਕੋ ਰੱਸੇ ਨਹੀਂ ਬੰਨ੍ਹੇ ਜਾ ਸਕਦੇ। ਐਦਲਾਈ ਸਟੀਵੈਨਸਨ ਕਹਿੰਦਾ ਹੈ,

Paternity is a career imposed on you without any inquiry

into your fitness.

ਮੈਂ ਸਮਝਦਾ ਹਾਂ ਕਿ ਸਾਡੀਆਂ ਸੰਸਥਾਵਾਂ ਨੌਜਵਾਨਾਂ ਦੇ ਮਸਲਿਆਂ ਦਾ ਹੱਲ ਵਧੇਰੇ ਚੰਗੀ ਤਰ੍ਹਾਂ ਕਰ ਸਕਦੀਆਂ ਹਨ। ਪਰ ਦੁਖਾਂਤ ਇਹ ਹੈ ਕਿ ਕਈ ਗੈਰ ਧਾਰਮਕ ਤੇ ਗੈਰ ਸਿਆਸੀ ਦਿਸਦੀਆਂ ਸੰਸਥਾਵਾਂ ਵੀ ਅਸਲ ਤੌਰ ਤੇ ਇਥੋਂ ਦੀ ਜਵਾਨ ਪੀੜ੍ਹੀ ਨੂੰ ਆਂਦੀਆਂ ਮੁਸ਼ਕਲਾਂ ਵਲ ਘਟ ਧਿਆਨ ਦਿੰਦੀਆਂ ਹਨ ਤੇ ਭਾਰਤ ਵਿਚਲੀ ਸਿਆਸੀ ਸਥਿਤੀ ਵਲ ਵਧੇਰੇ ਰੁਚਿਤ ਹਨ। ਨਿਰਸੰਦੇਹ ਆਪਣੇ ਪਿਛਾਂਹ ਰਹਿ ਗਏ ਦੇਸ਼ ਵਾਰੇ ਵੀ ਬਹੁਤ ਸੁਚੇਤ ਰਹਿਣਾ ਚਾਹੀਦਾ ਹੈ ਪਰ ਇਥੋਂ ਦੀਆਂ ਮੁਸ਼ਕਲਾਂ ਨੂੰ Ignore ਕਰਨ ਦੀ ਕੀਮਤ ਉਤੇ ਨਹੀ। ਨੌਜਵਾਨ ਗੁਰਦੀਪ ਚੱਘਰ ਦੇ ਕਤਲ ਪਿਛੋਂ ਨੌਜਵਾਨਾਂ ਦਾ ਪਹਿਲੀ ਪੀੜ੍ਹੀ ਵਿਰੁੱਧ ਪ੍ਰਗਟਾਇਆ ਰੋਹ ਮੇਰੀ ਏਸ ਗਲ ਦੀ ਪੁਸ਼ਟੀ ਕਰਦਾ ਹੈ। ਸੋ ਇਹ ਜ਼ਰੂਰੀ ਹੈ ਕਿ ਸਾਡੀਆਂ ਸੰਸਥਾਵਾਂ ਵਿਚ ਨੌਜਵਾਨਾਂ ਨੂੰ ਵਿਸ਼ੇਸ਼ ਥਾਂ ਦਿਤਾ ਜਾਵੇ ਤੇ ਉਹਨਾਂ ਦੀਆਂ ਮੁਸ਼ਕਲਾਂ ਨੂੰ ਵਧੇਰੇ ਸੁਣਿਆ ਜਾਏ। ਨੌਜਵਾਨਾਂ ਅਤੇ ਮੁਟਿਆਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਇੰਡੀਅਨ ਵਰਕਰਜ਼ ਐਸੋਸੀਏਸ਼ਨਾਂ ਆਦਿ ਅਦਾਰਿਆਂ ਵਿਚ infiltrate ਕਰਨ।

ਮੈਂ ਉੱਪਰ ਆਖਿਆ ਹੈ ਕਿ ਇਸ ਗਲ ਵਿਚ ਸਚਾਈ ਘਟ ਹੈ ਤੇ ਤੌਖਲਾ ਵਧੇਰੇ ਹੈ ਕਿ ਸਾਡੀ ਜਵਾਨ ਪੀੜ੍ਹੀ ਵੀ ਸਾਥੋਂ ਦੂਰ ਦੂਰ ਜਾ ਰਹੀ ਹੈ। ਤੌਖਲਾ ਇਥੋਂ ਦਾ Media ਪੈਦਾ ਕਰਦਾ ਹੈ। ਇਹ ਗੱਲ ਬਹੁਤੀ ਹੀ ਉਭਾਰਕੇ ਲੋਕਾਂ ਸਾਹਮਣੇ ਲਿਆਉਂਦਾ ਹੈ ਕਿ ਭਾਰਤੀ (ਜਾਂ ਏਸ਼ੀਆਈ) ਮਾਪੇ ਬੜੇ ਨਿਰਦਈ, ਕੱਟੜ-ਪੰਥੀਏ, ਪੁਰਾਣੇ ਵਿਚਾਰਾਂ ਵਾਲੇ ਅਤੇ ਘਟ ਅਕਲ ਵਾਲੇ ਹਨ ਤੇ ਹਰ ਅਧੁਨਿਕ ਤਬਦੀਲੀ ਦਾ ਖੰਡਨ ਕਰਨ ਵਾਲੇ ਹਨ। ਜਿਨ੍ਹਾਂ ਲੋਕਾਂ ਨੇ 'ਵਰਲਡ ਇਨ ਐਕਸ਼ਨ ਅਤੇ 'ਦਿਸ ਵੀਕ' ਆਦਿ ਪ੍ਰੋਗਰਾਮ ਵੇਖੇ ਹਨ ਉਨ੍ਹਾਂ ਨੂੰ ਯਾਦ ਹੋਵੇਗਾ ਕਿ ਇਹਨਾਂ ਵਿਚ ਕੁਝ ਕੁ ਅਜਿਹੀਆਂ ਕੁੜੀਆਂ ਦੇ ਇੰਟਰਵਿਊ ਵਿਖਾਏ ਗਏ ਸਨ ਜਿਨ੍ਹਾਂ ਨੇ ਮਾਪਿਆਂ ਦੀ ਵਰ ਦੀ ਚੋਣ ਠੁਕਰਾ ਦਿਤਾ ਸੀ। ਇਹਨਾਂ ਦੀ ਟੀਕਾ ਟਿਪਣੀ ਕੁਝ ਏਸ ਤਰ੍ਹਾਂ ਦੀ ਸੀ,' ਉਹ ਬਹੁਤ ਲਕੀਰ ਦੇ ਫਕੀਰ ਹਨ। ਉਹ ਮੇਰਾ ਬਾਹਰ ਜਾਣਾ ਪਸੰਦ ਨਹੀਂ ਕਰਦੇ। ਉਹ ਅਨਪੜ੍ਹ ਅਤੇ ਅਗਿਆਤ ਹਨ। ਉਹ ਪੈਸੇ ਦੇ ਪੁਤਰ ਹਨ। ਉਹ ਧਰਮ ਵਲ ਵਧੇਰੇ ਰੁਚੀ ਰਖਦੇ ਹਨ ਆਦਿ'। ਸਵਾਲ ਇਹ ਹੈ ਕਿ ਕੀ ਰੀਪੋਟਰਾਂ ਨੂੰ ਅਜਿਹੀ ਕੋਈ ਗੱਲ ਨਾ ਲੱਭੀ ਜਿਹੜੀ ਜਵਾਨ ਵਲੋਂ ਮਾਪਿਆਂ ਦੀ ਚੋਣ ਅਤੇ ਵਿਆਹ ਵਿਚ ਖੁਸ਼ ਹੋਵੇ? ਉਨ੍ਹਾਂ ਨੇ ਮੇਰੀ ਜਾਚੇ ਜਾਣਕੇ ਹੀ ਇਕ ਪਾਸੜ ਤਸਵੀਰ ਪੇਸ਼ ਕੀਤੀ ਹੈ। ਸਕੌਟਲੈਂਡ ਵਿਚ ਮੇਰੇ ਇਕ ਮਿੱਤਰ ਨੇ ਇਕ ਅਜਿਹੇ ਵਿਆਹ ਦਾ ਪ੍ਰਬੰਧ ਕੀਤਾ ਹੈ ਜਿਸ ਵਿਚ ਇਕ ਸਕੌਟਿਸ਼ ਮੁੰਡਾ ਪੰਜਾਬ ਵਿਚ ਰਹਿੰਦੀ ਇਕ ਕੁੜੀ ਨਾਲ ਵਿਆਹ ਰਚਾਉਣ 'ਚ ਖੁਸ਼ ਹੈ। ਵਿਆਹ ਚਾਹੇ arranged ਹੋਵੇ ਤੇ ਚਾਹੇ ਪਿਆਰ ਦਾ। ਇਹ ਤਾਂ ਦੋ ਵਖੋ ਵਖਰੇ ਵਿਅਕਤੀਆਂ ਦਾ ਇਕ ਦੂਜੇ ਨੂੰ ਸਮਝਣ ਤੇ ਇਕ ਦੂਜੇ ਦੇ ਜੀਵਨਾਂ ਵਿਚ ਸੰਮਿਲਤ ਹੋਣ ਦਾ ਯਤਨ ਹੈ। ਕਈ ਵੇਰੀ ਇਹ ਯਤਨ ਅਸਫਲ ਵੀ ਰਹਿ ਜਾਂਦਾ ਹੈ। ਸਾਡੀ ਮਰਯਾਦਾ ਵਿਚ ਸਗੋਂ ਇਹ ਯਤਨ ਵਧੇਰੇ ਸਫਲ ਹੈ। ਪਰ ਕਦਾਚਿਤ ਮੈਂ ਏਸ ਗਲ ਦੀ ਵਕਾਲਤ ਨਹੀਂ ਕਰ ਰਿਹਾ ਕਿ ਪਿਆਰ ਵਿਆਹ ਨਹੀਂ ਹੋਣੇ ਚਾਹੀਦੇ ਤੇ ਆਪਣੇ ਧੀਆਂ ਪੁਤਰਾਂ ਨੂੰ ਵਧੇਰੇ ਖੁੱਲ੍ਹ ਦੇਣੀ ਚਾਹੀਦੀ ਹੈ ਤਾਂ ਜੁ ਉਹ ਆਪਣੀ ਚੋਣ ਆਪ ਕਰ ਸਕਣ। ਇਸ ਤਰ੍ਹਾਂ ਕਰਨ ਨਾਲ ਅਸੀਂ ਉਨ੍ਹਾਂ ਦੇ ਵਿਸ਼ਵਾਸ਼ ਦੇ ਚੰਗੇਰੇ ਪਾਤਰ ਹੋਵਾਂਗੇ। ਪਰ ਇਹ ਗੱਲ ਤਦੇ ਹੀ ਸੰਭਵ ਹੋ ਸਕਦੀ

ਹੈ ਜੇਕਰ ਅਸੀਂ ਆਪਣੇ ਦੁਆਲੇ ਦੇ ਅਖਾਉਤੀ ਘੇਰਿਆਂ ਨੂੰ ਤੋੜ ਦੇਈਏ ਭਾਵ ਗੋਤਾਂ, ਜਾਤਾਂ ਤੇ ਧਰਮਾਂ ਦੇ ਬੰਧਨਾਂ ਚੋਂ ਮੁਕਤ ਹੋ ਜਾਈਏ ਅਤੇ ਉਸੇ ਵੇਲੇ ਆਪਣੀ ਔਲਾਦ ਨੂੰ ਆਪਣੀਆਂ ਸਭਿਆਚਾਰਕ ਕੀਮਤਾਂ ਤੋਂ ਵੀ ਸੁਚੇਤ ਰਖੀਏ। ਏਥੇ ਪਹਿਲੀ ਪੀੜ੍ਹੀ ਦੇ ਆਵਾਸੀਆਂ ਨੂੰ ਇਹ ਗੱਲ ਵੀ ਮਨ ਵਸਾਉਣੀ ਚਾਹੀਦੀ ਹੈ ਕਿ ਜਦੋਂ ਅਸੀਂ ਇੰਡੀਆ ਤੋਂ ਏਥੇ ਆਏ ਸਾਂ ਤਾਂ ਸਾਡੇ ਮੁਲਕ ਦੀ ਸਥਿਤੀ ਵੀ ਹੋਰ ਸੀ। ਹੁਣ ਉਥੇ ਵੀ ਬੜਾ ਕੁਝ ਬਦਲ ਗਿਆ ਹੈ ਤੇ ਨੌਜਵਾਨਾਂ ਤੇ ਮੁਟਿਆਰਾਂ ਦੇ ਵਿਚਾਰਾਂ ਵਿਚ ਤਾਂ ਸਾਡੇ ਕਈਆਂ ਮਾਪਿਆਂ ਲਈ ਬੱਚਿਆਂ ਦੀਆਂ ਚੋਣਾਂ ਵਿਚ ਬਾਧਕ ਬਣਨਾ ਉਹਨਾਂ ਦੇ false pride ਕਰਕੇ ਹੀ ਹੈ ਤੇ ਉਨ੍ਹਾਂ ਨੂੰ ਲੋਕ ਲਾਜ ਵੀ ਮਾਰਦੀ ਹੈ। ਮਨੋ ਭਾਵੇਂ ਸ਼ਾਇਦ ਉਹ ਔਲਾਦ ਨਾਲ ਸਹਿਮਤ ਹੀ ਹੁੰਦੇ ਹੋਣ।

ਪੂਰਬੀ ਅਫਰੀਕਾ ਤੋਂ ਆਏ ਹੋਏ ਅਤੇ ਸਿੱਧੇ ਪੰਜਾਬੋਂ ਆਏ ਹੋਏ ਲੋਕਾਂ ਦੀ ਦੂਜੀ ਪੀੜ੍ਹੀ ਦੇ ਵਿਚਾਰਾਂ ਵਿਚ ਵੀ ਢੇਰ ਸਾਰਾ ਅੰਤਰ ਹੈ। ਉਹਨਾਂ ਦੀ ਔਲਾਦ ਅੰਗਰੇਜ਼ੀ ਵਾਤਾਰਣ ਵਲ ਬੜੀ ਤੇਜ਼ੀ ਨਾਲ ਵਧ ਰਹੀ ਹੈ। ਜਿਹੜੇ ਮਾਪੇ ਉਨ੍ਹਾਂ ਦੇ ਇਸ ਕਦਮ ਨੂੰ ਚੰਗਾ ਨਹੀਂ ਸਮਝਦੇ ਉਹ ਬੜੇ ਨਿਰਾਸ਼ ਹੋ ਰਹੇ ਹਨ। ਉਸ ਤੋਂ ਉਲਟ ਭਾਰਤੋਂ ਸਿਧੇ ਆਏ ਪੰਜਾਬੀਆਂ ਦੀ ਔਲਾਦ ਵਿਚ ਹਾਲੀਂ ਭਾਰਤੀਪਣ ਦਾ ਅੰਸ਼ ਮੌਜੂਦ ਹੈ। ਉਹਨਾਂ ਦੀਆਂ ਧੀਆਂ ਆਮ ਤੌਰ 'ਤੇ ਚੁਪਚੁਪੀਤੇ ਹੀ ਭਾਰਤੋਂ ਮੰਗਵਾਏ ਲਾੜੇ ਨਾਲ ਵਿਆਹ ਕਰਵਾ ਲੈਂਦੀਆਂ ਹਨ ਤੇ ਪੁੱਤਰ ਵੀ ਕੁਝ ਇਕ ਨੂੰ ਛੱਡ ਕੇ ਅਕਸਰ ਹੀ ਅਜਿਹੇ ਰਿਸ਼ਤਿਆਂ ਲਈ ਪਰਵਾਨਗੀ ਦੇ ਦਿੰਦੇ ਹਨ। ਨਿਰਸੰਦੇਹ ਇਥੋਂ ਦੀ ਸਭਿਅਤਾ ਦਾ ਅਸਰ ਉਹਨਾਂ ਉਤੇ ਵੀ ਹੌਲੀ ਹੌਲੀ ਪੈ ਜ਼ਰੂਰ ਰਿਹਾ ਹੈ ਪਰ ਉਹ ਏਡੀ ਤੇਜ਼ੀ ਨਾਲ ਨਹੀਂ ਪੈ ਰਿਹਾ ਜਿਡੀ ਤੇਜ਼ੀ ਨਾਲ ਕਿ ਈਸਟ ਅਫਰੀਕੀ ਗਭਰੂਆਂ ਅਤੇ ਮੁਟਿਆਰਾਂ ਉਤੇ ਪੈ ਰਿਹਾ ਹੈ।

ਗੱਲ ਇੰਡੀਆ ਤੋਂ ਵਹੁਟੀਆਂ ਅਤੇ ਲਾੜੇ ਮੰਗਵਾਉਣ ਦੀ ਚਲੀ ਹੈ ਤਾਂ ਪਹਿਲੀ ਅਤੇ ਦੂਜੀ ਪੀੜ੍ਹੀ ਦੇ ਅੰਤਰ ਵਿਚ ਹੋਰ ਵੀ ਪਾੜਾ ਪਿਆ ਹੋਇਆ ਵਿਖਾਈ ਦਿੰਦਾ ਹੈ। ਮਾਪਿਆਂ ਨੂੰ ਇਕ ਲਾਲਚ ਤਾਂ ਇਹ ਹੈ ਕਿ ਉਹਨਾਂ ਨੂੰ ਆਪਣੇ ਘਟ ਪੜ੍ਹੇ-ਲਿਖੇ ਤੇ ਘਟ ਲਿਆਕਤ ਵਾਲੇ ਮੁੰਡੇ ਜਾਂ ਕੁੜੀ ਲਈ ਇੰਡੀਆ ਵਿਚੋਂ ਵਧੇਰੇ ਸੂਝਵਾਨ ਵਰ ਮਿਲ ਸਕੇਗਾ। ਦੂਜਾ ਕਾਰਣ ਇਹ ਹੈ ਕਿ ਇੰਝ ਕਰਨ ਨਾਲ ਉਹਨਾਂ ਦੇ False pride ਨੂੰ ਖ਼ੁਰਾਕ ਮਿਲਦੀ ਹੈ ਕਿਉਂਕਿ ਉਹਨਾਂ ਨੂੰ ਨੂੰਹ ਜਾਂ ਜੁਆਈ ਉਹਨਾਂ ਦੇ ਆਪਣੇ ਸੀਮਤ ਘੇਰੇ ਚੋਂ ਮਿਲ ਸਕੇਗਾ। ਅਸਲ ਵਿਚ ਉਹਨਾਂ ਨੂੰ ਪਿਛਲਾ ਖਾਨਦਾਨੀ ਰੁਤਬਾ ਵਧੇਰੇ ਪਿਆਰਾ ਹੈ। ਰਿੰਗ ਲਾਰਡਰ ਦਾ ਇਹ ਕਥਨ ਉਹਨਾਂ ਲਈ ਨਿਰਮੂਲ ਹੈ,

Family you come from is not as important as the family you ar going to have। ਕਈਆਂ ਹਾਲਤਾਂ ਵਿਚ ਇਹ ਕਦਮ ਸ਼ਾਇਦ ਠੀਕ ਵੀ ਹੋਵੇ ਪਰ ਅਜ ਕੱਲ੍ਹ ਅਜਿਹੇ ਕਿੱਸੇ ਸੁਣਨ ਨੂੰ ਮਿਲਦੇ ਹਨ ਜਿਨਾਂ ਤੋਂ ਅਜਿਹੇ ਵਿਆਹਾਂ ਦੀ ਕਾਮਯਾਬੀ ਵਲੋਂ ਨਿਰਾਸਤਾ ਵੀ ਹੁੰਦੀ ਹੈ। ਇਸ ਦਾ ਮੁਖ ਕਾਰਨ ਇਹ ਹੈ ਕਿ ਇਥੇ ਜੰਮੇ ਪਲੇ ਮੁੰਡੇ ਜਾਂ ਕੁੜੀ ਅਤੇ ਭਾਰਤ ਵਿਚੋਂ ਮੰਗਵਾਏ ਸਾਥੀ ਦੇ ਵਿਚਾਰਾਂ ਵਿਚ ਢੇਰ ਸਾਰਾ ਅੰਤਰ ਹੁੰਦਾ ਹੈ। ਸਾਡੀ ਪਹਿਲੀ ਪੀੜ੍ਹੀ ਨੂੰ ਇਸ ਸਮੱਸਿਆਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਨਿਰੀ ਇਮੀਗਰੇਸ਼ਨ ਦੀ ਸਹੂਲਤ ਕਰਕੇ ਹੀ ਗਲਤ ਫੈਸਲੇ ਨਹੀਂ ਕਰ ਲੈਣੇ ਚਾਹੀਦੇ।

ਸਾਨੂੰ ਵਧੇਰੇ ਤੌਖਲਾ ਧੀਆਂ ਦੇ ਚਰਿੱਤਰ ਦੇ ਖਰਾਬ ਹੋਣ ਦਾ ਹੈ। ਇਹ ਸਾਡੇ ਸਮਾਜ ਵਿਚ ਔਰਤ ਪ੍ਰਤੀ ਹੁੰਦੇ ਵਿਤਕਰੇ ਚੋਂ ਉਤਪਨ ਹੋਏ ਖਿਆਲਾਂ ਦਾ ਸਿੱਟਾ ਹੈ। ਇਥੇ ਇਹ ਗਲ ਵੀ ਕਰ ਲੈਣੀ ਚਾਹੀਦੀ ਹੈ ਕਿ ਔਰਤ ਲਗਭਗ ਹਰ ਸਮਾਜ ਵਿਚ ਹੀ ਘਟ ਜਾਂ ਵਧ ਤਾਦਾਦ ਵਿਚ mistreat ਜ਼ਰੂਰ ਕੀਤੀ ਹੈ। H.L. Mencken ਆਖਦਾ ਹੈ 'On one issue at least men and women agree, they both mistrust women' ਸਾਡੇ ਸਮਾਜ ਵਿਚ ਨੂੰਹ ਸੱਸ ਦੀ ਲੜਾਈ ਅਸਲ ਵਿਚ ਪੀੜ੍ਹੀਆਂ ਦੇ ਵਖਰੇਵਿਆਂ ਦੀ ਹੀ ਕਥਾ ਹੈ। ਸੱਸ ਨੂੰ ਨਵੀਨਤਾ ਨਾ ਪਸੰਦ ਹੈ। ਨੂੰਹ ਨੂੰ ਪੁਰਾਤਨਤਾ। ਏਥੇ ਇਸ ਦੋਸ਼ ਵਿਚ ਅਸੀਂ ਪੁਤਰਾਂ ਨਾਲੋਂ ਧੀਆਂ ਵਲੋਂ ਵਧੇਰੇ ਚਿੰਤਾਤੁਰ ਹਾਂ। ਪੁਤਰ ਮੇਮ ਲੈ ਆਵੇ ਤਾਂ ਮਾਫ ਕਰ ਦਿਤਾ ਜਾਂਦਾ ਹੈ ਪਰ ਧੀ ਨੂੰ ਇਸ ਖੁੱਲ੍ਹ ਦੀ ਇਜਾਜ਼ਤ ਨਹੀਂ। ਸ਼ਾਇਦ ਇਸਦਾ ਕਾਰਨ ਇਹ ਵੀ ਹੈ ਕਿ ਸਾਡੇ ਸਮਾਜ ਵਿਚ ਕਿਸੇ ਖਾਨਦਾਨ ਦੀ ਇਜ਼ਤ ਹੀ ਧੀ ਦੇ ਕਰਮਾਂ (ਅਮਲਾਂ) ਨਾਲ ਬੱਝੀ ਹੋਈ ਹੁੰਦੀ ਹੈ। ਪੁਰਾਣੀ ਪੀੜ੍ਹੀ ਵਿਰਸੇ ਨਾਲ ਵਧੇਰੇ ਬਝੀ ਹੋਈ ਹੈ ਪਰ ਇਥੇ ਰਹਿੰਦੀ ਧੀ ਫੈਕਟਰੀਆਂ ਜਾਂ ਦਫਤਰਾਂ ਵਿਚ ਕੰਮ ਕਰਦੀਆਂ ਗੋਰੀਆਂ ਸਾਥਣਾਂ ਦੀਆਂ ਆਜ਼ਾਦ ਗਲਾਂ ਸੁਣ ਕੇ ਆਪਣੀ ਸੁਸਾਇਟੀ ਤੋਂ ਬਾਗੀ ਹੋ ਜਾਂਦੀ ਹੈ। ਇਹ ਮਸਲਾ ਜ਼ੋਰੀ ਹੱਲ ਨਹੀਂ ਹੋ ਸਕਦਾ। ਜਵਾਨ ਧੀਆਂ ਨੂੰ ਬਾਲਗ ਸਮਝਦਿਆਂ ਹੋਇਆਂ ਨਿਮਰਤਾ, ਪਿਆਰ ਅਤੇ ਸਲੀਕੇ ਨਾਲ ਹੀ ਸਮਝਾਇਆ ਜਾ ਸਕਦਾ ਹੈ। ਨਵੀਂ ਪੀੜ੍ਹੀ ਘਰ ਦੇ ਅੰਦਰ ਹੋਰ ਅਤੇ ਬਾਹਰ ਹੋਰ ਜ਼ਿੰਦਗੀ ਜੀਉਂ ਰਹੀ ਹੈ। ਕੋਈ ਵਿਚਕਾਰਲਾ ਰਾਹ ਲੱਭਣਾ ਅਤੀ ਜ਼ਰੂਰੀ ਤੇ ਫੌਰੀ ਹੈ।

ਮਹਾਨ ਲੈਨਿਨ ਨੇ ਕਿਹਾ ਹੈ ਕਿ ਜੇਕਰ ਤੁਸੀਂ ਕਿਸੇ ਕੌਮ ਨੂੰ ਨਸ਼ਟ ਕਰਨਾ ਹੋਵੇ ਤਾਂ ਪਹਿਲਾਂ ਉਹਦੇ ਚਰਿਤਰ ਨੂੰ ਨਸ਼ਟ ਕਰੋ। ਏਸੇ ਤਰ੍ਹਾਂ ਅਸੀਂ ਆਪਣੀ ਕੌਮ ਨੂੰ ਪਰਦੇਸਾਂ ਵਿਚ ਵੀ ਜਿਉਂਦਿਆਂ ਰਖਣਾ ਹੈ ਤਾਂ ਅਵੱਸ਼ਕ ਹੈ ਕਿ ਅਸੀਂ ਆਪਣੀ ਔਲਾਦ ਦੇ ਚਰਿਤਰ ਨੂੰ ਉੱਚਿਆ ਚੁੱਕਣ ਦਾ ਯਤਨ ਕਰਦੇ ਰਹੀਏ। ਉਹਨਾਂ ਨੂੰ ਆਪਣੇ ਵਿਰਸੇ, ਬੋਲੀ, ਇਤਿਹਾਸ ਅਤੇ ਧਰਮ ਤੋਂ ਆਗਾਂਹ ਕਰਦੇ ਰਹੀਏ। ਨਿਰਸੰਦੇਹ ਸਾਡੇ ਇਥੇ ਵਸਦੇ ਨੌਜਵਾਨਾਂ ਲਈ ਭਗਤ ਸਿੰਘ, ਊਧਮ ਸਿੰਘ ਕੇ ਕਰਤਾਰ ਸਿੰਘ ਸਰਾਭਾ ਪ੍ਰਤੀਨਿਧ ਹੀਰੋ ਹਨ ਜਿਨ੍ਹਾਂ ਨੇ ਆਪਣੇ ਨਿਜਵਾਦ ਨੂੰ ਤਿਆਂਗ ਕੇ ਕੌਮ ਲਈ ਲੜ ਮਰਨਾ ਯੋਗ ਸਮਝਿਆ। ਸਾਡੇ ਨੌਜਵਾਨਾਂ ਅਤੇ ਮੁਟਿਆਰਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਮਹੱਤਵਪੂਰਨ ਹਿਸਾ ਪਾਇਆ ਸੀ ਬਲਕਿ ਆਜ਼ਾਦੀ ਮਿਲਣ ਤੋਂ ਬਾਅਦ ਵੀ ਹੁਕਮਰਾਨ ਸਰਕਾਰਾਂ ਦੀਆਂ ਵਧੀਕੀਆਂ ਵਿਰੁਧ ਸਾਡੀ ਜਵਾਨ ਪਨੀਰੀ ਨੇ ਨਿਰੀ ਆਵਾਜ਼ ਹੀ ਨਹੀਂ ਉਠਾਈ ਸਗੋਂ ਸ਼ਹੀਦੀਆਂ ਵੀ ਪਾਈਆਂ। ਏਸੇ ਤਰ੍ਹਾਂ ਦੀ ਸਪਿਰਟ ਸਾਡੀ ਇਥੇ ਰਹਿੰਦੀ ਜਵਾਨ ਪੀੜ੍ਹੀ ਵਿਚ ਵੀ ਹੈ। ਸ਼ਹੀਦ ਗੁਰਦੀਪ ਚਘਰ ਵੀ ਮੌਤ ਪਿੱਛੋਂ ਦਿਖਾਏ ਖਰੇ ਰੋਹ ਚੋਂ ਉਹਨਾਂ ਦੀ ਅਣਖ ਅਤੇ Determination ਦੀ ਝਲਕ ਪੈਂਦੀ ਹੈ। ਪਿਛੇ ਜਿਹੇ ਸਾਊਥਾਲ ਦੇ ਸਿਨਮਾ ਮਾਲਕਾਂ ਵਲੋਂ ਹੁੰਦੀ ਲੁਟ ਖਸੁਟ ਅਤੇ ਆਪ ਹੁਦਰੀ ਵਿਰੁਧ ਉਠਾਈ ਆਵਾਜ਼ ਬਾਰੇ ਵੀ ਸਭ ਨੂੰ ਪਤਾ ਹੈ ਲੇਕਿਨ ਰੁਜ਼ਗਾਰ, ਘਰਾਂ ਅਤੇ ਵਿਦਿਅਕ ਅਦਾਰਿਆਂ ਵਿਚ ਹੁੰਦੇ ਵਿਤਕਰੇ ਸਾਡੇ ਸਾਹਮਣੇ ਅਜੇ ਉਵੇਂ ਦੇ ਉਵੇਂ ਹੀ ਖੜੇ ਹਨ। ਇਹਨਾਂ ਵਿਰੁੱਧ ਲੜਨਾ ਸਾਡੀ ਜਵਾਨ ਪੀੜ੍ਹੀ ਦਾ ਪ੍ਰਥਮ ਕੰਮ ਹੋਣਾ ਚਾਹੀਦਾ ਹੈ ਕਿਉਂਕਿ ਇਹ ਘੋਲ ਬਹੁਤ ਲੰਮਾ ਅਤੇ ਸੰਜੀਦਾ ਹੈ। ਚਿਟੇ ਨਸਲਵਾਦੀਆਂ ਦੇ ਜ਼ਿਹਨ ਵਿਚ 'ਇਮੀਗਰਾਂਟ' ਸ਼ਬਦ ਦਾ ਅਰਥ ਹੀ

'ਕਾਲੇ' ਗੈਰ ਮੁਲਕੀ ਲੋਕ ਹਨ। ਉਹ ਏਥੇ ਜੰਮੇ ਪਲੇ ਤੇ ਪੜ੍ਹੇ ਹਨ। ਇਸ ਗਲ ਦੀ ਉਹਨਾਂ ਨੂੰ ਪਰਵਾਹ ਨਹੀਂ। ਜੌਨ ਲੈਸਟਰ ਐਮ ਪੀ ਦੀ ਗਲ ਠੀਕ ਹੈ ਕਿ ਜਦੋਂ ਅੰਗਰੇਜ਼ਾਂ ਨੇ ਆਪਣੀਆਂ ਫੈਕਟਰੀਆਂ, ਫੌਂਡਰੀਆਂ, ਟਰਾਂਸਪੋਰਟ ਅਤੇ ਹਸਪਤਾਲਾਂ ਲਈ ਏਸ਼ੀਆਂ ਅਤੇ ਕੈਰੇਬੀਅਨ ਮੁਲਕਾਂ ਚੋਂ ਕਾਲੇ ਅਤੇ ਭੂਰੇ ਕਾਮੇ ਮੰਗਵਾਉਣੇ ਸ਼ੁਰੂ ਕੀਤੇ ਤਾਂ ਉਹਨਾਂ ਏਸ਼ ਗਲ ਨੂੰ ਨਜ਼ਰ ਅੰਦਾਜ਼ ਹੀ ਕਰ ਦਿਤਾ ਕਿ ਕਾਲੇ ਭੂਰੇ ਕਾਮੇ ਕਾਲੇ ਭੂਰੇ ਬੱਚੇ ਵੀ ਪੈਦਾ ਕਰਨਗੇ ਤੇ ਉਹਨਾਂ ਕਾਲੇ ਭੂਰੇ ਬੱਚਿਆਂ ਨੇ ਬਰਾਬਰ ਦੇ ਹੱਕ ਵੀ ਮੰਗਣੇ ਹਨ।

ਸੋ ਸਾਡੀ ਪਹਿਲੀ ਅਤੇ ਦੂਜੀ ਪੁਸ਼ਤ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਉਨ੍ਹਾਂ ਦੀ ਪ੍ਰਮੁੱਖ ਲੜਾਈ ਨਸਲਵਾਦ ਵਿਰੁੱਧ ਹੈ। ਇਹ ਲੜਾਈ ਆਪਸੀ ਸਮਝੌਤੇ ਬਾਝੋਂ ਨਹੀਂ ਜਿਤੀ ਜਾ ਸਕਦੀ ਅਤੇ ਪੁਰਾਣੀ ਪੀੜ੍ਹੀ false pride ਛੱਡ ਕੇ ਨਵੀਂ ਪੀੜ੍ਹੀ ਨੂੰ ਕੁਝ ਖੁਲ੍ਹਾਂ ਦੇਵੇ ਤੇ ਨਵੀਂ ਪੀੜ੍ਹੀ ਮਸਨੂਈ ਜਿਹੀ ਪਛਮੀ ਟੀਪ ਟਾਪ ਨੂੰ ਤਿਆਗ ਕੇ ਆਪਣੇ ਵਡਿਆਂ ਤੋਂ ਆਪਣੇ ਧਰਮ, ਬੋਲੀ, ਵਿਰਸੇ ਅਤੇ ਇਤਿਹਾਸ ਬਾਰੇ ਜਾਣਕਾਰੀ ਲਵੇ। ਆਪਣੇ ਕੁਝ ਕੁ ਬਜ਼ੁਰਗਾਂ ਦੀਆਂ ਕਟੜਪੰਥੀ ਤੇ ਗੈਰਸਾਇੰਸੀ ਗੱਲਾਂ ਵਿਰੁੱਧ ਆਵਾਜ਼ ਵੀ ਉਠਾਵੇ। ਗੁਰਦਵਾਰਿਆਂ ਮੰਦਰਾਂ ਅਤੇ ਹੋਰ ਸੰਸਥਾਵਾਂ ਵਿਚ ਜੋਸ਼, ਸੰਗਠਨਤਾ ਅਤੇ ਈਮਾਨਦਾਰੀ ਨੂੰ ਵਿਗਸਤ ਕਰੇ। ਅਮਰੀਕਨ ਫਿਲਮ ਲੜੀ ਅਤੇ ਪੁਸਤਕ 'ਰੂਟਸ' ਤੋਂ ਇਹ ਸਬਕ ਲਿਆ ਜਾ ਸਕਦਾ ਹੈ ਕਿ ਕਿਸੇ ਕੌਮ ਦੇ ਇਤਿਹਾਸ ਨੂੰ ਜਿਉਂਦਿਆਂ ਰੱਖਣ ਲਈ ਬੜੀਆਂ ਕੁਰਬਾਨੀਆਂ ਦੇਣੀਆਂ ਪੈਂਦੀਆਂ ਹਨ ਵਰਨਾ ਆਪਣੀ ਸਭਿਅਤਾ ਤੋਂ ਕੋਰੇ ਰਹਿ ਕੇ ਅਸੀਂ ਹਵਾ ਵਿਚ ਲਟਕਦੇ ਮਨੁਖਾਂ ਵਾਂਗ ਹੋਵਾਂਗੇ ਕਿਉਂਕਿ ਏਥੇ ਇਸ ਮੁਲਕ ਵਿਚ ਤਾਂ ਸਾਨੂੰ Survival ਲਈ ਵੀ ਘੋਲ ਕਰਨ ਦੀ ਲੋੜ ਹੈ। ਪਰ ਇਹ ਘੋਲ ਗੁਰੂ ਗੋਬਿੰਦ ਸਿੰਘ ਦੇ ਇਨਾਂ ਸ਼ਬਦਾਂ ਉਤੇ ਅਮਲ ਕੀਤੇ ਬਿਨਾਂ ਨਹੀਂ ਜਿਤਿਆਂ ਜਾਣਾ :-

*ਜੇ ਤਉ ਪ੍ਰੇਮ ਖੇਲਨ ਕਾ ਚਾਓ*
*ਸਿਰ ਧਰ ਤਲੀ ਗਲੀ ਮੇਰੀ ਆਓ।*

(1978)

# ਵੈਲਕੰਮ ਟੂ ਬ੍ਰਿਟੇਨ

ਪਾਠਕਾਂ ਨੂੰ ਪਤਾ ਹੀ ਹੋਵੇਗਾ ਕਿ ਏਸ ਹਫਤੇ ਸਟੈਨਸਟੈਂਡ ਏਅਰਪੋਰਟ (ਈਸੈਕਸ) ਉਤੇ 346 ਵੀਅਤਨਾਮੀ "ਰਿਫਿਊਜੀ" ਉਤਰੇ ਹਨ। ਇੰਗਲਿਸਤਾਨ ਦੇ ਮੀਡੀਏ (ਪ੍ਰੈੱਸ, ਟੈਲੀਵੀਜ਼ਨ ਅਤੇ ਰੇਡੀਓ) ਵੱਲੋਂ ਉਹਨਾਂ ਦਾ ਪੁਰਜ਼ੋਰ ਸੁਆਗਤ ਕੀਤਾ ਗਿਆ। ਸਰਕਾਰ ਵਲੋਂ ਉਹਨਾਂ ਨੂੰ ਪੱਕੇ ਰਿਹਾਇਸ਼ੀ ਘਰ ਮੁਹੱਈਆ ਕਰਨ ਤੋਂ ਪਹਿਲਾਂ ਕੈਨਸਿੰਗਟਨ ਬੈਰਕਾਂ ਵਿਚ ਠਹਿਰਾਇਆ ਗਿਆ ਹੈ ਜਿਥੇ ਉਹਨਾਂ ਨੂੰ ਪੂਰਾ ਪੂਰਾ ਆਰਾਮ ਅਤੇ ਸਹੂਲਤਾਂ ਦਿੱਤੀਆਂ ਗਈਆਂ ਹਨ। ਅਨੇਕਾਂ ਚੈਰਿਟੀ ਸੰਸਥਾਵਾਂ ਵਲੋਂ ਤੇ ਸਰਕਾਰ ਵਲੋਂ ਕੱਪੜੇ, ਭੋਜਨ ਅਤੇ ਹੋਰ ਵਸਤਾਂ ਵੀ ਪੁੱਜ ਰਹੀਆਂ ਹਨ।

ਇਹ ਵੀਅਤਨਾਮੀ ਦੱਖਣ-ਚੀਨੀ ਮਹਾਂਰਾਸ਼ਟਰ ਵਿਚੋਂ ਸੱਠ ਫੁੱਟ ਲੰਮੀ ਇਕ ਕਿਸ਼ਤੀ ਵਿਚ ਸਵਾਰ ਹੋ ਕੇ ਕਿਸੇ ਅਣਦੱਸੇ ਦੇਸ਼ ਵਲ ਜਾ ਰਹੇ ਸਨ। ਬਰਤਾਨਵੀ ਬੇੜੇ ਵੈਲਪਾਰਕ ਦੇ ਕਪਤਾਨ ਕੌਨਲ ਅਨੁਸਾਰ ਉਹ ਭੁੱਖਣ ਭਾਣੇ ਡੁੱਬਦੀ ਜਾਂਦੀ ਕਿਸ਼ਤੀ ਵਿਚ ਬੈਠੇ ਬਸ ਮੌਤ ਹੀ ਉਡੀਕ ਕਰ ਰਹੇ ਸਨ। ਜਦੋਂ ਏਸ ਕਪਤਾਨ ਨੂੰ ਪਤਾ ਲੱਗਾ ਕਿ ਇਹ ਲੋਕੀਂ ਅਸਲ ਵਿਚ ਵੀਅਤਨਾਮ ਦੀ ਕਮਿਊਨਿਸਟ ਸਰਕਾਰ ਦੇ ਜ਼ੁਲਮਾਂ ਤੋਂ ਸਤ ਕੇ ਭੱਜੇ ਹੋਏ ਹਨ ਤਾਂ ਉਸਨੇ ਬਰਤਾਨਵੀ ਸਰਕਾਰ ਨੂੰ ਸਿਗਨਲ ਕਰਕੇ ਉਹਨਾਂ ਨੂੰ ਸਿਆਸੀ ਪਨਾਹ ਦੇਣ ਲਈ ਬੇਨਤੀ ਕੀਤੀ ਜਿਹੜੀ ਝੱਟਪੱਟ ਸਵੀਕਾਰ ਕਰ ਲਈ ਗਈ। ਸਿੱਟੇ ਵਜੋਂ 346 ਵੀਅਤਨਾਮੀ ਏਸ ਦੇਸ਼ ਦੇ ਪੱਕੇ ਵਸਨੀਕ ਬਣ ਗਏ ਹਨ।

ਅੱਜ ਦੀ ਲੇਬਰ ਸਰਕਾਰ ਦੇ ਪ੍ਰਧਾਨ ਮੰਤਰੀ ਜੇਮਜ਼ ਕੈਲਾਹਨ ਉਸ ਵੇਲੇ ਵਿਦੇਸ਼ ਸਕੱਤਰ ਸਨ, ਜਦੋਂ ਕੀਨੀਆ ਤੋਂ ਬਰਤਾਨਵੀ ਪਾਸਪੋਰਟ ਵਾਲੇ ਏਸ਼ੀਆਈਆਂ ਨੂੰ ਤਾਨਾਸ਼ਾਹ ਹੁਕਮਰਾਨ ਇੱਦੀ ਅਮੀਨ ਨੇ ਉਨ੍ਹਾਂ ਨੂੰ ਉਥੋਂ ਚਲੇ ਜਾਣ ਲਈ ਆਖਿਆ ਗਿਆ ਸੀ। ਸਿੱਟੇ ਵਜੋਂ ਹੱਕਵਜਾਨਬ ਏਸ਼ੀਆਈਆਂ ਨੇ ਬ੍ਰਿਟਿਸ ਪਾਸਪੋਰਟ ਦੀ ਤਾਕਤ ਤਹਿਤ ਇੰਗਲੈਂਡ ਆਉਣਾ ਸ਼ੁਰੂ ਕਰ ਦਿਤਾ ਸੀ। ਵੇਲੇ ਦੀ ਸਰਕਾਰ ਈਨੋਕ ਪਾਵਲ ਐਂਡ ਕੰਪਨੀ ਦੀਆਂ ਧਮਕੀਆਂ ਅਤੇ ਤੌਖਲਿਆਂ ਭਰਪੂਰ ਤਕਰੀਬਾਂ ਤੋਂ ਏਨੀ ਤ੍ਰਹਿ ਗਈ ਸੀ ਕਿ ਸਰਕਾਰ ਨੇ ਉਹਨਾਂ ਦੇ ਦਾਖਲੇ ਉਤੇ ਪਾਬੰਦੀਆਂ ਲਾ ਦਿਤੀਆਂ ਸਨ।

ਇਹ ਜਨਾਬ ਕੈਲਾਹਨ ਹੀ ਸਨ ਜਿਹਨਾਂ ਨੇ ਬਰਤਾਨਵੀ ਪਾਸਪੋਰਟ ਦੀ ਮੁੱਲ ਘਟਾਈ ਕੀਤੀ ਸੀ ਤੇ ਸਿਟੇ ਵਜੋਂ ਹਜ਼ਾਰਾਂ ਲੋਕਾਂ ਨੂੰ ਇੰਗਲੈਂਡ ਆਉਣ ਲਈ ਲੰਮੀਆਂ ਕਤਾਰਾਂ ਵਿਚ ਲੱਗਣਾ ਪਿਆ ਸੀ ਤੇ ਅਜੇ ਵੀ ਲੱਗੇ ਹੋਏ ਹਨ। ਏਸ ਰੌਲੇ ਵਿਚ ਭਾਰਤ, ਪਾਕਿਸਤਾਨ ਤੇ ਬੰਗਲਾ ਦੇਸ਼ (ਉਦੋਂ ਪੂਰਬੀ ਪਾਕਿਸਤਾਨ) ਤੋਂ ਆਉਣ ਵਾਲੇ ਨਿਰਭਰਾਂ ਨੂੰ ਕਠਨਾਈਆਂ

ਆਈਆਂ। ਇੱਦੀ ਅਮੀਨ ਵਲੋਂ ਕੱਢੇ ਗਏ ਯੁਗੰਡਾ ਦੇ ਏਸ਼ੀਆਈਆਂ ਨੂੰ ਵੀ ਇਸ ਸਰਕਾਰ ਨੇ ਅੰਤਰਰਾਸ਼ਟਰੀ ਦਬਾਅ ਹੇਠਾਂ ਆ ਕੇ ਹੀ ਅੰਦਰ ਲਾਉਣ ਲਈ ਹਾਂ ਕੀਤੀ ਸੀ।

ਯੁਗੰਡਾ ਦੇ ਏਸ਼ੀਆਈਆਂ ਵਿਚੋਂ ਕਈਆਂ ਦੀਆਂ ਪਤਨੀਆਂ ਕੋਲ ਤਾਂ ਬ੍ਰਿਟਿਸ਼ ਪਾਸਪੋਰਟ ਸਨ ਪਰ ਉਹਨਾਂ ਦੇ ਆਪਣੇ ਕੋਲ ਬ੍ਰਿਟਿਸ਼ ਪਾਸਪੋਰਟ ਨਹੀਂ ਸੀ। ਬਲਕਿ ਕਈਆਂ ਕੋਲ ਕੋਈ ਵੀ ਪਾਸਪੋਰਟ ਨਹੀਂ ਸੀ। ਇਦੀ ਅਮੀਨ ਦਾਦਾ ਨੇ ਉਹਨਾਂ ਨੂੰ ਗੈਰ-ਦੇਸ਼ੀ ਨਾਗਰਿਕ ਆਖਕੇ ਐਂਟੈਬੇ ਏਅਰਪੋਰਟ ਤੋਂ ਕਿਸੇ ਅਨਿਸਚਤ ਦੇਸ਼ ਵਲ ਭੇਜ ਦਿਤਾ ਸੀ। ਇਹਨਾਂ ਦੀ ਗਿਣਤੀ ਲਗਪਗ ਦੋ ਸੌ ਦੇ ਕਰੀਬ ਸੀ। ਹੋਰ ਕੋਈ ਦੇਸ਼ ਝਾਲੂ ਨਾ ਹੋਣ ਕਾਰਣ ਉਹ ਇਕ ਲੰਮੇ ਅਰਸੇ ਤੀਕ ਆਸਟਰੀਆ ਵਿਚ ਟਿਕੇ ਰਹੇ ਜਦ ਕਿ ਉਹਨਾਂ ਦੇ ਬੱਚੇ ਅਤੇ ਪਤਨੀਆਂ ਬਰਤਾਨੀਆਂ ਵਿਚ ਸਨ।

ਮਾਅਰਕੇ ਦੀ ਗੱਲ ਇਹ ਸੀ ਕਿ ਇਹ ਪਤਨੀਆਂ ਅਤੇ ਬੱਚੇ ਸਰਕਾਰੀ ਖਰਚ ਉਤੇ ਪਲ ਰਹੇ ਸਨ ਜਦਕਿ ਉਹਨਾਂ ਦੇ ਕਮਾਊ ਪਤੀ ਅਤੇ ਪਿਉ ਸਰਕਾਰ ਦੀ ਅੰਨ੍ਹੀ ਨੀਤੀ ਕਾਰਣ ਅੰਦਰ ਨਹੀਂ ਸਨ ਆ ਸਕਦੇ। "ਇੰਟਰਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ" ਦੀ ਦਖਲ ਅੰਦਾਜ਼ੀ ਉਤੇ ਹੀ ਬਰਤਾਨਵੀ ਸਰਕਾਰ ਨੇ ਬੜੀ ਬੇਦਿਲੀ ਨਾਲ ਉਹਨਾਂ ਨੂੰ ਅੰਦਰ ਆਉਣ ਦਿਤਾ ਸੀ। ਸਰਕਾਰ ਦੇ ਇਸ ਕਰਤੱਵ ਅਤੇ ਯੁਗੰਡਾ ਏਸ਼ੀਆਈਆਂ ਨੂੰ ਅੰਦਰ ਆਉਣ ਦੀ ਇਜਾਜ਼ਤ ਦਿਤੇ ਜਾਣ ਉਤੇ ਨੈਸ਼ਨਲ ਫਰੰਟ ਅਤੇ ਪਾਵਲਵਾਦੀਏ ਜਿੰਨੇ ਗਰਮ ਹੋਏ ਸਨ ਉੱਨੀ ਹੀ ਇਥੋਂ ਦੀ ਪ੍ਰੈਸ ਨੇ ਅੱਤ ਚੁੱਕੀ ਸੀ।

ਪੂਰਬੀ ਅਫਰੀਕੀ ਏਸ਼ੀਆਈ ਆਪਣੇ ਨਾਲ ਹੁਨਰ, ਤਾਲੀਮ ਅਤੇ ਕਈਆਂ ਹਾਲਤਾਂ ਵਿਚ ਪੈਸਾ ਵੀ ਲੈ ਕੇ ਆਏ ਸਨ। ਉਹਨਾਂ ਕੋਲ ਬਰਤਾਨਵੀ ਪਾਸਪੋਰਟ ਦੇ ਨਾਤੇ ਉਹ ਅੰਤਰਰਾਸ਼ਟਰੀ ਕਾਨੂੰਨ ਅਧੀਨ ਇਥੇ ਆਉਣ ਦੇ ਹੱਕਦਾਰ ਵੀ ਸਨ। ਪਰ ਉਹਨਾਂ ਦੀ ਵਾਰੀ ਖੂਬ ਹੱਲਾ ਗੁੱਲਾ ਮਚਾਇਆ ਗਿਆ ਸੀ। ਇੱਦੀ ਅਮੀਨ ਦੀ ਜੁੰਡਲੀ ਵੱਲੋਂ ਉਹਨਾਂ ਦੇ ਘਰਬਾਰ ਅਤੇ ਕਾਰੋਬਾਰ ਖੋਹ ਲਏ ਗਏ ਤੇ ਕਈਆਂ ਹਾਲਤਾਂ ਵਿਚ ਉਨ੍ਹਾਂ ਉਤੇ ਜ਼ੁਲਮ ਵੀ ਢਾਏ ਗਏ ਸਨ ਪਰ ਬਰਤਾਨੀਆਂ ਦੀ ਪ੍ਰੈਸ ਵਲੋਂ ਬਹੁ ਗਿਣਤੀ ਉਹਨਾਂ ਦੀ ਸੀ ਜਿਹੜੇ ਇਹਨਾਂ ਏਸ਼ੀਆਈਆਂ ਦੇ ਆਗਮਨ ਸਬੰਧੀ ਚਿੰਤਾਤੁਰ ਸਨ ਤੇ ਉਹਨਾਂ ਦਾ ਰਵੱਈਆ ਗੁੱਸੇ ਭਰਿਆ ਸੀ। ਪਰ ਇਸ ਦੇ ਟਾਕਰੇ ਉਤੇ 346 ਵੀਅਤਨਾਮੀਆਂ ਦਾ ਸੁਆਗਤ ਕਿਆ ਪ੍ਰਸ਼ਨ ਚਿੰਨ੍ਹ ਨਹੀਂ ਖ਼ੜ੍ਹੇ ਕਰਦੇ?

ਅਜੇ ਬਹੁਤੀ ਦੇਰ ਦੀ ਗੱਲ ਨਹੀਂ ਹੈ ਕਿ ਮਲਾਵੀ ਤੋਂ ਕੱਢੇ ਗਏ ਇਕ ਪਰਵਾਰ ਨੂੰ ਜਦੋਂ ਜਗ੍ਹਾ ਨਾ ਹੋਣ ਕਾਰਣ ਸਰੇ ਕੌਂਸਲ ਵੱਲੋਂ ਪੰਜ ਸਟਾਰ ਹੋਟਲ ਵਿਚ ਠਹਿਰਾਅ ਦਿਤਾ ਗਿਆ ਸੀ ਤਾਂ ਬਰਤਾਨਵੀ ਪ੍ਰੈਸ ਨੇ ਗੁੱਸੇ ਭਰੇ ਸੰਪਾਦਕੀ ਲਿਖ ਮਾਰੇ ਸਨ ਤੇ ਉਹਨਾਂ ਲੋਕਾਂ ਨੂੰ ਟੈਕਸ ਅਦਾਅ ਕਰਨ ਵਾਲੇ ਅੰਗਰੇਜ਼ਾਂ ਉਤੇ ਇਕ ਬੋਝ ਕਰਾਰ ਦੇ ਦਿਤਾ ਗਿਆ ਸੀ।

ਅੱਜ ਜਦੋਂ ਕਿ ਆਵਾਸੀਆਂ ਉਤੇ ਕਈਆਂ ਪਾਸਿਆਂ ਤੋਂ ਨਸਲਵਾਦੀ ਹੱਲ ਹੋ ਰਹੇ ਹਨ ਤੇ ਅੰਦਰਖਾਨੇ ਬ੍ਰਤਾਨਵੀ ਪ੍ਰੈਸ ਦੇ ਕੁਝ ਹਿੱਸੇ ਵੀ ਨੈਸ਼ਨਲ ਫਰੰਟ ਨੂੰ ਸ਼ਹਿ ਦੇ ਰਹੇ ਹਨ ਤੇ ਟੋਰੀ ਪਾਰਟੀ ਵੀ ਭਵਿੱਖ ਵਿਚ ਹੋਰ ਅਵਾਸੀਆਂ ਉਤੇ ਪਾਬੰਦੀਆਂ ਲਾਉਣ ਬਾਰੇ ਵਿਉਂਤਬੰਦ ਹੋ ਰਹੀ ਹੈ ਤੇ ਏਡੀ ਵਡੀ ਗਿਣਤੀ ਵਿਚ ਬਦੇਸ਼ੀਆਂ ਜਿਨ੍ਹਾਂ ਦਾ ਨਾ ਕੋਈ ਕਾਮਨਵੈਲਥ ਨਾਲ ਤੇ

ਨਾ ਕੋਈ ਕਾਮਨ ਮਾਰਕੀਟ ਨਾਲ ਸੰਬੰਧ ਹੈ ਨੂੰ ਅੰਦਰ ਕਿਉਂ ਆਉਣ ਦਿਤਾ ਗਿਆ? ਇਸ ਦਾ ਸਪਸ਼ਟ ਅਤੇ ਸਿੱਧਾ ਜਵਾਬ ਕਮਿਉਨਿਸਟ ਖਿਆਲਦਾਰੀ ਵਾਲੇ ਦੇਸ਼ਾਂ ਨੂੰ ਭੰਡਣਾ ਅਤੇ ਸਰਮਾਏਦਾਰੀ ਮੁਲਕਾਂ ਦੀ ਦਰਿਆ ਦਿਲੀ ਨੂੰ ਪਰਚਾਰਨ ਤੋਂ ਸਿਵਾਏ ਕੁਝ ਵੀ ਨਹੀਂ ਹੈ।

ਕੀ ਬਰਤਾਨਵੀ ਸਰਕਾਰ ਏਸ ਗੱਲ ਤੋਂ ਸੁਚੇਤ ਹੈ, ਕਿ ਉਹ 346 ਵੀਅਤਨਾਮੀਆਂ ਨੂੰ ਰਿਹਾਇਸ਼ਾਂ ਦੇ ਕੇ ਮਸਲੇ ਦਾ ਹੱਲ ਨਹੀਂ ਕਰ ਰਹੀ? ਸਾਈਗੌਂ (ਹੋ-ਚੀ ਮਿੰਨ ਸ਼ਹਿਰ) ਵਿਚ ਹੋਰ ਵੀ ਬਥੇਰੇ ਅਜਿਹੇ ਲੋਕੀਂ ਹੋਣਗੇ ਜਿਹੜੇ ਨਵੀਂ ਕਿਸਮ ਦੀ ਸਰਕਾਰ ਤੋਂ ਕਈਆਂ ਗੱਲਾਂ ਕਾਰਣ ਅਸੰਤੁਸ਼ਟ ਹੋਣਗੇ। ਕੀ ਬਰਤਾਨੀਆ ਉਹਨਾਂ ਸਾਰਿਆਂ ਨੂੰ ਹੀ ਅੰਦਰ ਆਉਣ ਦੀ ਇਜਾਜ਼ਤ ਦੇ ਦੇਵੇਗਾ?

ਜਿਹੜੇ ਆਵਾਸੀ ਇਥੇ ਰਹਿ ਰਹੇ ਹਨ ਉਹਨਾਂ ਨੂੰ ਕੱਢਣ ਦੀਆਂ ਧਮਕੀਆਂ ਦੇਣ ਵਾਲੇ ਤੇ ਭਵਿਖ ਵਿਚ ਹੋਰ ਆਵਾਸੀਆਂ ਨੂੰ ਰੋਕਣ ਵਾਲੇ ਲੋਕ ਆਖਦੇ ਹਨ ਕਿ ਬਰਤਾਨੀਆਂ ਕਿਉਂਕਿ ਘਰਾਂ ਦੀ ਥੁੜ ਵਾਲਾ ਮੁਲਕ ਹੈ ਇਸ ਲਈ ਇਹ ਹੋਰ ਆਵਾਸੀਆਂ ਨੂੰ ਆਪਣੇ ਆਪ ਵਿਚ ਨਹੀਂ ਸਮੋ ਸਕਦਾ। ਦੇਸ਼ ਕੋਲ ਹਸਪਤਾਲਾਂ ਤੇ ਸਕੂਲਾਂ ਦੀ ਘਾਟ ਹੈ। ਇਥੋਂ ਦੀਆਂ ਸੋਸ਼ਲ ਸਰਵਿਸਾਂ ਉਤੇ ਬੇਥਾਹ ਬੋਝ ਹੈ। ਇਹ ਭੀੜ ਭੜੱਕੇ ਵਾਲਾ ਮੁਲਕ ਹੈ ਆਦਿ ਆਖਣ ਵਾਲੇ ਕੀ ਇਹ ਦੱਸ ਸਕਦੇ ਹਨ ਕਿ ਇਹਨਾਂ 346 ਵੀਅਤਨਾਮੀਆਂ ਲਈ ਉਪਰੋਕਤ ਸਾਰੀਆਂ ਸਹੂਲਤਾਂ ਇਹ ਮੁਲਕ ਕਿਵੇਂ ਮੁਹੱਈਆ ਕਰੇਗਾ?

ਮਾਨਵਵਾਦੀ ਦ੍ਰਿਸ਼ਟੀਕੋਣ ਤੋਂ ਇਹਨਾਂ ਰਿਫਿਊਜੀਆਂ ਨਾਲ ਮੈਨੂੰ ਸਹਾਨੁਭੂਤੀ ਹੈ। ਪਰ ਕੀ ਉਹਨਾਂ ਦਾ ਵਲੰਟਰੀ ਤੌਰ ਤੇ ਰਿਫਿਊਜੀ ਬਣ ਜਾਣਾ ਛਾਣ ਬੀਣ ਦਾ ਮੁਥਾਜ ਨਹੀਂ? ਸਾਈਗੌਂ ਜਿਸ ਦਾ ਨਵਾਂ ਨਾਮ ਹੋ ਚੀ ਮਿੰਨ ਸ਼ਹਿਰ ਹੈ, ਵਿਚ ਹਜ਼ਾਰਾਂ ਉਹ ਬੱਚੇ ਵੀ ਹਨ, ਜਿਹੜੇ ਅਮਰੀਕਨ ਸਿਪਾਹੀਆਂ ਦੀਆਂ ਬਦਫੈਲੀਆਂ ਦਾ ਸਿੱਟਾ ਹਨ। ਸਾਈਗੌਂ ਵਿਚ ਸੈਂਕੜੇ ਉਹ ਔਰਤਾਂ ਵੀ ਹਨ ਜਿਹੜੀਆਂ ਅਮਰੀਕਨ ਸਿਪਾਹੀਆਂ (ਕਾਲੇ ਅਤੇ ਗੋਰੇ) ਦੀ ਹਵਸ ਦੀਆਂ ਸ਼ਿਕਾਰ ਹੋਈਆਂ ਸਨ ਤੇ ਅੱਜ ਲਿੰਗ ਬਿਮਾਰੀਆਂ ਦੀਆਂ ਸ਼ਿਕਾਰ ਹਨ। ਸਾਈਗੌਂ ਵਿਚ ਉਹ ਲੋਕ ਵੀ ਹਨ ਜਿਹੜੇ ਅਮਰੀਕਨ ਸਿਪਾਹੀਆਂ ਦੀ ਡਰੱਗ ਅਤੇ ਸ਼ਰਾਬ ਦੀ ਆਦਤ ਕਾਰਣ ਅਮਲੀ ਹੋ ਬੈਠੇ ਹਨ।ਸਾਈਗੌਂ ਵਿਚ ਉਹ ਲੋਕ ਵੀ ਹਨ ਜਿਹੜੇ ਪ੍ਰਧਾਨ ਥਿਊ ਅਤੇ ਮਾਰਸ਼ਲ ਕੀ ਦੀਆਂ ਕਠਪੁਤਲੀ ਸਰਕਾਰਾਂ ਦੇ ਪਿਠੂ ਹੋਣ ਕਾਰਣ ਅਮਰੀਕਾ ਦੇ ਕਾਲੇ ਧਨ ਉਤੇ ਪਲ ਰਹੇ ਸਨ। ਵੀਅਤਨਾਮ ਦੀ ਅਜੋਕੀ ਸਰਕਾਰ ਨੇ ਹਜ਼ਾਰਾਂ ਉਹਨਾਂ ਲੋਕਾਂ ਨੂੰ ਵੀ ਮੁਆਫ ਕੀਤਾ ਹੈ ਜਿਹੜੇ ਉਤਰੀ ਵੀਅਤਨਾਮੀ ਲੜਾਕਿਆਂ ਦੀ ਮੁਖਬਰੀ ਕਰਦੇ ਸਨ ਤੇ ਜਿਸ ਦੇ ਸਿੱਟੇ ਵਜੋਂ ਉਸ ਦੇਸ਼ ਵਿਚ ਮੀ ਲਾਈ ਜਿਹੇ ਸਾਕੇ ਵਾਪਰੇ ਸਨ। ਇਹਨਾਂ ਮੁਆਫ ਕੀਤੇ ਗ਼ਦਾਰਾਂ ਦਾ ਕੀ ਹੁਣ ਫਰਜ਼ ਨਹੀਂ ਸੀ ਬਣਦਾ ਕਿ ਉਹ ਫੀਨਿਕਸ ਪੰਛੀ ਵਾਂਗ ਸੁਆਹ ਚੋਂ ਉਠ ਕੇ ਇਸ ਮੁਲਕ ਦੀ ਉਸਾਰੀ ਵਿਚ ਹੱਥ ਵਟਾਉਂਦੇ? ਉਸ ਮੁਲਕ ਦੀ ਉਸਾਰੀ ਵਿਚ ਜਿਸ ਦੀ ਭੋਂ ਉਤੇ ਪਹਿਲੀ ਅਤੇ ਦੂਜੀ ਵਡੀ ਜੰਗ ਤੋਂ ਵੀ ਵਧ ਜ਼ਹਿਰੀਲੇ ਬੰਬ ਗਿਰਾਏ ਗਏ ਸਨ।ਵੀਅਤਨਾਮ ਉਹ ਦੇਸ ਹੈ ਜਿਸ ਦੇਸ ਦੇ ਲੋਕਾਂ ਨੇ ਤੀਹਾਂ ਵਰ੍ਹਿਆਂ ਤੋਂ ਵੀ ਵਧ ਲੜਾਈ ਲੜੀ ਤੇ ਇਸ ਲੜਾਈ ਦੌਰਾਨ ਆਪਣੇ ਪਿਓ, ਬੱਚੇ, ਪਤੀ, ਪਤਨੀਆਂ ਤੀਕ ਗੰਵਾ ਲਏ ਪਰ ਹਿੰਮਤ ਨਾ ਹਾਰੀ। ਜਿਸ ਦੇਸ਼ ਨੇ ਹੋ ਚੀ ਮਿੰਨ ਜਿਹੇ ਕਲਮ ਤੇ ਤਲਵਾਰ ਦੇ ਧਨੀ ਪੈਦਾ ਕੀਤੇ ਤੇ ਦੁਨੀਆਂ

ਦੇ ਸਭ ਤੋਂ ਵਡੇ ਤਾਕਤਵਾਰ ਮੁਲਕ ਅਮਰੀਕਾ ਨੂੰ ਨੱਕ ਨਾਲ ਚਨੇ ਚਬਾ ਦਿਤੇ ਤੇ ਨਿਕਸਨ ਨੂੰ ਇਸ ਜੰਗ ਦਾ ਹੱਲ ਕੇਵਲ "ਇਜ਼ਤਦਾਰ" ਆਖਕੇ ਹੀ ਕਰਨਾ ਪਿਆ।

ਰੂਸੀ ਇਨਕਲਾਬ ਪਿਛੋਂ ਜਿਸ ਤਰ੍ਹਾਂ ਉਸ ਦੇਸ਼ ਦੇ ਲੋਕਾਂ ਨੂੰ ਆਪਣੇ ਸਿਸਟਮ ਦਾ ਮੁੱਢ ਤੋਂ ਮੁਤਾਲਾ ਕਰਨਾ ਪਿਆ ਸੀ ਬਿਲਕੁਲ ਉਸੇ ਤਰ੍ਹਾਂ ਉਤਰੀ ਵੀਅਤਨਾਮ ਨੇ ਜਦੋਂ ਦੱਖਣੀ ਵੀਅਤਨਾਮ ਚੋਂ ਗ਼ਦਾਰਾਂ ਅਤੇ ਬਦੇਸ਼ੀ ਜ਼ਾਲਮਾਂ ਨੂੰ ਮਾਰ ਭਜਾਇਆ ਸੀ ਤਾਂ ਪਿਛੋਂ ਉਹਨਾਂ ਨੇ ਗਰੀਬੀ, ਜਹਾਲਤ, ਬੀਮਾਰੀਆਂ, ਢੱਠੇ ਘਰ, ਬਰਬਾਦ ਹੋ ਚੁੱਕੇ ਪਿੰਡ, ਸ਼ਹਿਰ ਅਤੇ ਖੇਤ ਹੀ ਕਬਜ਼ੇ ਹੇਠ ਲਏ ਸਨ। ਦਖਣੀ ਵੀਅਤਨਾਮ ਦੇ ਲੋਕਾਂ ਨੂੰ ਮਾਨਸਿਕ ਅਤੇ ਦਿਮਾਗੀ ਤੌਰ ਤੇ ਉਹਨਾਂ ਦੇ ਆਪਣੇ ਹੀ ਹਮਸਾਇਆਂ ਵਿਰੁਧ ਉਕਸਾਇਆ ਹੋਇਆ ਸੀ। ਏਸ ਸਥਿਤੀ ਨੂੰ ਠੀਕ ਕਰਨ ਵਾਸਤੇ ਨਵੀਂ ਕਮਿਊਨਿਸਟ ਸਰਕਾਰ ਉਹੋ ਹੀ ਢੰਗ ਅਪਨਾਉਣ ਦੀ ਹੱਕਦਾਰ ਸੀ ਜਿਹੜੇ ਕੋਈ ਵੀ ਇਨਕਲਾਬੀ ਸਰਕਾਰ ਅਪਣਾਉਂਦੀ ਹੈ। ਏਸ ਨਵੀਂ ਸਰਕਾਰ ਨੇ ਉਹਨਾਂ ਲੋਕਾਂ ਨੂੰ ਮੁਆਫ ਕਰ ਦਿਤਾ ਜਿਹੜੇ ਅਮਰੀਕਾ ਦੇ ਪਿੱਠੂ ਬਣੇ ਹੋਏ ਸਨ ਤੇ ਵੀਅਤਨਾਮ ਦੇ ਸਮੁੱਚੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਕੱਠੇ ਹੋ ਕੇ ਦੇਸ ਦੀ ਆਰਥਿਕ ਉਸਾਰੀ ਵਿਚ ਹਿੱਸਾ ਪਾਉਣ।

ਹੁਣ ਦੁਨੀਆਂ ਦੇ ਲੋਕ ਆਪ ਹੀ ਫੈਸਲਾ ਕਰ ਲੈਣ ਕਿ ਜਿਹੜੇ ਲੋਕ ਆਪਣੇ ਦੇਸ਼ ਦੀ ਉਸਾਰੀ ਕਰਨ ਦੀ ਥਾਂ ਦੇਸ਼ ਚੋਂ ਨੱਸ ਤੁਰੇ ਹਨ ਉਹ ਸਹਾਇਤਾ ਦੇ ਕਿੰਨੇ ਕੁ ਭਾਗੀ ਹਨ?

ਇਹ ਗੱਲ ਮੰਨਣ ਵਿਚ ਵੀ ਕੋਈ ਦਰੇਗ਼ ਨਹੀਂ ਕਰਨਾ ਚਾਹੀਦਾ ਕਿ ਸਾਲਾਂ ਬੱਧੀ ਜਿਹੜੇ ਲੋਕ ਬਰੇਨ ਵਾਸ਼ ਕੀਤੇ ਗਏ ਹਨ ਉਹ ਮਹੀਨਿਆਂ ਜਾਂ ਇਕ ਦੋ ਵਰ੍ਹਿਆਂ ਵਿਚ ਨਹੀਂ ਬਦਲ ਸਕਦੇ। ਸੋ ਸੁਭਾਵਕ ਹੈ ਕਿ ਕੁਝ ਵੀਅਤਨਾਮੀ, ਜਿਨ੍ਹਾਂ ਵਿਚ 346 ਲੰਡਨ ਵਾਲੇ ਰਿਫਿਊਜ਼ੀ ਵੀ ਸ਼ਾਮਲ ਹਨ, ਨੂੰ ਨਵਾਂ ਸਿਸਟਮ ਗਵਾਰਾ ਨਾ ਹੋਇਆ ਤੇ ਉਨ੍ਹਾਂ ਉਥੋਂ ਨੱਸਣ 'ਚ ਹੀ ਭਲਾ ਸਮਝਿਆ। ਜੇਕਰ ਉਹਨਾਂ ਦੇ ਫੈਸਲੇ ਨੂੰ ਘੜੀ ਪਲ ਲਈ ਮੁਨਾਸਿਬ ਵੀ ਮੰਨ ਲਈਏ ਤਾਂ ਉਹਨਾਂ ਨੂੰ ਸੰਭਾਲਣ ਦੀ ਜ਼ੁੰਮੇਵਾਰੀ ਇੰਗਲੈਂਡ ਦੀ ਨਹੀਂ ਸਗੋਂ ਅਮਰੀਕਾ ਦੀ ਹੈ ਜਿਸਦੀ ਮਿਹਰਬਾਨੀ ਸਦਕਾ ਹੀ ਉਸ ਦੇਸ਼ ਉਤੇ ਏਨੀਆਂ ਬਿਪਤਾਵਾਂ ਪਈਆਂ ਸਨ। ਅਮਰੀਕਾ ਅਤੇ ਉਸਦੇ ਭਿਆਲਾਂ (ਜਿਨ੍ਹਾਂ ਵਿਚ ਇੰਗਲੈਂਡ ਵੀ ਸ਼ਾਮਲ ਹੈ) ਨੂੰ ਚਾਹੀਦਾ ਸੀ ਕਿ ਵੀਅਤਨਾਮ ਦੀ ਉਸਾਰੀ ਵਿਚ ਯਥਾਯੋਗ ਹਿੱਸਾ ਪਾਉਂਦੇ। ਸੰਯੁਕਤ ਰਾਸ਼ਟਰ ਮਹਾਂ ਸਭਾ ਦੇ 'ਸਰਬ ਦੇਸ਼ਾਂ ਦੇ ਭਲੇ ਵਾਰੇ ਸੋਚਣਾ' ਚਾਰਟਰ ਅਧੀਨ ਤਾਂ ਉਹ ਤਦ ਹੀ ਪੂਰੇ ਉਤਰਦੇ। ਉਤਰੀ ਵੀਅਤਨਾਮ, ਕੋਰੀਆ, ਅੰਗੋਲਾ ਤੇ ਮੁਜ਼ੰਬੀਕ ਆਦਿ ਮੁਲਕਾਂ ਦੇ ਲੋਕੀਂ ਉਦੋਂ ਹੀ ਕਮਿਊਨਿਜ਼ਮ ਵਲ ਮੁੜੇ ਸਨ ਜਦੋ ਉਹਨਾਂ ਨੇ ਵੇਖਿਆ ਸੀ ਕਿ ਸਰਮਾਏਦਾਰ ਸਿਸਟਮ ਆਪਣੇ ਮੁਫਾਦ ਲਈ ਤਬਾਹੀ ਹੀ ਕਰਦਾ ਹੈ ਤੇ ਸੋਸ਼ਲਿਸਟ ਸਿਸਟਮ ਦੱਬੇ ਕੁਚਲੇ ਤੇ ਘੋਲ ਕਰਦੇ ਲੋਕਾਂ ਨੂੰ ਹੱਲਾਸ਼ੇਰੀ ਦਿੰਦਾ ਹੈ।

ਰੋਡੇਸ਼ੀਆ, ਸਾਊਥ ਅਫਰੀਕਾ ਤੇ ਨੰਮੀਬੀਆ ਆਦਿ ਦੇ ਕਾਲੇ ਲੋਕਾਂ ਨੂੰ ਵੀ ਇਹ ਗਿਆਨ ਹੈ ਤੇ ਉਹ ਇਹ ਜਾਣਦੇ ਹਨ ਕਿ ਉਹਨਾਂ ਦੀ ਨਿਜਾਤ ਕਿਸ ਕਿਸਮ ਦੇ ਸਿਸਟਮ ਨਾਲ ਰਹਿ ਕੇ ਹੈ। ਪੱਛਮੀ ਪ੍ਰੈਸ ਹਰ ਉਸ ਗੱਲ ਨੂੰ ਚੁੱਕਦੀ ਹੈ ਜਿਸ ਨਾਲ ਸਰਮਾਏਦਾਰ ਮੁਲਕਾਂ ਦੇ ਕਾਜ਼ ਨੂੰ ਹਵਾ ਮਿਲਦੀ ਹੈ। ਇਹ ਵੀ ਆਪਣੇ ਆਪ ਵਿਚ ਲੋਕਾਂ ਨੂੰ ਦਿਮਾਗੀ ਤੌਰ ਤੇ ਦੂਜੇ ਸਿਸਟਮ ਵਿਰੁੱਧ ਘ੍ਰਿਣਾ ਕਰਨ ਲਈ ਪ੍ਰੇਰਤ ਕਰਨਾ ਹੈ। ਪਰ ਮਜ਼ਦੂਰ ਵਰਗ ਭਾਂਵੇਂ ਉਹ ਕਿਸੇ

ਵੀ ਦੇਸ਼ ਦਾ ਹੋਵੇ, ਜਾਣਦਾ ਹੁੰਦਾ ਹੈ ਕਿ ਉਹ ਸਹਾਨੁਭੂਤੀ ਕਿਹੜੀ ਧਿਰ ਵਲੋਂ ਪ੍ਰਾਪਤ ਕਰ ਸਕਦੇ ਹਨ।

ਇਟਲੀ ਅਤੇ ਫਰਾਂਸ਼ ਯੂਰਪੀਨ ਮੁਲਕ ਹਨ ਪਰ ਕਮਿਊਨਿਜ਼ਮ ਉਥੇ ਵੀ ਜ਼ੋਰ ਫੜਦਾ ਜਾ ਰਿਹਾ ਹੈ। ਇੰਗਲੈਂਡ ਵਿਚ ਵੀ ਯੂਨੀਅਨਾਂ ਅਤੇ ਮਜ਼ਦੂਰ ਵਰਗ ਸੋਸ਼ਲਿਸਟ ਪੈਟਰਨ ਵਲ ਢਲ ਰਿਹਾ ਹੈ।

ਹੁਣ ਜਦੋਂ ਕਿ 346 ਵੀਅਤਨਾਮੀ ਇਸ ਮੁਲਕ ਵਿਚ ਆ ਚੁੱਕੇ ਹਨ ਤੇ ਉਹਨਾਂ ਨੂੰ ਬੜੇ ਜੋਸ਼ੋ-ਖਰੋਸ਼ ਨਾਲ "ਵੈਲਕਮ ਟੂ ਬ੍ਰਿਟਿਨ" ਆਖ ਦਿਤਾ ਗਿਆ ਹੈ ਤਾਂ ਅਸੀਂ ਆਸ ਕਰਦੇ ਹਾਂ ਕਿ ਇਸਦੇ ਨਾਲ ਇਸ ਦੇਸ਼ ਦੇ ਸਭ ਲੋਕਾਂ ਨੂੰ ਇਥੋਂ ਦੀ ਰਾਜਨੀਤੀ ਅਤੇ ਫੈਸਲਿਆਂ ਵਿਚ ਬਰਾਬਰ ਦੀ ਰਾਏ ਦੇਣ ਦਾ ਹੱਕ ਹੋਣਾ ਚਾਹੀਦਾ ਹੈ। ਬਾਹਰੋਂ ਆਉਂਦਾ ਹਰ 'ਸੋ ਕਾਲਡ' ਰਿਫਿਊਜੀ ਸਾਡੇ ਵੀ ਟੈਕਸਾਂ ਉਤੇ ਪਲੇਗਾ। ਅਸੀਂ ਵੀ ਇਥੋਂ ਦੇ ਵੈਲਫੇਅਰ ਸਿਸਟਮ ਵਿਚ ਯੋਗਦਾਨ ਪਾਉਂਦੇ ਹਾਂ ਤੇ ਸਾਨੂੰ ਵੀ ਵੋਟ ਦਾ ਹੱਕ ਹੈ।

ਸੋ ਸਾਨੂੰ ਹੁਣ ਇਹ ਵੀ ਕਹਿਣ ਦਾ ਹੱਕ ਹੈ ਕਿ ਕਾਲੇ ਲੋਕੀਂ ਜਦੋਂ ਹੱਕ ਵਜਾਨਬ ਤੌਰ ਤੇ ਇਸ ਮੁਲਕ ਵਿਚ ਆਉਂਦੇ ਹਨ ਤਾਂ ਉਹਨਾਂ ਵਲ ਵੇਖਕੇ ਤਿਊੜੀਆਂ ਪਾਉਣ ਦੀ ਥਾਂ ਆਖਿਆ ਜਾਏ "ਵੈਲਕਮ ਟੂ ਬ੍ਰਿਟਿਨ।"

(1978)

# ਲਾਈਨ ਵਿਚ ਖੜੋਵੋ

1962 ਵਿਚ ਇਸ ਮੁਲਕ 'ਚ ਆਉਣ ਤੋਂ ਦੋ ਦਿਨਾਂ ਬਾਦ ਮੈਂ ਇਕ ਨਜ਼ਮ ਲਿਖੀ "ਇਕ ਹਾਉਕਾ ਲੰਡਨ ਤੋਂ" ਜਿਸ ਵਿਚ ਵਤਨ ਤੋਂ ਵਿਛੜਨ ਦੀ ਤੜਪ ਦੇ ਨਾਲ ਨਾਲ ਇਕ ਸ਼ੇਅਰ ਇਥੋਂ ਦੀਆਂ ਚੰਗੀਆਂ ਗੱਲਾਂ ਵਾਰੇ ਵੀ ਸੀ। ਜੋ ਇੰਝ ਸੀ :-

'ਸ਼ੁਕਰੀਆਂ' 'ਅਫਸੋਸ ਹੈ' ਤੇ 'ਮਿਹਰਬਾਨੀ'।
ਸ਼ਬਦ ਇਹ ਨੇ ਯਾਦ ਹਰ ਇਕ ਨੂੰ ਜ਼ਬਾਨੀ।
ਇਹ ਕਿਹੇ ਲੋਕਾਂ 'ਚ ਅੱਜ ਮੈਂ ਆਣ ਵੜਿਆ।
ਸੱਭਿਅਤਾ ਦੇ ਸਾਗਰਾਂ ਵਿਚ ਆਣ ਤਰਿਆ।

'ਥੈਂਕ ਯੂ', 'ਸੌਰੀ' ਅਤੇ 'ਪਲੀਜ਼' ਇਥੋਂ ਦੇ ਲੋਕਾਂ ਦੀ ਰੋਜ਼ ਵਰਤੀਂਦੀ ਬੋਲੀ ਦਾ ਇਕ ਅੰਗ ਵੇਖ ਕੇ ਮੈਨੂੰ ਬੜੀ ਖੁਸ਼ੀ ਹੋਈ ਸੀ ਕਿਉਂਕਿ ਅਸੀਂ ਖ਼ੁਦ ਜਿਸ ਮੁਲਕੋਂ ਆਏ ਸਾਂ ਉਥੇ ਉਪਰੋਕਤ ਕਿਸਮ ਦਾ ਸ਼ਿਸ਼ਟਾਚਾਰ ਨਹੀਂ ਸੀ। ਬੱਸਾਂ ਦੇ ਕੰਡਕਟਰ ਲੋਕਾਂ ਤੋਂ ਪੈਸੇ ਲੈ ਕੇ 'ਥੈਂਕ ਯੂ' ਨਹੀਂ ਸੀ ਕਹਿੰਦੇ। ਦੁਕਾਨਦਾਰ ਚੰਗੇ ਭਾਅ ਵਿਚ ਚੀਜ਼ ਵਚੇ ਕੇ ਗਾਹਕ ਦਾ 'ਸ਼ੁਕਰੀਆ' ਨਹੀਂ ਸੀ ਕਰਦੇ। ਕਿਸੇ ਦੇ ਤੁਰਿਆਂ ਜਾਂਦਿਆਂ ਮੋਢਾ ਵੱਜ ਜਾਏ ਤਾਂ 'ਸੌਰੀ' ਨਹੀਂ ਸੀ ਆਖਿਆ ਜਾਂਦਾ। ਕਿਸੇ ਤੋਂ ਕੋਈ ਚੀਜ਼ ਮੰਗਣੀ ਹੋਵੇ ਤਾਂ 'ਕਿਰਪਾ ਕਰਕੇ' ਜਾਂ 'ਪਲੀਜ਼' ਆਖਣਾ ਕੋਈ ਜ਼ਰੂਰੀ ਨਹੀਂ ਸੀ ਸਮਝਿਆ ਜਾਂਦਾ। ਉਸ ਤੋਂ ਉਲਟ ਇਥੇ ਇਸ ਮੁਲਕ 'ਚ ਇਹ ਤਿੰਨੋਂ ਸ਼ਬਦ ਆਮ ਵਰਤੇ ਜਾਂਦੇ ਹਨ ਤੇ ਹੌਲ਼ੀ ਹੌਲ਼ੀ ਅਸੀਂ ਵੀ ਇਹ ਕਹਿਣੇ ਸ਼ੁਰੂ ਕਰ ਦਿੱਤੇ ਹਨ ਬਲਕਿ ਆਪਮੁਹਾਰੇ ਹੀ ਸਾਡੇ ਮੂਹਾਂ 'ਤੇ ਚੜ੍ਹ ਗਏ ਹਨ।ਇਥੋਂ ਤੀਕ ਕਿ ਜਦੋਂ ਅਸੀਂ ਹੁਣ ਇੰਡੀਆ ਵੀ ਜਾਈਦਾ ਹੈ ਤਾਂ ਇਹ ਲਫਜ਼ ਅਚੇਤ ਹੀ ਮੂੰਹੋਂ ਨਿਕਲ ਜਾਂਦੇ ਹਨ। ਨੌਕਰਾਂ ਨੂੰ 'ਧੰਨਵਾਦ' ਆਖ ਦੇਈਏ ਤਾਂ ਉਹ ਹੈਰਾਨ ਹੋ ਜਾਂਦੇ ਹਨ।

ਇਕ ਵਾਰ ਮੈਂ ਇਕ ਬਸ ਕੰਡਕਟਰ ਨੂੰ ਟਿਕਟ ਲੈਣ ਲਈ ਜਦੋਂ ਪੈਸੇ ਦੇ ਕੇ "ਮਿਹਰਬਾਨੀ ਕਰਕੇ ਇਕ ਜਲੰਧਰ ਦਾ ਟਿਕਟ ਦੇ ਦਿਉ" ਆਖਿਆ ਤਾਂ ਨਾ ਸਿਰਫ ਉਹ ਹੱਕਾ ਬੱਕਾ ਹੀ ਰਹਿ ਗਿਆ ਸਗੋਂ ਇਕ ਲਾਗੇ ਬੈਠੀ ਸਵਾਰੀ ਨੇ ਵੀ ਹੌਲੀ ਦੇ ਕੇ ਨਾਲ ਦੀ ਸਵਾਰੀ ਨੂੰ ਕਿਹਾ "ਬਾਊ ਬਾਹਰੋਂ ਆਇਆ ਲੱਗਦੈ।"

ਕਈ ਵੇਰ ਅਸੀਂ ਅਚੇਤ ਵੀ ਇਹ ਸ਼ਬਦ ਕਹਿ ਦਿੰਦੇ ਹਾਂ। ਆਦਤ ਜੁ ਪਈ ਹੋਈ ਏ। ਇਕ ਵਾਰ ਮੇਰਾ ਇਕ ਦੋਸਤ ਇੰਡੀਆ ਗਿਆ। ਉਹ ਆਪਣੇ ਇਕ ਰਿਸ਼ਤੇਦਾਰ ਨਾਲ ਜੀਪ ਵਿਚ ਸਫਰ ਕਰ ਰਿਹਾ ਸੀ। ਜੀਪ ਉਸਦਾ ਰਿਸ਼ਤੇਦਾਰ ਚਲਾ ਰਿਹਾ ਸੀ। ਜਰਨੈਲੀ ਸੜਕ ਉਤੇ ਇਕਦਮ ਸਾਹਮਣਿਓਂ ਇਕ ਟਰੱਕ ਆ ਗਿਆ ਜਿਹੜਾ ਇਕੋ ਲੇਨ ਵਾਲੀ ਸੜਕ ਤੋਂ ਹੇਠਾਂ

ਉਤਰੇ ਹੀ ਨਾ। ਜੀਪ ਚਲਾਉਣ ਵਾਲੇ ਰਿਸ਼ਤੇਦਾਰ ਨੇ ਜਦੋਂ ਇਕਦਮ ਗੱਡੀ ਪਾਸੇ ਕੀਤੀ ਤਾਂ ਉਹ ਇਕ ਖੱਡੇ ਵਿਚ ਜਾ ਫਸੀ। ਮੇਰੇ ਮਿਤਰ ਦੇ ਮੂੰਹੋਂ ਇਕਦਮ ਨਿਕਲਿਆ 'ਸੌਰੀ'। ਰਿਸ਼ਤੇਦਾਰ ਨੇ ਖਿੱਝ ਕੇ ਕਿਹਾ 'ਅਰੇ ਆਪ ਕਿਸ ਲੀਏ ਸੌਰੀ ਕਹਿ ਰਹੇ ਹੋ? ਗਾੜੀ ਤੋਂ ਮੁਝ ਸੇ ਖੱਡੇ ਮੇ ਗਿਰੀ'। ਅਸੀਂ ਹੀ ਨਹੀਂ ਅੰਗਰੇਜ਼ ਲੋਕ ਵੀ ਕਈ ਵਾਰ ਬੇਮਤਲਬ ਹੀ ਸੌਰੀ ਆਖ ਦਿੰਦੇ ਹਨ। ਪਰ ਬੇਮਤਲਬ ਸੌਰੀ ਜਾਂ ਪਲੀਜ਼ ਕਹਿਣ ਨਾਲ਼ ਸਾਡਾ ਕੋਈ ਨੁਕਸਾਨ ਨਹੀ ਹੁੰਦਾ ਜਦਕਿ ਖ਼ੁਰ੍ਹਦਰੇ ਬੋਲ ਦੁੱਖ ਦੇਣ ਵਾਲ਼ੇ ਹੁੰਦੇ ਹਨ।

ਕਹਾਵਤ ਹੈ ਕਿ ਜੇਕਰ ਤੁਰਿਆ ਜਾਂਦਾ ਅੰਗਰੇਜ਼ ਕਿਸੇ ਖੰਭੇ ਨਾਲ ਟੱਕਰਾ ਜਾਵੇ ਤਾਂ ਅਚੇਤ ਹੀ ਖੰਭੇ ਨੂੰ 'ਸੌਰੀ' ਆਖ ਕੇ ਅੱਗੇ ਤੁਰ ਜਾਵੇਗਾ। 'ਸੌਰੀ' ਸ਼ਬਦ ਅਤਿਅੰਤ ਸੂਖਮ ਭਾਵ ਦਾ ਸ਼ਿਸ਼ਟਾਚਾਰ ਵਾਲ਼ਾ ਹੈ। ਇਥੋਂ ਦੀ ਪੁਲੀਸ ਵੀ ਜੇਕਰ ਤੁਹਾਨੂੰ ਕਿਸੇ ਕਿਸਮ ਦੀ ਪੁੱਛ ਪੜਤਾਲ ਕਰੇਗੀ ਤਾਂ ਸੌਰੀ ਤੇ ਥੈਂਕ ਯੂ ਆਦਿ ਆਖੇਗੀ।ਇੰਗਲੈਂਡ ਦੀ ਪੁਲੀਸ ਤੁਹਾਡੀ ਸੇਵਾ ਵਾਸਤੇ ਹੈ ਨਾਕਿ ਤੁਹਾਡੇ ਨਾਲ਼ ਭੈੜਾ ਵਤੀਰਾ ਕਰਨ ਵਾਸਤੇ ਹੈ।ਬਦਤਮੀਜ਼ ਪੁਲੀਸਮੈਨ ਦੀ ਤੁਸੀਂ ਇਕ ਦਮ ਸ਼ਿਕਾਇਤ ਕਰ ਸਕਦੇ ਹੋ।

ਕਈ ਵਾਰੀ ਵੇਖਣ ਵਿਚ ਆਉਂਦਾ ਹੈ ਕਿ ਸਾਡੇ ਏਸ਼ੀਅਨ ਦੁਕਾਨਦਾਰ ਭਰਾ ਵੀ ਇਸ ਸ਼ਿਸ਼ਟਾਚਾਰ ਤੋਂ ਫਾਇਦਾ ਨਹੀਂ ਲੈਂਦੇ । ਸੌਦਾ ਦੇ ਕੇ ਭਾਨ ਹੱਥ ਉਤੇ ਰੱਖਦਿਆਂ ਹੀ ਅਗਲਾ ਗਾਹਕ ਭੁਗਤਾਉਣ ਲੱਗ ਪੈਂਦੇ ਹਨ। ਇਸੇ ਤਰ੍ਹਾਂ ਪਬਲਿਕ ਕਾਊਂਟਰਾਂ ਉਤੇ ਸਰਵਿਸ ਕਰਦੇ ਕੁਝ ਇੰਡੀਅਨ ਬਾਊ ਵੀ ਸਾਡੇ ਲੋਕਾਂ ਨਾਲ ਅਜਿਹਾ ਹੀ ਵਤੀਰਾ ਕਰਦੇ ਹਨ ਭਾਵੇਂ ਸਾਡੇ ਖ਼ਰੀਦਾਰ ਲੋਕੀਂ ਵੀ ਉਨ੍ਹਾਂ ਤੋਂ ਕੋਈ ਸੇਵਾ ਹਾਸਲ ਕਰਨ ਤੋਂ ਪਹਿਲਾਂ 'ਪਲੀਜ਼' ਨਹੀਂ ਆਖਦੇ। ਪਿਛੇ ਜਿਹੇ ਆਈ.ਐਸ. ਜੌਹਰ ਨੇ ਵੀ ਇਕ ਟੈਲੀਵੀਜ਼ਨ ਇੰਟਰਵਿਊ ਵਿਚ ਹੈਰਾਨੀ ਜ਼ਾਹਰ ਕੀਤੀ ਸੀ ਕਿ ਸਾਡੇ ਏਥੇ ਆਏ ਕੁਝ ਲੋਕਾਂ ਨੇ ਅੰਗਰੇਜ਼ਾਂ ਤੋਂ ਇਹ ਗੱਲਾਂ ਕਿਉਂ ਨਹੀਂ ਸਿਖੀਆਂ?

ਪਰ ਜਿਹੜੀ ਗੱਲ ਮੈਨੂੰ ਇਨ੍ਹਾਂ ਲੋਕਾਂ ਦੀ ਸਭ ਤੋਂ ਵੱਡੇ ਮਾਅਰਕੇ ਦੀ ਲੱਗੀ ਹੈ– ਉਹ ਹੈ ਇਹਨਾਂ ਦਾ ਹਰ ਕੰਮ ਲਈ ਲਾਈਨ ਵਿਚ ਖੜੋਣਾ। ਕਈ ਵਾਰ ਲਾਈਨ ਵਿਚ ਖੜੋਣਾ ਔਖਾ ਵੀ ਬੜਾ ਲੱਗਦਾ ਹੈ। ਮਸਲਨ ਬੈਂਕ ਜਾਂ ਪੋਸਟ ਆਫਿਸ ਜਾਓ ਤਾਂ ਦੇਖੀਦਾ ਹੈ ਕਿ ਕਿਹੜੀ ਸਭ ਤੋਂ ਛੋਟੀ ਲਾਈਨ ਹੋਵੇ ਤਾਂ ਜੁ ਉਸ ਵਿਚ ਹੀ ਖੜੋਇਆ ਜਾਏ। ਜਦੋਂ ਛੋਟੀ ਲਾਈਨ ਵਿਚ ਖੜੋ ਜਾਈਦਾ ਹੈ ਤਾਂ ਅੱਗੇ ਖੜੋਤੀ ਬੁੱਢੀ ਗਾਹਕ ਕਲਰਕ ਤੋਂ ਕਿਸੇ ਕਿਸਮ ਦੀ ਇਨਕੁਆਰੀ ਕਰਨ ਲੱਗੇ ਪੈਂਦੀ ਹੈ ਜਾਂ ਆਪਣੀ ਪੈਨਸ਼ਨ ਦਾ ਰੇੜਕਾ ਪਾ ਕੇ ਬਹਿ ਜਾਂਦੀ ਹੈ ਜਾਂ ਅੱਗੇ ਖੜੋਤਾ ਕੱਕੇ ਵਾਲਾਂ ਵਾਲਾ ਅੰਗਰੇਜ਼ ਕਈਆਂ ਮੋਟਰਾਂ ਜਾਂ ਟਰੱਕਾਂ ਦੀਆਂ ਲਾਇਸੈਂਸ ਡਿਸਕਾਂ ਲੈ ਰਿਹਾ ਹੁੰਦਾ ਹੈ ਜਾਂ ਉਸ ਨੇ ਕਿਸੇ ਮੀਟਰ ਮਸ਼ੀਨ ਉਤੇ ਯੂਨਿਟ ਪੁਆਉਣੇ ਹੁੰਦੇ ਹਨ।

ਬੈਂਕ ਦੀ ਕਤਾਰ ਵਿਚ ਕਿਸੇ ਵੱਡੀ ਸੁਪਰ ਮਾਰਕੀਟ ਵਿਚੋਂ ਆਈ ਕੁੜੀ ਨੇ ਅਨੇਕਾਂ ਕਿਸਮ ਦੀ ਭਾਨ ਲੈਣੀ ਹੁੰਦੀ ਹੈ ਜਾਂ ਕਿਸੇ ਹੋਰ ਨੇ ਕੋਈ ਹੋਰ ਲੰਮਾ ਕੰਮ ਕਰਾਉਣਾ ਹੁੰਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਚਹੁੰ ਬੰਦਿਆਂ ਪਿੱਛੇ ਖੜੋਤਿਆਂ ਖੜੋਤਿਆਂ ਤੁਹਾਡੇ ਹੱਥ ਵਿਚ ਪੌਂਡਾਂ ਦਾ ਨੋਟ ਅਚੇਤ ਹੀ ਏਨਾ ਮਰੋੜਿਆ ਜਾਂਦਾ ਹੈ ਕਿ ਰਾਣੀ ਦੀ ਤਸਵੀਰ ਧੁੰਦਲੀ ਪੈ ਜਾਂਦੀ ਹੈ। ਐਪਰ ਜੇ ਤੁਸੀਂ ਆਪਣੀ ਕਾਰ ਵੀ ਬਾਹਰ ਪੀਲੀ ਲਾਈਨ ਉਤੇ ਖੜੀ ਕਰਨ ਦਾ ਚਾਂਸ ਲਿਆ ਹੋਇਆ ਹੈ ਤਾਂ ਤੁਹਾਨੂੰ ਕੱਚੀਆਂ ਤ੍ਰੇਲੀਆਂ ਆਉਣ ਲੱਗ ਪੈਂਦੀਆਂ ਹਨ। ਸੋਚੀਦਾ ਹੈ

ਕਿ ਕਿਉਂ ਨਾ ਨਾਲ ਵਾਲੀ ਲਾਈਨ ਵਿਚ ਚਲੇ ਜਾਈਏ। ਪਰ ਜਦੋਂ ਉਸ ਲਾਈਨ ਵਿਚ ਜਾਈਦਾ ਹੈ ਤਾਂ ਫਿਰ ਉਹੋ ਕਿੱਸਾ ਸ਼ੁਰੂ ਹੋ ਜਾਂਦਾ ਹੈ।

ਲਾਈਨ ਵਿਚ ਖਲੋਣਾ ਅਜਿਹੇ ਵੇਲੇ ਬੜੀ ਜ਼ਹਿਮਤ ਜਿਹੀ ਲੱਗਦੀ ਹੈ। ਪਰ ਪਾਠਕਾਂ ਨੇ ਦੇਖਿਆ ਹੈ ਕਿ ਅਜਕਲ ਬਿਲਡਿੰਗ ਸੁਸਾਇਟੀਆਂ, ਬੈਂਕਾਂ ਅਤੇ ਅਨੇਕਾਂ ਪੋਸਟ ਆਫਿਸਾਂ ਵਿਚ ਸਿੰਗਲ ਲਾਈਨ ਸਿਸਟਮ ਸ਼ੁਰੂ ਹੋ ਗਿਆ ਹੈ। ਜਿਸ ਦਾ ਮਤਲਬ ਇਹ ਹੋਇਆ ਹੈ ਕਿ ਜਿਸ ਖਿੜਕੀ ਤੋਂ ਸਭ ਤੋਂ ਪਹਿਲਾਂ ਵਿਹਲ ਹੋਈ ਉਥੋਂ ਹੀ ਸਰਵਿਸ ਮਿਲ ਜਾਂਦੀ ਹੈ। ਇਹ ਵਧੀਆ ਅਤੇ ਸਯੋਗ ਤਰੀਕਾ ਹੈ।

ਇੰਗਲੈਂਡ ਵਿਚ ਹਰ ਸ਼ੈਅ ਲਈ ਮਿੰਟਾਂ ਵਿਚ ਹੀ ਲਾਈਨ ਲੱਗਣੀ ਸ਼ੁਰੂ ਹੋ ਜਾਂਦੀ ਹੈ। ਬਲਕਿ ਕਿਸੇ ਨਾ ਕਿਸੇ ਚੀਜ਼ ਲਈ ਲਾਈਨ ਲਾਉਣੀ ਹਮੇਸ਼ਾ ਜ਼ਰੂਰੀ ਹੀ ਹੋ ਜਾਂਦੀ ਹੈ। ਮਸਲਨ ਅੱਜ ਕਲ ਕਿਉਂਕਿ ਬਰੈਡਾਂ ਦੀਆਂ ਬੇਕਰੀਆਂ ਦੇ ਕਾਮਿਆਂ ਵੱਲੋਂ ਹੜਤਾਲ ਹੋਈ ਹੋਈ ਹੈ ਤੇ ਸਿੱਟੇ ਵਜੋਂ ਦੁਕਾਨਾਂ ਉਤੇ ਬਰੇਡ ਸ਼ਾਰਟੇਜ ਆ ਗਈ ਹੈ। ਸੋ ਨੌਂ ਵਜੇ ਖੁੱਲ੍ਹਣ ਵਾਲੀਆਂ ਬਰੈਡ ਸ਼ਾਪਾਂ ਮੂਹਰੇ ਕਈ ਵਾਰ ਅੱਠ ਵਜੇ ਤੋਂ ਹੀ ਲਾਈਨਾਂ ਲੱਗਣੀਆਂ ਸ਼ੁਰੂ ਹੋ ਜਾਂਦੀਆਂ ਹਨ। ਦੁਕਾਨਾਂ ਦੇ ਖੁੱਲ੍ਹਣ ਤੱਕ ਵਾਹਵਾ ਮੇਲਾ ਜਿਹਾ ਲੱਗ ਜਾਂਦਾ ਹੈ।

ਜਿੰਨ੍ਹੀ ਦਿਨੀਂ ਖੰਡ ਦੀ ਥੋੜ ਸ਼ੁਰੂ ਹੋਈ ਸੀ ਉਹਨੀਂ ਦਿਨੀਂ ਕਰਿਆਨੇ ਦੀਆਂ ਉਹਨਾਂ ਦੁਕਾਨਾਂ ਮੂਹਰੇ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਸਨ ਜਿਹਨਾਂ ਵਾਰੇ ਲੋਕਾਂ ਨੂੰ ਪਤਾ ਹੁੰਦਾ ਕੀ ਕਿ ਇਹਨਾਂ ਕੋਲ ਹਰ ਸਵੇਰੇ ਖੰਡ ਦੇ ਪੈਕਟ ਆਉਂਦੇ ਹਨ। ਕਈ ਲੋਕ ਆਦਤਨ ਹੀ ਕਤਾਰਾਂ ਬਨਾਉਣ ਲਈ ਕਾਹਲੇ ਹੁੰਦੇ ਹਨ। ਪੋਸਟ ਆਫਿਸ ਤੋਂ ਪੈਨਸ਼ਨ ਲੈਣ ਵਾਲੇ ਬੁੱਢੇ ਬੁੱਢੀਆਂ ਚਲਦੀ ਹਨੇਰੀ, ਕੋਹਰੇ ਅਤੇ ਬਰਫੀਲਿਆਂ ਸਵੇਰਾਂ ਨੂੰ ਵੀ ਘੰਟਾ ਘੰਟਾ ਪਹਿਲਾਂ ਪੋਸਟ ਆਫਿਸ ਤੋਂ ਬਾਹਰ ਲਾਈਨ ਵਿਚ ਆ ਖੜੋਂਦੇ ਹਨ। ਇਸ ਤਰ੍ਹਾਂ ਰੋਜ਼ਾਨਾ ਮਿਲਣ ਵਾਲੇ ਬਜ਼ੁਰਗਾਂ ਲਈ ਇਸ ਤਰ੍ਹਾਂ ਲਾਈਨ ਵਿਚ ਖੜੋਣਾ ਸਮਾਜਕ ਤੌਰ ਤੇ ਦੋਸਤੀਆਂ ਨੂੰ ਕਾਇਮ ਰਖਣ ਦਾ ਵਸੀਲਾ ਹੈ। ਉਹਨਾਂ ਦੀ ਜ਼ਿੰਦਗੀ ਵਿਚ ਏਨੀ ਇਕੱਲਤਾ ਹੁੰਦੀ ਹੈ ਕਿ ਉਹਨਾਂ ਨੂੰ ਨੌਂ ਵਜੇ ਦੀ ਥਾਂ ਅੱਠ ਵਜੇ ਹੀ ਡਾਕਖਾਨੇ ਮੂੰਹਰੇ ਆ ਖੜੋਣਾ ਕੋਈ ਬੁਰਾ ਨਹੀਂ ਲੱਗਦਾ।

ਇਸੇ ਤਰ੍ਹਾਂ ਕੈਫਿਆਂ, ਸੁਪਰ ਮਾਰਕੀਟਾਂ, ਥੀਏਟਰਾਂ, ਸਿਨਮਿਆਂ ਤੇ ਬਿੰਗੋ ਕਲੱਬਾਂ ਮੂਹਰੇ ਲੰਮੀਆਂ ਲੰਮੀਆਂ ਕਤਾਰਾਂ ਦਾ ਹੋਣਾ ਜਿਥੇ ਸਮੇਂ ਸਿਰ ਅੰਦਰ ਜਾਣ ਦੀ ਚਾਹ ਹੁੰਦੀ ਹੈ ਉਥੇ ਵਿਹਲੇ ਸਮੇਂ ਨੂੰ ਖਤਮ ਕਰਨ ਦਾ ਉਪਰਾਲਾ ਵੀ ਹੁੰਦਾ ਹੈ।

ਸਾਲ 'ਚ ਇਕ ਸਮਾਂ ਐਸਾ ਵੀ ਹੁੰਦਾ ਹੈ ਜਦੋਂ ਕਈ ਲੋਕੀਂ ਇਕ ਇਕ ਘੰਟਾ ਹੀ ਨਹੀਂ –ਇਕ ਇਕ ਦਿਨ, ਦੋ ਦੋ ਦਿਨ ਤੋਂ ਲੈ ਕੇ ਹਫਤਾ ਹਫਤਾ ਭਰ ਲਾਈਨ ਵਿਚ ਖੜੋਂਦੇ ਹਨ। ਕ੍ਰਿਸਮਿਸ ਤੇ ਨਵੇਂ ਸਾਲ ਤੋਂ ਬਾਅਦ ਲੱਗਦੀ ਸੇਲ (ਜਿਸ ਵਾਰੇ ਆਮ ਖਿਆਲ ਹੈ ਕਿ ਸੱਚੀ ਹੀ ਹੁੰਦੀ ਹੈ) ਤੋਂ ਫਾਇਦਾ ਉਠਾਉਣ ਲਈ ਕਈ ਲੋਕੀ ਕ੍ਰਿਮਿਸ ਡੇ ਜਾਂ ਬਾਕਸਿੰਗ ਡੇ ਤੋਂ ਹੀ ਠੰਡ ਅਤੇ ਕੱਕਰ ਵਿਚ ਆਪਣੇ ਸਲੀਪਿੰਗ ਬੈਗਜ਼ ਲੈ ਕੇ ਲਾਈਨ ਵਿਚ ਲੱਗ ਜਾਂਦੇ ਹਨ। ਲੰਡਨ ਦੀਆਂ ਹੈਰਡਜ਼,ਡੈਬਨਹਮ ਤੇ ਸੈਲਫਰਿਜਜ਼ ਆਦਿ ਲੰਡਨ ਦੀਆਂ ਮਹਿੰਗੀਆਂ ਅਤੇ ਸੰਸਾਰ ਪ੍ਰਸਿੱਧ ਦੁਕਾਨਾਂ ਤੋਂ ਕਈ ਵਾਰ ਦੋ ਦੋ ਹਜ਼ਾਰ ਪੌਂਡ ਦਾ ਮਿੰਕ ਕੋਟ ਪੰਜ ਪੰਜ ਸੌ ਪੌਂਡ ਵਿਚ ਤੇ ਪੰਜ ਪੰਜ ਹਜ਼ਾਰ ਪੌਂਡ ਦੇ ਬੈਡਰੂਮ ਸੂਈਟ ਹਜ਼ਾਰ ਹਜ਼ਾਰ ਪੌਂਡ 'ਚ ਮਿਲ ਜਾਂਦੇ ਹਨ। ਮਹਾਰਾਣੀ

ਅਲਿਜ਼ਾਬੈਥ ਦੀ ਚਾਂਦੀ ਜਯੰਤੀ ਵੇਲੇ ਕਈ ਲੋਕੀਂ ਬੁਕਿੰਘਮ ਪੈਲੇਸ ਤੋਂ ਲੈ ਕੇ ਪਾਰਲੀਮੈਂਟ ਸੁਕੇਅਰ ਤੀਕ ਦੀਆਂ ਸੜਕਾਂ ਦੇ ਕੰਢਿਆਂ ਉਤੇ ਕਈ ਕਈ ਦਿਨ ਪਹਿਲਾਂ ਤੋਂ ਹੀ ਡੇਰੇ ਲਾਈ ਬੈਠੇ ਸਨ ਕਿਉਂਕਿ ਉਹ ਚਾਹੁੰਦੇ ਸਨ ਕਿ ਮਹਾਰਾਣੀ ਅਤੇ ਉਹਦਾ ਪਰਿਵਾਰ ਜਦੋਂ ਉਹਨੀਂ ਰਾਹੀਂ ਗੁਜ਼ਰੇ ਤਾਂ ਉਹ ਉਹਨਾਂ ਦੇ ਚੰਗੀ ਤਰ੍ਹਾਂ ਦਰਸ਼ਨ ਕਰ ਸਕਣ।

ਅੱਜਕਲ ਚੱਲ ਰਹੇ ਜਰਮੀ ਥੌਰਪ ਦੇ ਮੁਕੱਦਮੇ ਦੀ ਸੁਣਵਾਈ ਕੋਰਟ ਦੇ ਅੰਦਰੋਂ ਸੁਣਨ ਲਈ ਵੀ ਕਈ ਲੋਕੀਂ ਘੰਟਿਆਂ ਬੱਧੀ ਕਤਾਰਾਂ ਵਿਚ ਖੜੋਂਦੇ ਹਨ। ਪੌਪ ਕਨਸਰਟਾਂ ਵੇਲੇ ਵੀ ਮਿਊਜ਼ਕ ਦੇ ਸ਼ੁਕੀਨ ਹੱਸ ਕੇ ਘੰਟਿਆਂ ਬੱਧੀ ਇੰਤਜ਼ਾਰ ਕਰ ਸਕਦੇ ਹਨ। ਪਿਛੇ ਜਿਹੇ ਹੋਈ ਬੌਬ ਡਿਲਨ ਦੀ ਕੌਨਸਰਟ ਵੇਲੇ ਹਜ਼ਾਰਾਂ ਗਭਰੂਆਂ ਅਤੇ ਮੁਟਿਆਰਾਂ ਨੇ ਰੀਕਾਰਡ ਤੋੜ ਸਮੇਂ ਤੀਕ ਕਤਾਰਾਂ 'ਚ ਖੜੋਇਆ ਸੀ। ਐਲਵਿਸ ਪ੍ਰਿਜ਼ਲੇ ਦੀ ਲਾਸ਼ ਦੇ ਦਰਸ਼ਨ ਕਰਨ ਲਈ ਦੁਨੀਆਂ ਭਰ ਤੋਂ ਮਹਿੰਫਸ ਵਿਖੇ ਲੋਕੀ ਪੁੱਜੇ ਹੋਏ ਸਨ ।ਇਹ ਲੋਕ ਕਈ ਕਈ ਦਿਨ ਲਾਈਨਾਂ ਵਿਚ ਖੜੋਤੇ ਰਹੇ ਸਨ ਤੇ ਆਪਣੇ ਪਿਆਰੇ ਪੌਪ ਸਟਾਰ ਲਈ ਹੰਝੂ ਵਹਾਉਂਦੇ ਰਹੇ ਸਨ।

ਪੱਛਮ ਦੇ ਮੁਕਾਬਲੇ ਉਤੇ ਭਾਰਤ ਵਿਚ ਲਾਈਨਾਂ ਦੀ ਕੋਈ ਪ੍ਰਵਾਹ ਨਹੀਂ ਕਰਦਾ। ਇਥੋਂ ਜਾਣ ਉਪਰੰਤ ਕਈ ਵਾਰ ਸਾਡੇ ਵਰਗੇ ਲੋਕ ਲਾਈਨਾਂ ਵਿਚ ਹੀ ਖੜੋਤੇ ਰਹਿੰਦੇ ਹਨ ਤੇ ਸਾਥੋਂ ਪਿਛੋਂ ਆਏ ਲੋਕ ਬੱਸਾਂ ਗੱਡੀਆਂ ਫੜ ਕੇ ਧੁਰ ਮੰਜ਼ਲ ਤੇ ਵੀ ਪਹੁੰਚ ਜਾਂਦੇ ਹਨ। ਜੇਕਰ ਉਥੇ ਲੋਕੀਂ ਲਾਈਨ ਵਿਚ ਖੜੋ ਵੀ ਜਾਣ ਤਾਂ ਸਿਫਾਰਸ਼ ਵਾਲੇ ਅੰਦਰੋਂ ਹੀ ਕੰਮ ਕਰਵਾਈ ਜਾਂਦੇ ਹਨ ਅਤੇ ਤੁਹਾਡੀ ਲਾਈਨ ਵਿਚ ਖੜੋਣ ਦੀ ਘੜੀ ਕਦੇ ਖਤਮ ਹੀ ਨਹੀਂ ਹੁੰਦੀ। ਇੰਗਲੈਂਡ ਵਿਚ ਘਟੋ ਘਟ ਇਹ ਗੱਲ ਤਾਂ ਹੈ ਕਿ ਜੇਕਰ ਤੁਸੀਂ ਲਾਈਨ ਵਿਚ ਖੜੋਤੇ ਹੋ ਤਾਂ ਕੋਈ ਹੋਰ ਤੁਹਾਡੇ ਮੂਹਰੇ ਆ ਕੇ ਨਹੀਂ ਖੜੋਵੇਗਾ।ਇਸ ਦੇ ਮੁਕਾਬਲੇ ਭਾਰਤ ਵਿਚ ਜਿਹੜਾ ਤਕੜਾ ਹੋਵੇਗਾ ਉਹ ਨਾ ਸਿਰਫ ਮਾੜੇ ਆਦਮੀ ਮੂਹਰੇ ਹੀ ਛਾਤੀ ਚੌੜੀ ਤਾਣ ਕੇ ਖ਼ੜੋ ਜਾਵੇਗਾ ਸਗੋਂ ਆਪਣੇ ਹੋਰ ਦੋ ਚਾਰ ਵਾਕਫ ਵੀ ਨਾਲ ਹੀ ਖੜੇ ਕਰ ਲਵੇਗਾ। ਗੱਲ ਕੀ ਬੱਸ ਤੁਰਨ ਤੱਕ ਜਾਂ ਸਿਨਮਾ ਸ਼ੋਅ ਸ਼ੁਰੂ ਹੋਣ ਤੱਕ ਤੇ ਗੱਡੀ ਦੇ ਬਿਸਲ ਮਾਰਨ ਤੱਕ ਏਨਾ ਧੱਕਮ ਧੱਕਾ ਹੁੰਦਾ ਹੈ ਕਿ ਮਾੜਾ ਬੰਦਾ ਘੰਟਿਆਂ ਬੱਧੀ ਲਾਈਨ ਵਿਚ ਖੜੋ ਕੇ ਵੀ ਬੇਲਾਈਨ ਹੋ ਬੈਠਦਾ ਹੈ। ਉਥੇ ਤਾਂ ਅਸਲ ਵਿਚ ਡਾਢੇ ਦਾ ਸੱਤੀਂ ਵੀਹੀਂ ਸੌ ਬਣਦਾ ਹੈ।

ਜੇ ਜ਼ਿੰਦਗੀ ਵਿਚ ਅਨੁਸ਼ਾਸਨ ਨਾ ਹੋਵੇ ਤਾਂ ਇਨਸਾਨ ਜਾਨਵਰਾਂ ਵਾਗੂੰ ਖੁੱਲ੍ਹੇ ਰੱਸੇ ਘੁੰਮਦਾ ਫਿਰੇ। ਜ਼ਿੰਦਗੀ ਵਿੱਖਰੀ ਵਿੱਖਰੀ ਅਣਸੰਵਾਰੀ ਤੇ ਜਾਂਗਲੀ ਜਿਹੀ ਹੋ ਜਾਵੇ। ਕਤਾਰ ਵਿਚ ਖੜੋਣਾ ਸ਼ਿਸ਼ਟਾਚਾਰ ਦਾ ਸਬੂਤ ਹੈ। ਜ਼ਿੰਦਗੀ ਵਿਚਲੇ ਅਨੁਸ਼ਾਸਨ (ਡਸਿਪਲਿਨ) ਦੀ ਨਿਸ਼ਾਨੀ ਹੈ। ਸਾਥੀ ਮਨੁੱਖਾਂ ਦਾ ਸਤਿਕਾਰ ਕਰਨ ਦਾ ਚਿੰਨ੍ਹ ਹੈ। ਉਹਨਾਂ ਦੇ ਹੱਕਾਂ ਦਾ ਆਦਰ ਕਰਨ ਵਾਲਾ ਵਿਖਾਵਾ ਹੈ।ਐਟੀਕਟਸ ਤੇ ਮੈਰਨਜ਼ ਵਧੀਆ ਸੁਸਾਇਟੀ ਦੇ ਪ੍ਰਤੀਕ ਹਨ ਤੇ ਸੁਲਝੀ ਹੋਈ ਕੌਮ ਹੀ ਚੰਗਾ ਭਵਿੱਖ ਸਿਰਜ ਸਕਦੀ ਹੈ। 'ਸੌਰੀ', 'ਥੈਂਕ ਯੂ' ਅਤੇ 'ਪਲੀਜ਼' ਕਹਿਣ ਨਾਲ਼ ਤੁਹਾਡਾ ਕੁਝ ਵੀ ਨਹੀਂ ਘਟਦਾ।ਬਸ ਮੁਨਾਫ਼ਾ ਹੀ ਮੁਨਾਫ਼ਾ ਹੈ।

(1978)

# ਬਰਤਾਨੀਆਂ ਵਿਚ ਬਦਲਦੇ ਰਿਸ਼ਤੇ

ਅਜਕਲ ਜਦੋਂ ਕਦੇ ਕਿਸੇ ਦੇ ਘਰ ਜਾਣਾ ਹੁੰਦਾ ਹੈ ਤਾਂ ਅਚੇਤ ਹੀ ਉਹਨਾਂ ਨੂੰ ਪਹਿਲਾਂ ਟੈਲੀਫੂਨ ਕਰ ਲਈਦਾ ਹੈ। ਏਸ ਤਰ੍ਹਾਂ ਫੋਨ ਕਰਨ ਉਪਰੰਤ ਕਿਸੇ ਦੇ ਘਰ ਜਾਣਾ ਅਜਕਲ ਸਾਡੀ ਸਭਿਅਤਾ, ਸਲੀਕੇ ਅਤੇ ਸ਼ਿਸ਼ਟਾਚਾਰ ਵਿਚ ਸ਼ਾਮਲ ਹੁੰਦਾ ਜਾ ਰਿਹਾ ਹੈ। ਕੈਨੇਡਾ ਅਤੇ ਅਮਰੀਕਾ ਵਿਚ ਵਸਦੇ ਸਾਡੇ ਲੋਕੀ ਤਾਂ ਕਿਸੇ ਦਾ ਬਿਨਾਂ ਫੋਨ ਕੀਤਿਆਂ ਹੀ ਘਰ ਆ ਜਾਣਾ ਬਹੁਤ ਹੀ ਬੁਰਾ ਮੰਨਦੇ ਨੇ।

ਇਹ ਬਦਲਦੇ ਸੁਭਾਅ ਕਦਾਚਿਕ ਸਾਡੀ ਪੰਜਾਬੀਅਤ ਨਾਲ ਮੇਲ ਨਹੀਂ ਖਾਂਦੇ। ਅਸੀਂ ਲੋਕ ਤਾਂ ਮੰਨੇ ਹੋਏ ਹਾਂ ਇਸ ਗੱਲ ਵਾਸਤੇ ਕਿ ਪੰਜਾਬੀਆਂ ਨਾਲ ਦਾ ਖੁੱਲ੍ਹ ਦਿਲਾ ਬੰਦਾ ਹੀ ਕੋਈ ਨਹੀਂ ਹੁੰਦਾ ਤੇ ਉਹਨਾਂ ਜਿੰਨੀ ਪ੍ਰਾਹੁਣਚਾਰੀ ਵੀ ਕੋਈ ਨਹੀਂ ਕਰ ਸਕਦਾ। ਸੋ ਇਹ ਸਭ ਤਬਦੀਲੀ ਪੱਛਮ ਦੀ ਮਸ਼ੀਨੀ ਜ਼ਿੰਦਗੀ ਕਾਰਣ ਹੀ ਆਈ ਸਮਝੀ ਜਾ ਸਕਦੀ ਹੈ। ਇਸ ਮਸ਼ੀਨੀ ਜ਼ਿੰਦਗੀ ਵਿਚ ਲੋਕਾਂ ਕੋਲ ਗੱਲਬਾਤ ਕਰਨ ਤੇ ਬੈਠਣ ਉਠਣ ਤੇ ਪ੍ਰਹੁਣਚਾਰੀ ਲਈ ਵਕਤ ਏਨਾਂ ਘਟ ਹੈ ਕਿ ਉਹ ਪੰਜਾਬੀਅਤ ਦੇ ਅਸਲ ਗੁਣ ਗੁਆਉਂਦੇ ਜਾ ਰਹੇ ਹਨ। ਡਾਕਟਰ ਮੁਹੰਮਦ ਇਕਬਾਲ ਨੇ ਅਜਿਹੀ ਮਸ਼ੀਨੀ ਜ਼ਿੰਦਗੀ ਵਾਰੇ ਅੱਜ ਤੋਂ ਚਾਲੀ ਵਰ੍ਹੇ ਪਹਿਲਾਂ ਲਿਖਿਆ ਸੀ-

"ਹੈ ਦਿਲ ਕੇ ਲੀਏ ਮੌਤ ਮਸ਼ੀਨੋਂ ਕੀ ਹਕੂਮਤ
ਅਹਿਸੇਸਾ-ਮੁਰੱਵਤ ਕੋ ਕੁਚਲ ਦੇਤੇ ਹੈਂ ਹਾਲਾਤ"

ਜਦੋਂ ਪੰਜਾਬੀ ਲੋਕ ਬਹੁ-ਗਿਣਤੀ ਵਿਚ 1962 ਦੇ ਸਾਲ ਕੋਂ ਕੁਝ ਪਹਿਲਾਂ ਤੇ ਬਾਅਦ ਵਿਚ ਆਉਣੇ ਸ਼ੁਰੂ ਹੋਏ ਸਨ ਤਾਂ ਨਵੇਂ ਆਉਣ ਵਾਲਿਆਂ ਨੂੰ ਪਹਿਲਾਂ ਤੋਂ ਇਸ ਦੇਸ ਵਿਚ ਵਸਦੇ ਪੰਜਾਬੀਆਂ ਦਾ ਬੜਾ ਆਸਰਾ ਹੁੰਦਾ ਸੀ। ਉਹਨਾਂ ਨੂੰ ਦੇਸ ਤੋਂ ਵਿਛੜਨ ਦਾ ਗ਼ਮ ਬਹੁਤਾ ਨਾ ਲੱਗਦਾ ਜਦੋਂ ਉਨ੍ਹਾਂ ਦੇ ਪੰਜਾਬੀ ਭਰਾ ਉਹਨਾਂ ਨੂੰ ਰੋਟੀਆਂ ਤੇ ਸਬਜ਼ੀਆਂ ਬਣਾ ਬਣਾ ਖੁਆਉਂਦੇ ਤੇ ਪੱਬਾਂ ਨੂੰ ਲਿਜਾਂਦੇ। (ਤੇ ਨਾਲੇ ਛਕਣ ਛਕਾਉਣ ਦੀ ਜਾਂਚ ਵੀ ਸਿਖਾਉਂਦੇ)।

ਕਈ ਗਬਨੇ (ਘਰਾਂ ਦੇ ਮਾਲਕ) ਨਵੇਂ ਆਇਆਂ ਤੋਂ ਓਨੀ ਦੇਰ ਕਿਰਾਇਆ ਵੀ ਨਾ ਲੈਂਦੇ, ਜਿੰਨੀ ਦੇਰ ਤੀਕ ਕਿ ਉਹ ਕਿਸੇ ਕੰਮ ਤੇ ਨਾ ਲਗ ਜਾਂਦੇ। ਉਹਨਾਂ ਨੂੰ ਸ਼ਾਪਿੰਗ ਕਰਨ ਦੀ ਜਾਚ ਸਿਖਾਈ ਜਾਂਦੀ ਤੇ ਜਿੰਨਾਂ ਕੁ ਪਹਿਲਾਂ ਦੇ ਆਲੇ ਲੋਕਾਂ ਨੂੰ ਇਥੋਂ ਦੇ ਲੋਕਾਂ ਬਾਰੇ ਪਤਾ ਹੁੰਦਾ ਉਸ ਵਾਰੇ ਵੀ ਉਹ ਨਵੇਂ ਆਇਆਂ ਨੂੰ ਯੋਗ ਜਾਣਕਾਰੀ ਦਿੰਦੇ।

ਜੇਕਰ ਕਿਸੇ ਨੂੰ ਪਤਾ ਲੱਗ ਜਾਂਦਾ ਕਿ ਉਹਨਾਂ ਦੇ ਪਿੰਡ ਦਾ ਜਾਂ ਸ਼ਹਿਰ ਦਾ ਕੋਈ ਬੰਦਾ ਕਿਸੇ ਹੋਰ ਪਿੰਡ ਜਾਂ ਸ਼ਹਿਰ ਦੇ ਬੰਦੇ ਕੋਲ ਠਹਿਰਿਆ ਹੋਇਆ ਹੈ ਤਾਂ ਉਹਦੇ ਪੇਂਡੂ ਇਕ ਦਮ ਆਪਣੇ ਬੰਦੇ ਨੂੰ ਆਪਣੇ ਕੋਲ ਲੈ ਆਉਂਦੇ ਤੇ ਉਹਨੂੰ ਰੱਖਣ ਵਾਲੇ ਦਾ ਧੰਨਵਾਦ ਕਰਦੇ। ਫੇਰ

ਆਪਣੇ ਪਿੰਡ ਜਾਂ ਸ਼ਹਿਰ ਦੇ ਉਸ ਨਵੇਂ ਬੰਦੇ ਨੂੰ ਕੰਮ ਤੇ ਲੁਆਇਆ ਜਾਂਦਾ ਤੇ ਹੋਰ ਹਰ ਤਰ੍ਹਾਂ ਦੀ ਮਦਦ ਕੀਤੀ ਜਾਂਦੀ।

ਪਹਿਲਿਆਂ ਜ਼ਮਾਨਿਆਂ ਵਿਚ ਲੋਕਾਂ ਨੇ ਇਕ ਦੂਜੇ ਦੀ ਘਰ ਖ਼ਰੀਦਣ ਵਿਚ ਵੀ ਮਦਦ ਕੀਤੀ। ਮੁਕਦੀ ਗੱਲ ਇਹ ਹੈ ਕਿ ਉਹਨੀਂ ਦਿਨੀਂ ਜਿੱਥੇ ਇਸ ਦੇਸ ਵਿਚ ਟਿਕਣ ਵਾਸਤੇ ਬੜੀ ਜੱਦੋ ਜਹਿਦ ਕਰਨੀ ਪੈਂਦੀ ਸੀ, ਉਥੇ ਸਾਡੇ ਲੋਕਾਂ ਵਿਚ ਆਪਸੀ ਤੇਹ, ਪਿਆਰ ਅਤੇ ਭਰਾਤ੍ਰੀਅਤਾ ਵੀ ਬੜੀ ਸੀ।

ਫੇਰ ਲੋਕਾਂ ਦੇ ਬੱਚੇ, ਪਤਨੀਆਂ, ਮਾਵਾਂ ਅਤੇ ਵਹੁਟੀਆਂ ਆਉਣੀਆਂ ਸ਼ੁਰੂ ਹੋ ਗਈਆਂ। ਕਈਆਂ ਦੇ ਗਲਤ, ਸਿੱਧੇ ਜਾਂ ਮਰਦ ਮੰਗੇਤਰਾਂ ਆਦਿ ਦੀ ਸ਼ਕਲ ਵਿਚ ਕਈ ਕਈ ਰਿਸ਼ਤੇਦਾਰ ਇਥੇ ਪੁੱਜ ਗਏ। ਕਈਆਂ ਦਾ ਤਾਂ ਅਜਕਲ ਸਾਰੇ ਦਾ ਸਾਰਾ ਕਬੀਲਾ ਹੀ ਇਥੇ ਪੁੱਜ ਗਿਆ ਹੈ।

ਇੰਜ ਹੋਣ ਨਾਲ ਅਜਿਹੇ ਲੋਕਾਂ ਦਾ ਆਪਣੇ ਨਿਟਕਵਰਤੀਆਂ ਤੇ ਰਿਸ਼ਤੇਦਾਰਾਂ ਵਲ ਵਧੇਰੇ ਧਿਆਨ ਚਲੇ ਗਿਆ ਹੈ ਤੇ ਆਪਣੇ ਪਿੰਡ, ਸ਼ਹਿਰ ਜਾਂ ਪਿਛਾਂਹ ਦੀ ਵਾਕਫੀ ਵਾਲੇ ਲੋਕਾਂ ਵਲੋਂ ਤਵੱਜੋਂ ਹਟ ਗਈ ਹੈ। ਕੱਲਾ ਕਾਰਾ ਬੰਦਾ ਵੱਡੇ ਵੱਡੇ ਟੱਬਰਾਂ ਵਾਲਿਆਂ ਦੇ ਘਰੀਂ ਜਾਣੋਂ ਝਿਜਕਣ ਲੱਗ ਪਿਆ ਹੈ। ਕਈ ਦੋਸਤ ਵੀ ਇਕ ਦੂਜੇ ਵਲੋਂ ਦੂਰ ਹੁੰਦੇ ਜਾ ਰਹੇ ਹਨ। ਖਾਸ ਕਰਕੇ ਉਦੋਂ ਜਦੋਂ ਇਕ ਮਿੱਤਰ ਨੂੰ ਦੂਜੇ ਤੀਕ ਕੋਈ ਕੰਮ ਆ ਪਵੇ ਤਾਂ ਇਕ ਦਮ ਨਾਤੇ ਤੋੜ ਲਏ ਜਾਂਦੇ ਹਨ। ਦੋਸਤਾਂ ਵਾਲੀ ਇਹ ਸਥਿਤੀ ਅਸਲ ਵਿਚ ਉਰਦੂ ਤੇ ਹੇਠ ਲਿਖੇ ਸ਼ੇਅਰ ਨਾਲ ਬੜੀ ਮਿਲਦੀ ਜੁਲਦੀ ਹੈ :

"ਹਮੇਂ ਭੀ ਆ ਪੜਾ ਹੈ ਦੋਸਤੋਂ ਸੇ ਕਾਮ ਕੁਛ ਯਾਨੀ
ਹਮਾਰੇ ਦੋਸਤੋਂ ਕੇ ਬੇਵਫਾ ਹੋਨੇ ਕਾ ਵਕਤ ਆਇਆ।
ਜਾਂ
"ਚੂੜੀਆਂ ਮਹਿੰਦੀ ਰਚੇ ਹਾਥੋਂ ਕੀ ਸਭ ਤੋੜ ਚੁਕੀ
ਆਪਾ ਧਾਪੀ ਵੁਹ ਪੜੀ ਦੋਸਤੀ ਮੂੰਹ ਮੋੜ ਚੁਕੀ।

ਇਹ ਆਪਾ ਧਾਪੀ ਪੌਂਡਾਂ ਦੀ ਹੈ। ਹਰ ਕੋਈ ਏਨਾਂ ਮਸਰੂਫ ਹੋ ਗਿਆ ਹੈ ਕਿ ਕਿਸੇ ਨੂੰ ਮਿਲਣ ਲਈ ਕਿਸੇ ਕੋਲ਼ ਕੋਈ ਵਿਹਲ ਹੀ ਨਹੀਂ। ਕੋਈ ਅੱਠੋ ਅੱਠ ਕੰਮ ਉਤੇ ਜਾ ਰਿਹਾ ਹੈ। ਕੋਈ ਸ਼ਿਫਟਾਂ ਉਤੇ ਹੈ ਤੇ ਉਸ ਦੀ ਸ਼ਿਫਟ ਦਾ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਹੜੇ ਵੇਲੇ ਘਰ ਹੁੰਦਾ ਹੈ। ਕੋਈ ਰਾਤਾਂ ਉਤੇ ਹੈ ਤੇ ਚਾਹੁੰਦਾ ਹੈ ਦਿਨ ਵੇਲੇ ਕਿਸੇ ਦਾ ਘਰ ਆਉਣਾ ਤਾਂ ਇਕ ਪਾਸੇ ਰਿਹਾ, ਟੈਲੀਫ਼ੂਨ ਵੀ ਨਾ ਆਵੇ। ਕਿਸੇ ਨੇ ਕਰਿਆਨੇ ਦੀ ਜਾਂ ਅਖਬਾਰਾਂ, ਸਿਗਰਟਾਂ ਤੇ ਸਵੀਟਾਂ ਦੀ ਦੁਕਾਨ ਖੋਲ੍ਹ ਲਈ ਹੈ ਜਿਹੜੀ ਪਤਾ ਨਹੀਂ ਕਿਹੜੇ ਵੇਲੇ ਬੰਦ ਹੁੰਦੀ ਹੈ? ਜਦੋਂ ਦੇਖੋ ਖੁਲ੍ਹੀ ਹੀ ਹੁੰਦੀ ਹੈ।

ਇਕੋ ਨੌਕਰੀ ਕਰਨ ਵਾਲਾ ਵੀ ਵਾਧੂ ਸਮੇਂ ਵਿਚ ਕਈ ਕਈ ਕੰਮ ਸਹੇੜੀ ਬੈਠਾ ਹੈ। ਸੋ ਇਸ ਮਸ਼ੀਨੀ ਜ਼ਿੰਦਗੀ ਵਿਚ ਮਸ਼ੀਨਾਂ ਚਲਾਉਣ ਵਾਲਿਆਂ ਦਾ ਹਾਲ ਜੌਜ਼ਫ ਕਰੱਚ ਦੇ ਕਥਨ ਵਰਗਾ ਹੋ ਗਿਆ ਹੈ–

"ਜਿਉਂ ਜਿਉਂ ਆਦਮੀਆਂ ਦੇ ਕਰਨ ਵਾਲੇ ਕੰਮ ਮਸ਼ੀਨਾਂ ਕਰਨ ਲੱਗ ਪਈਆਂ ਹਨ, ਤਿਉਂ ਤਿਉਂ ਆਦਮੀ ਵੀ ਮਸ਼ੀਨਾਂ ਵਰਗਾ ਹੀ ਹੁੰਦਾ ਜਾ ਰਿਹਾ ਹੈ।"

ਇਸ ਕਥਨ ਦਾ ਨਚੋੜ ਇਹ ਹੈ ਕਿ ਜਿਵੇਂ ਮਸ਼ੀਨ ਵਿਚ ਜਜ਼ਬਾਤ ਨਹੀਂ ਹੁੰਦੇ ਤਿਵੇਂ ਹੀ ਮਨੁੱਖਾਂ ਵਿਚੋਂ ਵੀ ਜਜ਼ਬਾਤ ਖਤਮ ਹੁੰਦੇ ਜਾ ਰਹੇ ਹਨ ਤੇ ਪੌਂਡਾਂ ਦੇ ਚੱਕਰ ਵਿਚ ਪਏ ਹੋਏ ਲੋਕਾਂ ਨੂੰ ਭੁਲੇਖਾ ਰਹਿੰਦਾ ਹੈ ਕਿ ਇਹਦੇ ਹੁੰਦਿਆਂ ਦੋਸਤਾਂ ਅਤੇ ਸਨੇਹੀਆਂ ਦੀ ਲੋੜ ਹੀ ਕੀ ਹੈ?

ਸਰਮਾਏਦਾਰੀ ਸਿਸਟਮ ਵਿਚ ਪੈਸੇ ਨੂੰ ਪ੍ਰਧਾਨਤਾ ਹਾਸਲ ਹੈ ਬਲਕਿ ਇਹਦੀ ਮਹੱਤਤਾ ਨੂੰ ਲੋੜ ਤੋਂ ਵਧ ਮਹੱਤਤਾ ਦਿਤੀ ਜਾ ਰਹੀ। ਤਦੇ ਤਾਂ ਪ੍ਰਸਿੱਧ ਚਿੰਤਕ ਮੈਨਕਨ ਨੇ ਕਿਹਾ ਹੈ ਕਿ ਪੈਸੇ ਦੀ ਕੀਮਤ ਹੀ ਅਸਲ ਵਿਚ ਏਸ ਗੱਲ ਹੇਠ ਛੁਪੀ ਹੋਈ ਹੈ ਕਿ ਆਦਮੀ ਇਹਦੀ ਦੁਨੀਆਂ ਵਿਚ ਰਹਿੰਦਾ ਹੋਇਆ ਇਹਨੂੰ ਓਵਰ ਐਸਟੀਮੇਟ (Overestimate) ਕਰੀ ਜਾਂਦਾ ਹੈ।

ਦੋਸਤੀਆਂ ਸਾਡੇ ਅਜੋਕੇ ਏਸ਼ੀਅਨ ਬ੍ਰਿਟਿਸ਼ ਸਮਾਜ ਚੋਂ ਬੜੀ ਤੇਜ਼ੀ ਨਾਲ ਖਤਮ ਹੋ ਰਹੀਆਂ ਹਨ। ਹਰ ਕੋਈ ਆਪਣੇ ਆਪਣੇ ਇੰਟਰੈਸਟ ਘਨੇੜੀ ਚੁੱਕੀ ਫਿਰਦਾ ਹੈ। ਦੋਸਤੀ ਤਾਂ ਦੋ ਬਦਨਾਂ ਵਿਚ ਇਕ ਰੂਹ ਦਾ ਨਾਮ ਹੁੰਦਾ ਹੈ, ਪਰ ਅਜਕਲ ਦੀਆਂ ਦੋਸਤੀਆਂ ਦਾ ਹਾਲ ਇਹ ਹੈ ਕਿ ਇਕ ਇਕ ਬਦਨ ਵਿਚ ਕਈ ਕਈ ਰੂਹਾਂ ਭਾਵ ਕਈ ਕਈ MOTIVE (ਸੁਆਰਥ) ਛੁਪੇ ਹੋਏ ਹੁੰਦੇ ਹਨ।

ਸਾਡੇ ਰਿਸ਼ਤਿਆਂ ਦੇ ਬਦਲਣ ਦਾ ਇਕ ਕਾਰਣ ਇਹ ਵੀ ਹੈ ਕਿ ਸਾਡੇ ਬੱਚੇ ਹੁਣ ਜਵਾਨ ਹੋ ਰਹੇ ਹਨ। ਉਹ ਪੱਛਮੀ ਸਭਿਅਤਾ ਵਿਚ ਪਲ ਰਹੇ ਹਨ ਤੇ ਦੋਹਰੀ ਜ਼ਿੰਦਗੀ ਜਿਉ ਰਹੇ ਹਨ। ਘਰ ਵਿਚ ਇੰਡੀਅਨ ਮਾਪੇ, ਇੰਡੀਅਨ ਰੋਟੀਆਂ, ਅੰਗਰੇਜ਼ੀ ਟੈਲੀਵੀਜ਼ਨ ਅਤੇ ਬਾਹਰ ਅੰਗਰੇਜ਼ੀ ਸਕੂਲ, ਅੰਗਰੇਜ਼ੀ ਖਾਣਾ, ਅੰਗਰੇਜ਼ੀ ਵਾਤਾਵਰਣ, ਅੰਗਰੇਜ਼ੀ ਵਿਚਾਰਧਾਰਾ ਤੇ ਅੰਗਰੇਜ਼ੀ ਦੋਸਤ ਮਿਲਦੇ ਹਨ। ਸਪੱਸ਼ਟ ਹੈ ਕਿ ਅੰਗਰੇਜ਼ੀ ਦਾ ਅਸਰ ਉਹਨਾਂ ਉਤੇ ਵਧੇਰੇ ਹੈ ਉਹ ਡਬਲ ਜੀਵਨ ਜੀਅ ਰਹੇ ਹਨ।

ਸਰਮਾਏਦਾਰੀ ਸਮਾਜ ਵਿਚ ਦੌਲਤ ਬਹੁਤ ਵੱਡਾ ਪਾਰਟ ਪਲੇਅ ਕਰਦੀ ਹੈ। ਐਹੋ ਜਿਹੇ ਸਮਾਜ ਦਾ ਸਾਰਾ ਰੁਝਾਨ ਹੋਰ ਸਰਮਾਇਆ ਇਕੱਠਾ ਕਰਨ ਵਲ ਲੱਗਾ ਰਹਿੰਦਾ ਹੈ। ਇਸ ਰੁਝਾਨ ਕਰਕੇ ਲੋਕਾਂ ਵਿਚ ਨਕਲੀਪਣ ਆ ਰਿਹਾ ਹੈ ਤੇ ਆਦਤਾਂ ਵਿਚ ਰੁੱਖਾਪਣ ਆਉਣ ਲੱਗ ਪਿਆ ਹੈ । ਸੋ ਬਿਲਕੁਲ ਇਹੋ ਹਾਲ ਸਾਡੇ ਇਥੇ ਜੰਮੇ ਪਲੇ ਬੱਚਿਆਂ ਦਾ ਹੋ ਰਿਹਾ ਹੈ। ਕਿਸੇ ਦੇ ਘਰ ਫ਼ੋਨ ਕਰੋਂ ਅੱਗੋਂ ਉਹਨਾਂ ਦੀ ਔਲਾਦ ਬੋਲੇਗੀ, "ਡੈਡ ਇਜ਼ ਨਾਟ ਐਟ ਹੋਮ।"

"ਕਿੱਥੇ ਗਏ ਨੇ, ਤੇ ਕਦੋਂ ਆਉਣਗੇ? " ਅੱਗੋਂ ਪੁੱਛੀਦਾ ਹੈ।

"ਮੈਂ ਫਲਾਣਾ ਅੰਕਲ ਬੋਲ ਰਿਹਾ ਹਾਂ।"

"ਓਹ! ਆਈ ਸੀ।" ਅੱਗੋਂ ਪੁਤਰ ਜਾਂ ਧੀ ਆਖੇਗੀ। "ਬਟ ਹੀ ਇਜ਼ ਨੌਟ ਹੀਅਰ ਐਂਡ ਆਈ ਡੌਂਟ ਨੋਅ ਵੇਅਰ ਹੀ ਇਜ਼, ਬਾਇ ਬਾਇ।" ਅੱਗੋਂ ਫੋਨ ਠੱਪ ਹੋ ਜਾਂਦਾ ਹੈ। ਪੁਤਰ ਜਾਂ ਧੀ ਦਾ ਸ਼ਾਇਦ "ਟੌਪ ਆਫ ਦਾ ਪੌਪ" ਪ੍ਰੋਗਰਾਮ ਮਿਸ ਹੋ ਰਿਹਾ ਹੁੰਦਾ ਹੈ।

ਅਸਲ ਵਿਚ ਪਹਿਲੀਆਂ ਵਿਚ ਏਸ ਕਰਕੇ ਵੀ ਇਕ ਦੂਜੇ ਨਾਲ ਸਨੇਹ ਵਧੇਰੇ ਸੀ ਕਿ ਦੇਸੋਂ ਨਵੇਂ ਨਵੇਂ ਆਏ ਹੋਣ ਕਾਰਣ ਸਾਨੂੰ ਸਰੀਰਕ ਅਤੇ ਮਾਨਸਿਕ ਇਕੱਲਤਾ ਬੜੀ ਸੀ। ਓਪਰੇ ਦੇਸ ਵਿਚ ਓਪਰੇ ਮਸਲੇ ਪੇਸ਼ਤਰ ਹੋ ਰਹੇ ਸਨ। ਪੰਜਾਬ ਦੇ ਖੁੱਲ੍ਹੇ ਡੁੱਲ੍ਹੇ ਖੇਤ ਤੇ ਤਾਜ਼ਾ ਹਵਾਵਾਂ ਯਾਦ ਆ ਰਹੀਆਂ ਸਨ। ਝੜਕ ਮੜ੍ਹਕ ਵਾਲੇ ਪੱਛਮੀ ਮਾਹੌਲ ਵਿਚ ਅਸੀਂ ਝਿੜੀਆਂ ਦੇ ਰੁੱਖਾਂ ਤੋਂ ਲਿਆ ਕੇ ਖ਼ੂਸਬੂਰਤ ਪਿੰਜਰੇ ਵਿਚ ਡੱਕੇ ਪੰਛੀਆਂ ਵਾਂਗੂੰ ਹੋ ਗਏ ਸਾਂ। ਰੂਹ ਸਾਡੀ ਦੇਸ ਵਸਦੀ

ਸੀ ਤੇ ਸਾਡੇ ਕਲਬੂਤ ਪ੍ਰਦੇਸ ਵਸਦੇ ਵਿਚ ਸਨ। ਅੱਜ ਸਵੇਰੇ ਜਦੋਂ ਮੈਂ ਆਪਣੇ ਪੁਰਾਣੇ ਕਾਗਜ਼ਾਤ ਫਰੋਲ ਰਿਹਾ ਸਾਂ ਤਾਂ 1962-63 ਦਾ ਲਿਖਿਆ ਹੋਇਆ ਮੇਰਾ ਇਕ ਗੀਤ ਹੱਥ ਲੱਗਾ। ਜੀਹਦਾ ਇਕ ਸ਼ੇਅਰ ਮੈਂ ਤੁਹਾਡੇ ਨਾਲ ਸਾਂਝਾ ਕਰ ਰਿਹਾ ਹਾਂ :-

ਕੇਹੀ ਰਾਤ ਵਿਛੋੜੇ ਵਾਲੀ  ਚਾਨਣ ਵੀ ਦਏ ਸੇਕ
ਵੇ ਮੇਰਿਆ ਮਹਿਰਮਾਂ  ਕੇਹੀ ਲੱਗ ਗਈ ਪ੍ਰੇਮ-ਚੁਆਤੀ
ਜਿੰਦ ਮੇਰੀ ਅੱਜ ਫਿਰੇ ਗਵਾਚੀ  ਸੇਜ ਅਸਾਡੀ ਦੇਹ ਨੂੰ ਪੱਛਦੀ
ਕੰਡੜੇ ਜੀਕਣ ਹੇਠ।  ਵੇ ਮੇਰਿਆ ਮਹਿਰਮਾ।
ਰੂਹ ਹੈ ਤੈਂਡੇ ਦੇਸ ਵੇ ਮੇਰਿਆ ਮਹਿਰਮਾ।

ਉਦੋਂ ਵਤਨ ਦਾ ਵਿਛੋੜਾ ਦਿਲ ਨੂੰ ਇਕ ਧੂਹ ਜਿਹੀ ਪਾਉਂਦਾ ਹੁੰਦਾ ਸੀ। ਜਦੋਂ ਕੋਈ ਦੇਸ ਜਾਂਦਾ ਤਾਂ ਉਹਨੂੰ ਕਈ ਕਈ ਜਣੇ ਛੱਡਣ ਜਾਂਦੇ ਤੇ ਆਪਣੇ ਮਿਤਰਾਂ, ਦੋਸਤਾਂ ਤੇ ਸੰਬੰਧੀਆਂ ਨੂੰ ਸੁਖ ਸੁਨੇਹੇ ਭੇਜਦੇ ਤੇ ਜਦੋਂ ਕੋਈ ਨਵਾਂ ਬੰਦਾ ਦੇਸੋਂ ਆਉਂਦਾ ਤਾਂ ਉਹਦੇ ਕੋਲੋਂ ਨੌਂਤੀ ਸੌ ਸਵਾਲ ਪੁੱਛੇ ਜਾਂਦੇ।ਪਰ ਹੁਣ ਏਨੇ ਵਰ੍ਹੇ ਅਸੀਂ ਦੇਖਦੇ ਰਹੇ ਹਾਂ ਕਿ ਦੇਸ ਦੀ ਹਾਲਤ ਦਿਨ ਬਦਿਨ ਨਿੱਘਰ ਰਹੀ ਹੈ। ਦੂਰ ਰਹਿਣ ਨਾਲ ਪਿਛਾਂਹ ਬੈਠੇ ਰਿਸ਼ਤੇਦਾਰਾਂ ਵਿਚ ਭੁਲੇਖੇ ਪੈਂਦੇ ਜਾ ਰਹੇ ਹਨ। ਬੱਚੇ ਏਥੇ ਵਡੇ ਹੋ ਰਹੇ ਹਨ ਤੇ ਸਾਡੇ ਹਿੱਤ ਉਹਨਾਂ ਨਾਲ ਹੀ ਬੱਝ ਗਏ ਹਨ ਤੇ ਉਹ ਇਸ ਦੇਸੋਂ ਜਾਣਾ ਨਹੀਂ ਚਾਹੁੰਦੇ। ਸਾਡੇ ਲੋਕੀ ਪੈਸੇ ਧੇਲੇ ਵਲੋਂ ਵੀ ਹੁਣ ਸੌਖੇ ਹੋ ਗਏ ਹਨ ਤੇ ਅਕਸਰ ਹੀ ਦੇਸ ਦਾ ਚੱਕਰ ਲਾਉਂਦੇ ਰਹਿੰਦੇ ਹਨ। ਦੇਸੋਂ ਵੀ ਕੋਈ ਨਾ ਕੋਈ ਆਉਂਦਾ ਹੀ ਰਹਿੰਦਾ ਹੈ। ਜੇ ਹੋਰ ਨਹੀਂ ਤਾਂ ਸਾਡੇ ਐਮ.ਐਲ.ਏ., ਐਮ ਪੀ ਤੇ ਵਜ਼ੀਰ ਤਾਂ ਗਰਮੀਆਂ ਦਾ ਮੌਸਮ ਬਿਤਾਉਂਦੇ ਹੀ ਲੰਡਨ, ਬ੍ਰਮਿੰਘਮ ਤੇ ਸਾਊਥਾਲ ਵਿਚ ਹਨ। ਇਥੋਂ ਆਪੂੰ ਸਜੇ ਲੀਡਰ ਅਤੇ ਪੰਜਾਬੀ ਸਿਆਸਤਦਾਨ ਵੀ ਅਕਸਰ ਹੀ ਇੰਡੀਆ ਦੇ ਚੱਕਰ ਮਾਰਕੇ ਅਖਬਾਰਾਂ ਨੂੰ ਬਿਆਨ ਦਿੰਦੇ ਰਹਿੰਦੇ ਹਨ ਤੇ ਫ਼ੋਟੋਆਂ ਛਪਾਈ ਜਾਂਦੇ ਹਨ।

ਪੰਜਾਬੀ ਪਰਚਿਆਂ ਨੇ ਦੇਸ ਨੂੰ ਹੋਰ ਵੀ ਨੇੜੇ ਲੈ ਆਂਦਾ ਹੈ। ਰੀਕਾਰਡਾਂ ਤੇ ਭਾਰਤੋਂ ਆਉਂਦੀਆਂ ਫਿਲਮਾਂ ਤੇ ਅਖਬਾਰਾਂ ਨੇ ਤਾਂ ਹੋਰ ਵੀ ਕਮਾਲ ਕਰ ਛੱਡੀ ਹੈ। ਹੁਣ ਭੌਤਿਕ ਇਕੱਲਤਾ ਤਾਂ ਰਹੀ ਨਹੀਂ, ਮਾਨਸਿਕ ਇਕੱਲਤਾ ਏਸ ਲਈ ਮੌਜੂਦ ਹੈ ਕਿ ਇਥੋਂ ਦੀ ਮਸ਼ੀਨੀ ਜ਼ਿੰਦਗੀ ਤੇ ਨਸਲਵਾਦੀ ਵਤੀਰਾ ਸਾਨੂੰ ਗਵਾਰਾ ਨਹੀਂ। ਪਰ ਫ਼ੇਰ ਵੀ ਸਾਡੇ ਲੋਕੀਂ ਆਪਸ ਵਿਚ ਦੀ ਭਰਾਤ੍ਰੀਅਤਾ ਅਤੇ ਦੋਸਤੀ ਵਾਲਾ ਵਾਤਾਵਰਣ ਕਿਉਂ ਖਤਮ ਕਰ ਰਹੇ ਹਨ?

ਸਾਨੂੰ ਸਭ ਨੂੰ ਏਸ ਸਥਿਤੀ ਵਲ ਗੌਰ ਕਰਨਾ ਚਾਹੀਦਾ ਹੈ।ਆਪਸੀ ਤਾਲਮੇਲ ਨਾਲ ਹੀ ਅਸੀਂ ਇਥੇ ਆਉਂਦੀਆਂ ਮੁਸ਼ਕਲਾਂ ਲਈ ਸਾਂਝਾ ਫਰੰਟ ਕਾਇਮ ਕਰ ਸਕਦੇ ਹਾਂ। ਏਸ ਤਾਲਮੇਲ ਨਾਲ ਹੀ ਅਸੀਂ ਆਪਣੇ ਸਭਿਆਚਾਰ, ਧਰਮ ਅਤੇ ਬੋਲੀ ਨੂੰ ਚਿਰੰਜੀਵ ਰਖ ਸਕਦੇ ਹਾਂ। ਸੋ ਆਓ ਟਾਮਸ ਵੁਲਫ ਦੇ ਆਖਣ ਅਨੁਸਾਰ ਆਪਣੇ ਵਿਚਕਾਰ ਦੀਵਾਰਾਂ ਨਾ ਬਣਾਈਏ ਸਗੋਂ ਪੁੱਲ ਬਣਾਈਏ।

(1978)

# ਪਹੁੰਚੇ ਹਾਂ ਕਿਸੇ ਮੁਕਾਮ 'ਤੇ...

ਇਕ ਦੋਸਤ ਪੰਜਾਬ ਤੋਂ ਹੋ ਕੇ ਆਇਆ ਤਾਂ ਮੈਂ ਹਾਲ ਚਾਲ ਪੁੱਛਣ ਲਈ ਫੋਨ ਕੀਤਾ। ਉਸ ਦੀ ਆਵਾਜ਼ ਵਿਚ ਵਤਨੋਂ ਪਰਤੇ ਬੰਦੇ ਵਾਲਾ ਹੁਲਾਸ ਤੇ ਚਾਅ ਨਹੀਂ ਸੀ। ਉਹ ਖੁੱਲ੍ਹ ਖੁੱਲ੍ਹ ਕੇ ਗੱਲਾਂ ਕਰਨ ਦੀ ਥਾਂ ਇਹੋ ਆਖੀ ਜਾਏ, "ਬੱਸ ਪੰਜਾਬ ਤਾਂ ਖਤਮ ਹੀ ਹੋ ਗਿਆ ਹੈ। ਪੰਜਾਬ ਨੂੰ ਇਨ੍ਹਾਂ ਨੇ ਮਾਰ ਦਿਤਾ ਹੈ। ਐਵੇਂ ਬੱਸ ਹੁਣ ਲਾਸ਼ ਪਈ ਹੈ। ਸੁਆਦ ਈ ਕੋਈ ਨਹੀਂ ਆਇਆ। ਆ ਕੇ ਪ੍ਰਸ਼ਾਦ ਚੜ੍ਹਾਇਆ ਗੁਰਦਵਾਰੇ ਕਿ ਬਾਬਾ ਤੇਰਾ ਥੈਂਕ ਯੂ ਜੋ ਜੀਂਦੇ ਵਾਪਸ ਮੋੜ ਲਿਆਇਆਂ।"

ਇਸ ਤਰਾਂ ਦੀ ਟਿੱਪਣੀ ਮੈਂ ਪਹਿਲਾਂ ਕਦੇ ਕਿਸੇ ਦੇ ਮੂੰਹੋਂ ਨਹੀਂ ਸੀ ਸੁਣੀ। ਇਹ ਇਸ ਕਿਸਮ ਦੀ ਟਿੱਪਣੀ ਹੈ, ਜੀਕੂੰ ਕੋਈ ਬੰਦਾ ਕਿਸੇ ਦੁਸ਼ਮਣ ਦੇ ਦੇਸੋਂ ਜਿਉਂਦਿਆਂ ਪਰਤ ਆਇਆ ਹੋਵੇ। ਕੋਈ ਜਣਾ ਇਕ ਦਿਨ ਦੱਸੇ ਕਿ ਉਹ ਦਸਾਂ ਸਾਲਾਂ ਤੋਂ ਦੇਸ ਨਹੀਂ ਗਿਆ। ਉਸਦਾ ਪ੍ਰੋਗਾਰਮ ਚੁਰਾਸੀ ਦੇ ਅਖੀਰ 'ਚ ਜਾਣ ਦਾ ਸੀ ਪਰ ਹਾਲਾਤ-ਵਸ ਜਾ ਨਹੀਂ ਸੀ ਸਕਿਆ। ਹੁਣ ਜਦੋਂ ਉਹ ਜਾਣਾ ਚਾਹੁੰਦਾ ਹੈ ਤਾਂ ਉਹਦੇ ਹੀ ਭਾਰਤ ਵਿਚਲੇ ਨਿਕਟਵਰਤੀ ਉਹਨੂੰ ਆਉਣੋਂ ਵਰਜ ਰਹੇ ਹਨ। ਉਹ ਕਹਿੰਦੇ ਹਨ "ਅਸੀਂ ਤਾਂ ਭੱਠੀ 'ਚ ਝੋਕੇ ਹੋਏ ਆਂ। ਤੂੰ ਤਾਂ ਨਾ ਮਨਮਰਜ਼ੀ ਨਾਲ ਆਪਣੇ ਆਪ ਨੂੰ ਝੋਕਣ ਆ ਈਹਦੇ 'ਚ। 'ਅਖ਼ੇ ਆ ਬੈਲ ਮੁਝੇ ਮਾਰ'। ਅਸਾਂ ਲੋਕਾਂ ਵਾਸਤੇ ਦੇਸ ਹੁਣ ਰੇਤਲਾ ਕੰਢਾ ਬਣ ਗਿਆ ਹੈ। ਜਿਉਂ ਜਿਉਂ ਇਹਨੂੰ ਫੜਨ ਦੀ ਕੋਸ਼ਿਸ਼ ਕਰ ਰਹੇ ਹਾਂ ਤਿਉਂ ਤਿਉਂ ਬਸ ਭੁਰਦਾ ਹੀ ਜਾ ਰਿਹਾ ਹੈ।"

ਆਗੂ ਲੋਕ ਦੇਸੀਂ ਵਿਦੇਸੀਂ ਧੂੰਆਂਧਾਰ ਤਕਰੀਰਾਂ ਕਰ ਰਹੇ ਹਨ। ਕੁਰਸੀਆਂ ਦੀ ਸੁਰਖਿਅਤਾ ਲਈ ਲੱਛੇਦਾਰ ਵਾਅਦੇ ਕਰ ਰਹੇ ਹਨ। ਮਤਵਾਜ਼ੀ ਸਰਕਾਰਾਂ ਬਣ ਰਹੀਆਂ ਹਨ। ਵਿਦੇਸ਼ਾਂ ਵਿਚ ਪ੍ਰਤੱਖ ਤੌਰ ਤੇ ਦੇਸ ਵਿਚ ਅਪ੍ਰੱਤਖ ਤੌਰ ਤੇ। ਜਿਸਦਾ ਇਸ ਭਗਦੜ ਵਿਚ ਕੋਈ ਨੁਕਸਾਨ ਨਹੀਂ ਹੋਇਆ, ਉਹ ਮਾਰਧਾੜ ਤੇ ਸ਼ਹੀਦੀਆਂ ਦੀਆਂ ਗੱਲਾਂ ਕਰਦਾ ਹੈ। ਜਿਸਦਾ ਘਰ ਲੁੱਟਿਆ ਗਿਆ ਤੇ ਜਾਨ ਮਾਲ ਦਾ ਨੁਕਸਾਨ ਹੋਇਆ ਹੈ, ਉਸਨੂੰ ਹੀ ਸੇਕ ਆ ਰਿਹਾ ਹੈ। ਬਾਕੀਆਂ ਨੂੰ ਇਹ ਅੱਗਾਂ ਬਸੰਤਰ ਲੱਗ ਰਹੀਆਂ ਹਨ।ਕਿਸੇ ਨੂੰ ਕੋਈ ਕੁਝ ਨਹੀਂ ਕਹਿ ਸਕਦਾ। ਹਰ ਕੋਈ ਡਾਂਗੋ ਸੋਟੀ ਹੋਣ ਨੂੰ ਤਿਆਰ ਹੈ। ਦਲੀਲ ਕਿਸੇ ਦੀ ਕੋਈ ਨਹੀਂ ਸੁਣਦਾ। ਆਲੋਚਕਾਂ ਨੂੰ ਦੁਸ਼ਮਣਾਂ ਵਾਲੇ ਸ਼ਬਦ ਦਿਤੇ ਜਾ ਰਹੇ ਹਨ। ਇਸ ਰਾਮ ਰੌਲੇ ਵਿਚ ਪੰਜਾਬ ਅਤੇ ਪੰਜਾਬੀਅਤ ਖ਼ਤਮ ਹੋ ਰਹੀ ਹੈ। ਅਸੀਂ ਕਿਸ ਮੁਕਾਮ 'ਤੇ ਪਹੁੰਚ ਗਏ ਹਾਂ?

ਖ਼ਬਰਾਂ ਆ ਰਹੀਆਂ ਹਨ-ਬੱਸਾਂ 'ਚੋਂ ਕਢ ਕੇ ਹਿੰਦੂ ਮਾਰੇ ਜਾ ਰਹੇ ਹਨ। ਉਹ ਹਿੰਦੂ ਜਿਹੜੇ ਕਿਸੇ ਸਿੱਖ ਦੇ ਗਵਾਂਢ ਹੋਣਗੇ। ਖੌਰੇ ਕਈਆਂ ਸਿੱਖਾਂ ਦੇ ਰਿਸ਼ਤੇਦਾਰ ਵੀ। ਇਹਨਾਂ ਮਾਰੇ

ਗਏ ਲੋਕਾਂ ਦੇ ਬੱਚੇ ਯਤੀਮ ਹੋ ਗਏ ਹਨ। ਭੈਣਾਂ ਦੇ ਵੀਰ ਚਲੇ ਗਏ ਹਨ, ਮਾਵਾਂ ਦੇ ਪੁੱਤਰ ਤੇ ਤ੍ਰੀਮਤਾਂ ਦੇ ਖਾਵੰਦ। ਇਹ ਉਹੀ ਹਿੰਦੂ ਮਾਰੇ ਗਏ ਹਨ, ਜਿਹਨਾਂ ਨੂੰ ਬਚਾਉਣ ਲਈ ਗੁਰੂ ਤੇਗ ਬਹਾਦਰ ਜੀ ਨੇ ਸੀਸ ਦਿਤਾ ਸੀ।

ਖ਼ਬਰਾਂ ਆ ਰਹੀਆਂ ਹਨ ਕਿ ਪੱਗਾਂ ਵਾਲੇ ਸਿੱਖਾਂ ਦੀਆਂ ਜਾਨਾਂ ਸੁਰਖਿਅਤ ਨਹੀਂ ਹਨ ਪੰਜਾਬ ਤੋਂ ਬਾਹਰ। ਉਹਨਾਂ ਦੀਆਂ ਧੀਆਂ ਭੈਣਾਂ ਦੀ ਇੱਜ਼ਤ ਆਬਰੂ ਮਹਿਫ਼ੂਜ਼ ਨਹੀਂ। ਉਹਨਾਂ ਦੇ ਘਰਾਂ ਦੇ ਚਿਰਾਗ ਕਿਸੇ ਵੇਲੇ ਵੀ ਬੁਝ ਸਕਦੇ ਹਨ। ਖ਼ਬਰਾਂ ਆ ਰਹੀਆਂ ਹਨ ਕਿ ਦਿੱਲੀ ਵਿਚ ਦੋ ਸਿੱਖਾਂ ਨੇ ਇਕ ਟਰੱਕ ਪੁਲਸੀਆਂ ਉਤੇ ਚਾਹੜ ਦਿਤਾ ਤੇ ਤਿੰਨ ਪੁਲਸੀਏ ਮਾਰੇ ਗਏ। ਉਹਨਾਂ ਦੇ ਸਾਥੀਆਂ ਨੇ ਟਰੱਕ ਵਿਚਲੇ ਸਿੱਖਾਂ ਨੂੰ ਧੂਹ ਕੇ ਬਾਹਰ ਕੱਢ ਲਿਆ ਅਤੇ ਕੁੱਟ ਕੁੱਟ ਕੇ ਥਾਏਂ ਮਾਰ ਦਿੱਤਾ। ਮਰ ਗਿਆਂ ਨੂੰ ਕਿਸੇ ਅਦਾਲਤ ਵਿਚ ਸਫਾਈ ਪੇਸ਼ ਕਰਨ ਦਾ ਮੌਕਾ ਨਹੀਂ ਦਿਤਾ ਗਿਆ। ਹੋ ਸਕਦੈ ਕਿ ਟਰੱਕ ਬੇਕਾਬੂ ਹੋ ਗਿਆ ਹੋਵੇ ਜਾਂ ਉਸ ਦੀਆਂ ਬਰੇਕਾਂ ਫਿਹਲ ਹੋ ਗਈਆਂ ਹੋਣ। ਐਪਰ ਜੇ ਸਚਮੁਚ ਹੀ ਇਹਨਾਂ ਸਿਖਾਂ ਦਾ ਇਰਾਦਾ ਇਹੀ ਸੀ ਕਿ ਪੁਲਸੀਆਂ ਨੂੰ ਟਰੱਕ ਦੁਆਰਾ ਕਤਲ ਕਰਨਾ ਹੈ ਤਾਂ ਉਸਦਾ ਫੈਸਲਾ ਅਦਾਤਲ ਕਰਦੀ ਤੇ ਉਹਨਾਂ ਨੂੰ ਯੋਗ ਸਜ਼ਾਵਾਂ ਦਿੰਦੀ। ਪਰ ਨਹੀਂ-ਖਿਝੇ ਹੋਏ ਪੁਲਸੀਏ ਅਦਾਲਤ ਉਤੇ ਵਿਸ਼ਵਾਸ ਨਹੀਂ ਸਨ ਕਰਨਾ ਚਾਹੁੰਦੇ। ਹੋ ਸਕਦਾ ਹੈ ਕਿ ਉਹ ਸਿੱਖ ਬਰੀ ਹੋ ਜਾਂਦੇ। ਬਾਅਦ ਵਿਚ ਇਕ ਪੁਲਸੀਆਂ ਕਹਿੰਦਾ ਹੈ : "ਇਹਨਾਂ ਸਭ ਸਿੱਖਾਂ ਨੂੰ ਇਕ ਇਕ ਕਰ ਕੇ ਖਤਮ ਕਰ ਦੇਣਾ ਚਾਹੀਦਾ ਹੈ।" ਇਕ ਸੈਕੁਲਰ ਮੁਲਕ ਦੇ ਸਿਪਾਹੀ ਦੀ ਇਹ ਭਾਸ਼ਾ ਮਾਅਰਕਾਖੇਜ਼ ਹੈ। ਅਸੀਂ ਕਿਸ ਮੁਕਾਮ 'ਤੇ ਪਹੁੰਚ ਗਏ ਹਾਂ?

ਖਬਰਾਂ ਆ ਰਹੀਆਂ ਹਨ ਕਿ ਤ੍ਰਿਸ਼ੂਲਾਂ ਵਾਲੇ ਲੋਕ ਵੰਗਾਰ ਰਹੇ ਹਨ ਕਿ ਸਿੱਖਾਂ ਦੇ ਗੁਰਦਵਾਰਿਆਂ ਨੂੰ ਅਗਨ-ਭੇਂਟ ਕਰ ਦਿਤਾ ਜਾਵੇਗਾ। ਉਹਨਾਂ ਵਿਚ ਇਕ ਗੁਰਦਵਾਰਾ ਉਹ ਵੀ ਹੈ ਜਿਥੇ ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਦੀ ਸੁਰੱਖਿਅਤਾ ਲਈ ਸੀਸ ਦਿਤਾ ਸੀ।

ਖ਼ਬਰਾਂ ਆ ਰਹੀਆਂ ਹਨ ਕਿ ਸਿੱਖਾਂ ਨੂੰ ਸਬਕ ਸਿਖਾਉਣ ਲਈ 1984 ਦਾ ਕਿੱਸਾ ਫਿਰ ਦੁਹਰਾਇਆ ਜਾਵੇਗਾ। ਕਈਆਂ ਖ਼ੂਬਸੂਰਤ ਪੱਗਾਂ ਵਾਲਿਆਂ ਨੇ ਵਾਲ ਕਟਾ ਕੇ ਬੋਦੇ ਰੱਖ ਲਏ ਹਨ। ਗੌਤਮ ਬੁੱਧ ਤੇ ਗਾਂਧੀ ਦੇ ਦੇਸ਼ ਵਿਚ ਸ਼ਖਸੀ ਆਜ਼ਾਦੀ ਦੇ ਮਾਅਨੇ ਬਦਲ ਗਏ ਹਨ। ਅਸੀਂ ਕਿਸ ਮੁਕਾਮ 'ਤੇ ਪਹੁੰਚ ਗਏ ਹਾਂ?

ਖਬਰਾਂ ਆ ਰਹੀਆਂ ਹਨ ਕਿ ਪੰਜਾਬ 'ਚੋਂ ਹਿੰਦੂਆਂ ਨੂੰ ਦਹਿਲ-ਅੰਦੇਜ਼ ਕਰ ਕੇ ਭਜਾ ਦਿਤਾ ਜਾਵੇਗਾ। ਖੰਡਿਆਂ, ਕਟਾਰਾਂ, ਤਲਵਾਰਾਂ, ਬਰਛਿਆਂ ਅਤੇ ਪਿਸਤੌਲਾਂ ਦਾ ਡਰਾਵਾ ਦਿਤਾ ਜਾ ਰਿਹਾ ਹੈ। 1947 ਵਰਗੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ। ਹਿੰਦੂ ਸਿੱਖ ਵਿਚਲੇ ਰਿਸ਼ਤੇ ਦੀ ਕੜੀ ਨੂੰ ਕਮਜ਼ੋਰ ਕਰਨ ਦੇ ਯਤਨ ਹੋ ਰਹੇ ਹਨ। ਕਤਲ ਹੋ ਰਹੇ ਹਨ ਪਰ ਕਾਤਲ ਫੜੇ ਨਹੀਂ ਜਾ ਰਹੇ। ਹਰ ਕਤਲ ਇਕ ਧਿਰ ਦੇ ਜ਼ੁੰਮੇ ਲਗ ਰਿਹਾ ਹੈ। ਇਸ ਧਿਰ ਬਾਰੇ ਸਰਕਾਰ ਕਹਿ ਰਹੀ ਹੈ ਕਿ ਇਹਨਾਂ ਪਿਛੇ ਵਿਦੇਸ਼ੀ ਤਾਕਤਾਂ ਦਾ ਹੱਥ ਹੈ। ਦੁਨੀਆ ਦੇ ਪਹਿਲੇ ਦੇਸਾਂ ਦੀ ਕਤਾਰ ਵਿਚ ਖੜੋਣ ਵਾਲੀ ਭਾਰਤੀ ਫੌਜ ਤੇ ਇਸ ਨੂੰ ਕੰਟਰੋਲ ਕਰਨ ਵਾਲੀ ਸਰਕਾਰ ਇਸ 'ਵਿਦੇਸ਼ੀ ਤਾਕਤ' ਦੀਆਂ ਹਰਕਤਾਂ ਨੂੰ ਨੱਥ ਪਾਉਣੋਂ ਅਸਮਰਥ ਹੈ। ਅਸੀਂ ਕਿਸੇ ਮੁਕਾਮ 'ਤੇ ਪਹੁੰਚ ਗਏ ਹਾਂ?

ਅਸੀਂ ਕੋਪਨਹੈਗਨ ਤੋਂ ਗੱਡੀ ਫੜੀ ਤਾਂ ਸਵੀਡਨ ਦੀ ਸਰਹੱਦ ਤੋਂ ਪਹਿਲਾਂ ਸਮੁੰਦਰੀ

ਬੇੜੇ ਰਾਹੀਂ ਸਮੁੰਦਰ ਨੂੰ ਪਾਰ ਕਰਨ ਦੀ ਲੋੜ ਪਈ। ਦੂਜੇ ਪਾਸੇ ਉਤਰੇ ਤਾਂ ਮੈਂ ਦੇਖਿਆ ਕਿ ਮੇਰੇ ਅਤੇ ਮੇਰੀ ਪਤਨੀ ਤੋਂ ਸਿਵਾ ਕੋਈ ਵੀ ਕਾਲਾ ਮੁਸਾਫਿਰ ਨਹੀਂ ਸੀ। ਯਸ਼ (ਮੇਰੀ ਪਤਨੀ) ਨੇ ਚੂੰਕਿ ਅੰਗਰੇਜ਼ੀ ਡਰੈਸ ਪਾਈ ਹੋਈ ਸੀ ਤੇ ਰੰਗ ਵੀ ਉਸਦਾ ਗੋਰਾ ਹੈ, ਇਸ ਲਈ ਉਹ ਤਾਂ ਚੁਪ ਕਰ ਕੇ ਲੰਘ ਗਈ ਪਰ ਜਦੋਂ ਖੜੋਤੇ ਪੁਲਸ ਅਫਸਰਾਂ ਨੇ ਮੈਨੂੰ ਦੇਖਿਆ, ( ਸ਼ਾਇਦ ਮੇਰੇ ਰੰਗ ਕਾਰਨ)) ਤਾਂ ਝੱਟ ਅੱਗੇ ਹੋ ਕੇ ਰੋਕ ਲਿਆ। ਉਸਨੇ ਹੋਰ ਕਿਸੇ ਦਾ ਪਾਸਪੋਰਟ ਨਹੀਂ ਸੀ ਮੰਗਿਆ ਪਰ ਮੇਰੇ ਤਾਂ ਖਹਿੜੇ ਪੈ ਹੀ ਗਿਆ।

ਭੀੜ 'ਚ ਰਤਾ ਕੁ ਅੱਗੇ ਤੁਰੀ ਜਾ ਰਹੀ ਆਪਣੀ ਪਤਨੀ ਨੂੰ ਮੈਂ ਵਾਪਸ ਬੁਲਾਇਆ ਕਿ ਹੌਲਦਾਰ ਪਾਸਪੋਰਟ ਮੰਗ ਰਿਹਾ ਹੈ। ਪਰ ਰੌਲੇ ਵਿਚ ਉਸਨੂੰ ਸੁਣਾਈ ਨਾ ਦਿਤਾ। ਪੁਲੀਸ ਅਫਸਰ ਅੰਗਰੇਜ਼ੀ ਨਹੀਂ ਸੀ ਬੋਲ ਰਿਹਾ ਤੇ ਨਾ ਹੀ ਸਮਝ ਰਿਹਾ ਸੀ। ਬੜੀ ਮੁਸੀਬਤ ਬਣ ਗਈ। ਪੁਲਸੀਏ ਚੌਕੰਨੇ ਹੋ ਗਏ। ਉਹਨਾਂ ਵਿਚੋਂ ਇਕ ਜਣਾ ਅੰਗਰੇਜ਼ੀ ਸਮਝਦਾ ਤੇ ਬੋਲਦਾ ਸੀ। ਉਸਨੇ ਮੈਨੂੰ ਕਿਹਾ ਕਿ ਫਿਕਰ ਨਾ ਕਰੋ, ਅਜਕਲ ਕਿਉਂਕਿ ਤੁਹਾਡੇ ਰੰਗ ਵਰਗੇ ਬਹੁਤ ਬੰਦੇ ਗੈਰ-ਕਾਨੂੰਨੀ ਤੌਰ ਤੇ ਸਵੀਡਨ 'ਚ ਦਾਖਲ ਹੋ ਰਹੇ ਹਨ, ਇਸ ਲਈ ਅਸੀ ਭਾਰਤੀ ਉਰਿਜਨ ਵਾਲੇ ਬੰਦਿਆਂ ਨੂੰ ਚੈਕ ਕਰ ਰਹੇ ਹਾਂ। ਵਿਸ਼ਵਾਸ ਕਰਨਾ ਪਿਛਲੇ ਹਫਤੇ ਹੀ ਅਸੀਂ ਤੁਹਾਡੇ ਵਾਂਗ ਲੰਘਦੇ ਘੱਟੋ ਘੱਟ ਦਸ ਬੰਦੇ ਕਾਬੂ ਕੀਤੇ ਹਨ। ਉਹ ਸਭ ਗ਼ੈਰ ਕਾਨੂੰਨੀ ਆਵਾਸੀ ਸਨ। ਖੁਸ਼ਕਿਸਮਤੀ ਨਾਲ ਏਨੇ ਨੂੰ ਮੇਰੀ ਪਤਨੀ ਨੂੰ ਅਹਿਸਾਸ ਹੋ ਚੁਕਾ ਸੀ ਕਿ ਮੈਂ ਪਿਛਾਂਹ ਰਹਿ ਗਿਆ ਸਾਂ। ਖੈਰ ਗੱਲ ਕੀ ਅਸੀਂ ਪਾਸਪੋਰਟ ਦਿਖਾਇਆ ਤਾਂ ਖਹਿੜਾ ਛੁੱਟਾ ਮੈਂ ਉਸ ਅਫ਼ਸਰ ਨੂੰ ਕਹਿਣਾ ਚਾਹੁੰਦਾ ਸਾਂ ਕਿ ਮੇਰੇ ਕੋਲ਼ ਤਾਂ ਬ੍ਰਿਟਿਸ਼ ਪਾਸਪੋਰਟ ਹੈ ।ਫ਼ਿਰ ਵੀ ਮੇਰੇ 'ਤੇ ਇਸ ਕਿਸਮ ਦੀ ਸ਼ੱਕ ਕਿਉਂ ਕੀਤੀ ਜਾ ਰਹੀ ਹੈ? ਪਰ ਹਾਲਾਤ ਨੂੰ ਦੇਖ਼ਦਿਆ ਅਸੀਂ ਚੁੱਪ ਹੀ ਭਲੀ ਸਮਝੀ।

ਇਹ ਕਹਾਣੀ ਮੈਂ ਇਸ ਲਈ ਦੱਸੀ ਹੈ ਕਿ ਵਿਦੇਸ਼ਾਂ ਵਿਚ ਹਰ ਹਿੰਦੁਸਤਾਨੀ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਉਤੋਂ ਤੁਅੱਜਬ ਇਹ ਹੈ ਕਿ ਭਾਰਤ ਨੂੰ ਜਾਣ ਵਾਸਤੇ ਵੀ ਵੀਜ਼ੇ ਦੀ ਲੋੜ ਹੈ। ਬਿਗਾਨਿਆਂ ਨੂੰ ਕੀ ਕਹੀਏ? ਹਮੁਸਾਏ ਹੀ ਸਾਡੇ ਉਤੇ ਸ਼ੱਕ ਕਰ ਰਹੇ ਹਨ। ਅੱਗੇ ਦੇਸ ਜਾਣਾ ਹੁੰਦਾ ਸੀ ਤਾਂ ਬੱਸ ਟਿਕਟ ਹੀ ਖਰੀਦਣਾ ਹੁੰਦਾ ਸੀ ਤੇ ਜਹਾਜ਼ ਚੜ੍ਹਨਾ ਹੁੰਦਾ ਸੀ। ਹੁਣ ਉਹ ਗੱਲਾਂ ਨਹੀਂ ਰਹੀਆਂ। ਅਸੀਂ ਕਿਸ ਮੁਕਾਮ 'ਤੇ ਪਹੁੰਚ ਗਏ ਹਾਂ?

ਭੂਰੇ ਰੰਗ ਦੇ ਲੋਕਾਂ ਨੂੰ ਬਿਦੇਸ਼ਾਂ ਵਿਚ ਸਿਰਫ ਸ਼ੱਕ ਦੀਆਂ ਅਤੇ ਨਫਰਤ ਦੀਆਂ ਨਜ਼ਰਾਂ ਨਾਲ ਹੀ ਨਹੀਂ ਦੇਖਿਆ ਜਾਂਦਾ, ਉਹਨਾਂ ਨੂੰ ਮਾਰਿਆ ਕੁੱਟਿਆ ਵੀ ਜਾਂਦਾ ਹੈ। ਘਰਾਂ ਨੂੰ ਅੱਗਾਂ ਤੇ ਦੁਕਾਨਾਂ ਦੇ ਸ਼ੀਸ਼ੇ ਤੋੜੇ ਜਾਂਦੇ ਹਨ। ਨਸਲਵਾਦੀਏ ਏਸ਼ੀਆਈ ਤੇ ਕਾਲੇ ਲੋਕ ਨੂੰ ਇਕ ਦਿਨ ਵੀ ਆਪਣੇ ਮੁਲਕ ਵਿਚ ਨਹੀਂ ਦੇਖਣਾ ਚਾਹੁੰਦੇ। ਦਨਦਨਾਉਂਦੇ ਫਾਸ਼ੀ ਤੇ ਨਾਜ਼ੀ ਕਿਸਮ ਦੇ ਨਸਲਵਾਦੀਆਂ ਨਾਲ ਟੱਕਰ ਲੈਣ ਲਈ ਸਾਂਝੇ ਫਰੰਟ ਦੀ ਲੋੜ ਹੈ। ਏਸ਼ੀਆਈ ਲੋਕਾਂ ਦੀ ਯੂਨਿਟੀ ਬਾਝੋਂ ਨਸਲਵਾਦ ਦਾ ਦਿਓ ਖੂੰਝੇ ਨਹੀਂ ਲਾਇਆ ਜਾ ਸਕਦਾ। ਪਰ ਸਾਂਝਾਂ ਤਾਂ ਸਾਡੀਆਂ ਟੁੱਟ ਭੱਜ ਰਹੀਆਂ ਹਨ। ਫੈਕਟਰੀਆਂ ਦਫਤਰਾਂ ਅਤੇ ਹੋਰ ਥਾਈਂ ਹਿੰਦੂ ਸਿੱਖ ਇਕ ਦੂਜੇ ਵਲ ਬਿਟਰ ਬਿਟਰ ਤਕਦੇ ਹਨ। ਗੱਲ ਗੱਲ ਉਤੇ ਗਾਲੀ ਗਲੋਚ ਹੁੰਦੇ ਹਨ। ਫਿਰ ਭਲਾ ਉਹ ਇਕਮੁਠ ਹੋ ਕੇ ਨਸਲਵਾਦ ਵਿਰੁਧ ਕਿਵੇਂ ਘੋਲ ਘੁਲ ਸਕਦੇ ਹਨ? ਸਾਡਾ ਭਵਿਖ ਇਥੇ ਹੈ। ਸਾਡੇ ਬੱਚਿਆਂ ਦਾ ਭਵਿਖ ਇਥੇ ਹੈ। ਫਿਰ ਅਸੀਂ ਕਿਥੇ ਭਵਿਖ ਸਿਰਜਣਾ ਚਾਹੁੰਦੇ ਹਾਂ? ਯਾਰੋ

ਸਾਡੀ ਸੋਚ ਨੂੰ ਕੀ ਹੋ ਗਿਆ ਹੈ? ਭਲਾ ਅਸੀਂ ਕਿਸ ਮੁਕਾਮ 'ਤੇ ਪਹੁੰਚ ਗਏ ਹਾਂ?

ਗਾਰਡੀਅਨ ਅਖ਼ਬਾਰ 'ਚ ਪੜ੍ਹਿਆ ਕਿ ਪਾਕਿਸਾਨ 'ਚ ਦੋ ਵੱਖੋ ਵੱਖਰੇ ਫਿਰਕਿਆਂ ਦੇ ਮੁਸਲਮਾਨਾਂ ਵਿਚਕਾਰ ਖੂਬ ਲੜਾਈ ਹੋਈ। ਜਾਨੀ ਤੇ ਮਾਲੀ ਨੁਕਸਾਨ ਹੋਇਆ। ਕਰਫਿਊ ਵੀ ਲਗਾਇਆ ਗਿਆ। ਤਾਰਿਕ ਅਲੀ ਦੀ ਕਿਤਾਬ ਯਾਦ ਆਈ Will Pakistan Survive' । ਸੋਚੀਦਾ ਹੈ ਕਿ ਧਰਮ ਦੇ ਬਿਨਾਅ ਉਤੇ ਬਣੇ ਹੋਏ ਮੁਲਕ ਵਿਚ ਵੀ ਲੋਕ ਲੜਦੇ ਹਨ? 1971 'ਚ ਇਕੋ ਧਰਮ ਵਾਲਿਆਂ ਨੇ ਬੰਗਾਲੀ ਮੁਸਲਮਾਨਾਂ ਉਤੇ ਉਹ ਸਿਤਮ ਢਾਏ ਕਿ ਰੌਂਗਟੇ ਖੜ੍ਹੇ ਹੋ ਗਏ। ਮਜ਼ਹਬ ਦਾ ਆਸਰਾ ਲੈ ਕੇ ਹਰ ਮਜ਼ਹਬੀ ਮੁਲਕ ਕੁਰਸੀ ਦੀ ਲੜਾਈ ਲੜਦਾ ਹੈ।

ਹਰ ਮਜ਼ਹਬੀ ਮੁਕੱਦਸ ਕਿਤਾਬ ਇਹੋ ਕਹਿੰਦੀ ਹੈ ਕਿ ਸਾਥੀ ਮਨੁੱਖਾਂ ਉਤੇ ਕਦੀ ਸਿਤਮ ਨਾ ਢਾਓ ਪਰ ਇਕੋ ਧਰਮ ਦੇ ਲੋਕ ਜਦੋਂ ਆਪਸ ਵਿਚ ਲੜੀ ਜਾਣ ਤਾਂ ਦੋਸ਼ ਮਜ਼ਹਬੀ ਮੁਕੱਦਸ ਕਿਤਾਬਾਂ ਦਾ ਨਹੀਂ, ਲੋਕਾਂ ਦੀ ਸੋਚ ਦਾ ਹੈ। ਈਰਾਨ ਤੇ ਈਰਾਕ ਵਿਚ ਜੋ ਕੁਝ ਹੋ ਰਿਹਾ ਹੈ, ਉਹ ਨਿਹਾਇਤ ਹਿਰਦੇਵੇਧਕ ਅਤੇ ਘਿਨਾਉਣਾ ਹੈ। ਮਜ਼ਹਬ ਦੇ ਨਾਮ ਉਤੇ ਬਾਰਾਂ ਬਾਰਾਂ ਤੇਰ੍ਹਾਂ ਤੇਰ੍ਹਾਂ ਸਾਲਾਂ ਦੇ ਮੁੰਡੇ ਕੁਰਬਾਨ ਕੀਤੇ ਜਾ ਰਹੇ ਹਨ। ਉਹਨਾਂ ਨੂੰ ਦਸਿਆ ਜਾ ਰਿਹਾ ਹੈ ਕਿ ਜ਼ਿੰਦਗੀ ਜ਼ਿੰਦਗੀ ਵਿਚ ਨਹੀਂ ਬਲਕਿ ਜ਼ਿੰਦਗੀ ਸ਼ਹੀਦੀ 'ਚ ਹੈ। ਮਜ਼ਹਬ ਦੇ ਨਾਮ ਉਤੇ ਭਲਾ ਕਿਥੇ ਕੁੜੱਤਣਾ ਨਹੀਂ ਘੋਲੀਆਂ ਗਈਆਂ? ਅਸੀਂ ਸਾਰੇ ਜਾਣਦੇ ਹਾਂ ਕਿ ਆਇਰਲੈਂਡ ਵਿਚ ਕੀ ਹੋ ਰਿਹਾ ਹੈ। ਮਨੁੱਖ ਕਿਸ ਮੁਕਾਮ 'ਤੇ ਪਹੁੰਚ ਗਿਆ ਹੈ?

ਇਸ ਲੇਖ ਦੇ ਸ਼ੁਰੂ ਵਿਚ ਭਾਰਤੋਂ ਆਏ ਮੇਰੇ ਇਕ ਦੋਸਤ ਨੇ ਕਿਹਾ ਸੀ ਕਿ ਇਹਨਾਂ ਨੇ ਪੰਜਾਬ ਨੂੰ ਮਾਰ ਦਿਤਾ ਹੈ। ਉਸਨੇ ਹੋਰ ਵਿਆਖਿਆ ਨਹੀਂ ਕੀਤੀ। ਨਾ ਹੀ ਮੈਨੂੰ ਵਿਆਖਿਆ ਦੀ ਲੋੜ ਹੈ। ਕਿਨ੍ਹਾਂ ਨੇ ਪੰਜਾਬ ਨੂੰ ਮਾਰ ਦਿਤਾ ਹੈ? ਇਹ ਵੀ ਹਰ ਕੋਈ ਅੰਦਾਜ਼ਾ ਲਗਾ ਸਕਦਾ ਹੈ। ਪੰਜਾਬ ਦੇ ਮਸਲੇ ਨੂੰ ਕਿਉਂ ਲਟਕਾਇਆ ਗਿਆ? ਕੀ ਚੰਡੀਗੜ੍ਹ ਹਿੰਦੁਸਤਾਨ ਵਿਚ ਨਹੀਂ? ਜੇ ਚੰਡੀਗੜ੍ਹ ਪੰਜਾਬ ਨੂੰ ਚਲਾ ਜਾਂਦਾ ਤਾਂ ਕੀ ਉਹ ਕਿਸੇ ਬਿਦੇਸ਼ੀ ਤਾਕਤ ਦੇ ਹੱਥ ਚਲਾ ਜਾਣਾ ਸੀ? ਜੇ ਪੰਜਾਬ ਦਾ ਪਾਣੀ ਪੰਜਾਬ ਵਾਸਤੇ ਲੋੜ ਤੋਂ ਵੱਧ ਹੁੰਦਾ ਤਾਂ ਰਾਜਸਥਾਨ ਨੂੰ ਦੇਣ ਵਿਚ ਕੀ ਹਰਜ ਸੀ? ਕੀ ਰਾਜਸਥਾਨ ਪੰਜਾਬ ਵਰਗਾ ਹਿੰਦੁਸਤਾਨੀ ਸੂਬਾ ਨਹੀਂ? ਪੰਜਾਬ ਦਾ ਹਰਿਮੰਦਰ ਸਾਹਿਬ ਸਾਰੇ ਹਿੰਦੂਆਂ ਦਾ ਗੌਰਵ ਕਿਉਂ ਨਹੀਂ ਸਮਝਿਆ ਗਿਆ?

ਗੁਰੂ ਨਾਨਕ ਦੇਵ ਜੀ ਤੇ ਹੋਰ ਗੁਰੂਆਂ ਦੀ ਬਾਣੀ ਕਦਾਚਿਤ ਇਕੱਲੇ ਸਿੱਖਾਂ ਵਾਸਤੇ ਨਹੀਂ ਸੀ? ਇਹ ਤਾਂ ਸਰਵ-ਸਾਂਝੀਵਾਲਤਾ ਦੀ ਪ੍ਰਚਾਰਕ ਹੈ ਤੇ ਮਨੁੱਖੀ ਕਦਰਾਂ ਕੀਮਤਾਂ ਦਾ ਸੁਨੇਹਾ ਦਿੰਦੀ ਹੈ। ਪੰਜਾਬ ਦਾ ਹਿੰਦੂ ਆਪਣੀ ਬੋਲੀ ਉੱਤੇ ਮਾਣ ਕਿਉਂ ਨਹੀਂ ਕਰਦਾ? ਕੀ ਕਦੀ ਸੁਣਿਐਂ ਕਿ ਇਕ ਬੰਗਾਲੀ ਆਪਣੀ ਮਾਂ ਬੋਲੀ ਭੁੱਲ ਕੇ ਕਿਸੇ ਹੋਰ ਬੋਲੀ ਦਾ ਸਤਿਕਾਰ ਕਰਦਾ ਹੋਵੇ? ਹਿੰਦੀ ਰਾਸ਼ਟਰੀ ਭਾਸ਼ਾ ਹੈ। ਇਹ ਵੀ ਪੜ੍ਹਨੀ ਚਾਹੀਦੀ ਹੈ ਪਰ ਪੰਜਾਬੀ ਦੀ ਕੀਮਤ ਉਤੇ ਨਹੀਂ। ਜਿਸ ਕੌਮ ਨੂੰ ਆਪਣੀ ਬੋਲੀ ਉਤੇ ਮਾਣ ਨਹੀਂ, ਉਹ ਕਦੇ ਤਰੱਕੀ ਨਹੀਂ ਕਰ ਸਕਦੀ। ਰੂਸੀ ਲੋਕ ਜਦੋਂ ਇੰਗਲੈਂਡ, ਭਾਰਤ, ਅਮਰੀਕਾ ਤੇ ਹੋਰ ਥਾਵਾਂ 'ਤੇ ਜਾਂਦੇ ਹਨ ਤਾਂ ਕਦੀ ਉਹਨਾਂ ਨੂੰ ਰੂਸੀ ਛੱਡ ਕੇ ਕਿਸੇ ਹੋਰ ਭਾਸ਼ਾ ਵਿਚ ਗੱਲ ਕਰਦਿਆਂ ਵੇਖਿਆ ਨਹੀਂ ਵੇਖ਼ਿਆ। ਯੂਰੀ ਗਗਾਰਿਨ 1962 'ਚ ਹਿੰਦ 'ਚ ਆਇਆ ਸੀ। ਉਸਨੇ ਕਿਹਾ ਸੀ ਕਿ ਮੈਂ ਆਪਣੇ ਦੇਸ਼ ਦਾ ਸਫੀਰ ਹਾਂ। ਇਸ ਦੇ ਨਾਲ਼ ਨਾਲ਼ ਮੈਂ ਆਪਣੀ ਬੋਲੀ ਦਾ ਵੀ ਸਫੀਰ ਹਾਂ। ਅੰਗਰੇਜ਼ੀ ਜਾਣਦਿਆਂ

ਹੋਇਆ ਵੀ ਉਸ ਨੇ ਭਾਰਤ ਦੇ ਦੌਰੇ ਵੇਲੇ ਅੰਗਰੇਜ਼ੀ ਨਹੀਂ ਸੀ ਬੋਲੀ ।ਤੇ ਸਾਡੇ ਆਗੂ ...? ਅਸੀਂ ਕਿਸ ਮੁਕਾਮ 'ਤੇ ਪੁੱਜ ਗਏ ਹਾਂ?

ਭਾਰਤ ਇਕ ਸੈਕੂਲਰ ਮੁਲਕ ਹੈ। ਉਥੇ ਹਿੰਦੂਆਂ ਦੀ ਪ੍ਰਧਾਨਤਾ ਹੈ। ਉਹ ਏਨੀ ਗਿਣਤੀ ਵਿੱਚ ਹਨ ਕਿ ਘੱਟ ਗਿਣਤੀਆਂ ਉਹਨਾਂ ਦੇ ਬਰਾਬਰ ਪਾਂਸਕੂ ਵੀ ਨਹੀਂ। ਉਨ੍ਹਾਂ ਵਾਸਤੇ ਘਟ ਗਿਣਤੀਆਂ ਨੂੰ ਟੈਰੋਰਾਈਜ਼ ਕਰਨਾ ਕੋਈ ਮੁਸ਼ਕਲ ਨਹੀਂ ਪਰ ਵਡਿੱਤਣ ਇਸੇ ਵਿਚ ਹੈ ਕਿ ਦੇਸ ਦੇ ਵਿਧਾਨ ਦਾ ਸਤਿਕਾਰ ਕਰਦੇ ਹੋਏ ਉਹ ਘਟ ਗਿਣਤੀਆਂ ਦਾ ਨਾ ਸਿਰਫ ਸਤਿਕਾਰ ਹੀ ਕਰਨ ਸਗੋਂ ਉਹਨਾਂ ਦੇ ਧਰਮਾਂ ਦੀ ਸੁਰੱਖਿਅਤਾ ਲਈ ਵੀ ਯਤਨ ਕਰਨ। ਪਰ ਹੋ ਕੀ ਰਿਹਾ ਹੈ? ਅੱਗਾਂ, ਮਾਰ ਕੁਟਾਈਆਂ, ਲੁੱਟ ਖਸੁੱਟ। ਨਾ ਕੋਈ ਸਾਰੀ ਕੌਮ ਬੁਰੀ ਹੁੰਦੀ ਹੈ ਅਤੇ ਨਾ ਹੀ ਸਾਰੀ ਚੰਗੀ। ਇਕ ਘੱਟ ਗਿਣਤੀ ਹਰੇਕ ਕੌਮ ਵਿਚ ਐਪਰ ਅਜਿਹੀ ਹੁੰਦੀ ਹੈ ਜਿਹੜੀ ਆਪਣੀ ਸਾਰੀ ਕੌਮ ਦੇ ਨਾਂ ਨੂੰ ਦਾਗ਼ ਲਾ ਦਿੰਦੀ ਹੈ। ਨਾ ਹਰ ਸਿੱਖ ਅਤਿਵਾਦੀ ਅਤੇ ਵਖਵਾਦੀ ਹੈ ਅਤੇ ਨਾ ਹੀ ਹਰ ਹਿੰਦੂ ਪੰਜਾਬੀ ਵਿਰੋਧੀ ਤੇ ਤ੍ਰਿਸੂਲ ਚੁੱਕੀ ਫਿਰਦਾ ਹੈ।

ਮਾਮਲੇ ਨੂੰ ਸਮਝਦਾਰੀ ਅਤੇ ਸਿਆਣਪ ਨਾਲ ਸਮਝਣ ਦੀ ਲੋੜ ਹੈ ਵਰਨਾ ਅਸੀਂ ਸਭ ਜਾਣਦੇ ਹਾਂ ਕਿ ਅਜਿਹੇ ਮੌਕੇ ਉਤੇ ਅਜਿਹੇ ਲੋਕ ਤੇ ਗ੍ਰੋਹ ਵੀ ਪੈਦਾ ਹੋ ਜਾਂਦੇ ਹਨ, ਜਿਹਨਾਂ ਦੀ ਸੋਚ ਸੰਗੀਨਾਂ ਤੇ ਪਿਸਤੌਲਾਂ ਤੋਂ ਅੱਗੇ ਨਹੀਂ ਜਾਇਆ ਕਰਦੀ। ਮੈਂ ਤਾਂ ਹੈਰਾਨ ਹਾਂ ਕਿ ਅਸੀਂ ਅਜਕਲ ਕਿਹੜੇ ਮਸਲੇ ਹੱਲ ਕਰਨ ਬਹਿ ਗਏ ਹਾਂ? ਅਸੀਂ ਕਿਸ ਮੁਕਾਮ ਉਤੇ ਪਹੁੰਚ ਗਏ ਹਾਂ ਜਦਕਿ ਦੁਨੀਆ ਕਿੰਨੀ ਅੱਗੇ ਵਧ ਗਈ ਹੈ। ਅਸੀਂ ਤਰੱਕੀ ਪਸੰਦ ਮੁਲਕਾਂ ਦੀਆਂ ਦਹਿਲੀਜ਼ਾਂ ਉਤੇ ਬੈਠੇ ਕਈ ਸਦੀਆਂ ਪੁਰਾਣੀ ਸੋਚ ਲਈ ਬੈਠੇ ਹਾਂ।

ਪੰਜਾਬ ਵਿਚ ਰਹਿੰਦੇ ਲੋਕ ਜਿਥੇ ਖੁਸ਼ਹਾਲੀ ਵਲ ਵਧ ਰਹੇ ਸਨ ਉਥੇ ਅਨੇਕਾਂ ਅੱਜ ਤਸ਼ੱਦਦ ਦੇ ਸ਼ਿਕਾਰ ਹੋਏ ਗਰੀਬੀ ਤੇ ਜਹਾਲਤ ਦੇ ਜਾਲ ਵਿਚ ਫਸੇ ਹੋਏ ਹਨ। ਅਸੀਂ ਕਿਸ ਮੁਕਾਮ 'ਤੇ ਪਹੁੰਚ ਗਏ ਹਾਂ?

ਵਿਚਾਰ ਕੋਈ ਵੀ ਹੋਵੇ। ਧਰਮ ਕੋਈ ਵੀ ਹੋਵੇ। ਆਖਰ ਹਾਂ ਤਾਂ ਅਸੀਂ ਪੰਜਾਬੀ ਹੀ। ਸ੍ਰੀ ਗੁਰੂ ਗਰੰਥ ਸਾਹਿਬ ਵੀ ਸਾਡਾ ਤੇ ਗੀਤਾ ਵੀ ਸਾਡੀ। ਪ੍ਰਚਾਰ ਦੋਵੇਂ ਹੀ ਮਨੁੱਖਵਾਦ ਦਾ ਕਰਦੇ ਹਨ। ਸਾਡੇ ਮੰਦਰ ਵੀ ਸਾਂਝੇ ਤੇ ਗੁਰਦਵਾਰੇ ਵੀ। ਸਾਡੇ ਰਸਮੋ-ਰੀਵਾਜ, ਬੋਲੀ ਸਾਹਿਤ ਤੇ ਸਭਿਆਚਾਰ ਇਕ। ਅਸਾਂ ਦੁਖ-ਸੁਖ ਇਕ ਹੋ ਕੇ ਵੇਖੇ। ਫਿਰ ਅਸੀਂ ਕਾਹਨੂੰ ਗ਼ੈਰਾਂ ਵਾਂਗ ਰਹੀਏ?

ਪੰਜਾਬੀਆਂ ਵਿਚ ਮਿਹਨਤ ਅਤੇ ਤਰੱਕੀ ਕਰਨ ਦੀ ਲਗਨ ਸੰਸਾਰ ਪ੍ਰਸਿੱਧ ਹੈ। ਅਸੀਂ ਪੰਜਾਬ ਨੂੰ ਹਿੰਦ ਦਾ ਕੈਲਫੋਰਨੀਆਂ ਬਣਾ ਦਿੱਤਾ ਸੀ। ਆਓ ਇਸ ਕੈਲੇਫੋਰਨੀਆ ਨੂੰ ਤਹਿਸ਼ ਨਹਿਸ਼ ਕਰਨ ਵਾਲਿਆਂ ਨੂੰ ਪਛਾਣੀਏ ਤੇ ਲੋਕ ਸ਼ਕਤੀ ਦਾ ਝੰਡਾ ਚੁੱਕ ਕੇ ਵੰਗਾਰੀਏ। ਸਰਕਾਰ ਉਤੇ ਜ਼ੋਰ ਪਾਈਏ ਕਿ ਕਾਫੀ ਹੋ ਚੁੱਕੀ ਹੈ। ਕਾਫ਼ੀ ਖ਼ੂਨ ਡੁਲ੍ਹ ਚੁੱਕਾ ਹੈ। ਇਸ ਮਸਲੇ ਦਾ ਹੱਲ ਕਰੋ। ਗੋਲੀ ਦਾ ਜਵਾਬ ਗੋਲੀ ਨਾਲ ਦੇ ਕੇ ਕਦੀ ਮਾਮਲੇ ਨਹੀਂ ਸੌਰੇ। ਛੇਕੜ ਨੂੰ ਟੇਬਲ ਦੁਆਲੇ ਬੈਠ ਕੇ ਹੀ ਗੱਲਾਂ ਨਿਬੜਦੀਆਂ ਹਨ।

ਸਰਕਾਰ ਨੂੰ ਮੈਂ ਇਸ ਲਈ ਕਹਿ ਰਿਹਾ ਹਾਂ ਕਿ ਆਖਰ ਤਾਕਤ ਤਾਂ ਉਸਦੇ ਹੀ ਹੱਥ ਹੈ। ਉਸ ਕੋਲ ਹੀ ਵਸੀਲੇ ਹਨ। ਜੇ ਚਾਹੇ ਤਾਂ ਉਸ ਕੋਲ ਹੀ ਇਸ ਮਸਲੇ ਦਾ ਹੱਲ ਹੈ। ਦੇਸ਼ ਦਾ ਇਕ ਸੂਬਾ ਜੇਕਰ ਕੈਲੀਫੋਰਨੀਆ ਬਣ ਰਿਹਾ ਹੈ ਤਾਂ ਇੱਜ਼ਤ ਸਮੁੱਚੇ ਭਾਰਤ ਦੇਸ਼ ਦੀ ਹੀ ਬਣਦੀ ਹੈ।

ਸਰੀਰ ਦਾ ਇਕ ਅੰਗ ਜੇਕਰ ਦੁਖ਼ਦਾ ਹੋਵੇ ਤਾਂ ਪੀੜ ਸਾਰੇ ਸਰੀਰ ਨੂੰ ਹੀ ਹੁੰਦੀ ਹੈ। ਅਗਰ ਅਣਗਹਿਲੀ ਕੀਤੀ ਜਾਵੇ ਤਾਂ ਸਾਰਾ ਸਰੀਰ ਇਸਦੀ ਲਪੇਟ ਵਿਚ ਆ ਸਕਦਾ ਹੈ। ਮੈਂ ਹਰ ਪੰਜਾਬੀ ਦੇ ਮਨ ਦੀ ਸ਼ਾਇਦ ਤਰਜਮਾਨੀ ਕਰ ਰਿਹਾ ਹਾਂ ਜਦੋਂ ਕਹਿੰਦਾ ਹਾਂ ਕਿ ਹਰ ਕੋਈ ਅਜ ਇਹੋ ਸੋਚ ਰਿਹਾ ਹੈ ਤੇ ਇਹੋ ਕਹਿ ਰਿਹਾ ਹੈ ਕਿ ਅਸੀਂ ਕਿਸ ਮੁਕਾਮ 'ਤੇ ਪਹੁੰਚ ਗਏ ਹਾਂ? ਉਸ ਦਿਸ਼ਾ ਵੱਲ ਮੁੜਨ ਦੀ ਲੋੜ ਹੈ ਜਿਹੜੀ ਭ੍ਰਾਤ੍ਰੀਅਤਾ ਤੇ ਹਮਸਾਇਗੀ ਵਾਲੀ ਹੈ। ਪੰਜਾਬ ਵਿਚ ਵਸਦਾ ਹਰ ਸ਼ਖ਼ਸ ਪੰਜਾਬੀ ਹੈ। ਇਹ ਨਹੁੰ ਮਾਸ ਵਾਲ਼ੇ ਰਿਸ਼ਤੇ ਕਾਇਮ ਰਹਿਣੇ ਚਾਹੀਦੇ ਹਨ ਹਰ ਹਾਲਤ ਵਿਚ। ਆਮੀਨ!

(1986)

# ਈਰਾਕ ਦੇ ਕੁਰਦ ਲੋਕ

ਪਿਛਲੇ ਦਿਨੀਂ ਯੂਰਪ ਦੀਆਂ ਅਨੇਕਾਂ ਰਾਜਧਾਨੀਆਂ ਵਿਚ ਕੁਰਦ ਲੋਕਾਂ ਨੇ ਜ਼ਬਰਦਸਤ ਮੁਜ਼ਾਹਰੇ ਕੀਤੇ। ਇਹ ਲੋਕ ਇਕ ਕੁਰਦਿਸ਼ ਐਕਟੀਵਿਸਟ ਅਬਦੁੱਲਾ ਓਚਲਾਨ ਦੀ ਗ੍ਰਿਫਤਾਰੀ ਵਿਰੁੱਧ ਏਅਤਜਾਜ ਕਰ ਰਹੇ ਸਨ। ਬਰਲਿਨ ਵਿਚ ਤਿੰਨ ਮੁਜ਼ਾਹਰਾਕਾਰੀ ਉਦੋਂ ਸ਼ੂਟ ਕਰ ਦਿੱਤੇ ਗਏ ਜਦੋਂ ਉਹ ਇਜ਼ਰਾਈਲ ਦੀ ਅੰਬੈਸੀ ਸਾਹਮਣੇ ਵਿਖਾਵੇ ਕਰਦਿਆਂ ਹੋਇਆਂ ਹੱਦੋਂ ਬਾਹਰ ਹੋ ਗਏ ਸਨ। ਇਜ਼ਰਾਈਲੀ ਸਰਕਾਰ ਨੇ ਕਿਹਾ ਹੈ ਕਿ ਮਰਨ ਵਾਲੇ ਮੁਜ਼ਾਹਰਾਕਾਰੀ ਅੰਬੈਸੀ ਦੀਆਂ ਕੰਧਾਂ ਟੱਪ ਕੇ ਅੰਦਰ ਆਉਣ ਦੀ ਕੋਸ਼ਿਸ਼ ਕਰ ਰਹੇ ਸਨ। ਲੰਡਨ ਵਿਚ ਵੀ ਕੁਰਦਿਸ਼ ਲੋਕਾਂ ਨੇ ਜ਼ਬਰਦਸਤ ਵਿਖਾਵੇ ਕੀਤੇ । ਇਕ ਪੰਦਰਾਂ ਸਾਲਾਂ ਦੀ ਲੜਕੀ ਨੇ ਆਪਣੇ ਆਪ ਨੂੰ ਅਗਨ ਭੇਂਟ ਕਰਨ ਦੀ ਵੀ ਕੋਸ਼ਿਸ਼ ਕੀਤੀ। ਬਹੁਤੇ ਮੁਜ਼ਾਹਰੇ ਗਰੀਕ ਅੰਬੈਸੀ ਮੂਹਰੇ ਹੋਏ ਸਨ। ਵਿਖਾਵਾਕਾਰੀਆਂ ਦਾ ਕਹਿਣਾ ਹੈ ਕਿ ਇਹ ਗਰੀਸ ਦਾ ਹੀ ਕਸੂਰ ਸੀ ਕਿ ਉਨ੍ਹਾਂ ਨੇ ਓਚਲਾਨ ਅਬਦੁੱਲਾ ਕੀਨੀਆ ਰਾਹੀਂ ਤੁਰਕੀ ਦੇ ਸਪੁਰਦ ਕੀਤਾ ਸੀ। ਅਬਦੁੱਲਾ ਓਚਲਾਨ ਕੌਣ ਹੈ ਤੇ ਕੁਰਦਾਂ ਦਾ ਕੇਸ ਕੀ ਹੈ? ਅੱਜ ਅਸੀਂ ਇਹਦੇ ਵਾਰੇ ਇੱਥੇ ਗੱਲ ਕਰਾਂਗੇ।

ਦੁਨੀਆਂ ਭਰ ਵਿਚ ਤਕਰੀਬਨ ਸਤਾਈ ਮਿਲੀਅਨ ਕੁਰਦ ਵੱਖ ਵੱਖ ਦੇਸ਼ਾਂ ਵਿਚ ਰਹਿੰਦੇ ਹਨ ਪਰ ਵਧੇਰੇ ਕਰਕੇ ਇਹ ਤੁਰਕੀ, ਈਰਾਨ ਤੇ ਇਰਾਕ ਵਿਚ ਰਹਿੰਦੇ ਹਨ। ਕੁਝ ਕੁ ਸੀਰੀਆ ਵਿਚ ਵੀ ਵਸਦੇ ਹਨ ਜਦਕਿ ਹਜ਼ਾਰਾਂ ਹੀ ਕੁਰਦ ਯੂਰਪ ਅਤੇ ਅਮਰੀਕਾ ਵਿੱਚ ਵੀ ਸ਼ਰਨ ਲੈਣ ਵਾਲਿਆਂ ਦੇ ਤੌਰ 'ਤੇ ਰਹਿ ਰਹੇ ਹਨ ਜਦ ਕਿ ਹਜ਼ਾਰਾਂ ਹੀ ਕੁਰਦ ਯੂਰਪ ਅਤੇ ਅਮਰੀਕਾ ਵਿਚ ਵੀ ਸ਼ਰਨ ਲੈਣ ਵਾਲਿਆਂ ਦੇ ਤੌਰ 'ਤੇ ਰਹਿ ਰਹੇ ਹਨ। ਦੁਨੀਆਂ ਭਰ ਵਿਚੋਂ ਇਹ ਸਭ ਤੋਂ ਵੱਡਾ ਬੇਘਰਾ ਗਰੁੱਪ ਹੈ।.ਇਨ੍ਹਾਂ ਦਾ ਕੋਈ ਵੀ ਪੱਕਾ ਦੇਸ਼ ਨਹੀਂ ਹੈ। ਉਨ੍ਹਾ ਨਾਲ ਸਭ ਤੋਂ ਵੱਧ ਦਗਾ ਬਰਤਾਨੀਆਂ, ਅਮਰੀਕਾ, ਈਰਾਨ, ਇਰਾਕ ਅਤੇ ਤੁਰਕੀ ਨੇ ਕੀਤਾ ਹੈ। ਇਨ੍ਹਾਂ ਦੇਸ਼ਾਂ ਨੇ ਚੰਗੇ ਚੰਗੇ ਵਾਅਦੇ ਕਰਕੇ ਮੁਕਰਨ ਵਿਚ ਕੋਈ ਕਸਰ ਨਹੀਂ ਛੱਡੀ। ਕੁਰਦਾਂ ਨਾਲ ਇਨ੍ਹਾਂ ਦੇ ਆਪਣੇ ਲੀਡਰਾਂ ਨੇ ਵੀ ਧੋਖਾ ਕੀਤਾ ਹੈ। ਇਨ੍ਹਾਂ ਲੀਡਰਾਂ ਨੂੰ ਜਦੋਂ ਉਪਰੋਕਤ ਦੇਸ਼ਾਂ ਨੇ ਚੰਗੀਆਂ ਚੰਗੀਆਂ ਸਹੂਲਤਾਂ ਦੇਣ ਦੇ ਇਕਰਾਰ ਕੀਤੇ ਤਾਂ ਇਹ ਕੁਰਦਿਸ਼ ਲੋਕਾਂ ਦੇ ਕਾਜ਼ ਨੂੰ ਭੁੱਲ ਕੇ ਸ਼ਾਨੋ ਸ਼ੌਕਤ ਵਾਲੀ ਜ਼ਿੰਦਗੀ ਇਨ੍ਹੀਂ ਦੇਸੀਂ ਹੀ ਜਿਊਣ ਲੱਗੇ। ਇਹ ਕੁਰਦ ਉਦੋਂ ਤੋਂ ਹੋਰ ਵੀ ਬੇਚੈਨ ਹਨ ਜਦੋਂ ਤੋਂ ਫਲਸਤੀਨੀ ਲੋਕਾਂ ਦੀ ਸਮੱਸਿਆ ਤਕਰਕੀਬਨ ਹੱਲ ਹੋ ਗਈ ਹੈ।

ਪਹਿਲੀ ਵੱਡੀ ਜੰਗ ਤੋਂ ਬਾਅਦ ਜਦੋਂ ਤੁਰਕੀ ਦੀ ਐਟੋਮਨ ਐਮਪਾਇਰ ਖੇਰੂੰ ਖੇਰੂੰ ਹੋਈ ਤਾਂ ਦੁਨੀਆਂ ਦੇ ਕੁਝ ਤਾਕਤਵਰ ਦੇਸਾਂ, ਜਿਨ੍ਹਾਂ ਵਿਚ ਇੰਗਲਿਸਤਾਨ ਸਭ ਤੋਂ ਅੱਗੇ ਸੀ, ਨੇ ਕੁਰਦਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਇਕ ਆਜ਼ਾਦ ਮੁਲਕ ਦੇ ਦਿੱਤਾ ਜਾਵੇਗਾ।

ਬਲਕਿ 1920 ਵਿਚ ਸਵੀਅਰਜ਼ ਦੇ ਸਮਝੌਤੇ ਤਹਿਤ ਉਨ੍ਹਾਂ ਨੂੰ ਤੁਰਕੀ ਵਿੱਚੋਂ ਵੱਡਾ ਪ੍ਰਾਂਤ ਅਲਾਟ ਵੀ ਕਰ ਦਿੱਤਾ ਗਿਆ ਸੀ ਪਰ ਕੁਝ ਸਮੇਂ ਪਿੱਛੋਂ ਜਦੋਂ ਤੁਰਕੀ ਦੀ ਪਾਰਲੀਮੈਂਟ ਨੇ ਇਹ ਸਮਝੌਤਾ ਰੱਦ ਕਰ ਦਿੱਤਾ ਤਾਂ ਬਰਤਾਨੀਆਂ ਨੇ ਕੋਈ ਐਕਸ਼ਨ ਨਾ ਲਿਆ ਬਲਕਿ 1923 ਦੇ ਲਾਸਾਨੀਆਂ ਦੇ ਸਮਝੌਤੇ ਵਿਚ ਕੁਰਦਾਂ ਦਾ ਕੋਈ ਜ਼ਿਕਰ ਹੀ ਨਹੀਂ ਕੀਤਾ। ਇਸ ਦੀ ਵਜ੍ਹਾ ਇਹ ਦੱਸੀ ਜਾ ਰਹੀ ਹੈ ਕਿ ਬਰਤਾਨੀਆਂ ਉਦੋਂ ਤੱਕ ਮੱਧ ਪੂਰਬ ਵਿਚ ਹੋਰ ਹੋਰ ਮੱਲਾਂ ਮਾਰਨ ਲਈ ਤੁਰ ਪਿਆ ਸੀ। ਉਨ੍ਹਾਂ ਦੀਆਂ ਕੰਪਨੀਆਂ ਨੂੰ ਹਾਲ ਹੀ ਵਿਚ ਪਤਾ ਲੱਗਣਾ ਸ਼ੁਰੂ ਹੋਇਆ ਸੀ ਕਿ ਮੱਧ ਪੂਰਬ ਦੇ ਦੇਸ਼ਾਂ ਦੇ ਸਹਿਰਾਵਾਂ ਹੇਠ ਤੇਲ ਦੇ ਭੰਡਾਰ ਸਨ। ਇਰਾਕ ਤੇ ਮੌਸੂਲ ਦੇ ਇਲਾਕੇ ਦੀ ਜ਼ਮੀਨ ਵਿਚ ਤੇਲ ਦੇ ਸਭ ਤੋਂ ਵੱਧ ਜ਼ਖੀਰੇ ਸਨ।ਇਸੇ ਇਲਾਕੇ ਵਿਚ ਹੀ ਵਧੇਰੇ ਕੁਰਦ ਰਹਿੰਦੇ ਸਨ। ਅੰਗਰੇਜ਼ਾਂ ਨੇ ਉਨ੍ਹਾਂ ਨੂੰ ਉਥੋਂ ਪਹਾੜਾਂ ਵੱਲ ਨੂੰ ਭਜਾ ਦਿੱਤਾ ਅਤੇ ਇਰਾਕ ਉੱਤੇ ਕਾਬਜ਼ ਹੋ ਗਏ। ਉਦੋਂ ਤੋਂ ਹੀ ਕੁਰਦਾਂ ਨੇ ਇਕ ਕਹਾਵੰਤ ਬਣਾਈ ਹੋਈ ਹੈ ਕਿ ਕੁਰਦਾਂ ਦਾ ਉੱਚਿਆਂ ਤੇ ਖੁਰ੍ਹਦਰਿਆਂ ਪਹਾੜਾਂ ਤੋਂ ਸਿਵਾ ਕੋਈ ਵੀ ਦੋਸਤ ਨਹੀਂ ਹੈ। ਖੈਰ ਅੰਗਰੇਜ਼ਾਂ ਨੇ ਭਾਵੇਂ ਕੁਰਦਾਂ ਨੂੰ ਮੋਸੂਲ ਤੋਂ ਬਾਹਰ ਕੱਢ ਦਿੱਤਾ ਸੀ ਪਰ ਫਿਰ ਵੀ ਉਹ ਉਨ੍ਹਾਂ ਦੀ ਵਾਹਵਾ ਰੱਖਿਆ ਕਰ ਰਹੇ ਸਨ। ਪਰੰਤੂ ਜਦੋਂ ਇੰਗਲਿਸਤਾਨ ਨੇ ਇਰਾਕ ਨੂੰ 1932 ਵਿਚ ਆਜ਼ਾਦੀ ਦਿੱਤੀ ਤਾਂ ਕੁਰਦਾਂ ਵਰਗੀ ਘੱਟ ਗਿਣਤੀ ਕੌਮ ਦੀ ਸੁਰੱਖਿਆ ਲਈ ਕੋਈ ਸ਼ਰਤ ਨਾ ਰੱਖੀ।ਜਿਸ ਦੇ ਸਿੱਟੇ ਵਜੋਂ ਅੰਗਰੇਜ਼ਾਂ ਤੋਂ ਬਾਅਦ ਉਥੇ ਆਏ ਵੱਖ ਵੱਖ ਬਾਦਸ਼ਾਹਾਂ ਅਤੇ ਡਿਕਟੇਟਰਾਂ ਨੇ ਕੁਰਦਾਂ ਦਾ ਸਦਾ ਹੀ ਬੀਜਨਾਸ ਕਰਨ ਦਾ ਯਤਨ ਕੀਤਾ। 1988 ਵਿਚ ਅਜੋਕੇ ਤਾਨਾਸ਼ਾਹ ਹੁਕਮਰਾਨ ਸਾਦਾਮ ਹੁਸੈਨ ਨੇ ਤਾਂ ਹਜ਼ਾਰਾਂ ਹੀ ਕੁਰਦਾਂ ਨੂੰ ਸੁਸਰੀ ਵਾਂਗ ਸੁਲਾ ਦਿੱਤਾ ਸੀ।

ਕੁਰਦਾਂ ਦੀ ਸਭ ਤੋਂ ਵੱਡੀ ਬਦਕਿਸਮਤੀ ਇਹ ਰਹੀ ਹੈ ਕਿ ਇਨ੍ਹਾਂ ਨੂੰ ਕਦੇ ਵੀ ਕੋਈ ਚੰਗਾ ਤੇ ਸੁਹਿਰਦ ਆਗੂ ਨਹੀਂ ਮਿਲਿਆ। ਇਹ ਸਭ ਸੁਆਰਥੀ ਹੀ ਨਿਕਲੇ। ਕੁਰਦਾਂ ਦੀਆਂ ਭਾਵੇਂ ਕਈ ਰਾਜਨੀਤਕ ਪਾਰਟੀਆਂ ਹਨ ਪਰ ਅਬਦੁੱਲ੍ਹਾ ਓਚਲਾਨ ਦੀ ਕੁਰਦਿਸਤਾਨ ਵਰਕਰਜ਼ ਪਾਰਟੀ ਸਭ ਤੋਂ ਵੱਧ ਕਰਮਸ਼ੀਲ ਅਤੇ ਤਿੱਖੀ ਹੈ। ਇਹ ਏਨੀ ਖੂੰਖਾਰ ਹੈ ਕਿ ਇਹ ਆਪਣੇ ਹੀ ਬੇਵਫਾ ਕਿਸਮ ਦੇ ਲੋਕਾਂ ਨੂੰ ਮਾਰਨ ਵਿਚ ਵੀ ਢਿੱਲ ਨਹੀਂ ਕਰਦੀ। ਤੁਰਕੀ ਦੀ ਪੁਲੀਸ ਅਨੁਸਾਰ ਇਸ ਪਾਰਟੀ ਦੇ ਲੜਾਕਿਆਂ ਨੇ ਹੁਣ ਤੱਕ ਤੀਹ ਹਜ਼ਾਰ ਬੇਵਫਾ ਕੁਰਦ, ਇਰਾਕੀ, ਤੁਰਕੀ ਅਤੇ ਈਰਾਨੀ ਮਾਰ ਮੁਕਾਏ ਹਨ। ਇਸੇ ਲਈ ਓਚਲਾਨ ਕਈਆਂ ਦੇਸ਼ਾਂ ਦੀ ਪਰ ਖਾਸ ਕਰਕੇ ਤੁਰਕੀ ਦੇ ਹਿੱਟ ਲਿਸਟ ਉੱਤੇ ਹੈ। ਇਹ ਇਸ ਕਰਕੇ ਵੀ ਤੁਰਕੀ ਦੀ ਹਿੱਟ ਲਿਸਟ ਉੱਤੇ ਹੈ ਕਿ ਅਗਰ ਆਜ਼ਾਦ ਕੁਰਦਿਸਤਾਨ ਬਣਾ ਦਿੱਤਾ ਜਾਂਦਾ ਹੈ ਤਾਂ ਤੁਰਕੀ ਦਾ ਹੀ ਬੁਹਤਾ ਹਿੱਸਾ ਇਸ ਵਿਚ ਚਲੇ ਜਾਣਾ ਹੈ। ਈਰਾਨ ਅਤੇ ਇਰਾਕ ਅਜਿਹੇ ਦੂਜੇ ਦੇਸ਼ ਹਨ ਜਿਹੜੇ ਕੁਰਦਾਂ ਨੂੰ ਆਜ਼ਾਦੀ ਦੇ ਦੇਣ ਦੇ ਹੱਕ ਵਿਚ ਨਹੀਂ ਹਨ ਕਿਉਂਕਿ ਉਨ੍ਹਾਂ ਦੇ ਵੀ ਕਈ ਇਲਾਕੇ ਕੁਰਦਿਸਤਾਨ ਵਿਚ ਸ਼ਾਮਲ ਹੋ ਜਾਣੇ ਹਨ।

ਕੁਰਦਾਂ ਦੀ ਬਦਕਿਸਮਤੀ ਵਿਚ ਪੱਛਮੀ ਦੇਸ਼ਾਂ ਦਾ ਸਭ ਤੋਂ ਵੱਧ ਹੈ। ਜਦੋਂ 1991 ਵਿਚ ਖਾੜੀ ਦੀ ਜੰਗ ਲੱਗੀ ਸੀ ਤਾਂ ਬਰਤਾਨੀਆਂ, ਫਰਾਂਸ਼ ਅਤੇ ਅਮਰੀਕਾ ਦੀਆਂ ਫੌਜਾਂ ਤੇ ਲੜਾਕੇ ਜਹਾਜ਼ਾਂ ਨੇ ਐਨ ਉਸ ਵੇਲੇ ਬੰਬਾਰੀ ਬੰਦ ਕਰ ਦਿੱਤੀ ਸੀ ਜਦੋਂ ਇਰਾਕ ਦਾ ਲੱਕ ਟੁੱਟਣ ਹੀ ਵਾਲਾ ਸੀ। ਇਹੋ ਗੱਲ ਹੁਣ ਹੋਈ ਜਦੋਂ ਬਰਤਾਨੀਆ ਅਤੇ ਅਮਰੀਕਾ ਨੇ ਅਚਾਨਕ ਬੰਬਾਰੀ ਰੋਕ

ਦਿੱਤੀ ਸੀ। ਇਸ ਦਾ ਵਿਸ਼ੇਸ਼ ਕਾਰਨ ਇਹ ਸੀ ਕਿ ਤੁਰਕੀ ਨਹੀਂ ਸੀ ਚਾਹੁੰਦਾ ਕਿ ਇਰਾਕ ਵਿਚ ਏਨੀ ਬੇਚੈਨੀ ਫੈਲ ਜਾਵੇ ਕਿ ਕੁਰਦ ਲੋਕ ਆਜ਼ਾਦੀ ਮੰਗਣ ਵਾਸਤੇ ਤਕੜੇ ਹੋ ਜਾਣ।ਅਗਰ ਇੰਝ ਹੋ ਜਾਂਦਾ ਹੈ ਤਾਂ ਇਸ ਦਾ ਬਹੁਤ ਮਾੜਾ ਅਸਰ ਤੁਰਕੀ ਉੱਤੇ ਹੀ ਪੈਣਾ ਸੀ। ਤਕਰੀਬਨ ਵੀਹ ਮਿਲੀਅਨ ਸਟੇਟਲੈਂਸ ਕੁਰਦ ਤੁਰਕੀ ਵਿਚ ਹੀ ਰਹਿੰਦੇ ਹਨ। ਤੁਰਕੀ ਯੂਰਪ ਦਾ ਖ਼ਿਆਲ ਦੇਸ ਹੈ ਤੇ ਨਾਟੋ ਦਾ ਸਮਰਥਕ ਹੈ।

ਯੂਰਪੀਨ ਦੇਸ਼ ਭਾਵੇਂ ਇਸ ਗੱਲ ਨੂੰ ਵੀ ਤਸਲੀਮ ਕਰਦੇ ਹਨ ਕਿ ਤੁਰਕੀ ਵਿਚ ਬਹੁਤ ਜ਼ਿਆਦਾ ਮਾਤਰਾ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਹੋ ਰਹੀਆਂ ਹਨ। ਕੁਰਦਾਂ ਨੂੰ ਉਥੇ ਆਪਣੀ ਬੋਲੀ ਬੋਲਣ ਦਾ ਅਧਿਕਾਰ ਵੀ ਨਹੀਂ ਹੈ ਤੇ ਉਹ ਰਵਾਇਤੀ ਕੁਰਦਿਸ਼ ਕੱਪੜੇ ਵੀ ਨਹੀਂ ਪਹਿਨ ਸਕਦੇ। ਉਨ੍ਹਾਂ ਦੀ ਹੋਂਦ, ਵਿਅਕਤੀਤਵ ਤੇ ਪਛਾਣ ਨੂੰ ਮਿਟਾਉਣ ਲਈ ਹਰ ਕੋਸ਼ਿਸ਼ ਯਤਨ ਕੀਤਾ ਜਾ ਰਿਹਾ ਹੈ। ਉਨ੍ਹਾਂ ਦਾ ਵਿਰਸਾ ਖ਼ਤਮ ਕੀਤਾ ਜਾ ਰਿਹਾ ਹੈ। ਇਹੋ ਜਿਹੀਆਂ ਗੱਲਾਂ ਤੋਂ ਖਿਝ ਕੇ ਹੀ ਕੁਰਦਾਂ ਦੀਆਂ ਅਜਿਹੀਆਂ ਪਾਰਟੀਆਂ ਹੋਂਦ ਵਿਚ ਆ ਰਹੀਆਂ ਹਨ ਜਿਨ੍ਹਾਂ ਦੇ ਲੱਛਣ ਦਹਿਸ਼ਤਵਾਦ ਵਾਲੇ ਹਨ। ਇਨ੍ਹਾਂ ਵਿਚੋਂ ਹੀ ਇਕ ਹੈ 'ਕੁਰਦਿਸਤਾਨ ਵਰਕਰਜ਼ ਪਾਰਟੀ ਹੈ।ਇਸ ਦੀ ਵਿਚਾਰਧਾਰਾ ਮਾਰਕਸਿਸਟ–ਲੈਨਿਨਿਸਟ ਹੈ ਤੇ ਇਹ ਖ਼ੂਨ ਦਾ ਬਦਲਾ ਖ਼ੂਨ ਵਿਚ ਲੈਣ ਵਿਚ ਵਿਸ਼ਵਾਸ ਰੱਖਦੀ ਹੈ। ਅਬਦੁੱਲਾ ਓਚਲਾਨ ਇਸੇ ਪਾਰਟੀ ਦਾ ਲੀਡਰ ਹੈ ਜਿਹੜਾ ਪਿਛਲੇ ਅਠਾਰਾਂ ਸਾਲਾਂ ਤੋਂ ਬਾਹਰਲੇ ਦੇਸ਼ਾਂ ਵਿਚ ਲੁਕ ਛਿਪ ਕੇ ਤੁਰਕੀ ਵਿਰੁੱਧ ਜੰਗ ਲੜ ਰਿਹਾ ਹੈ ਤੇ ਕੁਰਦਾਂ ਨੂੰ ਉਨ੍ਹਾਂ ਦੀ ਹੋਮਲੈਂਡ ਦੁਆਉਣ ਲਈ ਯਤਨਸ਼ੀਲ ਤੇ ਕਰਮਸ਼ੀਲ ਹੈ।

ਓਚਲਾਨ ਦਾ ਜਨਮ ਅੱਜ ਤੋਂ ਪੰਜਾਹ ਸਾਲ ਪਹਿਲਾਂ ਤੁਰਕੀ ਦੇ ਇਕ ਸੂਬੇ ਦੇ ਰਿਫਿਊਜ਼ੀ ਕੈਂਪ ਊਰਫਾ ਵਿਚ ਹੋਇਆ ਸੀ। ਉਸ ਦਾ ਪਰਿਵਾਰ ਗਰੀਬ ਕਿਸਾਨੀ ਪਰਿਵਾਰ ਸੀ ਤੇ ਲੋਕਾਂ ਦੇ ਕਪਾਹਾਂ ਦੇ ਖੇਤਾਂ ਵਿਚ ਕੰਮ ਕਰਕੇ ਗੁਜ਼ਾਰਾ ਕਰਦਾ ਸੀ। ਉਸ ਨੇ ਤੁਰਕੀ ਦੀ ਫੌਜ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੂੰ ਰੀਜੈਕਟ ਕਰ ਦਿੱਤਾ ਗਿਆ। ਅਬਦੁੱਲਾ ਓਚਲਾਨ ਦਾ ਵਿਸ਼ਵਾਸ ਹੈ ਕਿ ਉਸ ਨੂੰ ਕੁਰਦ ਹੋਣ ਕਰਕੇ ਹੀ ਫੌਜ ਵਿਚ ਨਹੀਂ ਸੀ ਲਿਆ ਗਿਆ। ਬਾਅਦ ਵਿਚ ਉਹ ਅੰਕੁਰਾ ਯੂਨੀਵਰਸਿਟੀ ਵਿਚ ਦਾਖਲ ਹੋ ਕੇ ਪੁਲੀਟਕਲ ਸਾਇੰਸ ਪੜ੍ਹਨ ਲੱਗਾ ਪਰ ਉਦੋਂ ਤੱਕ ਉਹ ਕੁਰਦ ਲੋਕਾਂ ਦੀ ਹਾਲਤ ਬਾਰੇ ਬਹੁਤ ਸੁਚੇਤ ਹੋ ਚੁੱਕਾ ਸੀ ਤੇ ਮਾਰਕਸੀ ਸੋਚ ਦਾ ਧਾਰਨੀ ਹੋ ਚੁੱਕਾ ਸੀ। ਉਸ ਨੇ ਯੂਨੀਵਰਸਿਟੀ ਦੀ ਪੜ੍ਹਾਈ ਵਿਚੇ ਛੱਡ ਕੇ ਤੀਹਾਂ ਹੋਰ ਵਿਦਿਆਰਥੀਆਂ ਨਾਲ ਮਿਲ ਕੇ ਇਕ ਤਕੜਾ ਹਥਿਆਰਬੰਦ ਗਰੁੱਪ ਬਣਾ ਲਿਆ। ਹੁਣ ਉਹ ਅੰਕੁਰਾ ਨੂੰ ਛੱਡ ਕੇ ਦਿਆਰਬਕੀਰ ਨਾਂਅ ਦੇ ਸ਼ਹਿਰ ਵਿਚ ਰਹਿਣ ਲੱਗਾ ਤੇ ਸਰਕਾਰੀ ਫੌਜਾਂ ਨਾਲ ਆਢਾ ਲੈਣ ਲੱਗਾ। ਪਰ 1980 ਵਿਚ ਜਦੋਂ ਤੁਰਕੀ ਵਿਚ ਫੌਜੀ ਰਾਜ ਪਲਟਾ ਆਇਆ ਤਾਂ ਉਹ ਦੌੜ ਕੇ ਸੀਰੀਆ ਵਿਚ ਜਾ ਵੜਿਆ।

ਉਥੇ ਸੀਰੀਆ ਦੀ ਸਰਕਾਰ ਦੇ ਅਸ਼ੀਰਵਾਦ ਨਾਲ ਉਹ ਲਿਬਨਾਨ ਦੇ ਬੇਕਾ ਵੈਲੀ ਤੋਂ ਤੁਰਕੀ ਉੱਤੇ ਹਮਲੇ ਕਰਨ ਲੱਗਾ ਪਰ ਸੀਰੀਆ ਉਦੋਂ ਉਹਨੂੰ ਸਹਾਰਾ ਦੇਣੋਂ ਹਟ ਗਿਆ ਜਦੋਂ ਤੁਰਕੀ ਨੇ ਸੀਰੀਆ ਉੱਤੇ ਫੌਜੀ ਹਮਲਾ ਕਰਨ ਦੀ ਧਮਕੀ ਦੇ ਦਿੱਤੀ। ਉਂਝ ਵੀ ਮੱਧ ਪੂਰਬ ਦੇ ਦੇਸ਼ ਤੁਰਕੀ ਤੋਂ ਉਦੋਂ ਤੋਂ ਭੈਅ ਖਾਣ ਲੱਗ ਪਏ ਸਨ ਜਦੋਂ ਤੋਂ ਯੂਰਪੀ ਦੇਸ਼ਾਂ ਨੇ ਇਸ ਨੂੰ ਅੰਨ੍ਹੇਵਾਹ ਸੱਪੋਰਟ ਕਰਨਾ ਸ਼ੁਰੂ ਕੀਤਾ ਹੋਇਆ ਸੀ। ਗਰੀਸ, ਜਿਹੜਾ ਕਿ ਤੁਰਕੀ ਦਾ ਰਵਾਇਤੀ ਦੁਸ਼ਮਣ

ਹੈ, ਨੇ ਵੀ ਓਚਲਾਨ ਨੂੰ ਪਨਾਹ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਥੋਂ ਉਹ ਦੌੜ ਕੇ ਮਾਸਕੋ ਚਲਾ ਗਿਆ। ਪਰ ਕਿਉਂਕਿ ਤੁਰਕੀ ਰੂਸ ਤੋਂ ਮਹਿੰਗੇ ਹਥਿਆਰ ਖਰੀਦਦਾ ਹੈ, ਉਸ ਨੇ ਵੀ ਉਹਨੂੰ ਉਥੋਂ ਚਲੇ ਜਾਣ ਦੇ ਹੁਕਮ ਦੇ ਦਿੱਤੇ। ਮਾਸਕੋ ਨੂੰ ਇਹ ਵੀ ਫਿਕਰ ਸੀ ਕਿ ਉਸ ਦੀਆਂ ਇਸਲਾਮੀ ਸਟੇਟਾਂ ਵੀ ਕਿਧਰੇ ਰੁੱਸ ਨਾ ਬੈਠਣ। ਖੈਰ, ਓਚਲਾਨ ਮਾਸਕੋ ਤੋਂ ਇਟਲੀ ਜਾ ਪੁੱਜਾ। ਨਵੰਬਰ 1998 ਵਿਚ ਜਦੋਂ ਅੰਕੁਰਾ ਨੂੰ ਪਤਾ ਲੱਗਾ ਕਿ ਉਸ ਨੇ ਇਟਲੀ ਵਿਚ ਸਿਆਸੀ ਪਨਾਹ ਲਈ ਅਪਲਾਈ ਕਰ ਦਿੱਤਾ ਹੈ ਤਾਂ ਤੁਰਕੀ ਨੇ ਇਕਦਮ ਇਟਲੀ ਤੋਂ ਉਸ ਨੂੰ ਦੇਸ਼ 'ਚੋਂ ਕੱਢ ਦੇਣ ਦੀ ਮੰਗ ਕਰ ਲਈ।ਮਗਰ ਇਟਲੀ ਯੂ ਐਨ ਓ ਦੀ ਕਨਵੈਨਸ਼ਨ ਹੇਠ ਉਹਨੂੰ ਵਾਪਸ ਤੁਰਕੀ ਨਹੀਂ ਸੀ ਭੇਜ ਸਕਦਾ। ਉਨ੍ਹਾਂ ਨੂਮ ਡਰ ਸੀ ਕਿ ਤੁਰਕੀ ਦੀ ਸਰਕਾਰ ਨੇ ਓਚਲਾਨ ਨੂੰ ਇਕਦਮ ਸ਼ੂਟ ਕਰ ਦੇਣਾ ਸੀ।

ਖ਼ੈਰ ਇਟਲੀ 'ਚੋਂ ਉਹ ਫਿਰ ਰੂਸ ਗਿਆ। ਜਦੋਂ ਤੁਰਕੀ ਨੇ ਐਲਾਨ ਕੀਤਾ ਕਿ ਜਿਹੜਾ ਵੀ ਦੇਸ਼ ਓਚਲਾਨ ਨੂੰ ਪਨਾਹ ਦੇਵੇਗਾ, ਉਹ ਸਾਡਾ ਦੁਸ਼ਮਣ ਹੋਵੇਗਾ ਤਾਂ ਰੂਸ ਸਮੇਤ ਬਹੁਤ ਸਾਰੇ ਯੂਰਪੀਨ ਦੇਸ਼ਾਂ ਨੇ ਉਹਨੂੰ ਲੈਣ ਤੋਂ ਨਾਂਹ ਕਰ ਦਿੱਤੀ। ਇਸ ਪਿੱਛੇ ਅਮਰੀਕਾ ਦਾ ਵੀ ਹੱਥ ਸੀ ਕਿ ਓਚਲਾਨ ਨੂੰ ਕੋਈ ਵੀ ਦੇਸ਼ ਸਹਾਰਾ ਨਾ ਦੇਵੇ। ਰੂਸ ਤੋਂ ਉਹ ਫਿਰ ਗਰੀਸ ਗਿਆ। ਗਰੀਸ ਦੀ ਨਾਂਹ ਤੋਂ ਬਾਅਦ ਉਹ ਕੀਨੀਆ ਪਹੁੰਚਾ, ਜਿੱਥੇ ਉਸ ਨੇ ਗਰੀਕ ਅੰਬੈਂਸੀ ਵਿਚ ਪਨਾਹ ਲਈ। ਹੁਣ ਤੱਕ ਪਤਾ ਲੱਗਾ ਹੈ ਕਿ ਕੀਨੀਆ ਦੇ ਨਾਂਹ ਕਰਨ ਉੱਤੇ ਗਰੀਕ ਅੰਬੈਸੀ ਨੇ ਫੈਸਲਾ ਕੀਤਾ ਕਿ ਓਚਲਾਨ ਨੂੰ ਨੈਰੋਬੀ ਏਅਰਪੋਰਟ ਤੋਂ ਏਥਨਜ਼ ਵੱਲ ਚੜ੍ਹਾ ਦਿੱਤਾ ਜਾਵੇ। ਪਰ ਏਅਰਪੋਰਟ ਦੇ ਰਾਹ ਵਿਚ ਹੀ ਓਚਲਾਨ ਦੀ ਕਾਰ ਅਗਵਾ ਕਰ ਲਈ ਗਈ। ਛੇਕੜ ਨੂੰ ਤੁਰਕੀ ਦੀ ਸੀਕਰਿਟ ਪੁਲੀਸ ਨੇ ਓਚਲਾਨ ਨੂੰ ਅੰਕੁਰਾ ਲੈ ਆਂਦਾ। ਹਵਾਈ ਜਹਾਜ਼ ਵਿਚੋਂ ਉਹਦੀ ਤਸਵੀਰ ਦੁਨੀਆਂ ਭਰ ਲਈ ਰਿਲੀਜ਼ ਵੀ ਕੀਤੀ ਗਈ।

ਇਨ੍ਹਾਂ ਸਤਰਾਂ ਦੇ ਲਿਖਣ ਤੱਕ ਲੰਡਨ, ਹੇਗ, ਵੀਆਨਾ, ਕੋਪਨਹੈਗਨ, ਬਰਲਿਨ, ਬੌਨ, ਬਰੱਸਲਜ਼, ਮਾਸਕੋ, ਜ਼ਿਊਰਿਕ, ਮਿਲਾਨ, ਰੋਮ, ਸਟਾਕਹੋਮ, ਅਰਮੀਨੀਆ, ਵੈਨਕੂਵਰ, ਟੋਰੋਂਟੋ, ਸਿਡਨੀ ਤੇ ਵਾਸ਼ਿੰਗਟਨ ਵਿਚ ਜ਼ਬਰਦਤ ਮੁਜ਼ਾਹਰੇ ਹੋ ਰਹੇ ਹਨ। ਲੋਕਾਂ ਵੱਲੋਂ ਅਬਦੁੱਲਾ ਓਚਲਾਨ ਦੀ ਰਿਹਾਈ ਦੀ ਮੰਗ ਕੀਤੀ ਜਾ ਰਹੀ ਹੈ ਤੇ ਕੁਰਦਾਂ ਨਾਲ ਹੁੰਦੇ ਧੱਕੇ ਬਾਰੇ ਆਵਾਜ਼ ਉਠਾਈ ਜਾ ਰਹੀ ਹੈ। ਫਲਸਤੀਨ ਦੇ ਸੁਆਲ ਤੋਂ ਬਾਅਦ ਸਤਾਈ ਮਿਲੀਅਨ ਲੋਕਾਂ ਦਾ ਇਹ ਮਸਲਾ ਹੁਣ ਦੁਨੀਆਂ ਦੇ ਸਾਹਮਣੇ ਹੈ। ਇਸ ਨੂੰ ਸੁਲਝਾਉਣਾ ਬਣਦਾ ਵੀ ਹੈ ਤੇ ਇਹ ਸੁਲਝਾਉਣਾ ਪੈਣਾ ਵੀ ਹੈ ਕਿਉਂਕਿ ਕੁਰਦਿਸ਼ ਲੋਕ ਹੁਣ ਉਸ ਦੌਰ ਵਿਚ ਆਣ ਵੜੇ ਹਨ, ਜਿਥੇ ਉਹ ਸਿਰ ਧੜ ਦੀ ਬਾਜ਼ੀ ਲਾਉਣ ਲਈ ਤਿਆਰ ਹਨ। ਸਿਰੇ ਦੀ ਗੱਲ ਇਹ ਹੈ ਕਿ ਇੰਗਲਿਸਤਾਨ ਦੀਆਂ ਆਪਣੀਆਂ 'ਚੁਸਤੀਆਂ' ਹੀ ਇਸ ਦੇ ਸਾਹਮਣੇ ਆ ਰਹੀਆਂ ਹਨ। ਇੰਗਲਿਸਤਾਨ ਦੇ ਨਾਲ ਹੀ ਅਮਰੀਕਾ ਅਤੇ ਯੂਰਪ ਦੇ ਬਾਕੀ ਦੇਸ ਵੀ ਓਨੇ ਹੀ ਗੁਨਾਹਗਾਰ ਹਨ ਜਿੰਨਾ ਕਿ ਇੰਗਲਿਸਤਾਨ ਹੈ ਕਿਉਂਕਿ ਆਪਣੇ ਸੁਆਰਥੀ ਹਿੱਤਾਂ ਲਈ ਕੀਤੇ ਕੰਮ ਹੀ ਹੁਣ ਇਨ੍ਹਾਂ ਦੇ ਸਨਮੁੱਖ ਹੋ ਰਹੇ ਹਨ। ਇਸ ਮਸਲੇ ਨੂੰ ਅਣਡਿੱਠ ਕਰਨਾ ਬਹੁਤ ਵੱਡੀ ਭੁੱਲ ਹੋਵੇਗੀ।

(ਮਾਰਚ 1999)

# ਬੀ ਬੀ ਸੀ ਅਤੇ ਰੇਡੀਓ ਅਥਾਰਟੀ

ਪਿਛਲੇ ਦਿਨੀਂ ਦੋ ਬੜੀਆਂ ਅਹਿਮ ਖਬਰਾਂ ਬਾਹਰ ਆਈਆਂ ਹਨ। ਪਹਿਲੀ ਇਹ ਕਿ ਹੋਮ ਸੈਕਟਰੀ ਡਗਲਸ ਹਰਡ ਦਾ ਇਹ ਐਲਾਨ ਕਿ ਬਰਤਾਨੀਆਂ ਭਰ ਵਾਸਤੇ ਤਿੰਨ ਹੋਰ ਨੈਸ਼ਨਲ ਰੇਡੀਓ ਸਟੇਸ਼ਨ ਸਥਾਪਤ ਕੀਤੇ ਜਾਣਗੇ ਤੇ ਦੂਜੀ ਇਹ ਕਿ ਬੀ.ਬੀ.ਸੀ. ਤੋਂ ਆਉਂਦੇ ਅੰਗਰੇਜ਼ੀ ਦੇ ਪ੍ਰੋਗਰਾਮ ਨੈਟਵਰਕ ਈਸਟ ਦੀਆਂ ਦੋ ਪ੍ਰੈਜ਼ੈਂਟਰ ਏਸ਼ੀਅਨ ਕੁੜੀਆਂ ਨੂੰ ਨੌਕਰੀਓਂ ਕੱਢ ਦਿੱਤਾ ਗਿਆ ਹੈ।

ਡਗਲਸ ਹਰਡ ਜਾਂ ਸਰਕਾਰ ਵੱਲੋਂ ਕੀਤਾ ਗਿਆ ਇਹ ਐਲਾਨ ਕੋਈ ਨਵਾਂ ਨਹੀਂ ਹੈ ਕਿ ਤਿੰਨ ਨੈਸ਼ਨਲ ਰੇਡੀਓ ਸਟੇਸ਼ਨਾਂ ਦੇ ਨਾਲ ਨਾਲ ਅਨੇਕਾਂ ਕਮਿਊਨਿਟੀ ਰੇਡੀਓ ਸਟੇਸ਼ਨ ਵੀ ਕਾਇਣ ਕੀਤੇ ਜਾਣਗੇ। ਇਕ ਵਾਰ ਪਹਿਲਾਂ ਵੀ ਸਰਕਾਰ ਨੇ ਅਹਿਜਾ ਐਲਾਨ ਹੀ ਕੀਤਾ ਸੀ ਪਰ ਪਹਿਲਾਂ ਇਹ ਕਮਿਊਨਿਟੀ ਰੇਡੀਓ ਸਟੇਸ਼ਨ ਵਾਲ਼ੀ ਗੱਲ ਇਸ ਲਈ ਛਿੱਕੇ ਟੰਗ ਦਿੱਤੀ ਗਈ ਸੀ ਕਿ ਅੱਗੇ ਆਮ ਚੋਣਾਂ ਆ ਰਹੀਆਂ ਸਨ ਭਾਵੇਂ ਕਿ ਪਹਿਲਾਂ ਵੀ ਤੇ ਹੁਣ ਵੀ ਇਹ ਗੱਲ ਸਪੱਸ਼ਟ ਕਰ ਦਿੱਤੀ ਗਈ ਸੀ ਕਿ ਕਮਿਊਨਿਟੀ ਰੇਡੀਓ ਸਟੇਸ਼ਨਾਂ ਰਾਹੀਂ ਬ੍ਰਾਡਕਾਸਟ ਹੋਣ ਵਾਲਾ ਮੈਟਰ ਇੰਡੀਪੈਂਡੈਂਟ ਬ੍ਰਾਡਕਾਸਟਿੰਗ ਅਥਾਰਟੀ ਦੇ ਕਰਮਚਾਰੀ ਸਕਰੂਟਿਨਾਈਜ਼ ਕਰਿਆ ਕਰਨਗੇ। ਪਰ ਹੁਣ ਦੇ ਅਤੇ ਪਹਿਲਾਂ ਦੇ ਐਲਾਨਨਾਮੇ ਵਿਚ ਅੰਤਰ ਇਹ ਹੈ ਕਿ ਇੰਡੀਪੈਂਡੈਂਟ ਬ੍ਰਾਡਕਾਸਟਿੰਗ ਅਥਾਰਟੀ ਨੂੰ ਖਤਮ ਕਰਕੇ ਇਕ ਨਵੀਂ ਪ੍ਰੀਜ਼ਾਈਡਿੰਗ ਬਾਡੀ ਕਾਇਮ ਕੀਤੀ ਜਾਵੇਗੀ। ਦੂਜੀ ਅਹਿਮ ਗੱਲ ਇਹ ਵੀ ਹੈ ਕਿ ਤਿੰਨ ਨੈਸ਼ਨਲ ਰੇਡੀਓ ਸਟੇਸ਼ਨ ਉਹਨਾਂ ਲੋਕਾਂ ਜਾਂ ਕੰਪਨੀਆਂ ਨੂੰ ਹੀ ਦਿੱਤੇ ਜਾਣਗੇ ਜਿਹੜੇ ਸਰਕਾਰ ਨੂੰ ਵੱਧ ਤੋਂ ਵੱਧ ਪੈਸੇ ਦੇਣਗੇ। ਭਾਵੇਂ ਬਰੌਡਕਾਸਟਿੰਗ ਲਈ ਮੈਟੀਰੀਅਲ ਦੀ ਐਡੀਟੋਰੀਅਲ ਪੌਲਿਸੀ ਨਵੀਂ ਪ੍ਰੀਜ਼ਾਈਟਿੰਗ ਬਾਡੀ ਦੇ ਹੱਥ ਹੀ ਹੋਵੇਗੀ। ਸਰਕਾਰ ਦਾ ਕਹਿਣਾ ਕਿ ਇਸ ਸਭ ਕੁਝ ਦੇ ਬਾਵਜੂਦ ਵੀ ਨਵੇਂ ਸਟੇਸ਼ਨ ਕਾਫੀ ਆਜ਼ਾਦੀ ਨਾਲ ਚੱਲ ਸਕਣਗੇ।ਸਰਕਾਰ ਇਸ ਵਿਚ ਦਖ਼ਲਅੰਦਾਜ਼ੀ ਨਹੀਨ ਕਰੇਗੀ।

ਪਾਠਕਾਂ ਨੂੰ ਸ਼ਾਇਦ ਇਹ ਦੱਸਣਾ ਜ਼ਰੂਰੀ ਹੈ ਕਿ ਕਮਿਊਨਿਟੀ ਰੇਡੀਓ ਸਟੇਸ਼ਨ ਕੇਵਲ ਇਕ ਸੀਮਤ ਜਿਹੇ ਘੇਰੇ ਵਿਚ ਹੀ ਸੁਣੇ ਜਾ ਸਕਿਆ ਕਰਨਗੇ ਜਦਕਿ ਨੈਸ਼ਨਲ ਰੇਡੀਓ ਸਾਰੇ ਬਰਤਾਨੀਆਂ ਵਿਚ ਸੁਣਿਆ ਜਾ ਸਕੇਗਾ। ਇਸ ਵਿਚ ਵਧੇਰੇ ਇਕਸੁਰਤਾ ਹੋਵੇਗੀ।

ਬਰਤਾਨੀਆਂ ਵਿਚ ਇਕ ਢੇਰ ਸਾਰੀ ਗਿਣਤੀ ਉਹਨਾਂ ਏਸ਼ੀਆਈਆਂ ਦੀ ਰਹਿੰਦੀ ਹੈ ਜਿਹੜੇ ਹਿੰਦੁਸਤਾਨੀ ਜ਼ਬਾਨਾਂ ਬੋਲ ਤੇ ਸਮਝ ਸਕਦੇ ਹਨ ਪਰ ਇਹਨਾਂ ਕੋਲ ਇਕ ਵੀ ਨੈਸ਼ਨਲ ਪੱਧਰ ਦਾ ਰੇਡੀਓ ਸਟੇਸ਼ਨ ਤਾਂ ਪਾਸੇ ਰਿਹਾ ਇਕ ਅੱਧੇ ਘੰਟੇ ਦਾ ਪ੍ਰੋਗਰਾਮ ਵੀ ਨਹੀਂ ਹੈ। ਹਾਂ ਅਨੇਕਾਂ ਸ਼ਹਿਰਾਂ ਵਿਚ ਲੋਕਲ ਰੇਡੀਓ ਸਟੇਸ਼ਨਾਂ ਤੋਂ ਜ਼ਰੂਰ ਗਾਹੇ ਵਗਾਹੇ ਇਕ ਅੱਧ ਘੰਟੇ ਦਾ

ਪ੍ਰੋਗਰਾਮ ਵੀਕਲੀ ਤੌਰ ਤੇ ਆਉਂਦਾ ਹੈ ਪਰ ਇਹਨਾਂ ਪ੍ਰੋਗਰਾਮ ਦੀ ਪੱਧਰ ਬਹੁਤ ਹੀ ਨੀਵੀਂ ਹੁੰਦੀ ਹੈ। ਇਹਨਾਂ ਦਾ ਵਧੇਰੇ ਜ਼ੋਰ ਗੀਤ ਸੰਗੀਤ ਉਤੇ ਹੀ ਹੁੰਦਾ ਹੈ ਜਾਂ ਫਿਰ ਇਸ ਵਾਰੇ ਗੱਲਾਂ ਦਸੀਆਂ ਜਾਂਦੀਆਂ ਹਨ। ਕੁਝ ਸਟੇਸ਼ਨਾਂ ਉੱਤੇ ਅੰਗਰੇਜ਼ੀ ਵੀ ਸਿਖਾਈ ਜਾਂਦੀ ਹੈ ।ਚਲੋ ਅੰਗਰੇਜ਼ੀ ਸਿਖ਼ਾਉਣੀ ਤਾਂ ਕੋਈ ਮਾੜੀ ਗੱਲ ਨਹੀਂ ਹੈ ਪਰ ਅਮੂਮਨ ਵਿਦਿਅਕ ਕਿਸਮ ਦੇ ਪ੍ਰੋਗਰਾਮ ਜਿਸ ਢੰਗ ਨਾਲ ਦਿੱਤੇ ਜਾਂਦੇ ਹਨ ਉਨ੍ਹਾਂ ਤੋਂ ਇੰਝ ਲਗਦਾ ਕਿ ਜਿਵੇਂ ਅੰਗਰੇਜ਼ਾਂ ਨੂੰ ਅਜੇ ਵੀ ਸਾਡੇ ਬਾਰੇ ਇਹੋ ਭੁਲੇਖੇ ਹਨ ਕਿ ਅਸੀਂ ਜਿਵੇਂ ਕੱਲ ਹੀ ਹੀਥਰੋ ਏਅਰਪੋਰਟ ਉਤੇ ਉਤਰੇ ਹਾਂ। ਇਹਨਾਂ ਭਾਣੇ ਨਾ ਅਸੀਂ ਅੰਗਰੇਜ਼ੀ ਜ਼ਬਾਨ ਜਾਣਦੇ ਹਾਂ ਤੇ ਨਾ ਹੀ ਅਸੀਂ ਇਸ ਦੇਸ ਦੇ ਇਤਿਹਾਸ ਤੋਂ ਹੀ ਵਾਕਫ ਹਾਂ। ਇਹਨਾਂ ਲੋਕਲ ਰੇਡੀਓ ਸਟੇਸ਼ਨਾਂ ਦਾ ਸਭ ਤੋਂ ਵੱਡਾ ਦੁਖਾਂਤ ਇਹ ਹੈ ਕਿ ਇਹਨਾਂ ਨੂੰ ਚਲਾਉਣ ਵਾਲੇ ਏਸ਼ੀਅਨ ਪਤਾ ਨਹੀਂ ਕਿਹੜੇ ਦਰਵਾਜਿਓਂ ਇਹਨਾਂ ਦੇ ਇੰਨਚਾਰਜ ਤਾਂ ਬਣ ਗਏ ਹਨ ਪਰ ਇਹ ਆਪਣੇ ਹੀ ਏਸ਼ੀਅਨ ਲੋਕਾਂ ਦੀ ਸਾਈਕੀ ਤੋਂ ਵਾਕਫ ਨਹੀਂ ਹਨ। ਕਈਆਂ ਨੂੰ ਹਿੰਦੁਸਤਾਨੀ ਜ਼ਬਾਨ ਭਾਵ ਉਰਦੂ, ਹਿੰਦੀ, ਪੰਜਾਬੀ ਵੀ ਠੀਕ ਤਰ੍ਹਾਂ ਬੋਲਣੀ ਨਹੀਂ ਆਉਂਦੀ। ਨਾਵਾਂ ਤੇ ਥਾਵਾਂ ਤੇ ਉਚਾਰਣ ਵੀ ਇਹ ਗਲਤ ਹੀ ਕਰਦੇ ਹਨ।

ਇਸ ਲੇਖ ਦੇ ਸ਼ੁਰੂ ਵਿਚ ਇਸ ਹਫਤੇ ਦੀਆਂ ਮੁਖ ਖਬਰਾਂ 'ਚੋਂ ਦੂਜੀ ਬਾਰੇ ਮੈਂ ਕਿਹਾ ਹੈ ਕਿ 'ਨੈਟਵਰਕ ਈਸਟ' ਵਿਚ ਕੰਮ ਕਰਦੀਆਂ ਦੋ ਏਸ਼ਈਅਨ ਕੁੜੀਆਂ ਦਾ ਕੰਟਰੈਕਟ ਮੁੜ ਨਵਾਂ ਨਹੀਂ ਕੀਤਾ ਗਿਆ। 'ਨੈਟਵਰਕ ਈਸਟ' ਪ੍ਰੋਗਰਾਮ ਜਿੱਥੇ ਹਿੰਦੁਸਤਾਨੀ ਜ਼ਬਾਨ ਵਿਚ ਬ੍ਰਾਡਕਾਸਟ ਕੀਤਾ ਜਾਂਦਾ ਸੀ ਉਥੇ 'ਏਸ਼ੀਅਨ ਮੈਗ਼ਜ਼ੀਨ' ਪ੍ਰੋਗਰਾਮ ਕੇਵਲ ਅੰਗਰੇਜ਼ੀ ਵਿਚ ਹੀ ਬ੍ਰਾਡਕਾਸਟ ਹੁੰਦਾ ਹੈ। ਕਿਉਂਕਿ ਇਸ ਵਿਚ ਏਸ਼ੀਅਨ ਸੰਗੀਤ ਵੀ ਹੁੰਦਾ ਹੈ ਇਸ ਲਈ ਸਿੰਗਰਾਂ ਆਦਿ ਦੇ ਏਸ਼ੀਅਨ ਨਾਮ ਵੀ ਲੈਣੇ ਪੈਂਦੇ ਹਨ।ਇਹ ਦੋਵੇਂ ਬੀਬੀਆਂ ਜਿਨ੍ਹਾਂ ਚੋਂ ਇਕ ਦਾ ਨਾਮ ਵੈਲਰੀ ਵਾਜ਼ ਸੀ ਤੇ ਦੂਜੀ ਦਾ ਨਾਂ ਸਮੰਥਾ ਮੀਹਾਂ ਸੀ। ਏਸ਼ੀਅਨ ਨਾਵਾਂ ਦਾ ਉਚਾਰਣ ਵੀ ਠੀਕ ਤਰ੍ਹਾਂ ਨਹੀਂ ਸੀ ਕਰ ਸਕਦੀਆਂ ਕਿਉਂਕਿ ਦੋਵੇਂ ਭਾਵੇਂ ਰੰਗ ਦੀਆਂ ਏਸ਼ੀਅਨ ਸਨ ਪਰ ਤੌਰ ਤਰੀਕੇ ਤੇ ਪਿਛੋਕੜ ਪੱਖੋਂ ਇਹਨਾਂ ਦਾ ਏਸ਼ੀਅਨ ਜ਼ਬਾਨਾਂ ਨਾਲ ਕੋਈ ਤਾਅੱਲਕ ਨਹੀਂ ਸੀ। ਇਹ ਐਂਗਲੋ ਇੰਡੀਅਨ ਸਨ। ਵੈਲਰੀ ਵਾਜ਼ ਤਾਂ ਸੀ ਹੀ ਗੋਆ ਦੀ। ਇਹ ਲਤਾ ਮੰਗੇਸ਼ਕਰ ਤੇ ਰੇਸ਼ਮਾਂ ਦੀ ਬੋਲੀ ਸਮਝਣ ਵਾਲੀਆਂ ਨਹੀਂ ਸਨ। ਦੂਜੀ ਕੁੜੀ ਸੰਮਥਾ ਮੀਹਾ ਬ੍ਰਮਿੰਘਮ ਦੀ ਜੰਮਪਲ ਹੈ। ਉਸ ਦਾ ਪਹਿਰਾਵਾ ਤੇ ਬੋਲਚਾਲ ਅੰਗਰੇਜ਼ਾਂ ਤੋਂ ਕਿਸੇ ਗੱਲੇ ਘੱਟ ਨਹੀਂ ਸੀ। ਇਸ ਪ੍ਰੋਗਰਾਮ ਦੇ ਬ੍ਰਮਿੰਘਮ ਦੇ ਇੰਚਾਰਜ ਮਿ. ਮੋਗਰ ਨੇ ਕਿਹਾ ਹੈ ਕਿ ਉਹ ਦੋਵੇਂ ਏਸ਼ੀਅਨ ਨਾਵਾਂ ਦਾ ਠੀਕ ਉਚਾਰਣ ਨਹੀਂ ਸਨ ਕਰ ਸਕਦੀਆਂ ਪਰ ਮੈਂ ਮਿਸਟਰ ਮੋਗਰ ਨੂੰ ਪੁੱਛਦਾ ਹਾਂ ਕਿ ਜਦੋਂ ਇਹਨਾਂ ਨੂੰ ਪ੍ਰੈਜ਼ੈਂਟਰ ਦੀਆਂ ਨੌਕਰੀਆਂ ਦਿੱਤੀਆਂ ਗਈਆਂ ਸਨ ਉਦੋਂ ਉਹ ਕਿਥੇ ਸਨ?

ਸਾਡਾ ਇਹ ਸਭ ਤੋਂ ਵੱਡਾ ਦੁਖਾਂਤ ਹੈ ਕਿ ਅਸੀਂ ਜਿਸ ਵਿਦੇਸ਼ੀ ਮੁਲਕ ਵਿਚ ਵੀ ਜਾਂਦੇ ਹਾਂ, ਉਥੇ ਏਸ਼ਈਅਨ ਪਾਲਿਟਿਕਸ ਜ਼ਰੂਰ ਲੈ ਜਾਂਦੇ ਹਾਂ। 1965 ਵਿਚ "ਨਈ ਜ਼ਿੰਦਗੀ ਨਇਆ ਜੀਵਨ" ਪ੍ਰੋਗਰਾਮ ਬੀ.ਬੀ.ਸੀ. ਟੀ.ਵੀ. ਤੇ ਆਉਣਾ ਸ਼ੁਰੂ ਹੋਇਆ ਸੀ । ਇਸ ਨੂੰ ਚਲਾਉਣ ਵਾਸਤੇ ਦੋ ਏਸ਼ੀਅਨ ਬੰਦੇ ਰੱਖੇ ਗਏ ਸਨ। ਪਰ ਇਹ ਪਤਾ ਨਹੀਂ ਕਿ ਉਹ ਬੰਦੇ ਕਿਵੇਂ ਅਤੇ ਕਿਹੜੇ ਕ੍ਰਾਇਟੇਰੀਆ ਦੇ ਆਧਾਰ ਉਤੇ ਰੱਖੇ ਗਏ? ਇਕ ਹਿੰਦੂ ਪਰੈਜ਼ੈਂਟਰ ਇੰਡੀਆ ਦੀ ਪ੍ਰਤੀਨਿਧਤਾ ਕਰਨ ਵਾਸਤੇ ਸੀ ਤੇ ਦੂਜਾ ਮੁਸਲਮਾਨ ਪਰੈਜ਼ੈਂਟਰ ਪਾਕਿਸਤਾਨ ਜਾਂ ਮੁਸਲਮਾਨਾਂ

ਦੀ ਪ੍ਰਤੀਨਿਧਤਾ ਕਰਨ ਵਾਸਤੇ ਨਿਯੁਕਤ ਕੀਤਾ ਗਿਆ ਸੀ।ਕੁਝ ਐਨਾਲਲਿਸਟਾਂ ਅਨੁਸਾਰ ਇਹਨਾਂ ਦੋਹਾਂ ਨੇ ਖ਼ੂਬ ਚੰਮ ਦੀਆਂ ਚਲਾਈਆਂ। ਇਹ ਆਪੋ ਆਪਣੀਆਂ ਕਮਿਊਨਿਟੀਆਂ ਦੇ ਕਲਾਕਾਰਾਂ ਨੂੰ ਪ੍ਰੋਗਰਾਮ ਦਿੰਦੇ ਰਹੇ।ਇਸ ਤਰ੍ਹਾਂ ਉਹ ਇਥੇ ਰਹਿੰਦੇ ਲੋਕਾਂ ਨੂਮ ਵੀ ਵੰਡਦੇ ਰਹੇ ਕਿਉਂਕਿ ਦਰਅਸਲ ਹੋਣਾ ਇਹ ਚਾਹੀਦਾ ਸੀ ਕਿ ਸੱਭੋ ਕਲਾਕਾਰ ਉਨ੍ਹਾਂ ਦੀ ਲਿਆਕਤ ਨਾਲ਼ ਚੁਣੇ ਜਾਂਦੇ। ਪੰਜਾਬੀ ਜ਼ਬਾਨ ਅਤੇ ਪੰਜਾਬੀ ਕਲਾਕਾਰਾਂ ਨੂੰ ਤਾਂ ਕੋਈ ਪੁੱਛਦਾ ਹੀ ਨਹੀਂ ਸੀ। ਇਨ੍ਹਾਂ ਦਾ ਸਾਰਾ ਜ਼ੋਰ ਬੀ ਬੀ ਸੀ ਦੀ ਮੈਨੇਜਮੈਂਟ ਨੂੰ ਖ਼ੁਸ਼ ਕਰਨ ਉੱਤੇ ਲੱਗਾ ਰਹਿੰਦਾ। ਸਰਕਾਰ ਦੀ ਜੀ ਹਜ਼ੂਰੀ ਇਸ ਪ੍ਰੋਗਰਾਮ ਦਾ ਮੇਨ ਮਕਸਦ ਹੁੰਦਾ ਪਰ ਫਿਰ ਵੀ ਇਹਨਾਂ ਦੋ ਬੰਦਿਆਂ ਨੂੰ ਮਲਕਾ ਵੱਲੋਂ ਤਗਮੇ ਦੁਆਏ ਗਏ ਕਿ ਇਹਨਾਂ ਨੇ ਏਸ਼ੀਅਨ ਕਮਿਊਨਿਟੀ ਦੀ ਬੜੀ 'ਸੇਵਾ' ਕੀਤੀ ਹੈ। ਇਹਨਾਂ ਤੋਂ ਬਾਦ ਇਸ ਪ੍ਰੋਗਰਾਮ ਦਾ ਨਾਮ "ਏਸ਼ੀਅਨ ਮੈਗਜ਼ੀਨ" ਰੱਖਿਆ ਗਿਆ ਜਿਸ ਵਿਚ ਪਾਕਿਸਤਾਨੀਆਂ ਦਾ ਕਬਜ਼ਾ ਰਿਹਾ। ਕਈ ਪ੍ਰੋਗਰਾਮ ਤਾਂ ਹੁੰਦੇ ਹੀ ਪਾਕਿਸਤਾਨ ਬਾਰੇ ਸਨ -ਜਿਵੇਂ ਪ੍ਰਧਾਨ ਮੰਤਰੀ ਜੋਨੇਜੋ ਦੀ ਇੰਟਰਵਿਊ। ਇਕ ਵੇਰ ਅੱਧਾ ਘੰਟਾ ਉਸ ਕੁੜੀ 'ਤੇ ਲਾ ਦਿੱਤੀ ਗਿਆ ਜਿਹੜੀ ਟੈਨਿਸ ਦੀ ਮਾੜੀ ਜਿਹੀ ਖਿਡਾਰਨ ਸੀ। ਦੂਜਾ ਧੱਕਾ ਇਹ ਹੁੰਦਾ ਸੀ ਕਿ ਇਹ ਅੱਧੇ ਘੰਟੇ ਦਾ ਪ੍ਰੋਗਰਾਮ ਐਤਵਾਰ ਨੂੰ 9 ਜਾਂ ਸਾਢੇ 9 ਵਜੇ ਸਵੇਰੇ ਬ੍ਰਾਡਕਾਸਟ ਕੀਤਾ ਜਾਂਦਾ ਸੀ ਜਦਕਿ ਲੋਕੀ ਐਤਵਾਰ ਵਾਲੇ ਦਿਨ ਛੇਆਂ ਦਿਨਾਂ ਦੀ ਥਕਾਵਟ ਲਾਹੁਣ ਲਈ ਸੌਣਾ ਚਾਹੁੰਦੇ ਹੁੰਦੇ ਸਨ। ਜੇਕਰ ਕਿਸੇ ਐਤਵਾਰ ਨੂੰ ਕੋਈ ਅੰਗਰੇਜ਼ਾਂ ਦਾ ਦਿਨ ਤਿਉਹਾਰ ਹੁੰਦਾ ਤਾਂ ਇਸ ਪ੍ਰੋਗਰਾਮ ਨੂੰ ਜਾਂ ਤਾਂ ਅੱਗੇ ਪਿੱਛੇ ਕਰ ਦਿੱਤਾ ਜਾਂਦਾ ਤੇ ਜਾਂ ਫਿਰ ਉਕਾ ਹੀ ਨਾ ਦਿਖਾਇਆ ਜਾਂਦਾ। ਲੋਕਾਂ ਦੀਆਂ ਸ਼ਿਕਾਇਤਾਂ ਵੱਲ ਧਿਆਨ ਦੇਣ ਦੀ ਥਾਂ ਸਗੋਂ ਬੀ ਬੀ ਸੀ ਨੇ ਇਹ ਕਹਿ ਕੇ ਇਹ ਇਕੋ ਇਕ ਪ੍ਰੋਗਰਾਮ ਬੰਦ ਕਰ ਦਿੱਤਾ ਕਿ ਏਸ਼ੀਅਨ ਲੋਕ ਹੁਣ ਕਿਉਂਕਿ ਅੰਗਰੇਜ਼ੀ ਜ਼ਬਾਨ ਸਮਝਦੇ ਹਨ, ਇਸ ਲਈ ਇਹਨੂੰ ਬੰਦ ਕਰਕੇ ਇਕ ਨਵਾਂ ਪ੍ਰੋਗਰਾਮ "ਨੈਟ ਵਰਕ ਈਸਟ" ਸ਼ੁਰੂ ਕੀਤਾ ਜਾਵੇ ਜਿਸਦਾ ਮਾਧਿਅਮ ਅੰਗਰੇਜ਼ੀ ਹੋਵੇ। ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਹ ਏਸ਼ੀਅਨ ਮੈਗਜ਼ੀਨ ਪਰੋਗਰਾਮ ਕਈ ਵਾਰ ਉੱਕਾ ਹੀ ਅੰਗਰੇਜ਼ੀ ਜ਼ਬਾਨ ਵਿਚ ਹੁੰਦਾ ਸੀ ਤੇ ਹਿੰਦੁਸਤਾਨੀ ਦਾ ਇਕ ਲਫਜ਼ ਵੀ ਨਹੀਂ ਸੀ ਬੋਲਿਆ ਜਾਂਦਾ। ਇਸ ਦੀ ਇਕ ਮਿਸਾਲ ਕ੍ਰਿਕਟਰ ਕਪਲ ਦੇਵ ਦੇ ਪ੍ਰੋਗਰਾਮ ਬਾਰੇ ਹੈ। ਉਹ ਅੰਗਰੇਜ਼ੀ ਵਿਚ ਬੋਲਦਾ ਸੀ। ਪ੍ਰੋਗਰਾਮ ਨੂੰ ਪੇਸ਼ ਕਰਨ ਵਾਲਾ ਅੰਗਰੇਜ਼ ਸੀ। ਜਿਹੜੇ ਦਰਸ਼ਕ ਉਹਨੂੰ ਸਵਾਲ ਕਰਨ ਵਾਸਤੇ (ਸ਼ਾਇਦ ਪ੍ਰੋਡਿਊਸਰਾਂ ਦੀ ਜਾਣ ਪਛਾਣ ਵਾਲੇ ਹੀ) ਸੱਦੇ ਗਏ ਸਨ, ਉਹ ਵੀ ਅੰਗਰੇਜ਼ੀ ਵਿਚ ਹੀ ਬੋਲਦੇ ਸਨ। ਰਤਾ ਦੱਸੋ ਕਿ ਐਤਵਾਰ ਸਵੇਰੇ ਚਾਈਂ ਚਾਈਂ ਉਠ ਕੇ ਇਸ ਏਸ਼ੀਅਨ ਮੈਗਜ਼ੀਨ ਪ੍ਰੋਗਰਾਮ ਦੀ ਉਡੀਕ ਕਰਨ ਵਾਲੇ ਉਸ ਇੰਡੀਅਨ ਜਾਂ ਪਾਕਿਸਤਾਨੀ ਦੇ ਪੱਲੇ ਕੀ ਪਿਆ ਹੋਊ ਜਿਹੜਾ ਆਪਣੀ ਜ਼ਬਾਨ ਦਾ ਸ਼ੌਕੀਨ ਸੀ। ਇਸੇ ਤਰ੍ਹਾਂ ਜਦੋਂ ਮੈਨੂੰ ਸ਼੍ਰੋਮਣੀ ਸਾਹਿਤਕਾਰ ਦਾ ਐਵਾਰਡ ਮਿਲਿਆ ਤਾਂ ਮੈਂ ਕਿਹਾ ਕਿ ਪੰਜਾਬੀ ਦਾ ਲੇਖਕ ਹਾਂ ਮੈਨੂੰ ਪੰਜਾਬੀ 'ਚ ਬੋਲਣ ਦਿਓ ਪਰ ਅਜਿਹਾ ਨਹੀਂ ਹੋਣ ਦਿੱਤਾ ਗਿਆ। ਸ਼ਿਵ ਕੁਮਾਰ ਬਟਾਲਵੀ ਤੇ ਸੰਤੋਖ ਸਿੰਘ ਧੀਰ ਨੂੰ ਵੀ ਹਿੰਦੀ ਵਿਚ ਹੀ ਬੁਲਵਾਇਆ ਗਿਆ। ਉਤੋਂ ਮਜ਼ੇਦਾਰ ਗੱਲ ਇਹ ਹੈ ਕਿ ਇਹ ਹਦਾਇਤ ਬੀ.ਬੀ.ਸੀ. ਦੇ ਅੰਗਰੇਜ਼ ਕਰਮਚਾਰੀਆਂ ਵੱਲੋਂ ਨਹੀਂ, ਸਗੋਂ ਆਪਣੇ ਹੀ ਲੋਕਾਂ ਵੱਲੋਂ ਠੋਸੀ ਗਈ ਹੈ। ਸੋ ਅਸੀਂ ਸਿਰਫ ਆਪਣੇ ਮੁਲਕ ਵਿਚ ਹੀ ਨਹੀਂ ਬਾਹਰਲੇ ਮੁਲਕਾਂ ਵਿਚ ਵੀ ਆਪਣੀ ਮਿੱਟੀ

ਆਪ ਪੁੱਟਦੇ ਹਾਂ।

ਅੱਜ ਦੇ ਤੇਜ਼ ਤੱਰਾਰ ਮਹੌਲ ਵਿਚ ਜਿੱਥੇ ਰਾਜਨੀਤਕ ਅਤੇ ਸਮਾਜਕ ਹਾਲਾਤ ਬੜੀ ਤੇਜ਼ੀ ਨਾਲ ਬਦਲ ਰਹੇ ਹਨ, ਅਸਾਂ ਏਸ਼ੀਆਈਆਂ ਲਈ ਜ਼ਰੂਰੀ ਹੈ ਕਿ ਸਾਡਾ ਕੋਈ ਆਪਣਾ ਪ੍ਰਸਾਰਨ ਮਾਧਿਅਮ ਹੋਵੇ। ਇਸ ਵਾਸਤੇ ਸਾਂਝੇ ਸੰਗਠਨ ਅਤੇ ਗੈਰ ਸੁਆਰਥ ਅੰਦੋਲਨ ਦੀ ਲੋੜ ਹੈ। ਇੰਗਲੈਂਡ ਦੇ ਹਰ ਉਸ ਸ਼ਹਿਰ ਵਿਚ ਕਮਿਉਨਿਟੀ ਰੇਡੀਓ ਸਟੇਸ਼ਨ ਹੋਣੇ ਚਾਹੀਦੇ ਹਨ ਜਿਥੇ ਇਮੀਗਰਾਂਟ ਲੋਕਾਂ ਦੀ ਬਹੁਤਾਤ ਹੈ। ਵਿਸ਼ੇਸ਼ ਗੱਲ ਜਿਹੜੀ ਧਿਆਨ ਵਿਚ ਰੱਖੀ ਜਾਵੇ ਉਹ ਇਹ ਹੋਵੇ ਕਿ ਇਸ ਨੂੰ ਪ੍ਰੋਡਿਊਸ ਕਰਨ ਵਾਲੇ ਤੇ ਪੇਸ਼ ਕਰਨ ਵਾਲੇ ਨਾ ਸਿਰਫ ਸਾਡੀ ਜ਼ਬਾਨ ਹੀ ਸਮਝਦੇ ਹੋਣ ਸਗੋਂ ਸਾਡੇ ਕਲਚਰ, ਧਰਮ ਅਤੇ ਮੁਸ਼ਕਲਾਂ ਤੋਂ ਵੀ ਵਾਕਫ ਹੋਣ। ਇਹਨਾਂ ਸਟੇਸ਼ਨਾਂ ਉਤੇ ਦਰਪੇਸ਼ ਆਉਂਦੀਆਂ ਸਮਾਜਕ ਸਮੱਸਿਆਵਾਂ ਸਬੰਧੀ ਸਿਹਤਮੰਦ ਚਰਚੇ ਹੋਣ। ਦੇਸਾਂ ਤੇ ਪ੍ਰਦੇਸਾਂ ਦੀਆਂ ਖਬਰਾਂ ਕਾਬਲ ਰੀਸਰਚ ਨਿਊਜ਼ ਰੀਪੋਰਟਰ ਇਕੱਤਰ ਕਰਨ ਤੇ ਇਹਨਾਂ ਨੂੰ ਪੇਸ਼ ਕਰਨ ਦਾ ਢੰਗ ਯੂਨੀਵਰਸਲ ਹੋਵੇ। ਵਰਨਾ ਇਹ ਯਾਦ ਰੱਖਣ ਵਾਲੀ ਗੱਲ ਹੈ ਕਿ ਅਸੀਂ ਇੱਥੋਂ ਦੇ ਸਮਾਜ ਨਾਲੋਂ ਵੀ ਟੁੱਟੇ ਰਵ੍ਹਾਂਗੇ ਤੇ ਆਪਣੇ ਨਾਲੋਂ ਵੀ। ਗੈਰ ਕਾਨੂੰਨੀ ਰੇਡੀਓ ਚਲਾਉਣ ਵਾਲੇ ਚੁਸਤ ਲੋਕ ਧੜਾਧੜ ਪੈਸੇ ਵੀ ਕਮਾ ਰਹੇ ਹਨ ਤੇ ਲੋਕਾਂ ਨੂੰ ਚੋਂਦੇ ਚੋਂਦੇ ਗੀਤ ਸੁਣਾ ਕੇ ਨਿਹਾਲ ਵੀ ਕਰ ਰਹੇ ਹਨ ਪਰ ਜ਼ਿੰਦਗੀ ਸਿਰਫ ਜੇਕਰ ਚੋਂਦੇ ਚੋਂਦੇ ਗੀਤ ਸੁਣ ਕੇ ਹੀ ਸਾਵੀਂ ਪੱਧਰੀ ਟੁਰ ਸਕਦੀ ਤਾਂ ਗੱਲ ਹੋਰ ਸੀ ਪਰ ਇਥੇ ਤਾਂ ਨਾ ਸਿਰਫ ਰੰਗ ਨਸਲ ਦਾ ਮਸਲਾ ਹੀ ਪਹਾੜ ਬਣ ਕੇ ਖੜ੍ਹਾ ਹੈ ਸਗੋਂ ਪੀੜੀਆਂ ਦੇ ਪਾੜੇ ਦੇ ਸੁਆਲ ਤੋਂ ਲੈ ਕੇ ਅੰਧ ਵਿਸ਼ਵਾਸ ਫੈਲਾਉਣ ਵਾਲੇ ਸੰਤ ਮਹਾਤਮਾਂ ਵੀ ਧੜਾ ਧੜ ਪੁੱਜ ਰਹੇ ਹਨ। ਸੋ ਮੇਰੀ ਇਲਤਜਾ ਹੈ ਕਿ ਇਕ ਸਾਂਝਾ ਮੁਹਾਜ਼ ਬਣਾ ਕੇ ਹੋਮ ਸਕੱਤਰ ਉਤੇ ਜ਼ੋਰ ਪਾਇਆ ਜਾਵੇ ਕਿ ਏਸ਼ੀਆਈਆਂ ਨੂੰ ਇਕ ਨੈਸ਼ਨਲ ਰੇਡੀਓ ਸਟੇਸ਼ਨ ਦਿੱਤਾ ਜਾਵੇ ਜਿਸ ਨੂੰ ਚਲਾਉਣ ਵਾਲੇ ਅਜ਼ਾਦ ਅਰਜ਼ੀਆਂ ਮੰਗ ਕੇ ਚੁਣੇ ਜਾਣ। ਉਹਨਾਂ ਦੇ ਐਕਸ਼ਨਾਂ ਉਤੇ ਨਜ਼ਰ ਰੱਖਣ ਲਈ ਇਕ ਅਜ਼ਾਦ ਕਮੇਟੀ ਚੁਣੀ ਜਾਵੇ। ਪਰ ਇਸ ਕਮੇਟੀ ਵਿਚ ਉਹ ਲੋਕ ਨਾ ਲਏ ਜਾਣ ਜਿਹੜੇ ਪਿਛਲੇ ਤੀਹਾਂ ਸਾਲਾ ਤੋਂ ਆਪਣੇ ਆਪ ਹੀ ਸਾਡੇ ਕਮਿਉਨਿਟੀ ਲੀਡਰ ਬਣੇ ਫਿਰਦੇ ਹਨ ਤੇ ਅਕਲ ਉਹਨਾਂ ਕੋਲ ਟਕੇ ਦੀ ਵੀ ਨਹੀਂ ਹੈ।

ਹੋਮ ਸਕੱਤਰ (ਗ੍ਰਹਿ ਮੰਤਰੀ) ਜੀ ਕਹਿੰਦੇ ਹਨ ਕਿ ਨੈਸ਼ਨਲ ਰੇਡੀਓ ਵੱਧ ਤੋਂ ਵੱਧ ਬੋਲੀ ਦੇਣ ਵਾਲੇ ਨੂੰ ਹੀ ਦਿੱਤਾ ਜਾਵੇਗਾ। ਇਹ ਗੱਲ ਕਿਸੇ ਤੋਂ ਲੁਕੀ ਛਿਪੀ ਨਹੀਂ ਕਿ ਸਾਡੇ ਏਸ਼ੀਆਈਆਂ ਵਿਚਕਾਰ ਬਥੇਰੇ ਤਕੜੇ ਤਕੜੇ ਸਰਮਾਏਦਾਰ ਬੈਠੇ ਹਨ। ਸਾਡੇ ਮੰਦਰਾਂ ਗੁਰਦਵਾਰਿਆਂ ਕੋਲ ਵੀ ਬਥੇਰਾ ਪੈਸਾ ਹੈ।

ਮੈਂ ਕਈ ਵੇਰ ਸੋਚਦਾ ਹਾਂ ਕਿ ਜੇਕਰ ਰੱਬ ਨਾ ਕਰੇ ਇੰਗਲੈਂਡ ਦੇ ਇਕ ਸ਼ਹਿਰ ਵਿਚ ਨਸਲੀ ਫਸਾਦ ਫੈਲ ਜਾਣ ਤਾਂ ਦੂਜੇ ਸ਼ਹਿਰ ਤੱਕ ਖਬਰ ਕਰਨ ਲਈ ਵੀ ਸਾਨੂੰ ਅੰਗਰੇਜ਼ੀ ਮਾਧਿਅਮ ਉਤੇ ਹੀ ਨਿਰਭਰ ਹੋਣਾ ਪਵੇਗਾ। ਅਸੀਂ ਇਹ ਸਭ ਜਾਣਦੇ ਹਾਂ ਕਿ ਅੰਗਰੇਜ਼ੀ ਮਾਧਿਅਮ ਨੇ ਕਿਸ ਐਂਗਲ ਤੋਂ ਸੁਰਖੀਆਂ ਜਮਾਉਣੀਆਂ ਹਨ। ਇਹ ਗੱਲ ਅਸੰਭਵ ਨਹੀਂ ਹੈ ਕਿ ਕੋਈ ਏਸ਼ੀਆਈ ਰੇਡੀਓ ਸਟੇਸ਼ਨ ਕਾਇਮ ਨਹੀਂ ਹੋ ਸਕਦਾ। ਕੈਨੇਡਾ ਵਿਚ ਇਟਾਲੀਅਨ, ਗਰੀਕ ਤੇ ਜਰਮਨ ਰੇਡੀਓ ਜੇਕਰ ਕਾਇਮ ਹੋ ਸਕਦੇ ਹਨ ਤਾਂ ਇਥੇ ਕਿਉਂ ਨਹੀਂ? ਲੋੜ ਸਿਰਫ

ਇਸ ਗੱਲ ਦੀ ਹੈ ਕਿ ਏਕੇ ਨਾਲ ਕੋਈ ਗੱਲ ਹੋਵੇ।

ਪਾਠਕਾਂ ਨੂੰ ਯਾਦ ਹੋਵੇਗਾ ਕਿ ਤਿੰਨ ਕੁ ਸਾਲ ਪਹਿਲਾਂ ਜਦੋਂ ਹੋਮ ਸਕੱਤਰ ਨੇ ਕਮਿਊਨਿਟੀ ਰੇਡੀਓਜ਼ ਬਾਰੇ ਅਰਜ਼ੀਆਂ ਮੰਗੀਆਂ ਸਨ ਤਾਂ ਆਪਣੇ ਹੀ ਲੋਕਾਂ ਨੇ ਆਪਣੇ ਹੀ ਲੋਕਾਂ ਦੀਆਂ ਅਰਜ਼ੀਆਂ ਬਾਰੇ ਹੋਮ ਸਕੱਤਰ ਕੋਲ ਚੁਗਲੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਦਾ ਸਿੱਟਾ ਅਸੀਂ ਸਭ ਜਾਣਦੇ ਹਾਂ।

ਸੋ ਆਓ, ਇਕ ਹੋਈਏ ਤੇ ਇਥੋਂ ਦੇ ਮੀਡੀਏ ਉਤੇ ਕੁਝ ਹੱਕ ਜਮਾਈਏ। ਇਹ ਹੱਕ ਹੱਕੀ ਹੈ ਕਿਉਂਕਿ ਅਸੀਂ ਇਥੇ ਕੰਮ ਵੀ ਕਰਦੇ ਹਾਂ ਤੇ ਟੈਕਸ ਵੀ ਭਰਦੇ ਹਾਂ।

(1988)

# 1999 ਦੀ ਇਕ ਰੇਡੀਓ ਡੀਬੇਟ

1999 ਦਾ ਵਰ੍ਹਾ ਖਾਲਸਾ ਪੰਥ ਦੀ ਸਾਜਨਾ ਦੇ ਤਿੰਨ ਸੌਵੇਂ ਵਰ੍ਹੇ ਵਜੋਂ ਮਨਾਇਆ ਜਾ ਰਿਹਾ ਹੈ। ਇਸ ਨੂੰ ਮਨਾਉਣ ਲਈ ਜਿਹੜੇ ਵੱਖ ਵੱਖ ਧੜੇ ਆਪੋ ਵਿਚ ਉਲਝੇ ਰਹੇ ਸਨ, ਉਨ੍ਹਾਂ ਬਾਰੇ ਤਾਂ ਮੈਂ ਨਾ ਹੀ ਕੁਝ ਕਹਾਂ ਤਾਂ ਚੰਗਾ ਹੈ। ਪਰ ਵਿਦੇਸ਼ਾਂ ਵਿਚ ਰਹਿੰਦੇ ਆਮ ਸਿੱਖਾਂ ਨੇ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੈ ਕਿ ਉਹ ਜਸ਼ਨ ਉਸ ਢੰਗ ਨਾਲ ਨਹੀਂ ਮਨਾਏ ਗਏ ਜਿਸ ਦੀ ਕਿ ਆਮ ਸਿੱਖਾਂ ਨੂੰ ਆਸ ਸੀ। ਇੰਗਲਿਸਤਾਨ ਵਿਚ ਵੀ ਅਨੇਕਾਂ ਸੰਸਥਾਵਾਂ ਨੇ ਏਸ ਵਰ੍ਹੇ ਨੂੰ ਜਾਂ ਏਸ ਜਸ਼ਨ ਨੂੰ ਚੰਗੀ ਤਰ੍ਹਾਂ ਤੇ ਬਾਰੌਣਕ ਮਨਾਉਣ ਦੀ ਕੋਸ਼ਸ਼ ਕੀਤੀ ਹੈ। ਇਕ ਅੱਧ ਸੰਸਥਾ ਨੇ ਗ਼ੈਰ ਸਿੱਖ ਵਸੋਂ ਨੂੰ ਵੀ ਇਨ੍ਹਾਂ ਜਸ਼ਨਾਂ ਵਿੱਚ ਸ਼ਾਮਲ ਕਰਨ ਦੇ ਯਤਨ ਵੀ ਕੀਤਾ ਹਨ ਪਰ ਸਮੁੱਚੇ ਤੌਰ 'ਤੇ ਇਥੇ ਵੀ ਸਿੱਖ ਲੋਕ ਆਗੂ ਗੁਰੂ ਸਾਹਿਬਾਂ ਦੇ ਸੰਦੇਸ਼ ਨੂੰ ਤੇ ਸਿੱਖੀ ਪਹਿਰਾਵੇ ਨੂੰ ਸਹੀ ਤੇ ਸਿੱਕੇਬੰਦ ਢੰਗ ਨਾਲ ਨਹੀਂ ਸਮਝਾ ਸਕੇ। ਉਧਰ ਗ਼ੈਰ ਸਿੱਖ ਵਸੋਂ ਪਰ ਖਾਸ ਕਰਕੇ ਅੰਗਰੇਜ਼ਾਂ ਨੇ ਵੀ ਇਸ ਵਿਚ ਕੋਈ ਦਿਲਚਸਪੀ ਨਹੀਂ ਦਿਖ਼ਾਈ। ਲੰਡਨ ਦੇ ਪ੍ਰਸਿੱਧ ਰੌਇਲ ਐਲਬਟ ਹਾਲ ਵਿਚ ਪਰਿੰਸ ਚਾਰਲਸ ਵੀ ਆਏ ਸਨ। ਔਡੀਐਸ ਵਿਚ ਬੈਠੇ ਸਿੱਖਾਂ ਨੇ ਜੈਕਾਰੇ ਛੱਡੇ। ਪਰਿੰਸ ਚਾਰਲਸ ਨੇ ਗਿਣੀ ਮਿੱਥੀ ਤੇ ਕਿਸੇ ਦੀ ਲਿਖੀ ਹੋਈ ਸਪੀਚ ਪੜ੍ਹ ਦਿਤੀ। ਅੰਗਰੇਜ਼ੀ ਦੀਆਂ ਅਖਬਾਰਾਂ ਵਿਚ ਇਹ ਤਾਂ ਆਇਆ ਕਿ ਪਰਿੰਸ ਚਾਰਲਸ ਖਾਲਸੇ ਦੇ ਤਿੰਨ ਸੌ ਸਾਲਾ ਜਸ਼ਨਾਂ ਵਿਚ ਸ਼ਾਮਲ ਹੋਏ ਸਨ ਪਰ ਕਿਸੇ ਨੇ ਵੀ ਇਨ੍ਹਾਂ ਜਸ਼ਨਾਂ ਦੇ ਮਹੱਤਵ ਨੂੰ ਸਮਝਾਉਣ ਦੀ ਕੋਸ਼ਸ਼ ਨਹੀਂ ਕੀਤੀ। ਅਖੰਡ ਪਾਠਾਂ, ਕੀਰਤਨਾਂ ਤੇ ਲੱਛੇਦਾਰ ਸਪੀਚਾਂ ਤੋਂ ਅੱਗੇ ਗੱਲ ਵਧੀ ਹੀ ਨਹੀਂ।

ਖ਼ੈਰ 'ਮਾਨੁਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਦੇ ਕਥਨ 'ਤੇ ਅਸੀਂ ਖੁਦ ਕਿੰਨੇ ਕੁ ਚਲਦੇ ਹਾਂ-ਇਸ ਉਤੇ ਮੈਂ ਇਕ ਖ਼ਾਸ ਰੇਡੀਓ ਡੀਬੇਟ ਕਰਾਈ ਸੀ। ਇਸ ਡੀਬੇਟ ਵਿਚ ਸਿੱਖਾਂ ਹੀ ਨਹੀਂ, ਹਿੰਦੂਆਂ ਅਤੇ ਮੁਸਲਮਾਨਾਂ ਦੇ ਵਿਚਾਰ ਵੀ ਸਾਹਮਣੇ ਆਏਂ ਸਨ। ਸਹਿਜਧਾਰੀ ਸਿੱਖਾਂ ਦੀਆਂ ਭਾਵਨਾਵਾਂ ਵੀ ਉਭਰੀਆਂ ਸਨ। ਜਿਵੇਂ ਮੈਂ ਪਹਿਲਾਂ ਵੀ ਕਈ ਵੇਰ ਲਿਖਿਆ ਹੈ ਕਿ ਇਹ ਡੀਬੇਟ ਲਾਈਵ ਹੁੰਦੀ ਹੈ। ਮੇਰੇ ਵੱਲੋਂ ਹਰ ਕਾਲਰ ਨੂੰ ਕੰਟਰੋਲ ਵਿਚ ਰੱਖਿਆ ਜਾਂਦਾ ਹੈ ਤੇ ਉਸ ਨੂੰ ਉਦੋਂ ਕੱਟ ਦਿਤਾ ਜਾਂਦਾ ਹੈ ਜਦੋਂ ਉਹ ਗੱਲ ਨੂੰ ਦੁਹਰਾਉਣ ਲੱਗ ਪੈਂਦਾ ਹੈ। ਮੇਰੇ ਵਲੋਂ ਅਨੇਕਾਂ ਸੁਆਲ ਪੁੱਛੇ ਜਾਂਦੇ ਹਨ। ਅਨੇਕਾਂ ਇਹੋ ਜਿਹੀਆਂ ਗੱਲਾਂ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਸੁਣ ਕੇ ਕਾਲਰ ਵਧ ਤੋਂ ਵੱਧ ਗੱਲਾਂ ਕਰਦਾ ਹੈ। ਉਸ ਨੂੰ ਕੋਈ ਵਿਰੋਧੀ ਗੱਲ ਕਰਕੇ ਭੜਕਾਇਆ ਵੀ ਜਾਂਦਾ ਹੈ। ਇੰਗਲਿਸਤਾਨ ਵਿਚ ਬਹੁਤੇ ਕਾਲਰ ਅਕਸਰ ਹੀ ਅੰਗਰੇਜ਼ੀ ਵਿਚ ਬੋਲਦੇ ਹਨ ਪਰ ਪੰਜਾਬੀ, ਹਿੰਦੂ, ਉਰਦੂ ਵੀ ਬੋਲੀ ਜਾਂਦੀ ਹੈ। ਹੇਠਾਂ ਲਿਖੀ ਟਰਾਂਸਕ੍ਰਿਪਟ ਵਿਚੋਂ

ਮੈਂ ਆਪਣੀਆ ਆਖ਼ੀਆਂ ਗੱਲਾਂ ਅਤੇ ਪੁਛੇ ਗਏ ਸਵਾਲ ਕੱਟ ਦਿਤੇ ਹਨ ਪਰ ਇਨ੍ਹਾਂ ਦੀ ਝਲਕ ਕਾਲਰਾਂ ਦੀ ਗਲਬਾਤ ਚੋਂ ਮਿਲ ਹੀ ਜਾਂਦੀ ਹੈ।

ਪਹਿਲਾਂ ਕਾਲਰ ਫ਼ਿਜੀ ਤੋਂ ਆ ਕੇ ਇਥੇ ਵਸੇ ਹੋਏ ਮਿਸਟਰ ਸ਼ਰਮਾ ਵੱਲੋਂ ਸੀ। ਆਪ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੀ ਦੁਨੀਆਂ ਨੂੰ ਬਹੁਤ ਵੱਡੀ ਦੇਣ ਸੀ। ਆਪ ਦਾ ਸੰਦੇਸ਼ ਮਨੁੱਖੀ ਭਰਾਤ੍ਰੀਮਤਾ ਵਾਲਾ ਸੀ ਤੇ ਸਹੀ ਤੌਰ ਤੇ ਆਪ ਜੀ ਸਾਂਝੀਵਾਲਤਾ ਦੇ ਪ੍ਰਚਾਰਕ ਸਨ। ਪਰ ਗੁਰੂ ਗੋਬਿੰਦ ਸਿੰਘ ਇਸ ਗੱਲੋਂ ਵੀ ਵਲੱਖਣ ਸਨ ਕਿ ਆਪ ਨੇ ਜ਼ੁਲਮ ਸਿੱਤਮ ਨੂੰ ਚੁੱਪ ਕਰਕੇ ਨਾ ਸਹਿਣ ਦਾ ਉਪਦੇਸ਼ ਵੀ ਦਿਤਾ ਸੀ। ਦੁਨੀਆਂ ਵਿਚ ਸ਼ਾਇਦ ਹੀ ਕੋਈ ਅਜਿਹਾ ਗੁਰੂ ਪੀਰ ਹੋਵੇਗਾ। ਜਿਸ ਨੇ ਮੀਰੀ ਤੇ ਪੀਰੀ ਨੂੰ ਏਨੀ ਸ਼ਿੱਦਤ ਨਾਲ ਪ੍ਰਚਾਰਿਆ ਹੋਵੇ। ਖੁਦ ਅਤੇ ਆਪਣੇ ਪਰਵਾਰ ਨੂੰ ਵਾਰ ਕੇ ਉਨ੍ਹਾਂ ਨੇ ਮਾਅਰਕਾਖੇਜ਼ ਕੁਰਬਾਨੀ ਦਿਤੀ ਸੀ ਪਰ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਦੇ ਉਚੇ ਸਿਧਾਂਤ ਨੂੰ ਇਕ ਤੰਗ ਘੇਰੇ ਵਿਚ ਹੀ ਬੰਦ ਕਰ ਦਿੱਤਾ ਹੋਇਆ ਹੈ। ਸਿੱਖੀ ਸਰੂਪ ਜਿਹੜੇ ਕਾਇਮ ਰੱਖ ਸਕਦੇ ਹਨ, ਉਹ ਰੱਖਣ ਪਰ ਗੁਰੂ ਗੋਬਿੰਦ ਸਿੰਘ ਨੇ ਹੋਰ ਵੀ ਤਾਂ ਅਨੇਕਾਂ ਅਹਿਮ ਗੱਲਾਂ ਆਖੀਆਂ ਸਨ ਜਿਹੜੀਆਂ ਦੁਨੀਆਂ ਭਰ ਦੇ ਲੋਕਾਂ ਨੂੰ ਫੌਲੋ ਕਰਨੀਆਂ ਚਾਹੀਦੀਆਂ ਸਨ। ਜ਼ਾਲਮ ਤੇ ਜ਼ੁਲਮ ਨੂੰ ਖਤਮ ਕਰਨ ਦੇ ਉਨ੍ਹਾਂ ਦੇ ਯਤਨ ਸੁਨਹਿਰੀ ਅੱਖਰਾਂ ਵਿਚ ਲਿਖੇ ਜਾਣੇ ਚਾਹੀਦੇ ਨੇ। ਉਨ੍ਹਾਂ ਨੇ ਅਜਿਹੀ ਸਿੱਖ ਕੌਮ ਨੂੰ ਜਨਮ ਦਿਤਾ ਹੈ ਜਿਹੜੀ ਆਪਣੀ ਮਿਸਾਲ ਆਪ ਹੈ ਨੇ ਇਹ ਹਿੰਦੁਸਤਾਨ ਵਾਸਤੇ ਨਿਹਾਇਤ ਵਿਸੇਸ਼ ਅਤੇ ਤਾਕਤਵਰ ਧਿਰ ਹੈ। ਭਾਰਤ ਦੀ ਅਜ਼ਾਦੀ ਵਿਚ ਜਿੰਨਾ ਯੋਗਦਾਨ ਸਿੱਖਾਂ ਦਾ ਹੈ, ਉਨਾ ਕਿਸੇ ਦਾ ਵੀ ਨਹੀਂ ਹੈ। ਕੁਰਬਾਨੀ ਦੀ ਇਹ ਧਾਰਨਾ ਗੁਰੂ ਦਿਆ ਸਿੱਖਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਪਦ-ਚਿੰਨ੍ਹਾਂ ਉਤੇ ਟੁਰ ਕੇ ਹੀ ਤਾਂ ਪ੍ਰਾਪਤ ਹੋਈ ਹੈ।

ਸਾਊਥਾਲ ਤੋਂ ਬੋਲਦੀ ਇਕ ਸਿੱਖ ਮਹਿਲਾ ਨੇ ਕਿਹਾ ਕਿ 'ਮਾਨੁਸ ਕੀ ਜਾਤਿ ਸਭੋ ਏਕੈ ਪਹਿਚਾਨਬੋ' ਨੂੰ ਸਿੱਖ ਪੂਰੀ ਤਰ੍ਹਾਂ ਫੌਲੋ ਕਰਦੇ ਹਨ। ਕੋਈ ਐਵੇਂ ਵਿਰਲੇ ਟਾਂਵੇਂ ਹੀ ਹੋਣਗੇ ਜਿਹੜੇ ਭੁਲੇਖਿਆਂ ਦਾ ਸ਼ਿਕਾਰ ਹੋ ਕੇ ਕੁਰਾਹੇ ਪਏ ਹੋਏ ਹਨ ਤੇ ਗੁਰੂ ਗੋਬਿੰਦ ਸਿੰਘ ਦੇ ਸਾਂਝੀਵਾਲਤਾ ਦੇ ਸੁਨੇਹੇ ਨੂੰ ਅਣਡਿੱਠ ਕਰ ਰਹੇ ਹਨ। ਅਜਿਹੇ ਲੋਕੀਂ ਦਰਅਸਲ ਸਿੱਖ ਹੁੰਦੇ ਹੀ ਨਹੀਂ। ਬੱਸ ਐਂਵੇਂ ਮਖੌਟਾ ਪਾਈ ਫਿਰਦੇ ਹਨ। ਠੀਕ ਹੈ, ਦੁਨੀਆਂ ਵਿਚ ਵੱਢ ਟੁੱਕ ਹੁੰਦੀ ਹੈ ਤੇ ਆਦਮੀ ਉਤੇ ਆਦਮੀ ਜ਼ੁਲਮ ਢਾਹੁੰਦਾ ਹੈ ਪਰ ਅਗਰ ਗੁਰੂ ਗੋਬਿੰਦ ਸਿਘ ਵਰਗੇ ਮਹਾਨ ਪੁਰਸ਼ ਨਾ ਹੁੰਦੇ ਤਾਂ ਇਹ ਜ਼ੁਲਮ ਸਿੱਤਮ ਹੋਰ ਵੀ ਵਧੇਰੇ ਮਾਤਰਾ ਵਿਚ ਹੋਣਾ ਸੀ। ਵੈਸਾਖੀ ਵਾਲੇ ਦਿਨ 1699 ਦੇ ਸਾਲ ਵਿਚ ਗੁਰੂ ਜੀ ਸਾਹਮਣੇ ਜਿਹੜੇ ਵੱਖ ਵੱਖ ਧਰਮਾਂ ਦੇ ਸਿੱਖ ਨਿੱਤਰੇ ਸਨ-ਉਨ੍ਹਾਂ ਨੂੰ ਇਕੋ ਖੰਡੇ ਬਾਟੇ ਚੋਂ ਅ੍ਰਿਮਤ ਛਕਾ ਕੇ ਤੇ ਇਕੋ ਪੰਗਤ ਵਿਚ ਬਿਠਾ ਕੇ ਆਪ ਨੇ ਆਪਸੀ ਭ੍ਰਾਤ੍ਰੀਅਤਾ ਦੇ ਪ੍ਰਤੀਕ ਪੈਦਾ ਕੀਤੇ ਸਨ। ਉਥੋਂ ਤੀਕ ਕਿ ਆਪ ਨੇ ਖੁਦ ਉਨ੍ਹਾਂ ਪੰਜਾਂ ਪਿਆਰਿਆਂ ਤੋਂ ਅੰਮਿਤ੍ ਛਕ ਆਪਣੇ ਆਪ ਨੂੰ ਵੀ ਉਸੇ ਪੰਗਤ ਵਿਚ ਖਲ੍ਹਾਰ ਲਿਆ ਸੀ ਆਪੇ ਗੁਰ ਤੇ ਆਪੇ ਚੇਲਾ ਵਰਗੀ ਮਿਸਾਲ ਤਾਂ ਕਿਤੇ ਵੀ ਨਹੀਂ ਮਿਲਦੀ।

ਅਗਲੇ ਸਿੱਖ ਕਾਲਰ ਲਕਸਮਬਰਗ ਤੋਂ ਬੋਲ ਰਹੇ ਸਨ। ਉਸ ਨੇ ਕਿਹਾ ਕਿ ਅਸੀਂ ਲੋਕ ਮਾਨਸ ਕੀ ਜਾਤਿ ਸਭ ਏਕੈ ਪਹਿਚਾਨਬੋ ਦੇ ਕਥਨ ਉਤੇ ਬਿਲਕੁਲ ਹੀ ਨਹੀਂ ਟੁਰਦੇ। ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰੇ ਸਾਜੇ ਵੱਖ ਵੱਖ ਜਾਤਾਂ ਚੋਂ। ਪਰ ਈਹਦੀ ਬਜਾਏ ਕਿ ਅਸੀਂ

ਅੰਮ੍ਰਿਤਪਾਨ ਤੋਂ ਬਾਦ ਜਾਤਾਂ ਪਾਤਾਂ ਨੂੰ ਖ਼ਤਮ ਕਰਦੇ, ਅਸੀਂ ਸਗੋਂ ਈਹਨੂੰ ਹੋਰ ਵੀ ਵਧਾ ਲਿਆ। ਕਈਆਂ ਹਾਲਤਾਂ ਵਿਚ ਅਸੀਂ ਈਹਨੂੰ ਖਤਰਨਾਕ ਪੁਆਇੰਟ ਤੀਕ ਵਧਾ ਲਿਆ ਹੈ। ਇੰਝ ਕਰਕੇ ਅਸੀਂ ਗੁਰੂਆਂ ਦੀ ਸਿੱਧੀ ਤੌਹੀਨ ਕੀਤੀ ਹੈ। ਜਦੋਂ ਅਸੀਂ ਖੁਦ ਹੀ ਮਨੁਸ ਕੀ ਜਾਤੁ ਵਿਚ ਵੰਡੀਆਂ ਪਾ ਲਈਆਂ ਹਨ ਤੁਾਂ ਅਸੀਂ ਦੂਜਿਆਂ ਨੂੰ ਕੀ ਸਮਝਾਵਾਂਗੇ? ਅਸੀਂ ਨਵੇਂ ਸਿੱਖ ਕਿੰਝ ਬਣਾਵਾਂਗੇ। ਇੰਗਲਿਸਤਾਨ ਵਿਚ ਜੰਮੀ ਪਲੀ ਸਾਡੀ ਔਲਾਦ ਇਸ ਤੋਂ ਦੂਰ ਜਾ ਰਹੀ ਹੈ। ਉਹ ਕਹਿੰਦੀ ਹੈ ਕਿ ਤੁਸੀਂ ਤਾਂ ਜਾਤ ਪਾਤ ਦੇ ਚੱਕਰਾਂ ਵਿਚ ਪਏ ਹੋਏ ਹੋ। ਤੁਸੀਂ ਤਾਂ ਹਰ ਇਕ ਨੂੰ ਬਰਾਬਰ ਦੇ ਮਨੁੱਖ ਸਮਝਦੇ ਹੀ ਨਹੀਂ। ਕ੍ਰਿਸਚੀਐਨਿਟੀ ਵਿਚ ਅਜਿਹਾ ਵਿਤਕਰਾ ਨਹੀਂ ਹੈ। ਤੁਸੀਂ ਤਾਂ ਬੰਧਨ ਹੀ ਬੜੇ ਲਗਾਏ ਹੋਏ ਹਨ ਆਪਣੇ ਆਪ ਉੱਤੇ।।

ਅਗਲੇ ਕਾਲਰ ਜਿਹੜੇ ਕਿ ਇਸਲਾਮ ਨਾਲ ਸੰਬੰਧਤ ਸਨ ਨੇ ਕਿਹਾ ਕਿ ਮੈਨੂੰ ਸਭ ਤੋਂ ਭੈੜੀ ਗੱਲ ਇਹ ਲਗਦੀ ਹੈ ਕਿ ਤੁਸੀਂ ਲੋਕ ਬਾਦਸਾਹ ਔਰੰਗਜ਼ੇਬ ਨੂੰ ਬਹੁਤ ਭੰਡਦੇ ਹੋ। ਉਹ ਵਧੀਆ ਹੁਕਮਰਾਨ ਸੀ ਤੇ ਇਸਲਾਮ ਨੂੰ ਫੈਲਾਉਣ ਵਾਲਾ ਵਿਅਕਤੀ ਸੀ।

ਅਗਲੇ ਕਾਲਰ ਨੇ ਮੁਸਲਿਮ ਕਾਲਰ ਦੀ ਗੱਲ ਦਾ ਖੰਡਨ ਕਰਦਿਆਂ ਕਿਹਾ ਕਿ ਸਿੱਖ ਧਰਮ ਇਸਲਾਮ ਦਾ ਦੋਖੀ ਨਹੀਂ ਹੈ। ਔਰੰਗਜ਼ੇਬ ਕਿਸੇ ਦਾ ਵੀ ਸੱਕਾ ਨਹੀਂ ਸੀ। ਉਸ ਨੇ ਤਾਂ ਆਪਣੇ ਭਰਾਵਾਂ ਤੇ ਪਿਓ ਨੂੰ ਵੀ ਨਹੀਂ ਸੀ ਬਖਸਿਆ। ਜਿਹੜੀ ਗੱਲ ਇਤਿਹਾਸਕ ਹੋਵੇ, ਉਸ ਨੂੰ ਗੱਲਾਬਾਤਾਂ ਵਿਚ ਝੂਠੀ ਆਖੀ ਜਾਣਾ ਤੇ ਇਕ ਜ਼ਾਲਮ ਕਿਸਮ ਦੇ ਬਾਦਸ਼ਾਹ ਦੀ ਤਾਰੀਫ ਕਰੀ ਜਾਣੀ ਮੂਰਖਤਾ ਹੈ। ਗੁਰੂ ਗੋਬਿੰਦ ਸਿੰਘ ਅਤੇ ਬਾਕੀ ਸਾਰੇ ਹੀ ਗੁਰੂ ਐਂਟੀ ਮੁਸਲਿਮ ਨਹੀਂ ਸਨ। ਗੁਰੂ ਨਾਨਕ ਦੇਵ ਜੀ ਜਦੋਂ ਕਹਿੰਦੇ ਹਨ ਕਿ 'ਪਾਪ ਕੀ ਜੰਞ ਲੈ ਕਾਬਲੋਂ ਧਾਇਆ, ਜੋਰੀ ਮੰਗੈ ਦਾਨ ਵੇ ਲਾਲੋ' ਤਾਂ ਉਹ ਸਿਰਫ ਆਪਣੇ ਸਿੱਖਾਂ ਦੀ ਗੱਲ ਨਹੀਂ ਕਰ ਰਹੇ, ਸਮੁੱਚੀ ਲੋਕਾਈ ਦੀ ਵੀ ਗੱਲ ਕਰ ਰਹੇ ਸਨ ਤੇ ਇਸ ਲੋਕਾਈ ਵਿਚ ਮੁਸਲਮਾਨ ਵੀ ਸ਼ਾਮਲ ਸਨ।

ਅਗਲੇ ਕਾਲਰ ਨੇ ਜਰਮਨੀ ਤੋਂ ਕਿਹਾ ਕਿ ਉਹ ਮੁਸਲਮਾਨ ਹੈ। ਤਾਰੀਖ ਕਹਿੰਦੀ ਹੈ ਕਿ ਔਰੰਗਜ਼ੇਬ ਇਕ ਜ਼ਾਲਮ ਆਦਮੀ ਸੀ। ਸਿੱਖ ਤਾਂ ਕੀ ਕਿਸੇ ਵੀ ਮਜ਼ਹਬ ਨੂੰ ਇਕ ਜ਼ਾਲਮ ਆਦਮੀ ਦਾ ਪੱਖ ਨਹੀਂ ਪੂਰਨਾ ਚਾਹੀਦਾ। ਮੈਂ ਹਰ ਐਤਵਾਰ ਨੂੰ ਸਊਥਾਲ ਦੇ ਗੁਰਦੁਆਰੇ ਤੋਂ ਰੀਲੇਅ ਹੁੰਦੀ ਗੁਰਬਾਣੀ ਸੁਣਦਾ ਹਾਂ। ਮੈਨੂੰ ਇਸ ਵਿਚੋਂ ਵਿਤਕਰੇ ਦੀ ਬੂਅ ਨਹੀਂ ਆਉਂਦੀ। ਇਸਲਾਮ ਤਾਂ ਦੂਜੇ ਧਰਮਾਂ ਦੇ ਲੋਕਾਂ ਨੂੰ ਪਿਆਰ ਕਰਨਾ ਸਿਖਾਉਂਦਾ ਹੈ ਤੇ ਸਿੱਖ ਧਰਮ ਵੀ ਇਹੋ ਕਹਿੰਦਾ ਹੈ। ਇਨ੍ਹਾਂ ਵਿੱਚ ਇਕ ਹੋਰ ਸਾਂਝੀ ਗੱਲ ਇਹ ਹੈ ਕਿ ਇਸਲਾਮ ਵੀ ਰੱਬ ਨੂੰ ਨਿਰਅਕਾਰ ਕਹਿੰਦਾ ਹੈ ਤੇ ਉਸਦੀ ਇਕਾਈ ਨੂੰ ਇਕ ਮੰਨਦਾ ਹੈ ਤੇ ਸਿੱਖ ਧਰਮ ਵੀ।

ਅਗਲੇ ਸਿੱਖ ਕਾਲਰ ਨੇ ਕਿਹਾ 'ਮਾਨੁਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੇ ਕਥਨ ਉਤੇ ਬਹੁਤ ਸਾਰੇ ਸਿੱਖ ਪੂਰੇ ਨਹੀਂ ਉਤਰਦੇ। ਵਿਦੇਸ਼ਾਂ ਵਿਚ ਇਨ੍ਹਾਂ ਨੇ ਸਿੱਖ਼ਾਂ ਨੂੰ ਜੱਟਾਂ, ਤਰਖਾਣਾਂ ਤੇ ਹੋਰ ਜਾਤਾਂ ਵਿਚ ਵੰਡਿਆ ਹੋਇਆ ਹੈ ਤੇ ਇੱਨ੍ਹਾਂ ਨੇ ਵੱਖ਼ੋ ਵੱਖ਼ਰੇ ਗੁਰਦੁਆਰੇ ਬਣਾਏ ਹੋਏ ਹਨ।ਇਹ ਗੁਰੂ ਗੋਬਿੰਦ ਸਿੰਘ ਦੀ ਫ਼ਿਲਾਸਫ਼ੀ ਤੋਂ ਉਲਟ ਗੱਲ ਹੈ। ਗੁਰਬਾਣੀ ਦੇ ਸਿਧਾਂਤ ਉਤੇ ਟੁਰਦਿਆਂ ਹੋਇਆਂ ਤਾਂ ਹਰ ਸਿੱਖ ਨੂੰ ਕੇਵਲ ਸਿੰਘ ਹੀ ਕਹਾਉਣਾ ਚਾਹੀਦਾ ਹੈ। ਪਰੰਤੂ ਅਸੀਂ ਲੋਕ ਆਪਣੇ ਨਾਵਾਂ ਨਾਲ ਆਪਣੇ ਗੋਤ ਨੂੰ ਲਿਖ ਕੇ ਫਖਰ ਮਹਿਸੂਸ ਕਰਦੇ ਹਾਂ।

ਅਗਲੇ ਸਿੱਖ ਕਾਲਰ ਨੇ ਕਿਹਾ ਕਿ ਮੈਂ ਕੇਸ-ਰਹਿਤ ਸਿੱਖ ਹਾਂ। ਮੈਂ ਸੱਚ ਬੋਲਦਾ ਹਾਂ ਤੇ

ਹੱਕ ਦੀ ਕਮਾਈ ਖਾਂਦਾ ਹਾਂ ਤੇ ਕਿਸੇ ਨਾਲ ਬੇਈਮਾਨੀ ਨਹੀਂ ਕਰਦਾ–ਫਿਰ ਮੇਰੇ ਵਰਗੇ ਬੰਦੇ ਨੂੰ ਗੁਰਦੁਆਰੇ ਕਮੇਟੀਆਂ ਵਿਚ ਕਿਓਂ ਸ਼ਾਮਲ ਨਹੀਂ ਕੀਤਾ ਜਾਂਦਾ? ਮੈਂ ਮੰਨਦਾ ਹਾਂ ਕਿ ਮੇਰੇ ਵਾਸਤੇ ਖਾਲਸਾ ਸ਼ਬਦ ਨਹੀਂ ਵਰਤਿਆ ਜਾ ਸਕਦਾ। ਮੇਰੇ ਵਾਸਤੇ ਸਿਰਫ ਸਿੱਖ ਦਾ ਵਿਸ਼ੇਸ਼ਣ ਹੀ ਵਰਤਿਆ ਜਾ ਸਕਦਾ ਹੈ ਕਿਉਂਕਿ ਸਿੱਖ ਦਾ ਮਤਲਬ ਸਿਰਫ ਸ਼ਿਸ਼ ਹੁੰਦਾ ਹੈ ਜਾਂ ਚੇਲਾ ਹੀ ਹੁੰਦਾ ਹੈ। ਸ਼ਿਸ਼ ਇਕ ਸਿਖਿਆਰਥੀ ਹੈ ਭਾਵੇਂ ਕਿ ਜ਼ਿੰਦਗੀ ਦੇ ਸਕੂਲ ਵਿਚ ਹਰ ਆਦਮੀ ਮਰਨ ਸਮੇਂ ਤੀਕ ਸਿਖਿਆਰਥੀ ਹੀ ਰਹਿੰਦਾ ਹੈ। ਇਕ ਗੱਲ ਹੋਰ ਇਹ ਹੈ ਕਿ ਜਦੋਂ ਅਸੀਂ ਇੰਗਲੈਂਡ ਵਿਚ ਨਵੇਂ ਨਵੇਂ ਆਏ ਸਾਂ ਤਾਂ ਅਸੀਂ ਹੀ ਸਭ ਤੋਂ ਪਹਿਲਾਂ ਪੈਸੇ ਇਕੱਠੇ ਕਰਕੇ ਗੁਰਦੁਆਰੇ ਉਸਾਰੇ ਸਨ। ਹੁਣ ਇਨ੍ਹਾਂ ਹੀ ਗੁਰਦੁਆਰਿਆਂ ਦੇ ਮੋਹਰੀ ਸਾਨੂੰ ਕੌੜੀ ਨਿਗਾਹ ਨਾਲ ਵੇਖਦੇ ਹਨ।

ਅਗਲੇ ਕਾਲਰ ਨੇ ਬਰਮਿੰਘਮ ਤੋਂ ਕਿਹਾ ਕਿ ਬਹੁਤੇ ਗੁਰਦੁਆਰਿਆਂ ਦੀ ਥਾਂ ਬਹੁਤੇ ਸਿੱਖ ਕੇਂਦਰ ਤੇ ਪੰਜਾਬੀ ਲਾਇਬਰੇਰੀਆਂ ਖੋਲ੍ਹਣੀਆਂ ਚਾਹੀਦੀਆਂ ਹਨ ਤਾਂ ਜੁ ਸਾਡੀ ਅਗਲੀ ਪੀੜ੍ਹੀ ਨੂੰ ਪੰਜਾਬੀ ਸਾਹਿਤ ਅਤੇ ਸਿੱਖ ਧਰਮ ਵਾਰੇ ਕੁਝ ਪਤਾ ਲੱਗੇ। ਵਰਨਾ ਐਸ ਵੇਲੇ ਜਨਾਬ ਹਾਲਤ ਇਹ ਹੈ ਕਿ ਨਵੀਂ ਪਨੀਰੀ ਉੱਕਾ ਹੀ ਗੁਰਦੁਆਰੇ ਜਾ ਕੇ ਖੁਸ਼ ਨਹੀਂ ਹੈ। ਇਨ੍ਹਾਂ ਗੁਰਦੁਆਰਿਆਂ ਦਾ ਹਾਲ ਇਕ ਦਿਨ ਤੁਸੀਂ ਦੇਖਿਓ ਕਿ ਇੰਗਲੈਂਡ ਦੇ ਚਰਚਾਂ ਵਰਗਾ ਹੀ ਹੋ ਜਾਣਾ ਕਿਉਂਕਿ ਸਾਥੋਂ ਬਾਅਦ ਇਹਨਾਂ ਵਿਚ ਜਾਣਾ ਕੀਹਨੇ ਹੈ? ਗੁਰੂ ਗੋਬਿੰਦ ਸਿੰਘ ਨੇ ਮਾਨਵਵਾਦ ਦਾ ਪ੍ਰਚਾਰ ਕੀਤਾ ਸੀ। ਇਸ ਸੁਨੇਹੇ ਨੂੰ ਦੂਜੀਆਂ ਭਾਸ਼ਾਵਾਂ ਰਾਹੀਂ ਦੁਨੀਆਂ ਦੇ ਕੋਨੇ ਕੋਨੇ ਵਿੱਚ ਫੈਲਾਉਣਾ ਚਾਹੀਦਾ ਹੈ ਨਾ ਕਿ ਇਹਨੂੰ ਇਕ ਸੀਮਤ ਜਿਹੇ ਘੇਰੇ ਵਿਚ ਹੀ ਬੰਦ ਕਰ ਲੈਣਾ ਚਾਹੀਦਾ ਹੈ।

ਅਗਲੇ ਕਾਲਰ ਨੇ ਪਿੰਨਰ ਤੋਂ ਕਿਹਾ ਕਿ ਸਾਡੀ ਔਲਾਦ ਗੁਰਦੁਆਰਿਆਂ ਵਿਚ ਇਸ ਕਰਕੇ ਨਹੀਂ ਜਾਂਦੀ ਕਿ ਉਨ੍ਹਾਂ ਨੂੰ ਉਥੇ ਕੋਈ ਗੱਲ ਸਮਝ ਨਹੀਂ ਪੈਂਦੀ। ਉਥੇ ਬੈਠੇ ਪ੍ਰਚਾਰਕ ਵੀ ਕਿਉਂਕਿ ਪੜ੍ਹੇ ਲਿਖੇ ਨਹੀਂ ਹੁੰਦੇ ਇਸ ਲਈ ਉਹ ਨਿਰਾਸ਼ ਹੋ ਕੇ ਘਰ ਪਰਤ ਆਂਦੇ ਹਨ ਤੇ ਮੁੜ ਫੇਰ ਕਦੇ ਗੁਰਦੁਆਰੇ ਵੱਲ ਮੂੰਹ ਨਹੀਂ ਕਰਦੇ। 'ਮਾਨੁਸ ਕੀ ਜਾਤਿ...' ਦੇ ਕਥਨ ਦਾ ਮਤਲਬ ਇਹ ਹੈ ਕਿ ਹਰ ਬੰਦੇ ਦੀ ਰੂਹ ਵਿਚ ਰੱਬ ਵਸਦਾ ਹੈ। ਅਗਰ ਹਰ ਬੰਦੇ ਦੀ ਰੂਹ ਵਿਚ ਰੱਬ ਵਸਦਾ ਹੈ ਤਾਂ ਹਰ ਬੰਦਾ ਇਕੋ ਜਿਹਾ ਹੈ। ਇਸ ਤੋਂ ਵੱਡਾ ਸੁਨੇਹਾ ਮਨੁੱਖਵਾਦ ਸਿਰਜਣ ਵਾਸਤੇ ਹੋਰ ਕੋਈ ਹੋ ਹੀ ਨਹੀਂ ਸਕਦਾ। ਮੈਂ ਗੁਰੂ ਗੋਬਿੰਦ ਸਿੰਘ ਜੀ ਨੂੰ ਸੈਲੂਟ ਕਰਦਾ ਹਾਂ। 'ਏਕ ਪਿਤਾ ਏਕਸ ਕੇ ਹਮ ਬਾਰਕ' ਵੀ ਇਹੋ ਸੁਨੇਹਾ ਦਿੰਦਾ ਹੈ। ਲੇਕਿਨ ਸਿਰਫ ਸਿੱਖ ਹੀ 'ਮਾਨਸ ਕੀ ਜਾਤਿ ਸਭੋ ਏਕੈ ਪਹਿਚਾਨਬੋ' ਉਤੇ ਨਹੀਂ ਟੁਰਨ ਤੋ ਖੰਨੀ ਨਹੀਂ ਖ਼ਿਸਕਾਉਂਦੇ, ਹੋਰ ਧਰਮਾਂ ਦੇ ਲੋਕ ਵੀ ਆਪਣੇ ਪੈਗੰਬਰਾਂ ਦੇ ਦੱਸੇ ਰਾਹੋਂ ਥਿੜਕ ਗਏ ਹਨ। ਕੋਸੋਵੋ ਵਿਚ ਅੰਤਾਂ ਦਾ ਸਿੱਤਮ ਹੋਇਆ–ਭਲਾ ਕਿੰਨੇ ਕੁ ਮੁਸਲਮਾਨਾਂ ਨੇ 'ਹਾਅ' ਦਾ ਨਾਅਰਾ ਮਾਰਿਆ? ਮਿਡਲ ਈਸਟ ਦੇ ਤਕੜੇ ਸ਼ੇਖਾਂ ਚੋਂ ਕਿੰਨਿਆਂ ਕੁ ਨੇ ਉਂਞ ਵੀ ਉਨ੍ਹਾਂ ਦੀ ਕੀ ਸਹਾਇਤਾ ਕੀਤੀ ਐ? ਜੇ ਬਹੁੜੇ ਉਨ੍ਹਾਂ ਦੀ ਸਹਾਇਤਾ ਲਈ ਤਾਂ ਕ੍ਰਿਸਚੀਅਨ ਸਰਕਾਰਾਂ ਦੇ ਲੋਕ।

ਅਗਲੀ ਮੁਸਲਿਮ ਮੁਹਤਰਮਾ ਨੇ ਖਿੱਝ ਕੇ ਕਿਹਾ ਕਿ ਸਿੱਖਾਂ ਨੂੰ ਮੈਂ ਇਹ ਪੁੱਛਦੀ ਆਂ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਪਿੱਛੋਂ ਕਿੰਨੇ ਕੁ ਸਿੱਖਾਂ ਨੇ ਮੁਤਾਅਸਰ ਹੋ ਕੇ ਰਾਜੀਵ ਗਾਂਧੀ ਵਿਰੁੱਧ

ਮੁਜ਼ਾਹਰੇ ਲਾਮਬੰਦ ਕੀਤੇ ਸਨ। ਇੰਦਰਾ ਗਾਂਧੀ ਨੇ ਜੋ ਕਹਿਰ ਢਾਏ ਸਨ-ਉਹ ਔਰੰਗਜ਼ੇਬ ਜਿੰਨੇ ਨਹੀਂ ਹੋ ਸਕਦੇ। ਫਿਰ ਵੀ ਕਈ ਸਿੱਖ ਰਾਜੀਵ ਗਾਂਧੀ ਦੀ ਹਕੂਮਤ ਵਿਚ ਰਹੇ। ਬਲਕਿ ਉਸਦੀ ਸਰਕਾਰ ਦਾ ਸਦਰ ਵੀ ਸਿੱਖ ਹੀ ਸੀ। ਕੋਸੋਵੋ ਦੇ ਮੁਸਲਮਾਨਾਂ ਵਾਰੇ ਗੱਲਾਂ ਆਖਣ ਤੋਂ ਪਹਿਲਾਂ ਸਿੱਖ ਖੁਦ ਵੀ ਦੇਖਣ ਕਿ ਇਨ੍ਹਾਂ ਨੇ ਦਿੱਲੀ ਦੇ ਕਹਿਰ ਤੋਂ ਮੁਤਾਅਸਰ ਹੋ ਗਏ ਸਿੱਖਾਂ ਦੀ ਕਿੰਨੀ ਕੁ ਮਦਦ ਕੀਤੀ? ਇਕ ਗੱਲ ਹੋਰ ਅਗਰ ਸਿੱਖ ਸਮਝਦੇ ਹਨ ਕਿ ਮਾਨੁਸ ਕੀ ਜਾਤਿ ਸਭ ਏਕ ਹੈ ਤਾਂ ਫਿਰ ਸਿੱਖਾਂ ਦੇ ਅਦਾਰਿਆਂ ਨੇ ਕੋਸੋਵੋ ਦੇ ਮੁਸਲਮਾਨਾਂ ਦੀ ਕਿੰਨੀ ਕੁ ਇਮਦਾਦ ਕੀਤੀ ਸੀ?

ਅਗਲੇ ਕਾਲਰ ਨੇ ਕਿਹਾ ਕਿ ਇੰਦਰਾ ਗਾਂਧੀ ਦੇ ਕਤਲ ਪਿੱਛੋਂ ਜੋ ਕੁਝ ਹੋਇਆ, ਨਿਹਾਇਤ ਗਲਤ ਸੀ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਔਰੰਗਜ਼ੇਬ ਦੇ ਸਿੱਤਮ ਨੂੰ ਅਣਡਿੱਠ ਕਰ ਦਿੱਤਾ ਜਾਵੇ। ਇੰਗਲੈਂਡ ਦੇ ਕਈਆਂ ਸਿੱਖ ਅਦਾਰਿਆਂ ਨੇ ਗੁਰਦੁਆਰਿਆਂ ਵਿਚੋਂ ਕੁਲੈਕਸ਼ਨ ਕਰਕੇ ਦਿੱਲੀ ਵਿਚ ਕਤਲ ਹੋਏ ਸਿੱਖਾਂ ਦੇ ਪਰਵਾਰਾਂ ਦੀ ਵੀ ਮਦਦ ਕੀਤੀ ਸੀ ਤੇ ਹੁਣ ਕੋਸੋਵੋ ਲਈ ਵੀ ਸਿੱਖਾਂ ਨੇ ਯੋਗਦਾਨ ਪਾਇਆ ਹੈ। ਔਰੰਗਜ਼ੇਬ ਇਕ ਜ਼ਾਲਮ ਹੁਕਮਰਾਨ ਸੀ-ਉਸ ਨੂੰ ਭੰਡਣਾ ਜ਼ਰੂਰੀ ਹੈ।

ਅਗਲੇ ਕਾਲਰ ਨੇ ਸਲੋਹ ਤੋਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੀਆਂ ਕੁਰਬਾਨੀਆਂ ਨੂੰ ਹਿੰਦੁਸਤਾਨ ਤੇ ਹਿੰਦੁਸਤਾਨ ਤੋਂ ਬਾਹਰ ਹਾਈਲਾਈਟ ਕਰਨ ਦੀ ਲੋੜ ਹੈ। ਘੱਟੋ ਘੱਟ ਪਚਾਨਵੇਂ ਫ਼ੀਸਦੀ ਗੋਰਿਆਂ ਨੂੰ ਗੁਰੂ ਗੋਬਿੰਦ ਸਿੰਘ ਦੀ ਟੀਚਿੰਗ ਵਾਰੇ ਨਹੀਂ ਪਤਾ। ਸਾਡੇ ਧਾਰਮਿਕ ਆਗੂ ਆਪਸ ਵਿਚ ਲੜ ਝਗੜ ਕੇ ਹਜ਼ਾਰਾਂ ਹੀ ਪੌਂਡ ਵਕੀਲਾਂ ਦੀਆਂ ਜੇਬਾਂ ਵਿਚ ਤਾਂ ਪਾ ਦਿੰਦੇ ਹਨ ਪਰ ਪਬਲਿਸਿਟੀ ਉਤੇ ਦੁਆਨੀ ਨਹੀਂ ਖਰਚਦੇ। ਗੁਰੂ ਗੋਬਿੰਦ ਸਿੰਘ ਦਾ ਦੂਸਰਾ ਪੱਖ ਸਾਹਿਤਕ ਪੱਖ ਹੈ, ਜਿਸ ਵਾਰੇ ਵੀ ਲੋਕਾਂ ਨੂੰ ਬੜਾ ਘੱਟ ਗਿਆਨ ਹੈ। ਬਤਾਲੀਆਂ ਸਾਲਾਂ ਦੀ ਉਮਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸੌ ਸਾਲ ਜੀਣ ਵਾਲੇ ਬੰਦੇ ਜਿੰਨਾ ਕੰਮ ਕਰ ਗਏ ਹਨ।

ਇਕ ਸਿੱਖ ਬੀਬੀ ਨੇ ਕਿਹਾ ਕਿ ਗੁਰੂਆਂ ਨੇ ਖੁਦ ਆਪਣੀ ਹੀ ਜਾਤ ਬਰਾਦਰੀ ਵਿਚ ਵਿਆਹ ਕਰਾਏ ਸਨ। ਸ਼ਾਇਦ ਉਸ ਵੇਲੇ ਇੱਦਾਂ ਹੀ ਹੁੰਦਾ ਹੋਵੇ ਪਰ ਮੇਰੀ ਨੀਵੀਂ ਅਕਲ ਕਹਿੰਦੀ ਹੈ ਕਿ ਏਦਾਂ ਨਹੀਂ ਸੀ ਚਾਹੀਦਾ । ਹਾਂ ਮੈਂ ਮੰਨਦੀ ਹਾਂ ਕਿ ਗੁਰੂ ਗੋਬਿੰਦ ਸਿੰਘ ਨੇ ਪੰਜ ਪਿਆਰੇ ਵੱਖ ਵੱਖ ਜਾਤਾਂ ਚੋਂ ਲਏ ਸਨ ਪਰ ਇਹ ਗੱਲ ਵੀ ਇਸ ਤਰ੍ਹਾਂ ਹੈ ਕਿ ਵੱਖ ਵੱਖ ਜਾਤਾਂ ਚੋਂ ਖੜ੍ਹਨ ਵਾਲੇ ਬੰਦੇ ਖੁਦ ਹੀ ਅੱਗੇ ਹੋਏ ਸਨ। ਇਹ ਗੁਰੂਆਂ ਦੀ ਚੋਣ ਨਹੀਂ ਸੀ। ਮੈਂ ਵਿਸ਼ਵਾਸ ਕਰਨਾ ਚਾਹੁੰਦੀ ਹਾਂ ਕਿ ਅਗਰ ਗੁਰੂ ਗੋਬਿੰਦ ਸਿੰਘ ਵੀ ਚੁਣਦੇ ਤਾਂ ਉਹ ਵੀ ਵੱਖ ਵੱਖ ਜਾਤੀਆਂ ਚੋਂ ਹੀ ਪੰਜ ਪਿਆਰੇ ਚੁਣਦੇ।

ਅਗਲੇ ਕਾਲਰ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਨੇ ਜਾਤਪਾਤ ਖਤਮ ਕਰਨ ਲਈ ਹੀ ਪੰਜ ਪਿਆਰੇ ਸਿਰਜੇ ਸਨ। ਅਗਰ ਅਸੀਂ ਇਸ ਪ੍ਰਿੰਸੀਪਲ ਨੂੰ ਫੌਲੋ ਨਹੀਂ ਕਰਦੇ ਤਾਂ ਇਸ ਵਿਚ ਸਾਡਾ ਕਸੂਰ ਹੈ-ਗੁਰੂਆਂ ਦਾ ਨਹੀਂ।

ਇਕ ਮੁਸਲਿਮ ਕਾਲਰ ਨੇ ਕਿਹਾ ਕਿ ਇਕੱਲੇ ਸਿੱਖ ਹੀ ਨਹੀਂ ਮੁਸਲਮਾਨ ਵੀ ਆਪਣੇ ਪੈਗੰਬਰਾਂ ਦੇ ਸੁਨੇਹੇ ਉਤੇ ਪੂਰੇ ਨਹੀਂ ਟੁਰਦੇ। ਇਹੋ ਵਜਾਹ ਹੈ ਕਿ ਵੱਖ ਵੱਖ ਧਰਮ ਆਪਸ ਵਿਚ ਲੜਦੇ ਹਨ। ਵੈਸਾਖੀ, ਗੁਰਪੁਰਬ ਅਤੇ ਈਦ ਉਤੇ ਜਲੂਸ ਕੱਢਣ ਦਾ ਕੀ ਫਾਇਦਾ ਜਦੋਂ ਅਸੀਂ

ਮੁਕੱਦਸ ਲੋਕਾਂ ਦੇ ਦਰਸਾਏ ਹੋਏ ਸਹੀ ਰਸਤੇ ਉਤੇ ਨਹੀਂ ਟੁਰਦੇ। ਬੰਦਾ ਬੰਦੇ ਨੂੰ ਮਾਰ ਰਿਹੈ। ਕਦੇ ਔਰੰਗਜ਼ੇਬ ਜ਼ੁਲਮ ਢਾਉਂਦੈ ਕਦੇ ਮਿਲੋਜ਼ੋਵਿਚ। ਅਸੀਂ ਬਾਬਾ ਆਦਮ ਤੇ ਹਵਾ ਦੀ ਔਲਾਦ ਆ। ਆਓ ਅਸੀਂ ਇਕ ਦੂਜੇ ਨੂੰ ਪਿਆਰ ਕਰੀਏ।

ਮੇਡਨਹੈੱਡ ਦੀ ਇਕ ਬੀਬੀ ਨੇ ਕਿਹਾ ਕਿ ਸਮੁੱਚੇ ਤੌਰ ਤੇ ਸਿੱਖ ਲੋਕ ਸਹੀ ਰਸਤੇ ਉਤੇ ਟੁਰ ਰਹੇ ਹਨ। ਪਹਿਲਾਂ ਇਹ ਮੁਗਲਾਂ ਨਾਲ ਲੜੇ।ਫਿਰ ਅੰਗਰੇਜ਼ਾਂ ਤੋਂ ਆਜ਼ਾਦੀ ਲੈਣ ਲਈ ਹਿੰਦੁਸਤਾਨ ਦੇ ਹੋਰ ਲੋਕਾਂ ਸਮੇਤ ਲੜੇ। ਫਿਰ ਕਾਂਗਰਸ ਸਰਕਾਰਾਂ ਵੇਲੇ ਆਪਣੇ ਹੱਕਾਂ ਲਈ ਲੜੇ। ਇਹ ਹਮੇਸ਼ਾ ਨਿਆਸਰਿਆਂ ਦਾ ਆਸਰਾ ਬਣੇ। ਦੁਨੀਆਂ ਦੇ ਕਿਸੇ ਵੀ ਹਿੱਸੇ ਉਤੇ ਭੀੜ ਪਈ ਤਾਂ ਇੰਗਲੈਂਡ ਦੇ ਸਿੱਖਾਂ ਨੇ ਅੰਨ ਪਾਣੀ ਅਤੇ ਪੌਂਡਾਂ ਦੇ ਢੇਰ ਲਗਾ ਦਿੱਤੇ। ਅਗਰ ਥੋੜ੍ਹੇ ਜਿਹੇ ਸਿੱਖ ਇੱਦਾਂ ਨਹੀਂ ਕਰਦੇ ਤਾਂ ਅਜੇ ਵੀ ਦੂਸਰੇ ਮਨੁੱਖਾਂ ਨੂੰ ਆਪਣੇ ਨਾਲੋਂ ਘਟੀਆ ਸਮਝਦੇ ਹਨ ਤਾਂ ਉਹ ਗੁਰੂ ਨੂੰ ਜਵਾਬ ਦੇਹ ਹੋਣਗੇ। ਅਸਲੀ ਸਿੱਖ ਹਰ ਇਕ ਦੀ ਭਲਾਈ ਚਾਹੁੰਦਾ ਹੈ। ਵਾਹਿਗੁਰੂ ਜੀ ਦਾ ਖਾਲਸਾ–ਵਾਹਿਗੁਰੂ ਜੀ ਕੀ ਫ਼ਤਿਹ।

(1999)

# ਔਂਗ ਸੂੰ ਸਾਂ ਚੀ

ਭਾਰਤ ਦਾ ਗੁਆਂਢੀ ਦੇਸ਼ ਬਰ੍ਹਮਾ ਜਿਸ ਨੂੰ ਅਜਕਲ ਮਾਇਨਾਮਾਰ ਵੀ ਆਖਦੇ ਨੇ, ਇਕ ਅਤੀ ਗਰੀਬ ਦੇਸ ਹੈ। ਇਹ ਉਹ ਦੇਸ ਹੈ ਜਿਸ ਨੂੰ ਬਾਕੀ ਦੁਨੀਆਂ ਤਾਂ ਭੁੱਲ ਹੀ ਚੁੱਕੀ ਹੈ। ਬਰ੍ਹਮਾ ਹੈ ਕਿ ਜਿਵੇਂ ਇਹ ਇਕ ਟਾਈਮ ਕੈਪਸੂਲ ਵਿਚ ਬੰਦ ਹੋ ਗਿਆ ਹੋਵ। ਉਸ ਦੀ ਇਹ ਹਾਲਤ ਪਿਛਲੇ ਕਈਆਂ ਵਰ੍ਹਿਆਂ ਤੋਂ ਚਲ ਰਹੀ ਹੈ। ਜਾਨੀ ਕਿ ਉਹ ਉਹ ਅਭਾਗਾ ਦੇਸ ਹੈ ਜਿਸ ਨੂੰ ਉਹਦੇ ਹੀ ਹਾਕਮਾਂ ਨੇ ਖਾ ਲਿਆ ਹੈ ਤੇ ਉਨ੍ਹਾਂ ਨੇ ਆਪਣੇ ਦੇਸਵਾਸੀਆਂ ਦਾ ਖ਼ੂਨ ਨਿਚੋੜ ਲਿਆ ਹੈ। ਬਰ੍ਹਮਾਂ ਨੇ ਪਿਛਲੇ ਕਈਆਂ ਸਾਲਾਂ ਤੋਂ ਕੋਈ ਤਰੱਕੀ ਨਹੀਂ ਕੀਤੀ। ਜਿਹੜੀ ਕੀਤੀ ਵੀ ਹੈ, ਉਸ ਨੂੰ ਫੌਜੀ ਹਾਕਮ ਜੁੰਡਲੀ ਨੇ ਆਪੂੰ ਹੀ ਚੱਟਮ ਕਰ ਲਿਆ ਹੈ। ਇਸਦੀ ਰਾਜਨਧਾਨੀ ਰੰਗੂਨ ਵਿਚ ਥਾਂ ਥਾਂ ਫੌਜ ਦੇ ਪਹਿਰੇ ਹਨ। ਇਨ੍ਹਾਂ ਕੋਲ ਲਾਠੀਆਂ ਨਹੀਂ ਹਨ। ਇਨ੍ਹਾਂ ਕੋਲ ਮਸ਼ੀਨ ਗੰਨਾਂ ਅਤੇ ਰਾਈਫਲਾਂ ਹਨ। ਅਜਿਹੀਆਂ ਹੀ ਗੰਨਾਂ ਅਤੇ ਰਾਈਫਲਾਂ ਨਾਲ ਇਨ੍ਹਾਂ ਨੇ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਪਾਰਟੀ ਦੇ ਵਰਕਰਾਂ, ਮੈਂਬਰਾਂ ਅਤੇ ਪੈਰੋਕਾਰਾਂ ਉਤੇ 1988 ਵਿਚ ਗੋਲੀਆਂ ਚਲਾਈਆਂ ਸਨ। ਕਈ ਮਾਰੇ ਗਏ ਸਨ। ਕਈ ਜ਼ਖਮੀ ਹੋ ਗਏ ਸਨ ਤੇ ਕਈਆਂ ਨੂੰ ਜੇਲ੍ਹ ਅੰਦਰ ਤੁੰਨ੍ਹ ਦਿਤਾ ਗਿਆ ਸੀ। ਆਮ ਲੋਕਾਂ ਦੇ ਨਾਲ ਨਾਲ ਇਨ੍ਹਾਂ ਦੀ ਲੀਡਰ ਔਕਸਫੋਰਡ ਦੀ ਗਰੈਜੂਏਟ ਔਂਗ ਸੂੰ ਸਾ ਚੀ ਨੂੰ ਵੀ ਨਜ਼ਰਬੰਦ ਕਰ ਦਿਤਾ ਸੀ-ਉਹਦੇ ਹੀ ਘਰ ਵਿਚ। ਇਸ ਨਜ਼ਰਬੰਦੀ ਵੇਲੇ ਹੀ ਉਸ ਨੂੰ ਨੋਬਲ ਪੀਸ ਪ੍ਰਾਈਜ਼ ਪ੍ਰਦਾਨ ਕੀਤਾ ਗਿਆ ਸੀ ਜਿਸ ਨੂੰ ਹਾਸਲ ਕਰਨ ਲਈ ਉਹ ਸਵੀਡਨ ਵੀ ਨਹੀਂ ਸੀ ਜਾ ਸਕੀ ਕਿਉਂਕਿ ਬਰ੍ਹਮਾ ਸਰਕਾਰ ਨੇ ਉਹਨੂੰ ਇਜਾਜ਼ਤ ਨਹੀਂ ਸੀ ਦਿੱਤੀ। ਬਰ੍ਹਮਾ ਦੀ ਹਾਕਮ ਜੁੰਡਲੀ ਨੂੰ ਔਂਗ ਸੂ ਸਾ ਚੀ ਉਤੇ ਇਸ ਗੱਲ ਦਾ ਗੁੱਸਾ ਸੀ ਕਿ ਉਸ ਨੇ ਆਮ ਲੋਕਾਂ ਵਿਚ ਏਨੀ ਲੋਕਪ੍ਰਯਤਾ ਕਿਉਂ ਹਾਸਲ ਕਰ ਲਈ ਸੀ ਤੇ 1990 ਦੀਆਂ ਆਮ ਚੋਣਾਂ ਵਿਚ 82% ਵੋਟਾਂ ਕਿਉਂ ਹਾਸਲ ਕਰ ਲਈਆਂ ਸਨ?

ਭਾਵੇਂ ਔਂਗ ਸੂੰ ਸਾਂ ਚੀ ਨੂੰ 1995 ਵਿਚ ਨਜ਼ਰਬੰਦੀ ਤੋਂ ਰਿਹਾਅ ਕਰ ਦਿਤਾ ਗਿਆ ਸੀ ਪਰ ਫਿਰ ਵੀ ਉਸ ਨੂੰ ਇਧਰ ਉਧਰ ਅਤੇ ਵਿਦੇਸ਼ੀਂ ਜਾਣ ਦੀ ਮਨਾਹੀ ਹੈ। ਔਕਸਫੋਰਡ ਯੂਨੀਵਰਸਿਟੀ ਵਿਚ ਪੜ੍ਹਾਉਂਦਾ ਤਰਵੰਜਾਂ ਵਰ੍ਹਿਆਂ ਦੀ ਉਮਰ ਦੀ ਇਸ ਔਰਤ ਦਾ ਪਤੀ ਪ੍ਰੋਫੈਸਰ ਮਾਈਕਲ ਏਰਿਸ ਵੀ ਉਹਨੂੰ ਨਹੀਂ ਮਿਲ ਸਕਦਾ ਤੇ ਨਾ ਹੀ ਉਹਦੇ ਦੋਵੇਂ ਪੁੱਤਰ ਹੀ ਮਿਲ ਸਕਦੇ ਨੇ। ਅੱਠ ਅਗਸਤ 1998 ਵਾਲੇ ਦਿਨ ਬਰ੍ਹਮਾ ਵਿਚ ਹੋਏ ਆਮ ਕਤਲੇਆਮ ਦੀ ਦਸਵੀਂ ਬਰਸੀ ਸੀ। 1988 ਵਿਚ ਜਮਹੂਰੀਅਤ ਦੀ ਆਵਾਜ਼ ਬੁਲੰਦ ਕਰਨ ਵਾਲੇ ਲੋਕਾਂ ਉਤੇ ਬਰ੍ਹਮਾਂ ਦੀ ਮਿਲਟਰੀ ਅਤੇ ਪੁਲੀਸ ਨੇ ਡਾਢਾ ਕਹਿਰ ਢਾਇਆ ਸੀ। ਬਹੁਤ ਸਾਰੇ ਲੋਕਾਂ ਨੂੰ

ਗੋਲੀਆਂ ਨਾਲ ਭੁੰਨ ਦਿਤਾ ਗਿਆ ਸੀ। ਕਈਆਂ ਨੂੰ ਜਿਉਂਦਿਆਂ ਹੀ ਸਮੂਹਿਕ ਕਬਰਾਂ ਵਿਚ ਦਬਾ ਦਿਤਾ ਗਿਆ ਸੀ। ਔਰਤਾਂ ਤੇ ਜੁਆਨ ਕੁੜੀਆਂ ਹੀ ਨਹੀਂ ਬੋਧੀ ਸਾਧਵੀਆਂ ਔਰਤਾਂ ਨੂੰ ਵੀ ਰੇਪ ਕੀਤਾ ਗਿਆ ਸੀ। ਵਿਖਾਵਾਕਾਰੀਆਂ ਦੇ ਘਰ ਅਤੇ ਜਾਇਦਾਦਾਂ ਸਾੜ ਦਿੱਤੀਆਂ ਗਈਆਂ ਸਨ। ਮਰਨ ਵਾਲਿਆਂ ਵਿਚ ਬਹੁਤੇ ਜੁਆਨ ਵਿਦਿਆਰਥੀ ਸਨ। ਜਿੱਨਾ ਰੌਲਾ ਚੀਨ ਤੇ ਤਰਾਨੰਮਨ ਸੁਕੇਅਰ ਦੇ ਕਤਲਾਂ ਵਾਰੇ ਪਿਆ ਹੈ-ਉੱਨਾ ਬਰ੍ਹਮਾ ਵਿਚ ਹੋਏ ਇਨ੍ਹਾਂ ਕਤਲਾਂ ਦਾ ਜ਼ਿਕਰ ਨਹੀਂ ਹੋਇਆ। ਇਸ ਦੇ ਦੋ ਕਾਰਨ ਹਨ-ਇਕ ਇਹ ਕਿ ਬਰ੍ਹਮੀ ਸਰਕਾਰ ਨੇ ਬਾਹਰਲੇ ਪੱਤਰਕਾਰਾਂ ਉਤੇ ਪਬੰਦੀਆਂ ਲਗਾਈਆਂ ਹੋਈਆਂ ਸਨ ਜਿਹੜੀਆਂ ਅੱਜ ਵੀ ਜਾਰੀ ਹਨ। ਦੂਜਾ ਇਹ ਕਿ ਅਮਰੀਕਾ ਚੀਨ ਦੀਆਂ ਗਲਤੀਆਂ ਨੂੰ ਵਧੇਰੇ ਉਭਾਰਨਾ ਚਾਹੁੰਦਾ ਸੀ।

ਮਸਾਂ ਪੰਜਤਾਲੀ ਕੁ ਮਿਲੀਅਨ ਲੋਕਾਂ ਦਾ ਦੇਸ ਬਰ੍ਹਮਾ 1824 ਤੋਂ ਲੈ ਕੇ 1885 ਤੀਕ ਇੰਗਲੈਂਡ ਦੀਆਂ ਫ਼ੌਜਾਂ ਨਾਲ ਤਿੰਨ ਵੱਡੀਆਂ ਲੜਾਈਆਂ ਲੜ ਚੁੱਕਿਆ ਸੀ। ਬਰ੍ਹਮੀ ਲੋਕ ਨਹੀਂ ਸੀ ਚਾਹੁੰਦੇ ਕਿ ਉਨ੍ਹਾਂ ਉਤੇ ਕੋਈ ਹੋਰ ਰਾਜ ਕਰੇ। ਇਹ ਵਧੇਰੇ ਕਰਕੇ ਬੋਧੀ ਲੋਕ ਆਪਣੇ ਹੱਕਾਂ ਦੀ ਰੱਖਿਆ ਕਰਨੀ ਜਾਣਦੇ ਸਨ। ਇਸੇ ਲਈ ਇਸ ਦੇ ਇਤਿਹਾਸ ਵਿਚ ਬਾਹਰਲੇ ਹਲਮਾਵਰਾਂ ਨਾਲ ਟੱਕਰ ਲੈਣ ਦੇ ਲੰਮੇ ਕਿੱਸੇ ਹਨ। ਇਸ ਸਦੀ ਦੇ ਸ਼ੁਰੂ ਵਿਚ ਇਥੇ ਮੌਨ ਕਬੀਲਿਆਂ ਦਾ ਰਾਜ ਹੁੰਦਾ ਸੀ। ਇਹ ਇਹੋ ਲੋਕ ਸਨ ਜਿਨ੍ਹਾਂ ਨੇ ਬੁੱਧ ਧਰਮ ਅਖਤਿਆਰ ਕੀਤਾ ਤੇ ਬਾਅਦ ਵਿਚ ਇਨ੍ਹਾਂ ਉਤੇ ਭਾਰਤੀ ਕਲਚਰ ਦਾ ਅਸਰ ਪਿਆ। ਹੌਲੀ ਹੌਲੀ ਭਾਰਤ ਅਤੇ ਤਿੱਬਤ ਤੋਂ ਆਏ ਲੋਕਾਂ ਦਾ ਦਾਬਾ ਪੈ ਗਿਆ ਤਾਂ ਬਰਮਾ ਵਿਚ 849 ਈਸਵੀਂ ਤੋਂ ਲੈ ਕੇ 1287 ਈਸਵੀਂ ਤਾਈ ਪਾਗਨ ਨਾਂ ਦੇ ਸ਼ਾਹੀ ਘਰਾਣੇ ਦਾ ਰਾਜ ਰਿਹਾ। ਫਿਰ 1605 ਤਾਈਂ ਇਸ ਉਤੇ ਮੰਗੋਲ ਰਾਜ ਕਰਦੇ ਰਹੇ। ਛੇਕੜ ਨੂੰ 1885 ਵਿਚ ਬਾਰਿਟਿਸ਼ ਸਰਕਾਰ ਨੇ ਬਰ੍ਹਮਾ ਉਤੇ ਕਬਜ਼ਾ ਕਰ ਲਿਆ ਤੇ ਬਰ੍ਹਮਾ ਨੂੰ ਬਰਿਟਿਸ਼ ਇੰਡੀਆ ਦਾ ਇੱਕ ਹਿੱਸਾ ਬਣਾ ਦਿੱਤਾ ਗਿਆ ਪਰੰਤੂ ਬਰ੍ਹਮੀ ਲੋਕਾਂ ਨੇ ਬਰਿਟਿਸ਼ ਇੰਡੀਆ ਦੀ ਗੁਲਾਮੀ ਕਬੂਲ ਨਾ ਕੀਤੀ। ਦੇਸ ਵਿਚ ਉੱਠੀ ਕੌਮੀ ਲਹਿਰ ਨੇ 1937 ਵਿਚ ਉਦੋਂ ਰੰਗ ਦਿਖਾਏ ਜਦੋਂ ਬਰ੍ਹਮਾ ਇੰਡੀਆ ਦੀ ਸਰਦਾਰੀ ਤੋਂ ਮੁਕਤ ਹੋ ਗਿਆ ਪਰ ਇਹ ਮੁਕਤੀ ਇੰਡੀਆ ਤੋਂ ਅਲਹਿਦਾ ਹੋਣ ਤਕ ਹੀ ਮਹਿਦੂਦ ਰਹੀ-ਬਰਿਟਿਸ਼ ਸਰਕਾਰ ਦਾ ਗਲਬਾ ਉਸੇ ਤਰ੍ਹਾਂ ਕਾਇਮ ਰਿਹਾ। ਬਰ੍ਹਮਾ ਦੇ ਲੋਕਾਂ ਦੀ ਜ਼ਬਰਦਸਤ ਐਜੀਟੇਸ਼ਨ ਪਿੱਛੋਂ ਹੀ ਬਰ੍ਹਮਾ ਨੂੰ ਅੰਗਰੇਜ਼ਾਂ ਕੋਲੋਂ 1949 ਵਿੱਚ ਨਿਜਾਤ ਮਿਲੀ। ਪਰੰਤੂ ਅੰਗਰੇਜ਼ਾਂ ਤੋਂ ਅਜ਼ਾਦੀ ਮਿਲਣ ਤੋਂ ਦੋ ਸਾਲ ਪਹਿਲਾਂ ਬਰ੍ਹਮਾ ਦਾ ਇਕ ਮਹਾਨ ਸਬੂਤ ਔਂਗ ਸਾਂ ਕਿਸੇ ਹਤਿਆਰੇ ਦੀ ਗੋਲੀ ਦਾ ਸ਼ਿਕਾਰ ਹੋ ਗਿਆ। ਔਂਗ ਸਾਂ ਉਹ ਵਿਅਕਤੀ ਸੀ ਜਿਸ ਦੀਆਂ ਰਗਾਂ ਵਿਚ ਦੇਸ਼ ਪਿਆਰ ਦਾ ਖ਼ੂਨ ਖੌਲ ਰਿਹਾ ਸੀ। ਇਹੀ ਉਹ ਯੋਧਾ ਸੀ ਜਿਸ ਵਾਸਤੇ ਬਰ੍ਹਮਾ ਨੂੰ ਵਿੰਦੇਸ਼ੀਆਂ ਦੇ ਰਾਜ ਤੋਂ ਮੁਕਤ ਕਰਵਾਉਣਾ ਹੀ ਉਸ ਦਾ ਧਰਮ ਬਣ ਚੁੱਕਾ ਸੀ। ਔਂਗ ਸਾਂ ਬਰ੍ਹਮੀ ਲੋਕਾਂ ਵਿਚ ਏਨਾ ਹਰਮਨ ਪਿਆਰਾ ਸੀ ਕਿ ਉਸ ਦੇ ਇੱਕੋ ਸੱਦੇ ਉਤੇ ਹਜ਼ਾਰਾਂ ਲੋਕੀਂ ਤਨ, ਮਨ, ਧਨ ਵਾਰਨ ਲਈ ਤਿਆਰ ਹੋ ਜਾਂਦੇ ਸਨ। ਔਂਗ ਸਾਂ ਦੀ ਇੱਕੋ ਇਕ ਧੀ ਸੀ ਜਿਹੜੀ ਇੰਗਲੈਂਡ ਵਿਚ ਸੀ।ਇਹ ਇਹੋ ਧੀ ਸੂੰ ਚੀ ਹੈ ਜਿਸ ਦਾ ਅੱਜ ਅਸੀਂ ਜ਼ਿਕਰ ਕਰ ਰਹੇ ਹਾਂ। ਬਰ੍ਹਮਾ ਦੀ ਇਹ ਧੀ ਜਦੋਂ ਇੰਗਲੈਂਡ ਵਿਚ ਜਵਾਨ ਹੋਈ ਤਾਂ ਉਸ ਨੇ ਆਪਣੇ ਦੇਸ ਉੱਤੇ ਰਾਜ ਕਰਦੀ ਫ਼ੌਜੀ ਜੁੰਡਲੀ ਦੇ ਖਾਤਮੇ ਦੀ ਸਹੁੰ ਖਾ ਲਈ ਸੀ। ਇਹ ਫੌਜੀ ਜੁੰਡਲੀ 1962 ਵਿਚ ਬਰ੍ਹਮਾ ਉਤੇ ਕਾਬਜ਼ ਹੋ

ਗਈ ਸੀ। 1974 ਵਿਚ ਇਨ੍ਹਾਂ ਨੇ ਦੇਸ ਦਾ ਵਿਧਾਨ ਬਦਲ ਦਿਤਾ ਸੀ ਜਿਸ ਦੇ ਤਹਿਤ ਆਮ ਚੋਣਾਂ ਕਰਵਾਉਣੀਆਂ ਕੋਈ ਜ਼ਰੂਰੀ ਨਾ ਸਮਝੀਆਂ ਗਈਆਂ। ਬਰ੍ਹਮੀਂ ਲੋਕਾਂ ਉਤੇ ਲਗਾਤਾਰ ਸਿਤਮ ਢਾਏ ਜਾਣ ਲੱਗੇ। ਲੋਕਾਂ ਦੇ ਜਮਾਂਦਰੂ ਹੱਕਾਂ ਦਾ ਘਾਣ ਹੋਣ ਲੱਗਾ। ਦੇਸ ਦੀ ਦੌਲਤ ਲੁੱਟੀ ਜਾਣ ਲੱਗੀ ਤੇ ਫੌਜੀ ਜਰਨੈਲਾਂ ਦੇ ਸਵਿਸ ਅਕਾਊਂਟਾਂ ਵਿਚ ਜਮ੍ਹਾਂ ਹੋਣ ਲੱਗੀ। ਇਹ ਸਿੱਤਮ ਇੰਗਲਿਸਤਾਨ 'ਚ ਬੈਠੀ ਔਂਗ ਸੂੰ ਸਾਂ ਚੀ ਤੋਂ ਵੇਖਿਆ ਨਾ ਗਿਆ। ਬਰ੍ਹਮਾ ਦੇ ਤਰੱਕੀ ਪਸੰਦ ਲੋਕਾਂ ਅਤੇ ਦੇਸ ਲਈ ਮਰ ਮਿਟਣ ਵਾਲੇ ਅਵਾਮ ਦੇ ਸੱਦੇ ਉਤੇ ਔਂਗ ਸਾਂ ਸੂੰ ਚੀ 1989 ਵਿਚ ਵਾਪਸ ਬਰ੍ਹਮਾ ਪਰਤ ਆਈ। ਉਸ ਦਾ ਭਰਪੂਰ ਸੁਆਗਤ ਕੀਤਾ ਗਿਆ। ਕਿਸੇ ਹੱਦ ਤੀਕ ਇਹ ਸੁਆਗਤ ਬੇਨਜ਼ੀਰ ਭੁੱਟੋ ਦੇ ਪਾਕਿਸਤਾਨ ਪਰਤਣ ਵਰਗਾ ਸੀ-ਪਰ ਜ਼ਰਾ ਦੇਖੋ ਕਿ ਦੋਹਾਂ ਔਰਤਾਂ ਦਾ ਜੀਵਨ ਹੁਣ ਕਿਸ ਪੜਾਅ ਉਤੇ ਹੈ?

ਔਂਗ ਸੂੰ ਸਾਂ ਚੀ ਨੇ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਨਾਂ ਦੀ ਪਾਰਟੀ ਦੇ ਝੰਡੇ ਹੇਠ ਤਕੜੇ ਏਅਤਜਾਜ਼ ਸ਼ੁਰੂ ਕੀਤੇ ਤੇ ਸਰਕਾਰ ਤੋਂ ਮੰਗ ਕੀਤੀ ਕਿ ਦੇਸ ਵਿਚ ਡੈਮੋਕਰੇਟਿਕ ਢੰਗ ਨਾਲ ਇਲੈਕਸ਼ਨਾਂ ਕਰਵਾਈਆਂ ਜਾਣ। ਛੇਕੜ ਨੂੰ ਫੌਜੀਆਂ ਦੀ ਸਰਕਾਰ ਨੂੰ ਝੁਕਣਾ ਪਿਆ। 1990 ਵਿਚ ਇਲੈਕਸ਼ਨਾਂ ਹੋਈਆਂ ਤਾਂ ਨੈਸ਼ਨਲ ਲੀਗ ਫਾਰ ਡੈਮੋਕਰੇਸੀ ਨੂੰ 82% ਵੋਟਾਂ ਪਈਆਂ। ਜ਼ਾਹਿਰ ਸੀ ਕਿ ਦੇਸ ਦੀ ਅਗਲੀ ਲੀਡਰ ਔਂਗ ਸੂ ਸਾਂ ਚੀ ਹੀ ਬਣਦੀ ਪਰ ਅਜਿਹਾ ਨਹੀਂ ਹੋਇਆ। 1962 ਤੋਂ 1988 ਤੀਕ ਜਨਰਲ ਨੀ ਵਿਨ ਦੇ ਰਾਜ ਪਿੱਛੋਂ ਹੋਰ ਫੌਜੀ ਜਰਨੈਲ ਬਰ੍ਹਮਾ ਦੇ ਸਰਦਾਰ ਹੋ ਬੈਠੇ। ਮੁੱਕਦੀ ਗੱਲ ਇਹ ਕਿ ਯੂ.ਐੱਨ.ਓ. ਦੀਆਂ ਧਮਕੀਆਂ ਦੇ ਬਾਵਜੂਦ ਵੀ ਅੱਜ ਉਥੇ ਫੌਜੀ ਜੁੰਡਲੀ ਦਾ ਰਾਜ ਹੈ ਤੇ ਇਹ ਰਾਜ ਲੋਹੇ ਦੇ ਡੰਡੇ ਨਾਲ ਕੀਤਾ ਜਾ ਰਿਹਾ ਹੈ।

ਔਂਗ ਸੂੰ ਸਾਂ ਚੀ ਏਨੀ ਸ਼ਕਤੀਸ਼ਾਲੀ ਹੈ ਕਿ ਬਰ੍ਹਮਾ ਦੇ ਮਨਿਸਟਰ ਔਫ ਕਲਚਰ ਵਿਨ ਸੇਨ ਨੇ ਪਿੱਛੇ ਜਿਹੇ ਕਿਹਾ ਸੀ ਕਿ ਔਂਗ ਸੂੰ ਸਾਂ ਚੀ ਨੂੰ ਰੋਕਣ ਦਾ ਢੰਗ ਇਕੋ ਹੈ ਕਿ ਉਸ ਨੂੰ ਕਤਲ ਕਰਵਾ ਦਿੱਤਾ ਜਾਵੇ। ਪਰ ਦੋਸਤੋ ਲੋਕੀਂ ਮਰਦੇ ਹਨ-ਲਹਿਰਾਂ ਨਹੀਂ ਮਰਦੀਆਂ-ਖ਼ਿਆਲ ਨਹੀਂ ਮਰਦੇ-ਚੇਤਨਾ ਨਹੀਂ ਮਰਦੀ।ਇਨਕਲਾਬ ਜਿਉਂਦੇ ਰਹਿੰਦੇ ਹਨ,ਆਜ਼ਾਦੀ ਵਾਲ਼ੇ ਝੰਡੇ ਨੂੰ ਫੜਨ ਵਾਲਾ ਹੱਥ ਅਗਰ ਕੱਟਿਆ ਜਾਂਦਾ ਹੈ ਤਾਂ ਇਸ ਝੰਡੇ ਨੂੰ ਫੜਨ ਲਈ ਅਨੇਕਾਂ ਹੋਰ ਹੱਥ ਇਕਦਮ ਅੱਗੇ ਵਧ ਜਾਂਦੇ ਹਨ। ਔਂਗ ਸੂੰ ਸਾਂ ਚੀ ਅਕਸਰ ਕਹਿੰਦੀ ਹੈ-"ਡਰ ਇਕ ਆਦਤ ਹੁੰਦੀ ਹੈ ਤੇ ਇਹ ਭੈੜੀ ਆਦਤ ਮੈਨੂੰ ਨਹੀਂ ਹੈ"-ਔਂਗ ਸੂੰ ਸਾ ਚੀ ਜ਼ਿੰਦਾਬਾਦ-ਮਨੁੱਖੀ ਆਜ਼ਾਦੀ-ਜ਼ਿੰਦਾਬਾਦ।

(1995)

# ਬਰ੍ਹਮਾ ਦੇ ਦੁਖੀ ਲੋਕਾਂ ਦੀ ਆਵਾਜ਼ ਦੁਨੀਆਂ ਭਰ ਦੇ ਬੋਲੇ ਕੰਨਾਂ ਤੱਕ ਪਹੁੰਚਾਉਣ ਦੀ ਲੋੜ

ਪਾਠਕਾਂ ਨੂੰ ਯਾਦ ਹੋਵੇਗਾ ਕਿ ਕੁਝ ਮਹੀਨੇ ਪਹਿਲਾਂ ਮੈਂ ਬਰ੍ਹਮਾ (ਅੱਜਕੱਲ੍ਹ ਇਸ ਦੇਸ਼ ਨੂੰ ਮਾਈਨਮਾਰ ਕਿਹਾ ਜਾਂਦਾ ਹੈ) ਦੀ ਬਹੁਤ ਵੱਡੀ ਸੁਤੰਤਰਤਾ ਸੰਗਰਾਮਣ ਔਂਗ ਸਾਂ ਸੂ ਚੀ ਦਾ ਜ਼ਿਕਰ ਕੀਤਾ ਸੀ। ਤਰਵੰਜਾਂ ਸਾਲਾਂ ਦੀ ਉਮਰ ਦੀ ਇਸ ਔਰਤ ਨੇ ਆਪਣੇ ਦੇਸ਼ ਦੇ ਗਲੇ 'ਚੋਂ ਮਿਲਟਰੀ ਦੇ ਜਰਨੈਲਾਂ ਦਾ ਜੂਲਾ ਲਾਹੁਣ ਲਈ ਸਿਰ ਧੜ ਦੀ ਬਾਜ਼ੀ ਲਗਾਈ ਹੋਈ ਹੈ। ਉਹ ਬਰ੍ਹਮਾ ਦੀ 'ਲੀਗ ਫਾਰ ਡੈਮੋਕਰੇਸੀ" ਨਾਂਅ ਦੀ ਪਾਰਟੀ ਦੀ ਲੀਡਰ ਹੈ। ਰਾਜ ਸੱਤਾ ਹਥਿਆਈ ਬੈਠੇ ਜਰਨੈਲ ਉਸ ਤੋਂ ਏਨਾ ਭੈਅ ਖਾਂਦੇ ਹਨ ਕਿ ਉਸ ਨੂੰ ਦੇਸੋਂ ਬਾਹਰ ਨਹੀਂ ਨਿਕਲਣ ਦਿੱਤਾ ਜਾ ਰਿਹਾ। 1986 ਵਿਚ ਉਸ ਦੀ ਪਾਰਟੀ ਨੇ ਆਮ ਚੋਣਾਂ ਵਿਚ ਬਹੁ-ਸੰਮਤੀ ਪ੍ਰਾਪਤ ਕਰ ਲਈ ਸੀ ਪਰ ਫੌਜੀ ਜੁੰਡਲੀ ਨੇ ਜਦੋਂ ਵੇਖਿਆ ਕਿ ਇਸ ਔਰਤ ਨੇ ਤਾਕਤ ਵਿਚ ਆ ਕੇ ਉਨ੍ਹਾਂ ਨੂੰ ਕਤਲ, ਰੇਪ ਤੇ ਲੋਕਾਂ ਨਾਲ ਕੀਤੇ ਧਰੋਹ ਦੇ ਦੋਸ਼ਾਂ 'ਚ ਕਟਹਿਰੇ ਵਿਚ ਖੜ੍ਹਿਆਂ ਕਰਨਾ ਹੈ ਤਾਂ ਇਨ੍ਹਾਂ ਜਰਨੈਲਾਂ ਨੇ ਇਹ ਕਹਿ ਕੇ ਚੋਣਾਂ ਦੇ ਨਤੀਜੇ ਨੂੰ ਭੰਗ ਕਰ ਦਿੱਤਾ ਸੀ ਕਿ ਔਂਗ ਸਾਂ ਸੂੰ ਚੀ ਨੇ ਚੋਣਾਂ ਵਿਚ ਹੇਰਾਫ਼ੇਰੀ ਕੀਤੀ ਸੀ। ਇਹ ਕੁਝ ਹੋਣ ਉਪਰੰਤ ਇਸ ਔਰਤ ਦੇ ਸਮਰਥਕਾਂ ਨੇ ਰੰਗੂਨ ਦੀ ਇੱਟ ਨਾਲ ਇੱਟ ਵਜਾ ਦਿੱਤੀ। ਸਰਕਾਰੀ ਗੱਡੀਆਂ ਤੇ ਇਮਾਰਤਾਂ ਭੰਨ ਤੋੜ ਦਿੱਤੀਆਂ ਅਤੇ ਸਿਵਲ-ਨਾ-ਫਰਮਾਨੀ ਸ਼ੁਰੂ ਕਰ ਦਿੱਤੀ। ਪਰ ਜਰਨੈਲਾਂ ਕੋਲ ਤਾਕਤ ਸੀ। ਉਨ੍ਹਾਂ ਕੋਲ ਬੰਦੂਕਾਂ ਤੇ ਮਸ਼ੀਨਗੰਨਾਂ ਸਨ। ਉਨ੍ਹਾਂ ਨੇ ਲੋਕਾਂ ਦੇ ਆਹੂ ਲਾਹ ਦਿੱਤੇ। ਉਨ੍ਹਾਂ ਨੇ ਪੂਰੀ ਤਰ੍ਹਾਂ ਕੱਟੜ ਮਿਲਟਰੀ ਰਾਜ ਲਾਗੂ ਕਰ ਦਿੱਤਾ। ਵਿਦਿਆਰਥੀਆਂ ਉੱਤੇ ਕਈ ਕਾਤਲਾਨਾ ਹਮਲੇ ਕੀਤੇ। ਔਰਤਾਂ ਨੂੰ ਸ਼ਰੇਆਮ ਮਾਰਿਆ ਤੇ ਰੇਪ ਕੀਤਾ। ਬੁੱਢਿਆਂ ਨੂੰ ਬੇਇੱਜ਼ਤ ਕੀਤਾ ਤੇ ਆਮ ਤੌਰ 'ਤੇ ਦਹਿਲ ਫੈਲਾ ਦਿੱਤਾ। ਔਂਗ ਸਾਂ ਸੂੰ ਚੀ ਨੂੰ ਨਜ਼ਰਬੰਦ ਕਰ ਦਿੱਤਾ। 1986 ਤੋਂ ਹੁਣ ਤੀਕ ਉਹ ਬਰ੍ਹਮਾ ਤੋਂ ਬਾਹਰ ਨਹੀਂ ਨਿਕਲ ਸਕੀ। ਹਾਲਾਂਕਿ ਉਹ ਔਕਸਫੋਰਡ ਯੂਨੀਵਰਸਿਟੀ ਦੇ ਇਕ ਅੰਗਰੇਜ਼ ਪ੍ਰੋਫੈਸਰ ਮਾਈਕਲ ਐਰਿਸ ਨਾਲ ਵਿਆਹੀ ਹੋਈ ਹੈ ਤੇ ਦੋ ਪੁੱਤਰਾਂ ਦੀ ਮਾਂ ਵੀ ਹੈ। ਉਸ ਦੀ ਘਾਲਣਾ ਕਰਕੇ ਹੀ ਉਸ ਨੂੰ ਨੋਬਲ ਅਮਨ ਇਨਾਮ ਦਿੱਤਾ ਗਿਆ ਸੀ।

ਹੁਣ ਹਾਲਾਤ ਇਹ ਹੈ ਕਿ ਮਾਈਕਲ ਐਰਿਸ ਕੈਂਸਰ ਦੀ ਬਿਮਾਰੀ ਦਾ ਸ਼ਿਕਾਰ ਹੋ ਗਿਆ ਹੈ। ਡਾਕਟਰਾਂ ਨੇ ਉਸ ਨੂੰ ਬਹੁਤੀ ਦੇਰ ਜਿਊਣ ਦੀ ਆਸ ਨਹੀਂ ਬੰਨ੍ਹਾਈ। ਮਾਈਕਲ ਐਰਿਸ ਨੂੰ ਇਸ ਗੱਲ ਦਾ ਪਤਾ ਹੈ ਕਿ ਉਸ ਦੀ ਬੀਵੀ ਬਰ੍ਹਮਾ ਤੋਂ ਬਾਹਰ ਨਹੀਂ ਨਿਕਲ ਸਕੇਗੀ, ਇਸ ਲਈ ਉਸ ਨੇ ਖੁਦ ਹੀ ਵੀਜ਼ਾ ਲੈਣ ਦੀ ਕੋਸ਼ਿਸ਼ ਕੀਤੀ ਭਾਵੇਂ ਕਿ ਡਾਕਟਰਾਂ ਨੇ ਕਿਹਾ ਹੈ

ਕਿ ਉਹ ਸਫਰ ਨਾ ਕਰਨ ਦੇ ਵੀ ਕਾਬਲ ਨਹੀਂ ਹਨ। ਮੁੱਕਦੀ ਗੱਲ ਇਹ ਹੈ ਕਿ ਬਰ੍ਹਮਾ ਦੀ ਲੰਡਨ ਵਿਚਲੀ ਅੰਬੈਸੀ ਨੇ ਮਾਈਕਲ ਐਰਿਸ ਨੂੰ ਵੀਜ਼ਾ ਨਹੀਂ ਦਿੱਤਾ। ਇਹੋ ਜਿਹਾ ਗੈਰ-ਮਨੁੱਖੀ ਵਤੀਰਾ ਕਿੰਝ ਬਾਕੀ ਦੁਨੀਆਂ ਤੋਂ ਸਹਾਰਿਆ ਜਾ ਰਿਹਾ ਹੈ? ਇਹ ਅਚੰਭੇ ਵਾਲੀ ਗੱਲ ਹੈ। ਸੰਯੁਕਤ ਰਾਸ਼ਟਰ ਮਹਾਂ ਸਭਾ ਏਨੀ ਦੰਦ ਰਹਿਤ ਸੰਸਥਾ ਹੋਵੇਗੀ? ਇਹ ਕਦੇ ਮੈਂ ਸੋਚਿਆ ਵੀ ਨਹੀਂ ਸੀ। ਲੀਗ ਫਾਰ ਡੈਮੋਕਰੇਸੀ ਫਾਰ ਬਰ੍ਹਮਾ ਦੇ ਵਾਈਸ ਪਰੈਜ਼ੀਡੈਂਟ ਤਿਨ ਯੂ ਨੇ ਠੀਕ ਹੀ ਕਿਹਾ ਹੈ ਕਿ ਬਰ੍ਹਮਾ ਦੇ ਆਮ ਲੋਕਾਂ ਦੀ ਕੋਈ ਵੀ ਵਿਦੇਸ਼ੀ ਸਰਕਾਰ ਮਿੱਤਰ ਨਹੀਂ ਹੈ ਤੇ ਸੰਯੁਕਤ ਰਾਸ਼ਟਰ ਮਹਾਂ ਸਭਾ ਵੀ ਇਕ ਨਿਪੁੰਸਕ ਜਿਹੀ ਸੰਸਥਾ ਹੋ ਨਿਬੜੀ ਹੈ। ਔਂਗ ਸਾਂ ਸੂੰ ਚੀ ਦੇ ਪਤੀ ਪ੍ਰੋਫੈਸਰ ਮਾਈਕਲ ਐਰਿਸ ਨੂੰ ਪਰੋਸਟੇਟ ਕੈਂਸਰ ਹੈ ਜਿਹੜਾ ਉਹਦੀ ਰੀੜ੍ਹ ਦੀ ਹੱਡੀ ਤੇ ਫੇਫੜਿਆਂ ਤੀਕ ਪਹੁੰਚ ਚੁੱਕਾ ਹੈ। ਯਾਨੀ ਕਿ ਤਿੱਬਤੀ ਕਲਚਰ ਦੇ ਇਸ ਰੀਸਰਚ ਸਕਾਲਰ ਦੀ ਮੌਤ ਕਿਸੇ ਵੇਲੇ ਵੀ ਹੋ ਸਕਦੀ ਹੈ। ਅਸੀਂ ਬਰ੍ਹਮਾ ਦੇ ਗੁਆਂਢੀ ਦੇਸ਼ ਭਾਰਤ ਉੱਤੇ ਜ਼ੋਰ ਪਾਉਂਦੇ ਹਾਂ ਕਿ ਉਹ ਬਰ੍ਹਮਾ ਸਰਕਾਰ ਉੱਤੇ ਜ਼ੋਰ ਪਾਕੇ ਪ੍ਰੋਫੈਸਰ ਮਾਈਕਲ ਐਰਿਸ ਨੂੰ ਵੀਜ਼ਾ ਦੁਆਵੇ ਜਾਂ ਜੇਕਰ ਇੰਝ ਨਹੀਂ ਹੋ ਸਕਦਾ ਤਾਂ ਔਂਗ ਸਾਂ ਸੂੰ ਚੀ ਨੂੰ ਹੀ ਬਾਹਰ ਜਾਣ ਦੀ ਆਗਿਆ ਦੁਆਵੇ ਤੇ ਭਾਰਤ ਇਹ ਇਹ ਕੌਲ ਵੀ ਕਰਵਾਵੇ ਕਿ ਬਰ੍ਹਮਾ ਔਂਗ ਸਾਂ ਸੂੰ ਚੀ ਨੂੰ ਵਾਪਸ ਬਰ੍ਹਮਾ ਵਿਚ ਵੜਨ ਦੀ ਵੀ ਗਰੰਟੀ ਦੇਵੇ। ਇਸੇ ਗੱਲ ਦੀ ਮੰਗ ਅਸੀਂ ਬਰਤਾਨਵੀ ਤੇ ਅਮਰੀਕੀ ਸਰਕਾਰ ਤੋਂ ਵੀ ਕਰਦੇ ਹਾਂ ਕਿ ਉਹ ਜ਼ੋਰਦਾਰ ਸ਼ਬਦਾਂ ਵਿਚ ਇਸ ਮਹਾਨ ਔਰਤ ਦੀ ਹਿਮਾਇਤ ਕਰਨ।ਅਸੀਂ ਸੰਯੁਕਤ ਰਾਸ਼ਟਰ ਤੋਂ ਵੀ ਇਹੋ ਮੰਗ ਕਰਦੇ ਹਾਂ।

ਆਜ਼ਾਦੀ ਦੇ ਵੱਡੇ ਘੁਲਾਟੀਏ ਔਂਗ ਸਾਂ ਦੀ ਧੀ ਚੀ ਨਾਲ ਇਹੋ ਜਿਹਾ ਵਤੀਰਾ ਸਹਿਣ ਨਹੀਂ ਕੀਤਾ ਜਾਣਾ ਚਾਹੀਦਾ। ਇਕ ਪਾਸੇ ਤਾਂ ਔਂਗ ਸਾਂ ਸੂੰ ਚੀ ਨੂੰ ਨੋਬਲ ਅਮਨ ਇਨਾਮ ਦਿੱਤਾ ਗਿਆ ਹੈ ਤੇ ਦੂਜੇ ਪਾਸੇ ਉਹਦੀਆਂ ਮਨੁੱਖੀ ਲੋੜਾਂ ਵੀ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ। ਕੀ ਇਹ ਉਸ ਦਾ ਮਨੁੱਖੀ ਅਧਿਕਾਰ ਨਹੀਂ ਹੈ ਕਿ ਉਹ ਆਪਣੇ ਮਰਨ ਕੰਢੇ ਪਏ ਪਤੀ ਮਾਈਕਲ ਐਰਿਸ ਨੂੰ ਮਿਲ ਸਕੇ? ਕੀ ਉਹਦਾ ਇਹ ਮਨੁੱਖੀ ਹੱਕ ਨਹੀਂ ਹੈ ਕਿ ਉਹ ਏਨੇ ਵਰ੍ਹਿਆਂ ਤੋਂ ਵਿਛੜੇ ਹੋਏ ਆਪਣੇ ਪੁੱਤਰਾਂ ਕੋਲ ਰਹਿ ਸਕੇ? ਨੋਬਲ ਅਮਨ ਇਨਾਮ ਦੇਣ ਵਾਲੀ ਕਮੇਟੀ ਕੀ ਬਰ੍ਹਮਾ ਸਰਕਾਰ ਉਤੇ ਏਨਾ ਵੀ ਜ਼ੋਰ ਨਹੀਂ ਪਾ ਸਕਦੀ ਕਿ ਉਹ ਇਸ ਵਤਨਪ੍ਰਸਤ ਔਰਤ ਦੇ ਮਨੁੱਖੀ ਹੱਕ ਬਹਾਲ ਕਰੇ। ਜੇਕਰ ਕੌਮਾਂਤਰੀ ਭਾਈਚਾਰਾ ਏਨਾ ਵੀ ਨਹੀਂ ਕਰ ਸਕਦਾ ਤਾਂ ਇਹ ਬਹੁਤ ਵੱਡੀ ਸ਼ਰਮ ਵਾਲੀ ਗੱਲ ਹੈ। ਦੁਨੀਆਂ ਦੇ ਅਨੇਕਾਂ ਦੇਸ ਆਪਣੇ ਸੁਆਰਥ ਵਾਸਤੇ ਇਸ ਬੇਦਰਦ ਫੌਜੀ ਜੁੰਡਲੀ ਨਾਲ ਵਪਾਰਕ ਰਿਸ਼ਤੇ ਬਣਾਈ ਬੈਠੇ ਹਨ। ਕੀ ਉਹ ਕਦੇ ਮਨੁੱਖੀ ਸਦਭਾਵਨਾ ਦੇ ਰਿਸ਼ਤਿਆਂ ਬਾਰੇ ਵੀ ਸੋਚਣਗੇ? ਮੇਰੀ ਜਾਚੇ ਸਮੁੱਚੀ ਦੁਨੀਆਂ ਵਿਚ ਉਦੋਂ ਤੱਕ ਅਮਨ ਬਹਾਲ ਨਹੀਂ ਹੋ ਸਕਦਾ ਜਿੰਨੀ ਦੇਰ ਤੱਕ ਕਿ ਸਾਰੇ ਦੇਸਾਂ ਦੇ ਲੀਡਰਾਂ ਵਿਚ ਮਨੁੱਖੀ ਸਦਭਾਵਨਾ ਦੀ ਰੁਚੀ ਨਹੀਂ ਜਾਗਦੀ। ਸੰਯੁਕਤ ਰਾਸ਼ਟਰ ਮਹਾਂ ਸਭਾ ਦੀ ਭਾਵਨਾ ਤਾਂ ਇਹੋ ਕਹਿੰਦੀ ਹੈ। ਪਰ ਕੀ ਯਥਾਰਤ ਵਿਚ ਇਹ ਕੁਝ ਹੋ ਰਿਹਾ ਹੈ? ਜ਼ਾਹਿਰ ਹੈ ਕਿ ਨਹੀਂ ਹੋ ਰਿਹਾ। ਬਰ੍ਹਮਾ ਦੇ 41 ਮਿਲੀਅਨ ਲੋਕ ਕਈਆਂ ਸਾਲਾਂ ਤੋਂ ਮਿਲਟਰੀ ਦੇ ਸ਼ਿਕੰਜੇ ਵਿਚ ਜਕੜੇ ਹੋਏ ਹਨ। ਹੁਕਮਰਾਨਾਂ ਨੇ 1989 ਵਿਚ ਦੇਸ਼ ਦਾ ਨਾਂਅ ਤਾਂ ਮਾਈਨਮਾਰ ਰੱਖ ਦਿੱਤਾ ਸੀ ਪਰ ਅਜੇ

ਤੱਕ ਉਹ ਦੇਸ਼ ਦੇ ਸੰਵਿਧਾਨ ਨੂੰ ਲਾਗੂ ਕਰਨ ਤੋਂ ਇਨਕਾਰੀ ਹਨ। ਆਓ ਬਰ੍ਹਮਾ ਦੇ ਦੁਖੀ ਲੋਕਾਂ ਦੀ ਅਵਾਜ਼ ਦੁਨੀਆਂ ਭਰ ਦੇ ਬੋਲੇ ਕੰਨਾਂ ਵਿਚ ਪਾਉਣ ਦੀ ਕੋਸ਼ਿਸ਼ ਕਰੀਏ। ਅਸੀਂ ਬਰਤਾਨਵੀ ਸਰਕਾਰ ਉਤੇ ਜ਼ੋਰ ਪਾਉਂਦੇ ਹਾਂ ਤੇ ਤੁਸੀਂ ਭਾਰਤੀਓ ਭਾਰਤ ਸਰਕਾਰ ਨੂੰ ਬਰ੍ਹਮਾ ਦੇ ਲੋਕਾਂ ਦੀ ਤਰਸਯੋਗ ਸਥਿਤੀ ਤੋਂ ਜਾਣੂ ਕਰਾਓ।

(1995)

# ਮਹਾਰਾਣੀ ਕ੍ਰਿਸਮਸ ਵਾਲੇ ਦਿਨ

ਕ੍ਰਿਸਮਸ ਵਾਲੇ ਦਿਨ ਸਾਡੇ ਘਰ ਇਕ ਮਜ਼ਾਕ ਹੀ ਬਣਿਆ ਹੋਇਆ ਹੁੰਦਾ ਹੈ ਕਿ ਡੈਡੀ ਨੇ ਮਲਿਕਾ ਅਲਿਜ਼ਬੈਂਥ ਦੀ ਕ੍ਰਿਸਮਸ ਡੇਅ ਵਾਲੇ ਦਿਨ ਦੀ ਕ੍ਰਿਸਮਸ ਸਪੀਚ ਮਿਸ ਨਹੀਂ ਕਰਨੀ। ਇਹ ਨਹੀਂ ਕਿ ਮੈਂ ਮਲਕਾ ਦਾ ਕੋਈ ਬਹੁਤ ਵੱਡਾ ਭਗਤ ਹਾਂ ਜਾਂ ਰੌਇਲਿਸਟ ਹਾਂ-ਬੱਸ ਐਂਵੇਂ ਇੰਝ ਲਗਦਾ ਹੈ ਜਿਵੇਂ ਮਲਕਾ ਦੀ ਇਹ ਰਵਾਇਤੀ ਤਕਰੀਰ ਸੁਨਣ ਬਾਝੋਂ ਜਿਵੇਂ ਕ੍ਰਿਸਮਸ ਦਾ ਜਸ਼ਨ ਮੁਕੰਮਲ ਨਹੀਂ ਹੋਣਾ। ਪਿਛਲੇ ਅਠੱਤੀਆਂ ਸਾਲਾਂ ਵਿਚੋਂ ਸਿਰਫ ਮੈਂ 1965 ਵਿਚ ਹੀ ਇਕ ਸਪੀਚ ਟੈਲੀਵੀਜ਼ਨ ਉਤੇ ਨਹੀਂ ਸੀ ਦੇਖੀ ਤੇ ਰੇਡੀਓ 'ਤੇ ਨਹੀਂ ਸੀ ਸੁਣੀ ਕਿਉਂਕਿ ਉਦੋਂ ਵੀ ਮੈਂ ਭਾਰਤ ਦੀ ਫੇਰੀ ਉੱਤੇ ਸਾਂ।ਫ਼ਿਰ ਵੀ ਮੈਂ ਮਹਾਰਾਣੀ ਦੀ ਕ੍ਰਿਸਮਸ ਵਾਲੀ ਸਪੀਚ ਅਖਬਾਰਾਂ ਵਿਚੋਂ ਪੜ੍ਹ ਲਈ ਸੀ। ਉਂਝ ਇਹ ਸਪੀਚ ਕੋਈ ਖਾਸ ਹੁੰਦੀ ਵੀ ਨਹੀਂ। ਬੱਸ ਇਸ ਵਿਚ ਮਹਾਰਾਣੀ ਆਪਣੇ ਟੱਬਰ ਦੀਆਂ ਪਿਛਲੇ ਸਾਲ ਦੀਆਂ ਪ੍ਰਾਪਤੀਆਂ, ਖੁਸ਼ੀਆਂ ਅਤੇ ਗ਼ਮੀਆਂ ਦੀਆਂ ਗੱਲਾਂ ਕਰਦੀ ਹੈ ਤੇ ਕੌਮਨਵੈਲਥ ਦੇ ਸਾਰੇ ਦੇਸਾਂ ਨਾਲ ਇੰਝ ਹੇਜ ਦਿਖਾਉਂਦੀ ਹੈ ਜਿਵੇਂ ਇਹ ਕਦੇ ਅਜ਼ਾਦ ਹੋਏ ਹੀ ਨਾ ਹੋਣ। ਫਿਰ ਉਹ ਜੀਸਜ਼ ਕ੍ਰਾਈਸਟ ਦੀਆਂ ਮਨੁੱਖਵਾਦ ਲਈ ਕੀਤੀਆਂ ਕੁਰਬਾਨੀਆਂ ਦਾ ਸ਼ਰਧਾ ਨਾਲ ਜ਼ਿਕਰ ਕਰਦੀ ਹੈ ਤੇ ਅੰਤ ਉਤੇ ਆਪਣੇ ਸਾਰੇ ਸਬਜੈਕਟਸ ਨੂੰ ਅਸੀਸ ਅਤੇ ਅਸ਼ੀਰਵਾਦ ਦਿੰਦੀ ਹੋਈ ਨਵੇਂ ਵਰ੍ਹੇ ਲਈ ਸ਼ੁੱਭ ਇਛਾਵਾਂ ਭੇਂਟ ਕਰਦੀ ਹੈ।ਐਤਕੀਂ ਦੀ ਸਪੀਚ ਵਿਚ ਉਸ ਨੇ ਇੰਗਲਿਸਤਾਨ ਵਿਚ ਰਹਿੰਦੇ ਵੱਖ ਵੱਖ ਧਰਮਾਂ ਤੇ ਰੰਗਾਂ ਵਾਲਿਆਂ ਸ਼ਹਿਰੀਆਂ ਦਾ ਵੀ ਜ਼ਿਕਰ ਕੀਤਾ ਤੇ ਕਿਹਾ ਕਿ ਬਰਿਟਨ ਇਕ ਬਹੁ ਧਰਮੀ ਅਤੇ ਬਹੁ ਨਸਲੀ ਦੇਸ ਹੈ ਤੇ ਇਸ ਵਿਚ ਰਹਿੰਦੇ ਸਾਰੇ ਲੋਕ ਹੀ ਉਹਨਾਂ ਦੀਆਂ ਸ਼ੁੱਭ ਇਛਾਵਾਂ ਦੇ ਪਾਤਰ ਹਨ। ਐਤਕੀਂ ਦੀ ਫ਼ਿਲਮ ਵਿਚ ਮਲਕਾ ਜੀ ਨੇ ਖਾਸ ਤੌਰ 'ਤੇ ਅਫਰੀਕਾ ਦਾ ਜ਼ਿਕਰ ਕੀਤਾ ਤੇ ਕਿਹਾ ਕਿ ਅਫਰੀਕਾ ਨਾਲ ਉਹਦਾ ਮੋਹ ਏਸ ਕਰਕੇ ਵੀ ਹੈ ਕਿ ਉਥੇ ਹੀ ਉਸ ਨੇ ਆਪਣਾ ਹਨੀਮੂਨ ਮਨਾਇਆ ਸੀ। ਸਊਥ ਅਫ਼ਰੀਕਾ ਵਿਚ ਫ਼ਿਲਮਾਏ ਗਏ ਕੁਝ ਸੀਨਾਂ ਵਿਚ ਮਲਿਕਾ ਅਲਿਜ਼ਬੈਂਥ ਨੇ ਆਪਣੇ ਹੋਟਲ ਦੀ ਖਿੜਕੀ ਚੋਂ ਵੇਖ ਕੇ ਉਥੋਂ ਦੇ ਖ਼ੂਬਸੂਰਤ ਕੁਦਰਤੀ ਨਜ਼ਾਰਿਆਂ ਤੇ ਉਥੋਂ ਦੇ ਸੁੰਦਰ ਲੋਕਾਂ ਦਾ ਜ਼ਿਕਰ-ਖ਼ੈਰ ਕੀਤਾ। ਆਪ ਨੇ ਸਾਬਕਾ ਸਊਥ ਅਫਰੀਕਨ ਰਾਸ਼ਟਰਪਤੀ ਨੈਲਸਨ ਮੰਡੇਲਾ ਅਤੇ ਨਵੇਂ ਪ੍ਰਧਾਨ ਥਾਬੋ ਮਬੇਕੀ ਦੀ ਪ੍ਰਸੰਸਾ ਕੀਤੀ। ਐਤਕੀਂ ਦੀ ਫ਼ਿਲਮ ਵਿਚ ਮਲਕਾ ਅਲਿਜ਼ਬੈੱਥ ਨੇ ਖਾਸ ਤੌਰ 'ਤੇ ਆਪਣੇ ਖਾਬੰਦ ਪਰਿੰਸ ਫ਼ਿਲਪ ਨੂੰ ਹੀ ਬਹੁਤਾ ਦਿਖਾਇਆ। ਸ਼ਾਇਦ ਇਸ ਦਾ ਕਾਰਨ ਇਹ ਸੀ ਕਿ ਪਰਿੰਸ ਫ਼ਿਲਪ ਨੇ 1999 ਦੇ ਸਾਲ ਦੌਰਾਨ ਇੰਗਲੈਂਡ ਦੇ ਇਕ ਸ਼ਹਿਰ ਦੀ ਇਲੈਕਟਰੀਕਲ ਕੰਪੋਨੈਂਨਟਸ ਫੈਕਟਰੀ ਦਾ ਦੌਰਾਨ ਇਕ ਟੁੱਟੇ ਭੱਜੇ ਫ਼ਿਊਜ਼ ਬੌਕਸ ਨੂੰ ਦੇਖਕੇ ਕਹਿ ਦਿਤਾ ਸੀ ਕਿ ਇਹ ਅਵੱਸ਼ ਹੀ ਕਿਸੇ ਇੰਡੀਅਨ

ਇਲੈਕਟਰੀਸ਼ੀਅਨ ਨੇ ਫਿੱਟ ਕੀਤਾ ਹੋਵੇਗਾ। ਇਸ ਫ਼ਿਲਮ ਪਿੱਛੇ ਪਰਿੰਸ ਫ਼ਿਲਪ ਦੇ ਇਮੇਜ ਨੂੰ ਦਰੁੱਸਤ ਕਰਨ ਦਾ ਇਰਾਦਾ ਵੀ ਹੋ ਸਕਦਾ ਹੈ। ਕੁਝ ਵਰ੍ਹੇ ਪਹਿਲਾਂ ਜਦੋਂ ਵਿੰਡਸਰ ਕਾਸਲ ਨੂੰ ਅੱਗ ਲੱਗ ਗਈ ਸੀ ਤੇ ਕਈ ਇਤਿਹਾਸਕ ਵਸਤਾਂ ਸੜ ਗਈਆਂ ਸਨ ਤਾਂ ਉਦੋਂ ਪ੍ਰਿੰਸ ਐਂਡਰਿਊ ਅਤੇ ਪਰਿੰਸ ਚਾਰਲਸ ਦੇ ਵਿਆਹਾਂ ਬਾਰੇ ਵੀ ਬੁਰੀਆਂ ਖਬਰਾਂ ਸੁਣਨ ਨੂੰ ਮਿਲੀਆਂ ਸਨ ।ਮਹਾਰਾਣੀ ਅਲਿਜ਼ਬੈੱਥ ਨੇ ਉਦਾਸ ਭਾਵ ਨਾਲ ਕ੍ਰਿਸਮਸ ਦੇ ਸੁਨੇਹੇ ਵਿਚ ਕਿਹਾ ਸੀ ਕਿ ਉਹ ਵਰ੍ਹਾ ਉਨ੍ਹਾਂ ਲਈ ਬੜੀਆਂ ਪੀੜਾਂ ਭਰਿਆ ਸੀ।

ਕ੍ਰਿਸਮਸ ਵਾਲੇ ਦਿਨ ਮਲਕਾ ਅਲਿਜ਼ਬੈੱਥ ਹਮੇਸ਼ਾ ਬਾਅਦ ਦੁਪਹਿਰ ਤਿੰਨ ਵਜੇ ਆਪਣੀ ਤਕਰੀਰ ਕਰਦੇ ਹਨ। ਇਹ ਤਕਰੀਰ ਦਰ ਅਸਲ ਕੁਝ ਦਿਨ ਪਹਿਲਾਂ ਦੀ ਰੀਕਾਰਡ ਹੋਈ ਹੁੰਦੀ ਹੈ। ਅਸੀਂ ਤੇ ਤਕਰੀਬਨ ਸਾਰੇ ਏਸ਼ੀਅਨ ਲੋਕ ਕ੍ਰਿਸਮਸ ਦਾ ਤਿਓਹਾਰ ਮਨਾਉਂਦੇ ਹਾਂ। ਸਾਡੇ ਵਿਚੋਂ ਸ਼ਾਇਦ ਹੀ ਕੋਈ ਗਿਰਜੇ 'ਚ ਜਾ ਕੇ ਪ੍ਰਾਰਥਨਾ ਕਰਦਾ ਹੋਵੇਗਾ ਪਰ ਅੰਗਰੇਜ਼ ਕਿਹੜਾ ਸਾਰੇ ਹੀ ਗਿਰਜਿਆਂ 'ਚ ਜਾਂਦੇ ਨੇ ਕ੍ਰਿਸਮਸ ਦੇ ਰੋਜ਼? ਦਰਅਸਲ ਕ੍ਰਿਸਮਸ ਅਜਕੱਲ੍ਹ ਧਾਰਮਕ ਤਿਓਹਾਰ ਰਿਹਾ ਹੀ ਨਹੀਂ। ਇਹ ਖਾਣ ਪੀਣ ਤੇ ਤੋਹਫਿਆਂ ਦੇ ਤਬਾਦਲਿਆਂ ਦਾ ਤਿਓਹਾਰ ਬਣ ਕੇ ਰਹਿ ਗਿਆ ਹੈ। ਇਹ ਨਿਹਾਇਤ ਕਮਰੀਸ਼ਆਲਾਈਡ ਦਿਨ ਹੈ ਇਸੇ ਲਈ ਪੱਛਮੀ ਸ਼ਹਿਰਾਂ ਦੀਆਂ ਦੁਕਾਨਾਂ ਕਿਸੇ ਦੁਲਹਨ ਵਾਂਗ ਸਜੀਆਂ ਹੋਈਆਂ ਹੁੰਦੀਆਂ ਹਨ। ਜਿਹੜੇ ਦੁਕਾਨਦਾਰ ਨੇ ਕ੍ਰਿਸਮਸ ਦੇ ਦਿਨਾਂ ਵਿਚ ਮਸਰੂਫੀਅਤ ਨਹੀਂ ਦੇਖੀ ਤਾਂ ਸਮਝ ਲਓ ਕਿ ਨਵੇਂ ਸਾਲ ਵਿਚ ਉਹ ਅਜਿਹੇ ਬਿਜ਼ਨੈਸ ਤੋਂ ਖਹਿੜਾ ਛੁਡਾਉਣ ਦੀ ਕੋਸ਼ਸ਼ ਕਰੇਗਾ। ਐਸੇ ਬਿਜ਼ਨੈਸ ਨੂੰ ਕਰਨਾ ਵੀ ਕੀ ਹੈ ਜਿਹੜਾ ਕ੍ਰਿਸਮਸ ਦੇ ਦਿਨਾਂ ਵਿਚ ਵੀ ਮਸਰੂਫ ਨਾ ਹੋਇਆ? ਟੈਲੀਵੀਯਨ ਤੇ ਇੰਟਰਨੈੱਟ ਦੇ ਯੁੱਗ ਵਿੱਚ ਕਮੱਰਸ਼ੀਅਲ ਅਦਾਰੇ ਲੋਕਾਂ ਨੂੰ ਮਾਨਸਕ ਤੌਰ 'ਤੇ ਖਰੀਦੋ ਫਰੋਖਤ (Shopping) ਕਰਨ ਲਈ ਏਨੇ ਪਰੇਰਤ (MOTIVATE) ਕਰਦੇ ਹਨ ਕਿ ਸਾਰਾ ਦੇਸ ਹੀ ਸ਼ੌਪਿੰਗ ਕਰਨ ਲਈ ਬੇਚੈਨ ਹੋ ਜਾਂਦਾ ਹੈ। ਟੈਲੀਵੀਯਨ ਸਰਕੀਨਾਂ ਤੋਂ ਲੈ ਕੇ ਖ਼ੂਬਸੂਰਤ ਦੁਕਾਨਾਂ ਦੀਆਂ ਖ਼ੂਬਸੂਰਤ ਸ਼ੋਅ-ਵਿੰਡੋਜ਼ ਲੋਕਾਂ ਦੇ ਸਿਰਾਂ ਵਿਚ ਸਿਰਫ ਤੇ ਸਿਰਫ ਇਨ੍ਹਾਂ ਵਸਤਾਂ ਨੂੰ ਖਰੀਦਣ ਦੇ ਹੀ ਖਿਆਲ ਭਰੀ ਰੱਖਦੇ ਹਨ। ਕ੍ਰਿਸਮਸ ਤੋਂ ਪਹਿਲਾਂ ਲੋਕਾਂ ਵਿਚ ਗਲਬਾਤ ਦਾ ਸਿਲਸਿਲਾ ਸ਼ੌਪਿੰਗ ਕਰਨ ਤੋਂ ਹੀ ਸ਼ੁਰੂ ਹੁੰਦਾ ਹੈ ਤੇ ਸ਼ੌਪਿੰਗ ਕਰਨ ਤੇ ਹੀ ਖਤਮ ਹੁੰਦਾ ਹੈ। ਇੰਝ ਲਗਦਾ ਹੈ ਕਿ ਜਿਵੇਂ ਕ੍ਰਿਸਮਸ ਦੀਆਂ ਛੁੱਟੀਆਂ ਤੋਂ ਬਾਅਦ ਦੁਨੀਆਂ ਦਾ ਅੰਤ ਹੀ ਹੋ ਜਾਣਾ ਹੈ। ਜਿਵੇਂ ਕ੍ਰਿਸਮਸ ਤੋਂ ਬਾਅਦ ਦੁਕਾਨਾਂ ਵਿਚ ਕੁਝ ਨਹੀਂ ਰਹਿਣਾ ਤੇ ਲੋਕਾਂ ਨੇ ਭੁੱਖੇ ਹੀ ਮਰ ਜਾਣਾ ਹੈ। ਵੱਡਿਆਂ ਵੱਡਿਆਂ ਸੁਪਰਸਟੋਰਾਂ ਦੇ ਪਾਰਕਿੰਗ ਲਾਟਾਂ ਵਿਚ ਕਾਰਾਂ ਪਾਰਕ ਕਰਨ ਨੂੰ ਥਾਂ ਨਹੀਂ ਮਿਲਦੀ। ਲੋਕੀਂ ਸ਼ੌਪਿੰਗ ਟਰਾਲੀਆਂ ਵਿਚ ਖਾਣ ਪੀਣ ਦੀਆਂ ਵਸਤੂਆਂ ਏਦਾਂ ਭੱਜ ਭੱਜ ਕੇ ਰੱਖ ਰਹੇ ਹੁੰਦੇ ਹਨ ਜਿਵੇਂ ਜੰਗ ਲੱਗਣ ਉਤੇ ਇਨ੍ਹਾਂ ਨੇ ਕਿੰਨੇ ਕਿੰਨੇ ਦਿਨ ਘਰਾਂ ਦੇ ਭੋਰਿਆਂ ਵਿਚ ਰਹਿਣਾ ਹੋਵੇ ਤੇ ਇਹ ਰਾਸ਼ਨ ਪਾਣੀ ਲੋਕਾਂ ਨੇ ਔਖਿਆਂ ਵੇਲਿਆਂ ਲਈ ਜਮ੍ਹਾ ਕਰਨਾ ਹੋਵੇ। ਸ਼ਰਾਬ ਤਾਂ ਕਈ ਵੇਰ ਫੂਡ ਨਾਲੋਂ ਵੀ ਪਹਿਲਾਂ ਦਾ ਨੰਬਰ ਲੈ ਜਾਂਦੀ ਹੈ। ਵਾਈਨ, ਬੀਅਰ, ਵਿਸਕੀ, ਲਿਕੂਓਰ, ਬਰਾਂਡੀ ਤੇ ਹੋਰ ਭਾਂਤ ਭਾਤ ਦੀਆਂ ਡਰਿੰਕਸ ਏਦਾਂ ਖਰੀਦੀਆਂ ਜਾਂਦੀਆਂ ਹਨ ਜਿਵੇਂ ਸਾਰੇ ਦੇਸ ਨੇ ਕ੍ਰਿਸਮਸ ਵਾਲੇ ਦਿਨ ਤੋਂ ਨਸ਼ੇ ਵਿਚ ਗੜੂੰਦ ਹੋ ਕੇ ਮੁੜ ਉਠਣਾ ਹੀ ਨਾ ਹੋਵੇ। ਯਾਰਾਂ ਦੋਸਤਾਂ ਸੰਬੰਧੀਆਂ ਲਈ ਕੱਪੜੇ, ਚੌਕਲੇਟ, ਡਰਿੰਕਸ ਤੇ ਹੋਰ

ਵਸਤਾਂ ਖਰੀਦੀਆਂ ਜਾਂਦੀਆਂ ਹਨ। ਇਕ ਦੂਜੇ ਨੂੰ ਦਿਤੇ ਜਾਣ ਵਾਲੇ ਤੋਹਫਿਆਂ ਵਿਚੋਂ ਬਹੁਤੇ ਕਿਸੇ ਕੰਮ ਆਉਣ ਵਾਲੇ ਵੀ ਨਹੀਂ ਹੁੰਦੇ ਤੇ ਕਈ ਲੋਕ ਇਨ੍ਹਾਂ ਤੋਹਫਿਆਂ ਨੂੰ 'ਪਾਸ ਔਨ' ਕਰਨ ਲਈ ਹੀ ਰੱਖ ਲੈਂਦੇ ਹਨ। ਕਿਸੇ ਨੂੰ ਤੋਹਫ਼ੇ ਵਜੋਂ ਸਤਾਰਾਂ ਸਾਈਜ਼ ਦੇ ਗਲੇ ਵਾਲੀ ਕਮੀਜ਼ ਮਿਲ਼ ਜਾਂਦੀ ਹੈ ਤੇ ਗਲ ਉਸ ਦਾ ਹੁੰਦਾ ਹੈ ਸਾਫੇ ਪੰਦਰਾਂ ਦਾ। ਕਿਸੇ ਨੂੰ ਅਜਿਹੇ ਪਰਫਿਊਮ ਦੇ ਦਿੱਤੇ ਜਾਂਦੇ ਨੇ ਜਿਹੜੇ ਉਸ ਨੇ ਕਦੇ ਵਰਤਣੇ ਹੀ ਨਹੀਂ ਹੁੰਦੇ। ਕਈ ਚੌਕਲੇਟ ਖਾਣ ਦੇ ਆਦੀ ਨਹੀਂ ਹੁੰਦੇ ਪਰ ਉਨ੍ਹਾਂ ਦੇ ਘਰ ਚੌਕਲੇਟਾਂ ਦਾ ਢੇਰ ਲੱਗ ਜਾਂਦਾ ਹੈ। ਕ੍ਰਿਸਮਸ ਡੇਅ ਵਾਲੇ ਦਿਨ ਏਨਾ ਖਾਣਾ ਤਿਆਰ ਕਰ ਲਿਆ ਜਾਂਦਾ ਹੈ ਕਿ ਉਹ ਮੁੱਕਦਾ ਹੀ ਨਹੀਂ ਤੇ ਛੇਕੜ ਨੂੰ ਡਸਬਿਨ ਦੀ ਨਜ਼ਰ ਹੁੰਦਾ ਹੈ। ਫਿਰ ਕੋਈ ਟਿੱਪਣੀ ਦਏਗਾ, "ਅੱਧੀ ਦੁਨੀਆਂ ਭੁੱਖੀ ਮਰ ਰਹੀ ਹੈ ਤੇ ਪੱਛਮੀ ਦੇਸਾਂ ਦੇ ਲੋਕ ਕਿੰਝ ਖਾਣਾ ਅਤੇ ਵਸਤਰ ਵੇਸਟ ਕਰ ਰਹੇ ਹਨ। ਜੇਕਰ ਜੀਸਜ਼ ਕ੍ਰਾਈਸਟ ਵਾਪਸ ਆ ਜਾਵੇ ਤਾਂ ਉਹ ਇਨ੍ਹਾਂ ਨੂੰ ਕਿੰਨੀਆਂ ਝਾੜਾਂ ਤੇ ਝਿੜਕਾਂ ਪਾਵੇ।"

ਭਾਵੇਂ ਇੰਗਲਿਸਤਾਨ ਦੇ ਮੁਸਲਮਾਨ ਅਤੇ ਯਹੂਦੀ ਕ੍ਰਿਸਮਸ ਨਹੀਂ ਆਉਂਦੇ ਪਰ ਉਹ ਵੀ ਇਸ ਫੈਸਟਿਵ ਮੂਡ ਤੋਂ ਲਾਂਭੇ ਨਹੀਂ ਰਹਿ ਸਕਦੇ। ਬਰਿਟਨ ਨੇ ਸਊਥ ਲੰਡਨ ਵਿਚ ਜਦੋਂ ਇਕ ਮਲੇਨੀਅਮ ਡੋਮ ਬਣਾਇਆ ਤਾਂ ਮੁਸਲਿਮ ਲੀਡਰਾਂ ਨੇ ਕਿਹਾ ਕਿ ਉਹ ਇਸ ਡੋਮ ਨੂੰ ਵੇਖਣ ਨਹੀਂ ਜਾਣਗੇ ਕਿਉਂਕਿ ਇਸ ਡੋਮ ਲਈ ਜਿਹੜਾ ਪੈਸਾ ਹਾਸਲ ਕੀਤਾ ਗਿਆ ਸੀ ਉਹ ਨੈਸ਼ਨਲ ਲੌਟਰੀ ਦੇ ਫੰਡ ਵਿਚੋਂ ਆਇਆ ਸੀ। ਪਰੰਤੂ ਮੁਸਲਮਾਨਾਂ ਦੀ ਜੁਆਨ ਪੀੜ੍ਹੀ ਨੇ ਪਹਿਲੀ ਪੀੜ੍ਹੀ ਦੀ ਕੋਈ ਗੱਲ ਨਾ ਸੁਣੀ। ਉਹ ਮਲੇਨੀਅਮ ਡੋਮ ਦੇਖਣ ਵੀ ਚਲੇ ਗਏ ਤੇ ਕ੍ਰਿਸਮਸ ਦੇ ਜਸ਼ਨਾਂ ਵਿਚ ਵੀ ਸ਼ਾਮਲ ਹੋਏ। ਫਿਰ ਮੁਸਲਮਾਨਾਂ ਨੇ ਕਹਿਣਾ ਸ਼ੁਰੂ ਕਰ ਦਿੱਤਾ ਕਿ ਮਲੇਨੀਅਮ ਡੋਮ ਦੇ ਬਾਹਰ ਸਾਡੇ ਲਈ ਇਕ ਪ੍ਰਾਰਥਨਾ ਸਥਾਨ ਬਣਾਇਆ ਜਾਵੇ। ਸਰਕਾਰ ਨੇ ਉਹ ਬਣਾ ਦਿੱਤਾ। ਮੁਸਲਮਾਨ ਖੁਸ਼ ਹੋ ਗਏ। ਸਿੱਖਾਂ ਨੇ ਕੁਝ ਨਹੀਂ ਕਿਹਾ। ਉਹ ਕ੍ਰਿਸਮਸ ਵੀ ਮਨਾ ਲੈਂਦੇ ਹਨ। ਗੁਰਪੁਰਬ ਤੇ ਦੀਵਾਲੀ ਵੀ। ਮੇਰੀ ਪਤਨੀ ਅਕਸਰ ਕਹਿੰਦੀ ਹੈ, "ਇਹ ਅੰਗਰੇਜ਼ ਲੋਕ ਕ੍ਰਿਸਮਸ ਦਾ ਜਸ਼ਨ ਹੀ ਜ਼ੋਰ ਸ਼ੋਰ ਨਾਲ ਮਨਾਉਂਦੇ ਹਨ ਜਦਕਿ ਸਾਡੇ ਭਾਈਚਾਰੇ ਵਿਚ ਹਰ ਸਮੇਂ ਹੀ ਕਿਸੇ ਨਾ ਕਿਸੇ ਜਸ਼ਨ ਦੀ ਤਿਆਰੀ ਹੁੰਦੀ ਰਹਿੰਦੀ ਹੈ। ਵਿਆਹਾਂ ਸ਼ਾਦੀਆਂ ਤੇ ਬਰਥ ਡੇਅ ਸੈਲੀਬਰੇਸ਼ਨਜ਼ ਦੀ ਗੱਲ ਤਾਂ ਪਾਸੇ ਹੀ ਛੱਡ ਦਿਓ--ਅਸੀਂ ਦੀਵਾਲੀ ਵੀ ਮਨਾਉਂਦੇ ਹਾਂ– ਲੋਹੜੀ ਵੀ ਮਨਾਉਂਦੇ ਹਾਂ ਤੇ ਫ਼ਿਰ ਜਨਮ ਅਸ਼ਟਮੀ, ਹੋਲੀ, ਈਦ, ਗੁਰਪੁਰਬ, ਵਰਤ ਤੇ ਪਤਾ ਨਹੀਂ ਹੋਰ ਕੀ ਕੀ? ਹਰ ਵੇਲੇ ਦੌੜ ਭੱਜ ਹੀ ਲੱਗੀ ਰਹਿੰਦੀ ਹੈ। ਲੋਕਾਂ ਦੇ ਘਰਾਂ ਵਿਚ ਮਠਿਆਈਆਂ ਦੇ ਡੱਬੇ ਕਦੇ ਮੁੱਕਦੇ ਹੀ ਨਹੀਂ। ਇੱਥੋਂ ਦੇ ਬੱਚੇ ਮਠਿਆਈਆਂ ਖਾਂਦੇ ਨਹੀਂ। ਵੱਡੀ ਉਮਰ ਦਿਆਂ ਨੂੰ ਡਾਕਟਰਾਂ ਨੇ ਮਨ੍ਹਾ ਕੀਤਾ ਹੋਇਆ ਹੈ। ਵੇਸਟ ਹੀ ਵੇਸਟ ਤੇ ਹੋਰ ਵੇਸਟ। ਹੇ ਪ੍ਰਭੂ!"

ਅਸੀਂ ਗੱਲ ਮਹਾਰਾਣੀ ਅਲਿਜ਼ਬੈੱਥ ਵਲੋਂ ਕੀਤੀ ਜਾਂਦੀ ਸਪੀਚ ਤੋਂ ਸ਼ੁਰੂ ਕੀਤੀ ਸੀ ਅਸੀਂ ਸਾਰੇ ਪਰਵਾਰਕ ਮੈਂਬਰ ਇਸ ਬਹਿਸ ਵਿਚ ਪੈ ਗਏ ਕਿ ਅਮੀਸ਼ਾ (ਸਾਡੀ ਛੇਆਂ ਮਹੀਨਿਆਂ ਦੀ ਪੋਤੀ) ਦੇ ਜੀਵਨ ਕਾਲ ਵਿਚ ਇਥੋਂ ਦੇ ਸ਼ਾਹੀ ਘਰਾਣੇ ਦਾ ਕੀ ਹੋਵੇਗਾ? ਪਰਿੰਸ ਚਾਰਲਸ ਕਦੋਂ ਗੱਦੀ ਉਤੇ ਬੈਠੇਗਾ? ਇੰਗਲੈਂਡ ਦੀ ਸ਼ਾਹੀ ਰਵਾਇਤ ਤਾਂ ਇਹੋ ਕਹਿੰਦੀ ਹੈ ਕਿ ਜਦੋਂ ਤੀਕ ਵਰਤਮਾਨ ਬਾਦਸ਼ਾਹ ਜਾਂ ਮਹਾਰਾਣੀ ਪਰਲੋਕ ਨਾ ਸੁਧਾਰੇ ਉਦੋਂ ਤੀਕ ਨਵਾਂ ਬਾਦਸ਼ਾਹ ਜਾਂ

ਮਹਾਰਾਣੀ ਗੱਦੀ ਉਤੇ ਨਹੀਂ ਬੈਠ ਸਕਦੀ। ਜਿਸ ਦਾ ਭਾਵ ਇਹ ਹੈ ਕਿ ਮਹਾਰਾਣੀ ਅਲਿਜ਼ਬੈੱਥ ਦੇ ਪੂਰਿਆਂ ਹੋਣ ਤੋਂ ਪਹਿਲਾਂ ਤਾਂ ਪਰਿੰਸ ਚਾਰਲਸ ਦੇ ਗੱਦੀ ਉਤੇ ਬੈਠਣ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਮੇਰਾ ਪੁੱਤਰ ਕਹਿਣ ਲੱਗਾ, "ਕੁਈਨ ਅਲਿਜ਼ਬੈੱਥ ਦੀ ਉਮਰ ਤੇਹਤਰਾਂ ਵਰ੍ਹਿਆਂ ਦੀ ਹੈ। ਉਨ੍ਹਾਂ ਦੀ ਮਾਂ ਕੁਈਨ ਅਲਿਜ਼ਬੈੱਥ ਦਾ ਕੁਈਨ ਮਦਰ ਨਿੜਿਨਵਿਆਂ ਸਾਲਾਂ ਦੀ ਹੈ ਜਿਸ ਦਾ ਮਤਲਬ ਇਹ ਹੈ ਕਿ ਅਗਰ ਕੁਈਨ ਅਲਿਜ਼ਬੈੱਥ ਵੀ ਆਪਣੀ ਮਾਂ ਜਿੰਨੀ ਉਮਰ ਤੀਕ ਜਿਉਂਦੀ ਰਹੀ ਤਾਂ ਪਰਿੰਸ ਚਾਰਲਸ ਘੱਟੋ ਘੱਟ 75 ਸਾਲ ਦੀ ਉਮਰ ਦਾ ਹੋ ਕੇ ਗੱਦੀ ਉਤੇ ਬੈਠੇਗਾ।" ਅਸੀਂ ਸਾਰੇ ਉਹਦੀ ਦਲੀਲ ਉਤੇ ਹੱਸ ਪਏ। ਐਪਰ ਇਹ ਦਲੀਲ ਸੱਚੀ ਵੀ ਸਿੱਧ ਹੋ ਸਕਦੀ ਹੈ।

ਪਰਿੰਸ ਚਾਰਲਸ ਦੇ ਕਿੰਗ ਬਣਨ ਤੀਕ ਹੀ ਅਗਰ ਗੱਲ ਮੁੱਕ ਜਾਵੇ ਤਾਂ ਹੋਰ ਗੱਲ ਹੈ ਪਰ ਇਸ ਸ਼ਹਿਜ਼ਾਦੇ ਦੀ ਇਕ ਤਲਾਕਸ਼ੁਦਾ ਔਰਤ ਕਮੀਲਾ ਪਾਰਕਰ ਬਊਲਜ਼ ਨਾਲ ਲੱਗੀ ਹੋਈ ਦੋਸਤੀ ਦਾ ਕੀ ਹੋਵੇਗਾ? ਇਹ ਬਹੁਤ ਵੱਡਾ ਸੁਆਲੀਆ ਚਿੰਨ੍ਹ ਹੈ ਕਿਉਂਕਿ ਇੰਗਲਿਸਤਾਨ ਦੇ ਬਹੁਤ ਸਾਰੇ ਲੋਕ ਅਜੇ ਕਈਆਂ ਸਾਲਾਂ ਤੀਕ ਇਹ ਗੱਲ ਨਹੀਂ ਭੁੱਲ ਸਕਣ ਲੱਗੇ ਕਿ ਇਹ ਕਮੀਲਾ ਪਾਰਕਰ ਬਾਊਲਜ਼ ਨਾਲ ਲੱਗੀ ਹੋਈ ਦੋਸਤੀ ਹੀ ਸੀ ਜਿਸ ਦੇ ਸਿੱਟੇ ਵਜੋਂ ਨਿਹਾਇਤ ਸੁੰਦਰ ਪਰਿੰਸੈਸ ਡਿਆਨਾ ਨਾਲ ਪਰਿੰਸ ਚਾਰਲਸ ਦਾ ਦਿਲ ਨਹੀਂ ਸੀ ਲੱਗਾ। ਇਹ ਕਮੀਲਾ ਹੀ ਸੀ ਜੀਹਦੀ ਵਜਾਹ ਕਰਕੇ ਪਰਿੰਸ ਚਾਰਲਸ ਅਤੇ ਪਰਿੰਸੈਸ ਡਿਆਨਾ ਦਾ ਵਿਆਹ ਟੁੱਟਾ ਸੀ। ਪਰਿੰਸੈਸ ਡਿਆਨਾ ਨਾਲ ਹੁਣ ਇਸ ਕਰਕੇ ਵੀ ਲੋਕਾਂ ਦੀ ਤਵੱਜੋਂ ਵੱਧ ਗਈ ਹੈ ਕਿ ਉਹ ਇਸ ਦੁਨੀਆਂ ਵਿਚ ਵੀ ਨਹੀਂ ਰਹੀ। ਜੇ ਉਹ ਕੁਦਰਤੀ ਮੌਤ ਮਰਦੀ ਤਾਂ ਹੋਰ ਗੱਲ ਸੀ। ਉਹ ਤਾਂ ਇਕ ਭਿਆਨਕ ਸੜਕ-ਹਾਦਸੇ ਵਿਚ ਮਰੀ ਸੀ।

ਜਦੋਂ ਪਰਿੰਸ ਚਾਰਲਸ ਬਾਦਸ਼ਾਹ ਬਣ ਗਏ ਤਾਂ ਕਮੀਲਾ ਪਾਰਕਰ ਬਊਲਜ਼ ਦਾ ਕੀ ਰੋਲ ਹੋਵੇਗਾ? ਇੰਗਲਿਸਤਾਨ ਦੇ ਲੋਕਾਂ ਨੇ ਇਸ ਔਰਤ ਨੂੰ ਇੰਗਲੈਂਡ ਦੀ ਮਹਾਰਾਣੀ ਤਾਂ ਮੰਨਣਾ ਹੀ ਨਹੀਂ। ਅਗਰ ਪਰਿੰਸ ਚਾਰਲਸ ਉਸ ਨਾਲ ਵਿਆਹ ਵੀ ਕਰਾ ਲੈਣ ਤਾਂ ਲੋਕਾਂ ਨੇ ਕਮੀਲਾ ਪਾਰਕਰ ਬਊਲਜ਼ ਨੂੰ ਪਬਲਿਕ ਫੰਕਸ਼ਨਜ਼ ਵਿਚ ਉਨ੍ਹਾਂ ਨਾਲ ਉੱਠਦੀ ਬੈਠਦੀ ਹੋਈ ਨਹੀਂ ਵੇਖ ਸਕਣਾ। ਲੋਕਾਂ ਦੀ ਗੱਲ ਤਾਂ ਛੱਡੋ ਮਹਾਰਾਣੀ ਅਲਿਜ਼ਬੈੱਥ ਨੇ ਖੁਦ ਕਮੀਲਾ ਪਾਰਕਰ ਬਊਲਜ਼ ਨੂੰ ਮਿਲਣ ਦੀ ਇੱਛਾ ਜ਼ਾਹਰ ਨਹੀਂ ਕੀਤੀ। ਪਰਿੰਸ ਚਾਰਲਸ ਦੇ ਦੋਸਤ ਉਨ੍ਹਾਂ ਦੇ ਪੱਖ ਦੀ ਗੱਲ ਕਰਦਿਆਂ ਕਹਿੰਦੇ ਨੇ ਕਿ ਬਰਿਟਿਸ਼ ਲੋਕ ਬਦਲਦੇ ਜ਼ਮਾਨੇ ਨਾਲ ਕਿਉਂ ਨਹੀਂ ਟੁਰਦੇ? ਇਥੇ ਤਾਂ ਆਏ ਦਿਨ ਹੀ ਬੀਵੀਆਂ ਤੇ ਪਤੀਆਂ ਦੀਆਂ ਛੱਡ ਛਡਾਈਆਂ ਹੁੰਦੀਆਂ ਹਨ। ਆਏ ਦਿਨ ਬਿਗਾਨੀਆਂ ਤੀਵੀਆਂ ਨਾਲ ਹਮਬਿਸਤਰੀਆਂ ਕਰਨ ਦੀਆਂ ਗੱਲਾਂ ਛਪਦੀਆਂ ਹਨ। ਕਈ ਲੋਕ ਆਪਣੇ ਜੀਵਨ ਵਿਚ ਇਕ ਤੋਂ ਵੱਧ ਵੇਰ ਵਿਆਹ ਕਰਵਾਂਦੇ ਨੇ ਕਈ ਕਰਵਾਂਦੇ ਹੀ ਨਹੀਂ ਤੇ ਐਵੇਂ ਹੀ ਬੱਚੇ ਪੈਦਾ ਕਰ ਰਹੇ ਹਨ। ਘੱਟੋ ਘੱਟ ਪਰਿੰਸ ਚਾਰਲਸ ਨੇ ਪਰਿੰਸੈਸ ਡਿਆਨਾ ਤੋਂ ਤਲਾਕ ਲੈ ਕੇ ਪਬਲਿਕ ਤੌਰ ਤੇ ਇਹ ਤਾਂ ਮੰਨ ਲਿਆ ਸੀ ਨਾ ਕਿ ਉਨ੍ਹਾਂ ਦੀ ਦੋਸਤੀ ਕਮੀਲਾ ਨਾਲ ਹੈ ਤੇ ਉਹ ਆਪਣੀ ਬਾਕੀ ਦੀ ਜ਼ਿੰਦਗੀ ਉਸ ਨਾਲ ਹੀ ਗੁਜ਼ਾਰਨਾ ਚਾਹੁੰਣਗੇ। ਕਮੀਲਾ ਅਤੇ ਪਰਿੰਸ ਆਖਰਕਾਰ ਦੋਨੋਂ ਪੰਜਾਹਾਂ ਸਾਲਾਂ ਦੀ ਉਮਰ ਤੋਂ ਉੱਪਰ ਹਨ। ਦੋਹਾਂ ਦੇ ਦੋ ਦੋ ਬੱਚੇ ਹਨ। ਦੋਨੋਂ ਤਲਾਕਸ਼ੁਦਾ ਹਨ। ਫਿਰ ਇਹ ਦੋਵੇਂ ਵਿਆਹ ਕਿਉਂ ਨਹੀਂ ਕਰਾ ਸਕਦੇ? ਫਿਰ

ਕਮੀਲਾ ਪਾਰਕਰ ਬਊਲਜ਼ ਜੋ ਕਿੰਗ ਚਾਰਲਸ ਦੀ ਬੀਵੀ ਹੋਵੇਗੀ ਤਾਂ ਉਸ ਲਈ ਕੋਈ ਨਾ ਕੋਈ ਰੋਲ ਤਾਂ ਲੱਭਿਆ ਹੀ ਜਾ ਸਕਦਾ ਹੈ। ਕਈ ਲੋਕ ਕਹਿੰਦੇ ਹਨ ਕਿ ਅਗਰ ਪਰਿੰਸ ਚਾਰਲਸ ਨੇ ਕਮੀਲਾ ਨਾਲ ਵਿਆਹ ਕਰਵਾਉਣਾ ਹੀ ਹੈ ਤਾਂ ਉਹ ਵੀ ਆਪਣੇ ਮਾਂ ਦੇ ਤਾਏ (ਐਡਵਰਡ ਸੈਂਵਨਥ ਜਿਸ ਨੇ ਆਪਣੇ ਇਸ਼ਕ ਪਿੱਛੇ 1936 ਰਾਜ ਗੱਦੀ ਛੱਡ ਦਿੱਤੀ ਸੀ ਤੇ ਉਹ ਦੇਸ ਛੱਡ ਕੇ ਫ਼ਰਾਂਸ ਵਿਚ ਰਹਿਣ ਲੱਗ ਪਿਆ ਸੀ)) ਵਾਂਗ ਤਖਤੇ ਤਾਊਸ ਦਾ ਮੋਹ ਛੱਡ ਦੇਵੇ ਤੇ ਚਲਾ ਜਾਵੇ ਉਸ ਨਾਲ ਕਿਸੇ ਬਿਗਾਨੇ ਦੇਸ ਨੂੰ।

ਲੇਕਿਨ ਪਰਿੰਸ ਚਾਰਲਸ ਦੇ ਹੱਕ ਵਿਚ ਬੋਲਣ ਵਾਲੇ ਲੋਕੀਂ ਇਹ ਵੀ ਕਹਿੰਦੇ ਹਨ ਕਿ ਨਵਾਂ ਬਾਦਸ਼ਾਹ ਬਨਣ ਲਈ ਜਿੰਨੀ ਉਸ ਨੇ ਟਰੇਨਿੰਗ ਅਤੇ ਤਜਰਬਾ ਹਾਸਲ ਕੀਤਾ ਹੈ, ਉਨਾ ਤਾਂ ਕਿਸੇ ਨੇ ਵੀ ਹਾਸਲ ਨਹੀਨ ਕੀਤਾ ਹੋਵੇਗਾ। ਅਜਿਹਾ ਵਿਅਕਤੀ ਇਕ ਤਲਾਕਸ਼ੁਦਾ ਔਰਤ ਨਾਲ ਆਸ਼ਨਾਈ ਕਾਰਨ ਹੀ ਹੱਥੋਂ ਨਹੀਂ ਗੁਆਉਣਾ ਚਾਹੀਦਾ।.......ਨਾਲੇ ਇੰਗਲੈਂਡ ਦਾ ਬਾਦਸ਼ਾਹ ਜਾਂ ਮਹਾਰਾਣੀ ਇਕ ਫਿਗਰ ਹੈੱਡ ਹੀ ਤਾਂ ਹੁੰਦਾ ਹੈ। ਉਹਨੇ ਕਿਹੜਾ ਕਿਸੇ ਕਿਸਮ ਦੀ ਡਿਕਟੇਟਰਾਨਾ ਹਕੂਮਤ ਕਰਨੀ ਹੁੰਦੀ ਹੈ।

ਸਾਡੇ ਵਿਚੋਂ ਇਕ ਨੇ ਕਿਹਾ, "ਪਰਿੰਸ ਵਿਲੀਅਮ ਦਾ ਕੀ ਹੋਊ? ਉਹ ਤਾਂ ਹਾਲੀਂ ਸਿਰਫ ਸਤਾਰਾਂ ਸਾਲਾਂ ਦੀ ਹੀ ਉਮਰ ਦਾ ਹੈ। ਪਹਿਲਾਂ ਉਹਦਾ ਪਿਓ (ਪਰਿੰਸ ਚਾਰਲਸ) ਗੱਦੀ ਉਤੇ ਬੈਠੂ। ਫਿਰ ਹੀ ਪਰਿੰਸ ਵਿਲੀਅਮ ਇੰਗਲਿਸਤਾਨ ਦਾ ਰਾਜ ਭਾਗ ਲੈ ਸਕੇਗਾ। ਇਸ ਗੱਲ ਨੂੰ ਤਾਂ ਕਿੰਨੇ ਹੀ ਸਾਲ ਲੱਗ ਜਾਣੇ ਹਨ।

ਮੈਂ ਸੋਚਿਆ ਕਿ ਮਨੁੱਖ ਤਬਦੀਲੀਆਂ ਦੀ ਕਿਸ ਤਰ੍ਹਾਂ ਉਤਸੁਕਤਾ ਨਾਲ ਤਬੱਕੋ ਕਰਦਾ ਰਹਿੰਦਾ ਹੈ। ਨਵੇਂ ਪੱਤੇ ਤਾਂ ਆਖਰ ਤਦੇ ਆਉਣੇ ਹਨ ਜਦੋਂ ਪੁਰਾਣਿਆਂ ਝੜ ਜਾਣਾ ਹੁੰਦਾ ਹੈ।

ਕ੍ਰਿਸਮਸਾਂ ਆਉਂਦੀਆਂ ਰਹਿਣੀਆਂ ਨੇ। ਨਵੇਂ ਸਾਲਾਂ ਦੇ ਇਸ ਸੰਸਾਰ ਵਿਚ ਨਵੇਂ ਬੰਦੇ ਪੈਦਾ ਹੁੰਦੇ ਰਹਿਣੇ ਨੇ। ਇਕ ਪੀੜ੍ਹੀ ਤੋਂ ਬਾਅਦ ਦੂਜੀ ਪੀੜ੍ਹੀ, ਫਿਰ ਤੀਜੀ...ਫਿਰ..।

ਮੈਂ ਤੇ ਮੇਰੀ ਪਤਨੀ ਨੇ ਅਮੀਸ਼ਾ ਵੱਲ ਮੋਹ ਨਾਲ ਵੇਖਿਆ। ਉਹ ਸਾਡੇ ਪਰਵਾਰ ਦੇ ਰੁੱਖ ਦੀ ਨਵੀਂ ਕਰੂੰਬਲ ਸੀ। ਉਹ ਸਾਡੇ ਦੋਹਾਂ ਵੱਲ ਵੇਖ ਕੇ ਮੁਸਕਰਾਅ ਪਈ।

(ਦਸੰਬਰ 1999)

# ਰਈਸਾ ਗੋਰਬਾਚੋਵ ਨੇ ਸੋਵੀਅਤ ਔਰਤਾਂ ਨੂੰ ਨਵੀਂ ਪਛਾਣ ਦਿਤੀ

ਰੂਸ ਦੀ ਸਾਬਕਾ 'ਫਸਟ ਲੇਡੀ' ਰਈਸਾ ਗੋਰਬਾਚੋਵ ਦੀ ਲਾਸ਼ ਜਦੋਂ ਮਨਸਟਰ (ਜਰਮਨੀ) ਤੋਂ ਮਾਸਕੋ ਦੇ ਏਅਰਪੋਰਟ ਉੱਤੇ ਲਿਆਂਦੀ ਗਈ ਤਾਂ ਉਦੋਂ ਰੂਸੀ ਸਰਕਾਰ ਨੂੰ ਇਸ ਗੱਲ ਦਾ ਧੱਕਾ ਲੱਗਾ ਕਿ ਉਸ ਨੇ ਉਸ ਔਰਤ ਨੂੰ ਗੁਆ ਲਿਆ ਹੈ ਜਿਸ ਨੇ ਪਹਿਲੀ ਵਾਰ ਸੋਵੀਅਤ ਯੂਨੀਅਨ ਦੇ ਲੋਕਾਂ ਨੂੰ ਸੋਝੀ ਕਰਾਈ ਸੀ ਕਿ ਪੱਛਮੀ ਦੇਸ਼ ਕੋਈ ਹਊਆ ਨਹੀਂ ਹਨ ਤੇ ਨਾ ਹੀ ਦੌਲਤ ਨਾਲ ਖਰੀਦਿਆਂ ਐਸ਼ੋ-ਇਸ਼ਰਤ ਦਾ ਸਾਮਾਨ ਕੋਈ ਬਹੁਤਾ ਵੱਡਾ ਗੁਨਾਹ ਹੀ ਸੀ। ਰਾਈਸਾ ਦੇ ਪਤੀ ਮਿਖਾਈਲ ਗੋਰਬਾਚੋਵ ਨੇ ਹਵਾਈ ਅੱਡੇ ਉੱਤੇ ਆਪਣੀ ਪਤਨੀ ਦੇ ਕਫਨ ਕੋਲ ਖੜੋ ਕੇ ਕਿਹਾ ਕਿ ਅਜੇ ਦੋ ਮਹੀਨੇ ਹੀ ਪਹਿਲਾਂ ਮੈਂ ਤੇ ਰਈਸਾ ਬੜੀਆਂ ਉਮੀਦਾਂ ਲੈ ਕੇ ਜਰਮਨੀ ਗਏ ਸਾਂ ਕਿ ਉਥੇ ਉਸ ਦਾ ਲੁਕੀਮੀਆਂ ਦਾ ਇਲਾਜ ਹੋ ਜਾਵੇਗਾ। ਮਨਸਟਰ ਵਿਚ ਅਜੇ ਦੋ ਕੁ ਦਿਨ ਪਹਿਲਾਂ ਵੀ ਅਸੀਂ ਚੋਖੇ ਆਸ਼ਾਵਾਦੀ ਸਾਂ ਪਰ ਆਹ ਵੇਖੋ ਮੈਂ ਰਾਈਸਾ ਨੂੰ ਇਥੋਂ ਜਿਉਂਦਿਆਂ ਲੈ ਕੇ ਗਿਆ ਸਾਂ ਤੇ ਮਰੀ ਹੋਈ ਨੂੰ ਵਾਪਸ ਲੈ ਕੇ ਆਇਆ ਹਾਂ। ਇੰਜ ਆਖਦਿਆਂ ਸੋਵੀਅਤ ਯੂਨੀਅਨ ਦੇ ਸਾਬਕਾ ਪ੍ਰਧਾਨ ਮਿਖਾਈਲ ਗੋਰਬਾਚੋਵ ਦੀਆਂ ਅੱਖਾਂ 'ਚੋਂ ਹੰਝੂਆਂ ਦੇ ਹੜ੍ਹ ਵਗ ਤੁਰੇ। ਰੂਸੀਆਂ ਨੂੰ ਹੁਣ ਪਤਾ ਲੱਗਾ ਹੈ ਕਿ ਜਿਸ ਔਰਤ ਨੂੰ ਉਹ ਸਦਾ ਠੁਕਰਾਉਂਦੇ ਰਹੇ ਕਿ ਉਹ ਵਿਦੇਸ਼ਾਂ ਵਿਚ ਜਾ ਕੇ ਸਰਮਾਏਦਾਰਾਂ ਵਰਗੀਆਂ ਹਰਕਤਾਂ ਕਰਦੀ ਹੈ, ਰੂਸੀ ਲੋਕਾਂ ਦੇ ਕਿੰਨਾ ਨੇੜੇ ਸੀ। ਇਸੇ ਲਈ ਸ਼ਾਇਦ ਯੇਲਤਸਿਨ ਸਰਕਾਰ ਨੇ ਮਾਸਕੋ ਦੀ ਅਤੀ ਮਾਣਯੋਗ ਨੋਵੋਦਿਵਿਚੀ ਸ਼ਮਸ਼ਾਨ ਭੂਮੀ ਵਿਚ ਰਈਸਾ ਗੋਰਬਾਚੋਵ ਨੂੰ ਥਾਂ ਦਿੱਤੀ ਹੈ। ਇੱਥੇ ਹੀ ਤਾਂ ਚੈਖੋਵ, ਗੋਗੋਲ ਅਤੇ ਪਰੋਕੋਫੀਵ ਸਦਾ ਹੀ ਨੀਂਦ ਸੁੱਤੇ ਪਏ ਹਨ। ਰਈਸਾ ਗੋਰਬਾਚੋਵ ਨੂੰ ਅਖੀਰ ਵਿਚ ਆਦਰਯੋਗ ਥਾਂ ਮਿਲ ਹੀ ਗਈ ਹੈ।

ਦੁਖਾਂਤ ਇਹ ਵੀ ਹੈ ਕਿ ਜਦੋਂ ਰਈਸਾ ਗੋਰਬਾਚੋਵ ਨੂੰ ਸਪੁਰਦ-ਏ-ਖ਼ਾਕ ਕੀਤਾ ਜਾ ਰਿਹਾ ਸੀ ਤਾਂ ਰੂਸੀ ਫੌਜਾਂ ਚੇਚਨੀਆ ਅਤੇ ਦਾਗਿਸਤਾਨ ਉੱਤੇ ਬੰਬਾਰੀ ਕਰ ਰਹੀਆਂ ਸਨ। ਜਦੋਂ ਨਾਟੋ ਦੇ ਬੰਬਾਰਾਂ ਨੇ ਯੁਗੋਸਲਾਵੀਆ ਉੱਤੇ ਬੰਬਾਰੀ ਕੀਤੀ ਸੀ ਤੇ ਕੋਸੋਵੋ ਦੇ ਮੁਸਲਮਾਨ ਲੋਕਾਂ ਦੀ ਸਾਰ ਲਈ ਸੀ ਤਾਂ ਉਦੋਂ ਰੂਸ ਤਾਨਾਸ਼ਾਹ ਸਲਾਬੋਦਾਨ ਮਿਲੋਜ਼ਵਿਚ ਨਾਲ ਖੜੋਤਾ ਸੀ ਤੇ ਕਹਿ ਰਿਹਾ ਸੀ ਕਿ ਅਮਰੀਕਾ ਅਤੇ ਬਰਤਾਨੀਆ ਮਨੁੱਖਤਾ ਦੇ ਕਾਤਲ ਹਨ ਤੇ ਨਿਰਦੋਸ਼ ਸ਼ਹਿਰੀਆਂ ਦਾ ਕਤਲੇਆਮ ਕਰ ਰਹੇ ਹਨ। ਉਹੋ ਰੂਸ ਅੱਜ ਚੇਚਨੀਆਂ ਅਤੇ ਦਾਗਿਸਤਾਨ ਉੱਤੇ ਬੰਬ ਸੁੱਟ ਕੇ ਆਮ ਸ਼ਹਿਰੀਆਂ ਦਾ ਕਤਲ ਕਰ ਰਿਹਾ ਹੈ। ਉਸ ਵੇਲੇ ਰੂਸ ਨੇ ਨਾਟੋ ਫੌਜਾਂ ਬਾਰੇ ਕਿਹਾ ਸੀ ਕਿ ਇਹ ਲੋਕ ਯੁਗੋਸਲਾਵੀਅਨ ਲੋਕਾਂ, ਜਿਹੜੇ ਕਿ ਸਰਬ ਸਟੌਕ ਵਿਚੋਂ ਹਨ, ਦਾ ਸਤਿਆਨਾਸ ਕਰਨ ਉੱਤੇ ਤੁਲੇ ਹੋਏ ਹਨ। ਰੂਸ ਨੇ ਸੰਯੁਕਤ ਫੌਜਾਂ ਨੂੰ ਹਿਟਲਰ ਦੀਆਂ ਫੌਜਾਂ

ਨਾਲ ਵੀ ਤੁਲਨਾ ਦਿੱਤੀ ਸੀ। ਉਧਰ ਅਜੇ ਦੋ ਦਿਨ ਹੀ ਪਹਿਲਾਂ ਰੂਸੀ ਫੌਜਾਂ ਨੇ ਚੇਚਨੀਆਂ ਦੀ ਰਾਜਧਾਨੀ ਗਰੋਜ਼ਨੀ ਉੱਤੇ ਏਨੇ ਬੰਬ ਸੁੱਟੇ ਸਨ ਕਿ ਉਥੋਂ ਦਾ ਹਵਾਈ ਅੱਡਾ, ਤੇਲ ਸੋਧਕ ਕਾਰਖਾਨੇ, ਪਾਈਪ ਲਾਈਨਾਂ ਤੇ ਰਾਡਾਰ ਤੇ ਟੀ.ਵੀ. ਸਟੇਸ਼ਨ ਤਬਾਹ ਕਰ ਦਿੱਤੇ ਸਨ। ਇਸ ਤਬਾਹੀ ਦੇ ਨਾਲ ਨਾਲ ਅਨੇਕਾਂ ਸ਼ਹਿਰੀ ਅਬਾਦੀ ਵਾਲ਼ੀਆਂ ਥਾਵਾਂ ਵੀ ਤਬਾਹ ਹੋ ਗਈਆਂ ਸਨ। ਕੋਈ ਇਹ ਦੱਸ ਸਕਦਾ ਹੈ ਕਿ ਕਿਸੇ ਵੀ ਦੇਸ਼ ਦੀਆਂ ਸਨਅਤੀ ਥਾਵਾਂ ਤੋਂ ਸ਼ਹਿਰੀ ਵਸੋਂ ਕਿੰਨੀ ਕੁ ਦੂਰ ਹੁੰਦੀ ਹੈ? ਭਾਰਤ ਵਿਚ ਭੋਪਾਲ ਦੀ ਮਿਸਾਲ ਯਾਦ ਹੈ ਨਾ? ਉੱਥੇ ਤਾਂ ਕੋਈ ਫੌਜੀ ਹਮਲਾ ਨਹੀਂ ਸੀ ਹੋਇਆ। ਉੱਥੇ ਕਿੰਝ ਸਨਅਤੀ ਕੰਪਲੈਕਸ ਵਿਚ ਸ਼ਹਿਰੀ ਲੋਕੀਂ ਲਪੇਟੇ ਗਏ ਸਨ। ਅੱਜ ਦੇ ਯੁੱਗ ਵਿਚ ਸ਼ਹਿਰੀ ਵਸੋਂ ਨੂੰ ਸਨਅਤੀ ਅਤੇ ਫੌਜੀ ਛਾਉਣੀਆਂ ਤੋਂ ਨਿਖੇੜਿਆ ਹੀ ਨਹੀਂ ਜਾ ਸਕਦਾ। ਰੂਸ ਜਦੋਂ ਨਾਟੋ ਨੂੰ ਕੋਸਦਾ ਹੈ ਤਾਂ ਇਨ੍ਹਾਂ ਦੇ ਹਮਲਿਆਂ ਨੂੰ 'ਫੌਜੀ ਜੁਰਮ' ਆਖਦਾ ਹੈ ਤੇ ਜਦੋਂ ਆਪ ਹਮਲੇ ਕਰਦਾ ਹੈ ਤਾਂ ਇਸ ਨੂੰ ਜਰਮਾਇਮ ਨਾਲ ਸੰਬੰਧਤ ਤੱਤਾਂ ਨੂੰ ਦਬਾਉਣ ਦੀ ਕੋਸ਼ਿਸ਼ ਕਰਦਾ ਹੈ। ਇਸੇ ਲਈ ਤਾਂ ਰੂਸ ਦੀ ਪ੍ਰਸਿੱਧ ਅਖਬਾਰ ਮੌਸਕੋਵਸਕੀ ਕੌਸਮੋਮੋਲੈਟਸ ਦੀ ਐਡੀਟਰ ਯੁਲੀਆ ਕਲੀਨੀਨਾ ਨੇ ਕਿਹਾ ਹੈ ਕਿ ਹੁਣ ਰੂਸ ਸਭ ਕੁਝ ਹੀ ਉਹ ਕਰ ਰਿਹਾ ਹੈ ਜਿਹੜਾ ਪਹਿਲਾਂ ਪਰਦਾ ਪਾਉਣ ਲਈ ਅਮਰੀਕਾ ਕਰਿਆ ਕਰਦਾ ਸੀ। ਕੋਸੋਵੋ ਦੀ ਲੜਾਈ ਨੂੰ ਨਾਟੋ ਦੇਸ਼ਾਂ ਨੇ ਮਨੁੱਖਤਾ ਦੇ ਜਿਊਂਦੇ ਰਹਿਣ ਦੀ ਲੜਾਈ ਦੱਸਿਆ ਸੀ। ਮਾਸਕੋ ਵੀ ਹੁਣ ਚੇਚਨੀਆ ਦੀ ਲੜਾਈ ਨੂੰ ਤੇ ਮਾਸਕੋ ਵਿਚ ਡਿਗੇ ਬੰਬਾਂ ਦੀ ਲੜਾਈ ਵਿਰੁੱਧ ਛੇੜੀ ਮੁਹਿੰਮ ਨੂੰ 'ਅੱਤਵਾਦ ਖਿਲਾਫ' ਦੱਸ ਰਿਹਾ ਹੈ। ਫ਼ਿਰ ਇਨ੍ਹਾਂ ਦੋਹਾਂ 'ਚ ਫ਼ਰਕ ਕੀ ਹੋਇਆ? ਜਦੋਂ ਮਿਖਾਈਲ ਗੋਰਬਾਚੋਵ ਨੇ ਕਿਹਾ ਸੀ ਕਿ ਉਹ ਸਮਾਂ ਆ ਗਿਆ ਹੈ ਜਿੱਥੇ ਅਮਰੀਕੀ ਤੇ ਪੱਛਮੀ ਨਜ਼ਰੀਏ ਤੋਂ ਸੋਵੀਅਤ ਨਜ਼ਰੀਏ ਨੂੰ ਨਹੀਂ ਨਿਖੇੜਿਆ ਜਾ ਸਕਦਾ ਤਾਂ ਉਦੋਂ ਲੋਕੀਂ ਮਿਖਾਈਲ ਗੋਰਬਾਚੋਵ ਦੇ ਖਿਲਾਫ ਹੋ ਗਏ ਸਨ। ਅੱਜ ਉਹੋ ਸੱਚ ਸਾਹਮਣੇ ਆ ਗਿਆ ਹੈ । ਉਦੋਂ ਲੋਕੀਂ ਕਹਿੰਦੇ ਸਨ ਕਿ ਮਿਖਾਈਲ ਗੋਰਬਾਚੋਵ ਹਰ ਸਿਆਸੀ ਗੱਲ ਆਪਣੀ ਬੀਵੀ ਰਈਸਾ ਗੋਰਬਾਚੋਵ ਨੂੰ ਕਿਉਂ ਦੱਸਦਾ ਹੈ? ਅੱਜ ਉਹੋ ਲੋਕੀਂ ਕਹਿ ਰਹੇ ਹਨ ਕਿ ਗੋਰਬਾਚੋਵ ਜੋੜੇ ਨੇ ਸੱਚ ਬੋਲਿਆ ਸੀ। ਸਾਨੂੰ ਸੱਚ ਸੁਨਣ ਦੀ ਆਦਤ ਨਹੀਂ ਸੀ ਤੇ ਹੁਣ ਜਦੋਂ ਚੇਚਨੀਆ ਅਤੇ ਦਾਗਿਸਤਾਨ ਉੱਤੇ ਬੰਬ ਸੁੱਟੇ ਜਾ ਰਹੇ ਹਨ ਤੇ ਰਈਸਾ ਗੋਰਵਾਚੋਵ ਨੂੰ ਸਪੁਰਦ-ਏ-ਖਾਕ ਕੀਤਾ ਜਾ ਰਿਹਾ ਹੈ ਤਾਂ ਸਮਝ ਆ ਰਹੀ ਹੈ ਕਿ ਰੂਸ ਦੀ ਅਸਲ ਹਾਲਤ ਕੀ ਹੈ?

ਰਈਸਾ ਗੋਰਬਾਚੋਵ ਦੀ ਅਰਥੀ ਨਾਲ ਜਰਮਨੀ ਦੇ ਸਾਬਕਾ ਚਾਂਸਲਰ ਹੈਲਮਟ ਕੋਹਲ ਵੀ ਸਨ ਜਿਨ੍ਹਾਂ ਨੇ ਮਿਖਾਈਲ ਗੋਰਬਾਚੋਵ ਨਾਲ ਮਿਲ ਕੇ ਪੂਰਬੀ ਅਤੇ ਪੱਛਮੀ ਜਰਮਨੀ ਨੂੰ ਇਕ ਕੀਤਾ ਸੀ। ਅਗਰ ਰਈਸਾ ਗੋਰਬਾਚੋਵ ਦਾ ਆਪਣੇ ਪਤੀ ਉਤੇ ਏਨਾ ਅਸਰ ਸੀ ਤਾਂ ਇਹ ਗੱਲ ਕਿੱਡੀ ਵੱਡੀ ਸੀ ਕਿ ਨਾ ਸਿਰਫ ਮਿਖਾਈਲ ਗੋਰਬਾਚੋਵ ਨੇ ਬਰਲਿਨ ਦੀ ਕੰਧ ਹੀ ਢਾਹ ਦਿੱਤੀ ਸੀ ਸਗੋਂ ਪੱਛਮੀ ਦੇਸ਼ਾਂ ਅਤੇ ਸੋਵੀਅਤ ਯੂਨੀਅਨ ਵਿਚਕਾਰ ਦੂਜੀ ਵੱਡੀ ਜੰਗ ਤੋਂ ਬਾਅਦ ਦੀ ਚੱਲੀ ਠੰਡੀ ਜੰਗ ਨੂੰ ਵੀ ਖਤਮ ਕਰ ਦਿੱਤਾ ਸੀ। ਰਈਸਾ ਅਤੇ ਮਿਖਾਈਲ ਗੋਰਬਾਚੋਵ ਦੀ ਵੱਡੀ ਦੇਣ ਇਹ ਵੀ ਸੀ ਕਿ ਉਨ੍ਹਾਂ ਨੇ ਸੋਵੀਅਤ ਯੂਨੀਅਨ ਦੇ ਖ਼ਾਤਮੇ ਦੇ ਨਾਲ-ਨਾਲ ਲੋਕਾਂ ਨੂੰ ਇਹ ਵੀ ਦੱਸ ਦਿੱਤਾ ਸੀ ਕਿ ਪ੍ਰਗਤੀਵਾਦ ਅਤੇ ਸਮਾਜਵਾਦ ਸੋਵੀਅਤ ਯੂਨੀਅਨ ਕੋਲ ਐਵੇਂ ਦੋ ਲਫਜ਼ ਹੀ ਸਨ ਤੇ ਇਨ੍ਹਾਂ ਦੀ ਬਦੌਲਤ ਰੂਸੀ ਲੋਕਾਂ ਦੀ ਜ਼ਿੰਦਗੀ ਬਿਹਤਰ ਨਹੀਂ

ਸੀ ਹੋਈ। ਮੈਨੂੰ ਯਾਦ ਹੈ ਕਿ ਜਦੋਂ ਮੈਂ 1972 ਵਿਚ ਜਰਮਨੀ ਗਿਆ ਸਾਂ ਤਾਂ ਪੂਰਬੀ ਅਤੇ ਪੱਛਮੀ ਜਰਮਨੀ ਦੇ ਫਰਕ ਨੂੰ ਦੇਖ ਕੇ ਹੈਰਾਨ ਰਹਿ ਗਿਆ ਸਾਂ। ਪਰ ਜਦੋਂ ਇਸ ਦੀ ਭਾਅਦ ਵਿਚ ਰਿਪੋਰਟਿੰਗ ਕੀਤੀ ਸੀ ਤਾਂ ਕੁਝ ਅਖੌਤੀ ਕਾਮਰੇਡਾਂ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗੀ।

ਰਈਸਾ ਦੇ ਪਤੀ ਮਿਖ਼ਾਈਲ ਗੋਰਬਾਚੋਵ ਇਕ ਕਾਬਲ ਸੋਵੀਅਤ ਆਗੂ ਰਹੇ ਹਨ। ਅਗਰ ਉਹ ਅੱਜ ਦੇ ਸੋਵੀਅਤ ਆਗੂ ਬੋਰਿਸ ਯੇਲਤਸਿਨ ਵਰਗੇ ਹੁੰਦੇ ਤਾਂ ਰੂਸ ਦੀ ਹੋਂਦ ਹੀ ਖਤਮ ਹੋ ਗਈ ਹੁੰਦੀ। ਮਿਖਾਈਲ ਗੋਰਬਾਚੋਵ ਨੂੰ ਜਿਸ ਢੰਗ ਨਾਲ ਲਾਹਿਆ ਗਿਆ ਸੀ ਉਹ ਆਪਣੇ-ਆਪ ਵਿਚ ਹੀ ਇਕ ਘਿਨਾਉਣੀ ਗੱਲ ਹੈ। ਜਦੋਂ ਰਈਸਾ ਅਤੇ ਮਿਖਾਈਲ ਗੋਰਬਾਚੋਵ ਨੂੰ ਨਜ਼ਰਬੰਦ ਕੀਤਾ ਗਿਆ ਸੀ ਉਦੋਂ ਹੀ ਰਈਸਾ ਗੋਰਬਾਚੋਵ ਨੂੰ ਹਾਰਟ ਅਟੈਕ ਹੋਇਆ ਸੀ। ਉਸ ਤੋਂ ਬਾਅਦ ਉਹ ਕਦੇ ਵੀ ਪੂਰੀ ਤਰ੍ਹਾਂ ਰਾਜ਼ੀ ਨਹੀਂ ਸੀ ਹੋਈ। ਅੱਜ ਬੋਰਿਸ ਯੇਲਤਸਿਨ ਦੇ ਪਰਿਵਾਰ ਉੱਤੇ ਦੋਸ਼ ਲੱਗ ਰਹੇ ਹਨ ਕਿ ਉਨ੍ਹਾਂ ਨੇ ਵਿਦੇਸ਼ੀ ਕੰਪਨੀਆਂ ਨੂੰ ਠੇਕੇ ਦੇਣ ਦੇ ਬਦਲੇ ਵਿਚ ਕਥਿਤ ਤੌਰ 'ਤੇ ਰਿਸ਼ਵਤਾਂ ਲਈਆਂ ਸਨ। ਬੋਰਿਸ ਅਤੇ ਨੈਨਾ ਯੇਲਤਸਿਨ ਉੱਤੇ ਦੋਸ਼ ਲਗਾਏ ਜਾ ਰਹੇ ਹਨ ਕਿ ਉਨ੍ਹਾਂ ਦੀਆਂ ਫਰਾਂਸ, ਜਰਮਨੀ ਅਤੇ ਸਵਿਟਰਜ਼ਰਲੈਂਡ ਵਿਚ ਜਾਇਦਾਦਾਂ ਹਨ। ਉਨ੍ਹਾਂ ਦੀ ਧੀ ਤਤੀਅਨਾਂ ਉੱਤੇ ਰੂਸੀ ਅਤੇ ਬਾਹਰਲਾ ਮੀਡੀਆ ਦੋਸ਼ ਲਾਉਂਦਾ ਹੈ ਕਿ ਉਸ ਕੋਲ ਕਿਸੇ ਸਵਿਸ ਕੰਪਨੀ ਦਾ ਕਰੈਡਿਟ ਕਾਰਡ ਹੈ 'ਤੇ ਉਸ ਦੇ ਪਤੀ ਦੇ ਕੇਮਨ ਆਈਲੈਂਡ ਦੇ ਬੈਂਕਾਂ ਵਿਚ ਤਕੜੇ ਅਕਾਊਂਟ ਹਨ। ਨੈਨਾ ਯੇਲਤਸਿਨ ਨੇ ਪਹਿਲੀ ਵੇਰ ਇਨ੍ਹਾਂ ਲਗਾਏ ਗਏ ਦੋਸ਼ਾਂ ਦਾ ਖੰਡਨ ਕਰਦਿਆਂ ਕਿਹਾ ਕਿ ਪੱਛਮੀ ਮੀਡੀਆ ਦੇ ਐਂਟੀ-ਯੇਲਤਸਿਨ ਅਤੇ ਰੂਸੀ ਮੀਡੀਆ ਖਾਹਮਖਾਹ ਹੀ ਉਨ੍ਹਾਂ ਦੇ ਪਰਿਵਾਰ ਉੱਤੇ ਕੁਰੱਪਸ਼ਨ ਦੇ ਝੂਠੇ ਦੋਸ਼ ਲਗਾ ਰਿਹਾ ਹੈ। ਮੇਰੀ ਇਹ ਹਮੇਸ਼ਾ ਧਾਰਨਾ ਰਹੀ ਹੈ ਕਿ ਜਿੰਨੀ ਦੇਰ ਤੀਕ ਕਿਸੇ ਨੂੰ ਅਦਾਲਤ ਵਿਚ ਦੋਸ਼ੀ ਸਾਬਤ ਨਹੀਂ ਕਰ ਦਿੱਤਾ ਜਾਂਦਾ, ਉਨੀ ਦੇਰ ਤੱਕ ਉਹ ਦੋਸ਼ੀ ਕਰਾਰ ਨਹੀਂ ਦਿੱਤਾ ਜਾ ਸਕਦਾ। ਸੋ ਚਲੋ ਇਹ ਭ੍ਰਿਸ਼ਟਾਚਾਰ ਦੀ ਗੱਲ ਤਾਂ ਕਚਹਿਰੀਆਂ ਤੀਕ ਰਹਿਣ ਦਿਓ ਪਰ ਇਹ ਗੱਲ ਤਾਂ ਸੱਚ ਹੀ ਹੈ ਕਿ ਸਿਹਤ ਖ਼ਰਾਬ ਹੋਣ ਦੇ ਬਾਵਜੂਦ ਵੀ ਯੇਲਤਸਿਨ ਰੂਸੀ ਗੱਦੀ ਨੂੰ ਚੰਬੜਿਆ ਹੋਇਆ ਹੈ। ਇਹ ਗੱਲ ਤਾਂ ਸੱਚ ਹੀ ਹੈ ਕਿ ਉਹ ਦਿਲ ਦੀ ਬਿਮਾਰੀ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਹੈ। ਇਹ ਗੱਲ ਤਾਂ ਸੱਚ ਹੀ ਹੈ ਕਿ ਉਹ ਵੋਦਕਾ ਦਾ ਏਨਾ ਸ਼ੌਕੀਨ ਹੈ ਕਿ ਉਸ ਨੂੰ ਵਿਦੇਸ਼ੀ ਦੌਰਿਆਂ ਉੱਤੇ ਵੀ ਕਈ ਵੇਰ ਸ਼ਰਾਬੀ ਹਾਲਤ ਵਿਚ ਪਾਇਆ ਗਿਆ ਹੈ। ਇਸੇ ਲਈ ਜਦੋਂ ਰਈਸਾ ਗੋਰਬਾਚੋਵ ਨੂੰ ਸਪੁਰਦ-ਏ-ਖਾਕ ਕੀਤਾ ਜਾ ਰਿਹਾ ਸੀ ਤਾਂ ਉੱਥੇ ਦਰਸ਼ਕਾਂ ਵਿਚ ਖੜੋਤੇ ਇਕ ਬਜ਼ੁਰਗ ਨੇ ਰੋਂਦਿਆਂ ਹੋਇਆਂ ਕਿਹਾ ਸੀ ਕਿ ਅਗਰ ਅਸੀਂ ਮਿਖਾਈਲ ਤੇ ਰਈਸਾ ਇਸ ਤਰ੍ਹਾਂ ਦਾ ਸਲੂਕ ਨਾ ਕਰਦੇ ਤੇ ਮਿਖਾਈਲ ਨੂੰ ਹੀ ਮੁੜ ਕੇ ਫੇਰ ਰੂਸ ਦੀ ਵਾਗਡੋਰ ਸੰਭਾਲ ਦਿੰਦੇ ਤਾਂ ਅੱਜ ਸਾਨੂੰ ਇਹ ਦਿਨ ਨਾ ਦੇਖਣੇ ਪੈਂਦੇ ਕਿ ਇਕ ਬੁੱਢਾ, ਬਿਮਾਰ ਤੇ ਸ਼ਰਾਬੀ ਕਿਸਮ ਦਾ ਆਦਮੀ ਯੈਲਤਸਿਨ ਦੁਨੀਆਂ ਦੇ ਇਕ ਤਾਕਤਵਰ ਦੇਸ਼ ਦੇ ਤਖ਼ਤੇ-ਤਾਊਸ ਉੱਤੇ ਬੈਠਾ ਹੁੰਦਾ।

ਰਈਸਾ ਗੋਰਬਾਚੋਵ ਉਹ ਔਰਤ ਸੀ ਜਿਸ ਨੇ ਬਾਕੀ ਦੁਨੀਆਂ ਨੂੰ ਦਿਖਾ ਦਿੱਤਾ ਸੀ ਕਿ ਰੂਸ ਦੇ ਮੁਖੀ ਦੀ ਬੀਵੀ ਦਾ ਕੋਈ ਚਿਹਰਾ ਮੋਹਰਾ ਵੀ ਹੈ। ਉਸ ਦੀ ਆਪਣੀ ਸ਼ਖਸੀਅਤ 'ਤੇ ਪਛਾਣ ਵੀ ਹੈ। ਉਸ ਦੇ ਆਪਣੇ ਵਿਚਾਰ ਵੀ ਹਨ। ਰਈਸਾ ਮਾਰਗਰੇਟ ਥੈਚਰ ਅਤੇ ਨੈਂਸੀ

ਰੀਗਨ ਨਾਲ ਬਰਾਬਰ ਦੀ ਹੋ ਕੇ ਟੁਰ ਸਕੀ ਤੇ ਉਨ੍ਹਾਂ ਵਾਂਗ ਹੀ ਸ਼ੌਕੀਨੀ ਵੀ ਕਰ ਸਕੀ ਸੀ। ਨਿਰਸੰਦੇਹ ਲੈਨਿਨ ਦੀ ਬੀਵੀ ਨਦੇਸਦਾ ਕਰੁਪਸਕਾਇਆ ਪਬਲਿਕ ਵਿਚ ਬੜੀ ਸਤਿਕਾਰੀ ਜਾਂਦੀ ਸੀ ਪਰ ਉਹ ਆਪਣੀ ਇਕ ਵੱਖਰੀ ਤੇ ਯਾਦਯੋਗ ਪਛਾਣ ਨਹੀਂ ਸੀ ਬਣਾ ਸਕੀ। ਸਟਾਲਿਨ ਦੀਆਂ ਦੋਵੇਂ ਹੀ ਪਤਨੀਆਂ ਕਦੇ ਵੀ ਪਬਲਿਕ ਵਿਚ ਨਹੀਂ ਸੀ ਆਈਆਂ।ਤਤੀਆਨਾਂ ਐਂਦਰੋਪੋਵ ਨੂੰ ਪਹਿਲੀ ਤੇ ਆਖਰੀ ਵੇਰ ਆਪਣੇ ਪਤੀ ਦੇ ਦਾਹ ਸੰਸਕਾਰ ਵੇਲੇ ਹੀ ਵੇਖਿਆ ਗਿਆ ਸੀ। ਬੋਰਿਸ ਯੇਤਲਸਿਨ ਦੀ ਬੀਵੀ ਨੈਨਾ ਨਾਲੋਂ ਉਸ ਦੀ ਧੀ ਤਤੀਆਨਾ ਦੇ ਵਧੇਰੇ ਚਰਚੇ ਹਨ।ਉਹ ਵੀ ਇਸ ਕਰਕੇ ਕਿ ਉਸ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਏ ਜਾ ਰਹੇ ਹਨ। ਰਈਸਾ ਗੋਰਬਾਚੋਵ ਨੇ 1991 ਵਿਚ ਲਿਖੀ ਇਕ ਕਿਤਾਬ 'ਆਈ ਹੋਪ' ਵਿਚ ਲਿਖਿਆ ਹੈ ਕਿ ਜਦੋਂ ਉਨ੍ਹਾਂ ਦੇ ਪਤੀ 1985 ਵਿਚ ਦੇਸ਼ ਦੇ ਆਗੂ ਚੁਣੇ ਗਏ ਤਾਂ ਉਨ੍ਹਾਂ ਦੇ ਸਾਹਮਣੇ ਪਹਿਲਾ ਸਵਾਲ ਇਹ ਪੈਦਾ ਹੋਇਆ ਸੀ ਕਿ ਨਿਹਾਇਤ ਬੁੱਧੀਮਾਨ ਤੇ ਚੁਸਤ ਰਈਸਾ ਦਾ ਰੋਲ ਕੀ ਹੋਵੇ? ਅੰਤ ਫੈਸਲਾ ਹੋਇਆ ਕਿ ਹਰ ਗੱਲ ਹਾਲਾਤ ਉੱਤੇ ਹੀ ਛੱਡ ਦਿੱਤੀ ਜਾਵੇ ਤੇ ਛੇਕੜ ਨੂੰ ਰਈਸਾ ਦਾ ਰੋਲ ਆਪਣੇ ਆਪ ਹੀ ਸਿਆਸੀ ਚੌਖਟੇ ਵਿਚ ਢਲਦਾ ਜਾਵੇਗਾ। ਰਈਸਾ ਗੋਰਬਾਚੋਵ ਨੇ ਉਸ ਧਾਰਨਾ ਨੂੰ ਤੋੜਿਆ ਸੀ ਜਿਹੜੀ ਪੱਛਮੀ ਦੇਸ਼ਾਂ ਨੇ ਆਪਣੇ ਆਪ ਹੀ ਸੋਵੀਅਤ ਯੂਨੀਅਨ ਬਾਰੇ ਬਣਾਈ ਹੋਈ ਸੀ ਤੇ ਸੋਵੀਅਤ ਲੀਡਰਸ਼ਿਪ ਇਸ ਬਾਰੇ ਕੁਝ ਨਹੀਂ ਸੀ ਕਰ ਰਹੀ। ਮਿਸਾਲ ਵਜੋਂ ਜਦੋਂ ਗੋਰਬਾਚੋਵ ਤੇ ਉਸ ਦੀ ਤਨੀ ਲੰਦਨ ਆਏ ਤਾਂ ਬਰਤਾਨਵੀਂ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਦੇ ਘਰ ਖਾਣਾ ਖਾਣ ਗਏ। ਖਾਣੇ ਦੀ ਸ਼ੁਰੂਆਤ ਵਿਚ ਹੀ ਮਾਰਗਰੇਟ ਥੈਚਰ ਨੇ ਤਨਜ਼ ਨਾਲ ਕਿਹਾ ਕਿ ਤੁਹਾਡੇ ਦੇਸ਼ ਵਿਚ ਸਾਰੇ ਕਾਮੇ ਹੀ ਹਨ। ਮਿਖਾਈਲ ਤੋਂ ਪਹਿਲਾਂ ਹੀ ਰਈਸਾ ਗੋਰਬਾਚੋਵ ਨੇ ਤਿੱਖਾ ਉੱਤਰ ਦਿੱਤਾ ਕਿ ਸਾਡੇ ਦੇਸ਼ ਵਿਚ ਵਕੀਲ, ਡਾਕਟਰ, ਅਕਾਊਂਟੈਂਟ, ਵਿਗਿਆਨੀ ਤੇ ਰਿਸਰਚ ਸਕਾਲਰ ਵੀ ਹਨ। ਮਸਲਨ ਮਿਖਾਈਲ ਸਰਜੇਵਿਚ ਗੋਰਬਾਚੋਵ ਪਰੋਫੈਸ਼ਨ ਵਜੋਂ ਇਕ ਵਕੀਲ ਹਨ ਪਰ ਅੱਜਕਲ੍ਹ ਦੇਸ਼ ਦੇ ਪ੍ਰਧਾਨ ਹਨ।

ਰਈਸਾ ਗੋਰਬਾਚੋਵ ਨੇ ਸੋਵੀਅਕਤ ਔਰਤਾਂ ਨੂੰ ਇਕ ਨਵੀਂ ਪਛਾਣ ਦਿੱਤੀ ਸੀ। ਰਈਸਾ ਗੋਰਬਾਚੋਵ ਨੇ ਇਕ ਨਵੇਂ ਦੌਰ ਦਾ ਮੁੱਢ ਬੰਨ੍ਹਿਆ ਸੀ। ਅਸੀਂ ਉਹਨੂੰ ਪ੍ਰਣਾਮ ਕਰਦੇ ਹਾਂ।

(1999)

# ਨਸਲਵਾਦ ਅਤੇ ਬਰਤਾਨਵੀ ਫੌਜਾਂ

ਕੁਵੈਤ ਦੀ ਲੜਾਈ ਵੇਲੇ ਗਲਫ ਦੀ ਖਾੜੀ ਵਿਚ ਅਮਰੀਕਨ ਫੌਜਾਂ ਦੇ ਕਮਾਂਡਰ ਜਨਰਲ ਕੋਲਿਨ ਪਾਵਲ ਪਿਛਲੇ ਦਿਨੀਂ ਲੰਡਨ ਦੀ ਰਾਇਲ ਸੋਸਾਇਟੀ ਆਫ ਆਰਟਸ ਦੇ ਸੱਦੇ ਉੱਤੇ ਜਦੋਂ ਅਮਰੀਕਾ ਤੋਂ ਲੰਡਨ ਆਏ ਤਾਂ ਉਨ੍ਹਾਂ ਨੇ ਅਮਰੀਕਨ ਫੌਜ ਵਿਚ ਨਸਲਵਾਦ ਬਾਰੇ ਜ਼ਬਰਦਸਤ ਤਕਰੀਰ ਕੀਤੀ। ਕੋਲਿਨ ਪਾਵਲ ਪਹਿਲੇ ਅਮਰੀਕਨ ਕਾਲੇ ਵਿਅਕਤੀ ਹਨ ਜਿਹੜੇ ਅਮਰੀਕਨ ਫੌਜ ਵਿਚ ਇਸ ਅਹੁਦੇ ਉੱਤੇ ਪੁੱਜੇ ਹਨ। ਕੋਲਿਨ ਪਾਵਲ ਰੈਵਰੈਂਡ ਜੈਸੀ ਜੈਕਸਨ ਤੋਂ ਬਾਅਦ ਸਭ ਤੋਂ ਹਰਮਨ ਪਿਆਰੇ ਸਿਆਸੀ ਲੀਡਰ ਵੀ ਹਨ। ਪਿਛਲੀਆਂ ਅਮਰੀਕਨ ਪ੍ਰਧਾਨਗੀ ਚੋਣਾਂ ਵਿਚ ਉਹ ਚੋਣਾਂ ਵਾਸਤੇ ਖੜੋਣਾ ਵੀ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਅਮਰੀਕਾ ਦੇ ਕੁਝ ਨਸਲਵਾਦੀਆਂ ਵੱਲੋਂ ਅਜਿਹੀਆਂ ਧਮਕੀਆਂ ਮਿਲੀਆਂ ਸਨ ਕਿ ਕੋਲਿਨ ਪਾਵਲ ਦੀ ਪਤਨੀ ਅਤੇ ਪਰਿਵਾਰ ਨੇ ਜ਼ੋਰ ਪਾ ਕੇ ਉਨ੍ਹਾਂ ਦੀ ਨਾਮਜ਼ਦਗੀ ਵਾਪਸ ਕਰਵਾ ਦਿੱਤੀ ਸੀ। ਜਮਾਇਕਨ ਮੂਲ ਦੇ ਜਨਰਲ ਕੋਲਿਨ ਪਾਵਲ ਨਸਲਵਾਦ ਵਿਰੁੱਧ ਤਕੜਾ ਘੋਲ ਕਰ ਰਹੇ ਹਨ ਤੇ ਪ੍ਰਗਤੀਵਾਦੀ ਤੇ ਉਸਾਰੂ ਸੋਚ ਵਾਲੇ ਕਾਲਿਆਂ ਤੇ ਗੋਰਿਆਂ ਦੇ ਹਰਮਨ ਪਿਆਰੇ ਆਗੂ ਹਨ ਤੇ ਉਨ੍ਹਾਂ ਵਾਸਤੇ ਉਹ ਇਕ ਸੁਚੱਜੇ ਤੇ ਨੁਮਾਇੰਦਾ ਵਿਅਕਤੀ ਹਨ। ਖ਼ੈਰ, ਜਨਰਲ ਪਾਵਲ ਨੇ ਸੈਂਟਰਲ ਲੰਡਨ ਦੀ ਆਰਟਸ ਕਾਨਫਰੰਸ ਵਿਚ ਕਿਹਾ ਸੀ ਕਿ ਅਮਰੀਕਨ ਫ਼ੌਜ, ਨੇਵੀ ਅਤੇ ਏਅਰਫੋਰਸ ਵਿਚ ਪੰਜਾਹ ਸਾਲ ਪਹਿਲਾਂ ਕਾਫ਼ੀ ਨਸਲਵਾਦ ਹੋਇਆ ਕਰਦਾ ਸੀ। ਜਦੋਂ ਕਿਸੇ ਦੇਸ਼ ਦੇ ਲੜਾਕੇ ਤੇ ਯੋਧੇ ਹੀ ਆਪਸ ਵਿਚ ਪਾਟੇ ਹੋਏ ਹੋਣ ਤਾਂ ਉਹ ਸੰਯੁਕਤ ਤੌਰ 'ਤੇ ਦੁਸ਼ਮਣ ਦਾ ਵੀ ਮੁਕਾਬਲਾ ਕਰ ਸਕਣ ਦੇ ਕਾਬਲ ਨਹੀਂ ਰਹਿੰਦੇ। ਇਸ ਗੱਲ ਨੂੰ ਵੇਖਦਿਆਂ ਹੋਇਆਂ ਹੀ ਪੰਜਾਹ ਵਰ੍ਹੇ ਪਹਿਲਾਂ ਅਮਰੀਕਾ ਦੇ ਉਦੋਂ ਦੇ ਰਾਸ਼ਟਰਪਤੀ ਹੈਰੀ ਐਸ ਟਰੂਮੈਨ ਨੇ ਇਕ ਦਸਤਾਵੇਜ਼ ਉਤੇ ਦਸਤਖਤ ਕੀਤੇ ਸਨ ਜਿਸ ਵਿਚ ਕਿਹਾ ਗਿਆ ਸੀ ਕਿ ਅੱਗੋਂ ਤੋਂ ਕਿਸੇ ਵੀ ਉਸ ਫੌਜੀ ਨੂੰ ਨਾ ਤਾਂ ਪਰੋਮੋਸ਼ਨ ਦਿੱਤੀ ਜਾਵੇਗੀ ਤੇ ਨਾ ਹੀ ਉਸ ਨੂੰ ਮਾਫ ਕੀਤਾ ਜਾਵੇਗਾ, ਜਿਹੜਾ ਨਸਲਵਾਦ ਕਰਦਾ ਹੋਇਆ ਫੜਿਆ ਗਿਆ ਹੋਵੇਗਾ। ਜਨਰਲ ਕੋਲਿਨ ਪਾਵਲ ਨੇ ਕਿਹਾ ਕਿ ਹੁਣ ਅਮਰੀਕਾ ਦੀ ਫੌਜੀ ਨੀਤੀ ਇਹ ਹੈ ਕਿ ਅਗਰ ਹਾਈ ਕਮਾਂਡ ਨੂੰ ਪਤਾ ਲੱਗ ਜਾਵੇ ਕਿ ਕੋਈ ਗੋਰਾ ਫੌਜੀ ਨਸਲਵਾਦੀ ਹੈ ਤਾਂ ਉਸ ਨੂੰ ਨਾ ਸਿਰਫ ਫੌਜ ਵਿਚੋਂ ਹੀ ਕੱਢ ਦਿੱਤਾ ਜਾਂਦਾ ਹੈ ਸਗੋਂ ਉਸ ਉਤੇ ਮਿਲਟਰੀ ਤੇ ਸਿਵਲ ਕੋਰਟ ਵਿਚ ਮੁਕੱਦਮਾ ਵੀ ਚਲਾਇਆ ਜਾਂਦਾ ਹੈ। ਦਰਅਸਲ ਅਮਰੀਕਾ ਨੇ ਕੋਰੀਆ ਅਤੇ ਵੀਅਤਨਾਮ ਦੀਆਂ ਲੜਾਈਆਂ ਵੇਲੇ ਇਹ ਸਬਕ ਸਿੱਖਿਆ ਸੀ ਕਿ ਫੌਜ ਵਿਚ ਨਸਲਵਾਦ ਇਕ ਖਤਰਨਾਕ ਬਿਮਾਰੀ ਹੈ ਤੇ ਇਸ ਦੀ ਜੜ੍ਹ ਖਤਮ ਕੀਤੇ ਬਿਨਾਂ ਅਮਰੀਕਨ ਫੌਜ ਜਿੱਤਾਂ ਪ੍ਰਾਪਤ ਨਹੀਂ ਕਰ ਸਕਦੀ। ਇਸੇ ਲਈ ਇਨ੍ਹਾਂ ਲੜਾਈਆਂ ਤੋਂ ਬਾਅਦ ਹੀ ਕਾਲ਼ੇ

ਫੌਜੀਆਂ ਨੂੰ ਤਰੱਕੀਆਂ ਵੀ ਮਿਲਣ ਲੱਗੀਆਂ ਸਨ ਤੇ ਉਨ੍ਹਾਂ ਦਾ ਯੋਗ ਆਦਰ ਵੀ ਹੋਣ ਲੱਗ ਪਿਆ ਸੀ।

ਦਰਅਸਲ ਜਨਰਲ ਕੋਲਿਨ ਪਾਵਲ ਉਸ ਬਹਿਸ ਵਿਚ ਬੋਲ ਰਹੇ ਸਨ ਜਿਹੜੀ ਬ੍ਰਿਟਿਸ਼ ਫੌਜ ਵਿਚ ਵਿਚਰ ਰਹੇ ਵਿਤਕਰੇ ਬਾਰੇ ਸੀ ।ਜਿੱਥੇ ਬ੍ਰਿਟੇਨ ਦੀ ਫੌਜ ਵਿਚ ਵਰਤਮਾਨ ਵਿਚ ਛੇ ਫੀਸਦੀ ਘੱਟ ਗਿਣਤੀ ਕੌਮਾਂ ਦੇ ਫੌਜੀ ਹੋਣੇ ਚਾਹੀਦੇ ਸਨ, ਉਥੇ ਇਨ੍ਹਾਂ ਦੀ ਗਿਣਤੀ ਇਸ ਵੇਲੇ ਕੇਵਲ ਇਕ ਫੀਸਦੀ ਹੈ। ਇਸ ਦਾ ਵਿਸ਼ੇਸ਼ ਕਾਰਨ ਫੌਜ ਵਿਚ ਵਿਚਰ ਰਿਹਾ ਨਸਲਵਾਦ ਹੈ। ਚਿੱਟੇ ਫੌਜੀ ਕਾਲੇ ਅਤੇ ਰੰਗਦਾਰ ਫੌਜੀਆਂ ਨੂੰ ਮਾਨਸਿਕ ਅਤੇ ਸਰੀਰਕ ਤੌਰ ’ਤੇ ਤੰਗ ਕਰਦੇ ਹਨ ਤੇ ਉਨ੍ਹਾਂ ਨੂੰ ਫੌਜ ’ਚੋਂ ਭਜਾ ਦਿੰਦੇ ਹਨ। ਇਹੋ ਹਾਲ ਕਦੇ ਅਮਰੀਕਾ ਵਿਚ ਕਾਲ਼ੇ ਫੌਜੀਆਂ ਦਾ ਵੀ ਹੋਇਆ ਕਰਦਾ ਸੀ ਜਿਹੜਾ ਹੁਣ ਖਤਮ ਹੋ ਗਿਆ ਹੈ। ਅਮਰੀਕਨ ਫ਼ੌਜ ਵਿਚੋਂ ਨਸਲਵਾਦ ਖਤਮ ਕਰਨ ਦੇ ਤਕੜੇ ਉਪਰਾਲਿਆਂ ਦਾ ਸਿੱਟਾ ਇਹ ਨਿਕਲਿਆ ਹੈ ਕਿ ਉਥੋਂ ਦੀ ਫੌਜ ਵਿਚ ਹੁਣ ਅਠਾਈ ਫੀਸਦੀ ਕਾਲ਼ੇ ਫੌਜੀ ਹਨ। ਨੇਵੀ ਅਤੇ ਏਅਰਫੋਸ ਵਿਚ ਵੀ ਉਨ੍ਹਾਂ ਦੀ ਯੋਗ ਮਾਤਰਾ ਹੈ।

ਬ੍ਰਿਟਿਸ਼ ਪੁਲੀਸ ਅਤੇ ਫੌਜ ਵਿਚ ਰੰਗਦਾਰਾਂ ਤੇ ਕਾਲਿਆਂ ਦੀ ਗਿਣਤੀ ਨੂੰ ਵਧਾਉਣ ਲਈ ਬ੍ਰਿਟਿਸ਼ ਸਰਕਾਰ ਦਾ ਅੱਡੀ ਚੋਟੀ ਦਾ ਜ਼ੋਰ ਲੱਗਾ ਹੋਇਆ ਹੈ। ਉਹ ਪੰਜਾਬੀ, ਗੁਜਰਾਤੀ, ਉਰਦੂ ਤੇ ਹਿੰਦੀ ਦੇ ਪੇਪਰਾਂ ਵਿਚ ਤੇ ਏਸ਼ੀਅਨ ਰੇਡੀਓ ਸਟੇਸ਼ਨਾਂ ਉਤੇ ਇਸ ਗੱਲ ਬਾਰੇ ਤਕੜਾ ਪ੍ਰਚਾਰ ਕਰ ਰਹੇ ਹਨ ਕਿ ਘੱਟ ਗਿਣਤੀ ਕੌਮਾਂ ’ਚੋਂ ਵੱਧ ਤੋਂ ਵੱਧ ਰਕਰੂਟ ਭਰਤੀ ਹੋਣ। ਨਸਲਵਾਦ ਦੀ ਸਮੱਸਿਆ ਦੇ ਹੱਲ ਵਾਸਤੇ ਵੀ ਤਕੜੀ ਦੌੜ ਭੱਜ ਹੋ ਰਹੀ ਹੈ। ਰੌਇਲ ਸੋਸਾਇਟੀ ਔਫ ਆਰਟਸ ਦੀ ਕਾਨਫਰੰਸ ਵਿਚ ਜਨਰਲ ਕੋਲਿਨ ਪਾਵਲ ਤੋਂ ਇਲਾਵਾ ਚੀਫ ਆਫ ਦਾ ਬ੍ਰਿਟਿਸ਼ ਡੀਫੈਂਸ ਸਟਾਫ ਜਨਰਲ ਸਰ ਚਾਰਲਸ ਗੁੱਥਰੀ ਨੇ ਵੀ ਜ਼ੋਰਦਾਰ ਸ਼ਬਦਾਂ ਵਿਚ ਕਿਹਾ ਕਿ ਫੌਜ ਵਿਚੋਂ ਨਸਲਵਾਦ ਖਤਮ ਕਰਨ ਦਾ ਵਧੀਆ ਢੰਗ ਇਹ ਹੈ ਕਿ ਫੌਜੀ ਅਫਸਰਾਂ ਦੇ ਦਿਲਾਂ ਵਿਚ ਇਹ ਗੱਲ ਬਿਠਾਈ ਜਾਵੇ ਕਿ ਅਗਰ ਉਨ੍ਹਾਂ ਦੇ ਮਨਾਂ ਵਿਚ ਨਸਲਵਾਦ ਹੈ ਤਾਂ ਆਮ ਫੌਜੀ ਸੈਨਿਕ ਵੀ ਸੁਧਰ ਨਹੀਂ ਸਕਦਾ। ਸਰ ਗੁੱਥਰੀ ਨੇ ਕਿਹਾ ਕਿ ਉਹ ਸਾਰੇ ਫੌਜੀ ਅਫਸਰਾਂ ਨੂੰ ਹੁਕਮ ਦੇ ਰਹੇ ਹਨ ਕਿ ਉਹ ਨਸਲਵਾਦ ਵਿਰੁੱਧ ਤਕੜੀ ਜੰਗ ਦੀ ਮੁਹਿੰਮ ਸ਼ੁਰੂ ਕਰ ਦੇਣ। ਉਨ੍ਹਾਂ ਨੇ ਟੈਲੀਵੀਜਨ ਰਾਹੀਂ ਦੇਸ਼ ਦੇ ਗੋਰੇ ਨੌਜਵਾਨਾਂ ਅਤੇ ਮੁਟਿਆਰਾਂ ਨੂੰ ਕਿਹਾ ਕਿ ਅਗਰ ਤੁਸੀਂ ਨਸਲਵਾਦੀ ਹੋ ਤਾਂ ਘਰ ਹੀ ਬੈਠੋ ਕਿਉਂਕਿ ਬ੍ਰਿਟਿਸ਼ ਫੌਜ, ਨੇਵੀ ਅਤੇ ਏਅਰਫੋਰਸ ਨੂੰ ਤੁਹਾਡੇ ਵਰਗੇ ਘਟੀਆ ਲੋਕਾਂ ਦੀ ਜ਼ਰੂਰਤ ਨਹੀਂ ਹੈ। ਸਰ ਹੈਰਮਨ ਊਸਲੇ ਜਿਹੜੇ ਕਿ ਕਮਿਸ਼ਨ ਫਾਰ ਰੇਸ਼ੀਅਲ਼ ਈਕੁਐਲਿਟੀ ਦੇ ਚੇਅਰਮੈਨ ਹਨ, ਨੇ ਕਿਹਾ ਕਿ ਭਾਵੇਂ ਪਿਛਲੇ ਦੋ ਸਾਲਾਂ ਵਿਚ ਬ੍ਰਿਟੇਨ ਦੀਆਂ ਤਿੰਨਾਂ ਹੀ ਸੈਨਾਵਾਂ ਦੇ ਸੈਨਿਕਾਂ ਤੇ ਅਫਸਰਾਂ ਦੇ ਰਵੱਈਏ ਵਿਚ ਢੇਰ ਸਾਰੀ ਤਬਦੀਲੀ ਆਈ ਪਰ ਇਕ ਵਧੀਆ ਫੌਜ, ਨੇਵੀ ਅਤੇ ਏਅਰਫੋਰਸ ਸਥਾਪਤ ਕਰਨ ਲਈ ਇਹ ਤਬਦੀਲੀ ਕਾਫੀ ਨਹੀਂ ਹੈ।

ਇਸ ਤਬਦੀਲੀ ਨੂੰ ਹੋਰ ਵੀ ਅੱਗੇ ਲਿਆਉਣ ਦੀ ਸਖਤ ਲੋੜ ਹੈ। ਏਸ਼ੀਅਨਾਂ ਅਤੇ ਕਾਲਿਆਂ ਉੱਤੇ ਅਕਸਰ ਹੀ ਇਹ ਦੋਸ਼ ਲਗਦਾ ਹੈ ਕਿ ਇਹ ਲੋਕ ਸਿਰਫ ਆਪਣੀ ਜ਼ਿੰਦਗੀ ਹੀ ਬਿਹਤਰੀ ਲਈ ਹੀ ਆਉਂਦੇ ਹਨ ਤੇ ਇਹ ਇਸਦੀ ਰੱਖਿਆ ਲਈ ਲੜ ਮਰ ਨਹੀਂ ਸਕਦੇ। ਇਹੋ

ਜਿਹੀ ਗੱਲ ਨਸਲਵਾਦੀ ਲੋਕ ਹੀ ਆਖ਼ਦੇ ਹਨ ਤੇ ਜਦੋਂ ਸਾਡੇ ਨੌਜਵਾਨ ਅਤੇ ਮੁਟਿਆਰਾਂ ਫ਼ੌਜ ਵਿਚ ਭਰਤੀ ਹੁੰਦੇ ਹਨ ਤਾਂ ਉਸ ਵੇਲੇ ਵੀ ਇਹੋ ਵਰਗ ਉਨ੍ਹਾਂ ਨੂੰ ਨਸਲੀ ਤੌਰ 'ਤੇ ਤੰਗ ਕਰਦਾ ਹੈ।

ਮੈਟਰੋਪੋਲਿਟਨ ਪੁਲੀਸ ਕਮਿਸ਼ਨ ਸਰ ਪੌਲ ਕੌਨਡੋਨ ਨੇ ਇਕ ਵੇਰ ਕਿਹਾ ਸੀ ਕਿ ਭਰਤੀ ਹੋਣ ਵਾਲੇ ਗੋਰੇ ਲੋਕ ਵੀ ਉਸੇ ਸਦਾਇਟੀ ਚੋਂ ਆਏ ਹਨ ਜਿਸ ਵਿਚੋਂ ਨਸਲਵਾਦੀ ਲੋਕੀਂ। ਉਨ੍ਹਾਂ ਨੇ ਕਿਹਾ ਸੀ ਕਿ ਪੁਲੀਸ ਤੇ ਫੌਜ ਚੋਂ ਨਸਲਵਾਦ ਖ਼ਤਮ ਕਰਨ ਲਈ ਇਹ ਜ਼ਰੂਰੀ ਹੈ ਕਿ ਸਾਡੀ ਸੁਸਾਇਟੀ 'ਚੋਂ ਵੀ ਨਸਲਵਾਦ ਖਤਮ ਕੀਤਾ ਜਾਵੇ। ਇਹ ਗੱਲ ਟੋਨੀ ਬਲੇਅਰ ਵਾਸਤੇ ਇਕ ਚੈਲੰਜ ਹੈ ਕਿ ਉਹ ਬ੍ਰਿਟੇਨ 'ਚੋਂ ਨਸਲਵਾਦ ਖ਼ਤਮ ਕਰਨ ਲਈ ਤਕੜੇ ਤੇ ਵੱਡੇ ਉਪਰਾਲੇ ਕਰੇ। ਜਿਸ ਤਰ੍ਹਾਂ ਜਨਰਲ ਗੁੱਥਰੀ ਨੇ ਕਿਹਾ ਸੀ ਕਿ ਫੌਜ ਦੇ ਅੰਦਰੋਂ ਵੀ ਨਸਲਵਾਦ ਵਿਰੁੱਧ ਇਕ ਤਕੜੀ ਜੰਗ ਵਿੱਢਣੀ ਚਾਹੀਦੀ ਹੈ ਉਸੇ ਤਰ੍ਹਾਂ ਟੋਨੀ ਬਲੇਅਰ ਅਤੇ ਉਨ੍ਹਾਂ ਦੀ ਸਰਕਾਰ ਨੂੰ ਵੀ ਇਹ ਕਹਿਣਾ ਚਾਹੀਦਾ ਹੈ ਕਿ ਸਰਕਾਰੀ ਅਦਾਰਿਆਂ ਚੋਂ ਨਸਲਵਾਦ ਖ਼ਤਮ ਕਰਨਾ ਚਾਹੀਦਾ ਹੈ। ਇਹ ਜ਼ਰੂਰੀ ਹੈ ਕਿ ਨਸਲਵਾਦ ਵਿਰੁੱਧ ਸੁਸਾਇਟੀ ਵਿਚੋਂ ਵੀ ਨਸਲਵਾਦੀਆਂ ਵਿਰੁੱਧ ਇਕ ਜੰਗ ਛੇੜੀ ਜਾਵੇ।

ਬ੍ਰਿਟੇਨ ਦੇ ਆਰਥਿਕ ਅਤੇ ਸਿੱਖਿਆ ਦੇ ਅਦਾਰੇ ਇਸ ਗੱਲ ਨੂੰ ਤਸਲੀਮ ਕਰਦੇ ਹਨ ਕਿ ਏਸ਼ੀਅਨ ਲੋਕਾਂ ਨੇ ਬ੍ਰਿਟੇਨ ਦੀ ਆਰਥਿਕਤਾ ਵਿਚ ਤਕੜਾ ਯੋਗਦਾਨ ਪਾਇਆ ਹੈ। ਜੇਬਾਂ ਵਿਚ ਤਿੰਨ-ਤਿੰਨ ਪੌਂਡ ਪਾ ਕੇ ਆਏ ਲੋਕਾਂ 'ਚੋਂ ਅੱਜਕੱਲ੍ਹ ਕਈ ਕਰੋੜਪਤੀ ਹੋ ਗਏ ਹਨ ਤੇ ਕਈਆਂ ਦੇ ਦਫਤਰ ਤੇ ਫੈਕਟਰੀਆਂ ਅਨੇਕਾਂ ਲੋਕਾਂ ਨੂੰ ਰੁਜ਼ਗਾਰ ਦੇ ਰਹੀਆਂ ਹਨ। ਏਸ਼ੀਅਨ ਲੋਕਾਂ ਦੇ ਮੁੰਡੇ ਕੁੜੀਆਂ ਸਕੂਲਾਂ ਅਤੇ ਕਾਲਜਾਂ ਵਿਚ ਸਭ ਤੋਂ ਅੱਗੇ ਹਨ। ਇਕ ਸਰਵੇਖਣ ਅਨੁਸਾਰ ਜਿੱਥੇ ਇੰਡੀਅਨ ਮੂਲ ਦੇ ਮਾਪਿਆਂ ਦੇ ਬੱਚੇ ਕਾਲਜਾਂ ਤੇ ਸਕੂਲਾਂ ਵਿਚ ਅੱਬਲ ਨੰਬਰ 'ਤੇ ਆਉਂਦੇ ਹਨ, ਉਥੇ ਗੋਰੇ ਲੋਕਾਂ ਦੇ ਬੱਚੇ ਕਿਤੇ ਪਿਛਾਂਹ ਰਹਿ ਗਏ ਹਨ। ਬ੍ਰਿਟੇਨ ਦੀ ਛੋਟੀ ਅਜਾਰੇਦਾਰੀ ਦਾ ਵਧੇਰੇ ਹਿੱਸਾ ਏਸ਼ੀਅਨਾਂ ਦੇ ਹੱਥ ਚਲਾ ਗਿਆ ਹੈ। ਵਕੀਲਾਂ, ਡਾਕਟਰਾਂ, ਇੰਜੀਨੀਅਰਾਂ ਤੇ ਅਧਿਆਪਕਾਂ ਦੇ ਖੇਤਰਾਂ ਵਿੱਚ ਏਸ਼ੀਅਨ ਕਮਿਊਨਿਟੀ ਦੇ ਲੋਕ ਛਾਏ ਪਏ ਹਨ। ਹੁਣ ਬ੍ਰਿਟੇਨ ਦੀਆਂ ਵੱਡੀਆਂ ਵੱਡੀਆਂ ਕੰਪਨੀਆਂ ਇਸ ਗੱਲ ਨੂੰ ਤਸਲੀਮ ਕਰਨ ਲੱਗ ਪਈਆਂ ਹਨ ਕਿ ਏਸੀਅਨ ਲੋਕਾਂ ਨੂੰ ਬਹੁਤੀ ਦੇਰ ਤੀਕ ਲਾਂਭੇ ਨਹੀਂ ਰੱਖਿਆ ਜਾ ਸਕਦਾ। ਕੋਈ ਵੇਲਾ ਸੀ ਜਦੋਂ ਬ੍ਰਿਟਿਸ਼ ਏਅਰਵੇਜ਼ ਤੇ ਬੀ ਬੀ ਸੀ ਵਰਗੇ ਅਦਾਰੇ ਆਪਣਾ ਇਮੇਜ ਕੇਵਲ ਗੋਰਾ ਹੀ ਰੱਖਣਾ ਚਾਹੁੰਦੇ ਸਨ ਪਰ ਅੱਜਕੱਲ੍ਹ ਇਨ੍ਹਾਂ ਦੋਹਾਂ ਅਦਾਰਿਆਂ ਤੋਂ ਲੈ ਕੇ ਡਾਕਖਾਨਿਆਂ ਅਤੇ ਬੈਂਕਾਂ ਦੇ ਪਬਲਿਕ ਕਾਊਂਟਰਾਂ ਉਤੇ ਏਸ਼ੀਅਨ ਮੂਲ ਦੇ ਲੋਕੀਂ ਪਬਲਿਕ ਨੂੰ ਵਧੀਆ ਸਰਵਿਸ ਦੇ ਰਹੇ ਹਨ। ਫਿਰ ਫੌਜ ਅਤੇ ਪੁਲੀਸ ਵਿਚ ਏਸ਼ੀਅਨ ਲੋਕ ਕਿਉਂ ਅਸਵੀਕਾਰਤ ਹਨ? ਇਹ ਗੱਲ ਸਾਡੀ ਸਮਝ ਤੋਂ ਬਾਹਰ ਹੈ। ਅਗਰ ਇਨ੍ਹਾਂ ਦੋਹਾਂ ਅਦਾਰਿਆਂ ਵਿਚ ਏਸ਼ੀਅਨ ਅਤੇ ਕਾਲੇ ਲੋਕੀਂ ਭਰਤੀ ਨਹੀਂ ਹੁੰਦੇ ਤਾਂ ਬ੍ਰਿਟੇਨ ਦਾ ਇਮੇਜ ਹੀ ਬਹੁ-ਨਸਲੀ ਨਹੀਂ ਬਣਦਾ, ਸਗੋਂ ਸੁਸਾਇਟੀ 'ਚੋਂ ਨਸਲਵਾਦ ਖਤਮ ਹੋਣ ਦੇ ਵੀ ਘੱਟ ਚਾਂਸ ਨਜ਼ਰ ਆਉਂਦੇ ਹਨ।

ਬ੍ਰਿਟੇਨ ਦੀ ਪੁਲੀਸ ਦੁਨੀਆਂ ਭਰ ਵਿਚੋਂ ਅੱਬਲ ਨੰਬਰ ਉਤੇ ਗਿਣੀ ਜਾਂਦੀ ਹੈ। ਇਸ ਦਾ ਸਭਿਅਕ ਵਰਤਾਰਾ ਦੁਨੀਆਂ ਦੀ ਕੋਈ ਵੀ ਪੁਲਿਸ ਫੋਰਸ ਮਾਤ ਨਹੀਂ ਪਾ ਸਕਦੀ। ਇਹ

ਕਾਤਲ ਨੂੰ ਵੀ 'ਸਰ' ਕਹਿਣ ਵਾਲੀ ਫੋਰਸ ਹੈ ਪਰ ਇਸ ਵਿਚਲੇ ਕੁਝ ਨਸਲਵਾਦੀ ਅਫਸਰ ਇਸ ਦੇ ਵਧੀਆ ਇਮੇਜ ਨੂੰ ਵਿਗਾੜ ਰਹੇ ਹਨ।

ਏਸ਼ੀਅਨ ਅਤੇ ਕਾਲੇ ਮਾਪੇ ਫੌਜ ਅਤੇ ਪੁਲਿਸ ਵਿਚ ਨਸਲਵਾਦ ਵੇਖ ਕੇ ਥੋੜ੍ਹੇ ਕੀਤਿਆਂ ਆਪਣੇ ਪੁੱਤਰ/ਧੀਆਂ ਨੂੰ ਇਸ ਗੱਲ ਦੀ ਆਗਿਆ ਨਹੀਂ ਦਿੰਦੇ ਕਿ ਉਹ ਇਨ੍ਹਾਂ ਅਦਾਰਿਆਂ 'ਚ ਦਾਖਲ ਹੋਣ। ਇਥੇ ਫੇਰ ਵਿਸਵਾਸ਼ ਦੀ ਹੀ ਗੱਲ ਆ ਜਾਂਦੀ ਹੈ। ਇਕ ਸਰਵੇਖਣ ਅਨੁਸਾਰ ਕਾਲੇ ਅਤੇ ਏਸ਼ੀਅਨ ਲੋਕੀਂ ਪੁਲੀਸ ਫੋਰਸ ਵਿਚ ਬਹੁਤਾ ਵਿਸ਼ਵਾਸ ਨਹੀਂ ਦਿਖਾਉਂਦੇ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਪੁਲੀਸ ਦੇ ਅਫਸਰ ਸੰਜੀਦਗੀ ਨਾਲ ਨਹੀਂ ਲੈਂਦੇ। ਸਟੀਵਨ ਲੌਰੈਂਸ ਤੇ ਰਿੱਕੀ ਰੀਹਲ ਦੇ ਕਤਲਾਂ ਦੀ ਇਨਕੁਆਇਰੀ ਵੇਲੇ ਵੀ ਪੁਲਿਸ ਖੂਬ ਨੰਗੀ ਹੋਈ ਹੈ। ਸਟੀਵਟਨ ਲੌਰੈਂਸ ਦੇ ਕਤਲ ਦੇ ਸਬੰਧ ਵਿਚ ਤਾਂ ਇਹ ਗੱਲ ਫੈਸਲਾਕੁੰਨ ਢੰਗ ਨਾਲ ਸਪੱਸ਼ਟ ਹੋ ਗਈ ਸੀ ਕਿ ਪੁਲੀਸ ਦੇ ਕੁਝ ਅਫਸਰਾਂ ਨੇ ਜਾਣ ਬੁਝ ਕੇ ਉਹਦੇ ਕਾਤਲਾਂ ਨੂੰ ਫੜਨ ਵਿਚ ਅਣਗਿਹਲੀ ਦਿਖਾਈ ਸੀ ਤੇ ਸਬੂਤਾਂ ਦੇ ਗਾਇਬ ਹੋਣ ਤੀਕ ਉਨ੍ਹਾਂ ਨੇ ਕੋਈ ਐਕਸ਼ਨ ਨਹੀਂ ਸੀ ਲਿਆ।

ਬ੍ਰਿਟੇਨ ਨੂੰ ਜ਼ਰੂਰਤ ਹੈ ਕਿ ਏਸ਼ੀਅਨ ਲੋਕਾਂ ਦੇ ਧੀਆਂ ਪੁੱਤਰਾਂ ਨੂੰ ਇਸ ਦੀਆਂ ਡੀਫੈਂਸ ਫੋਰਸਜ਼ ਅਤੇ ਪੁਲੀਸ ਦੇ ਮੈਂਬਰ ਬਣਨ। ਉਧਰ ਏਸ਼ੀਅਨ ਅਤੇ ਕਾਲੇ ਲੋਕਾਂ ਦੇ ਧੀਆਂ ਪੁੱਤਰ ਵੀ ਇਸ ਕਿਸਮ ਦੀਆਂ ਨੌਕਰੀਆਂ ਵਿਚ ਦਿਲਸਚਪੀ ਦਿਖਉਣ ਪਰ ਇਹ ਤਦੇ ਹੋ ਸਕਦਾ ਹੈ ਅਗਰ ਬ੍ਰਿਟਿਸ਼ ਸਰਕਾਰ ਇਨ੍ਹਾਂ ਵਾਸਤੇ ਇਨ੍ਹਾਂ ਫੋਰਸਾਂ ਵਿਚ ਅਜਿਹਾ ਮਾਹੌਲ ਪੈਦਾ ਕਰੇ ਜਿਹੜਾ ਇਕ ਬਹੁਨਸਲੀ ਸੁਸਾਇਟੀ ਲਈ ਸਾਰਥਿਕ ਹੋਵੇ। ਇਹ ਤਦੇ ਹੋ ਸਕਦਾ ਜੇਕਰ ਦੇਸ ਦੇ ਹਰ ਅਦਾਰੇ ਚੋਂ ਨਸਲਵਾਦ ਬਿਲਕੁਲ ਖਤਮ ਹੋ ਜਾਵੇ।

(1992)

# 1999 ਦੀ ਭਾਰਤੀ ਸਰਕਾਰ

ਬਰਤਾਨੀਆਂ ਦੇ ਰਹਿ ਚੁੱਕੇ ਪਰਧਾਨ ਮੰਤਰੀ ਸਰ ਵਿਨਸਟਨ ਚਰਚਿਲ ਦਾ ਕਹਿਣਾ ਹੈ ਕਿ ਵਧੀਆ ਸਿਆਸਤਾਨ ਉਹ ਹੁੰਦਾ ਹੈ ਜਿਹੜਾ ਇਲੈਕਸ਼ਨਾਂ ਤੋਂ ਪਹਿਲਾਂ ਲੱਛੇਦਾਰ ਤਕਰੀਰਾਂ ਕਰਕੇ ਲੋਕਾਂ ਨੂੰ ਸਬਜ਼ ਬਾਗ ਦਿਖਾ ਸਕੇ ਤੇ ਇਲੈਕਸ਼ਨਾਂ ਤੋਂ ਬਾਅਦ ਉਸੇ ਹੀ ਲੱਛੇਦਾਰ ਬੋਲੀ ਵਿਚ ਕੀਤੇ ਹੋਇਆਂ ਵਾਅਦਿਆਂ ਤੋਂ ਮੁੱਕਰ ਜਾਣ ਦੀ ਯੋਗਤਾ ਰੱਖਦਾ ਹੋਵੇ। ਵੈਸੇ ਤਾਂ ਇਹ ਕਥਨ ਸਰਬ-ਵਿਆਪਕ ਹੈ ਤੇ ਦੁਨੀਆਂ ਦੇ ਕਿਸੇ ਵੀ ਸਿਆਸਤਦਾਨ ਉਤੇ ਢੁੱਕ ਸਕਦਾ ਹੈ ਪਰ ਭਾਰਤ ਦੇ ਸਿਆਸਤਾਨਾਂ ਉਤੇ ਤਾਂ ਇਹ ਖਾਸ ਤੌਰ ਤੇ ਢੁੱਕਦਾ ਹੈ। ਕੋਈ ਹੋਰ ਸੂਝਵਾਨ ਦੇਸ ਹੁੰਦਾ ਤਾਂ ਆਜ਼ਾਦੀ ਤੋਂ ਪੰਜਾਹ ਵਰ੍ਹੇ ਬਾਅਦ ਤੀਕ ਇਹ ਗੱਲ ਜ਼ਰੂਰ ਸਿੱਖ ਲੈਂਦਾ ਕਿ ਭਾਰਤੀ ਸਿਆਸਤਦਾਨਾਂ ਦੇ ਵਾਅਦਿਆ ਤੇ ਲਾਰਿਆਂ ਵਿਚ ਕੋਈ ਦਮ ਨਹੀਂ ਤੇ ਇਨ੍ਹਾਂ ਦਾ ਬਦਲ ਜ਼ਰੂਰੀ ਹੈ ਪਰ ਨਾਂ ਤਾਂ ਕੋਈ ਬਦਲ ਭਾਰਤ ਵਿਚ ਪੈਦਾ ਹੋ ਹੋ ਹੀ ਸਕਿਆ ਹੈ ਤੇ ਨਾ ਹੀ ਇਸ ਦੀ ਕੋਈ ਆਸ ਹੀ ਹੈ। ਸੋ ਇਲੈਕਸ਼ਨਾਂ ਤੋਂ ਪਹਿਲਾਂ ਜਿਹੜਾ ਹਾਲ ਸੀ-ਉਸ ਤੋਂ ਵੱਖਰੇ ਹਾਲਾਤ ਤਦੇ ਦੇਖੇ ਜਾ ਸਕਦੇ ਹਨ ਜੇਕਰ ਭਾਰਤ ਦੇ ਆਮ ਲੋਕ ਸਿਆਸਤਦਾਨਾਂ ਤੇ ਸਰਕਾਰੀ ਅਹਿਲਕਾਰਾਂ ਤੋਂ ਚੰਗੇ ਕੰਮ ਕਰਾਉਣ ਦੀ ਸਹੁੰ ਚੁੱਕ ਲੈਣ ਤੇ ਆਪਣੇ ਹੱਕਾਂ ਲਈ ਗਲ਼ੀਆਂ ਬਾਜ਼ਾਰਾਂ ਵਿਚ ਨਿੱਤਰ ਆਉਣ ਤਿ ਜਾਂ ਫਿਰ ਐਕਟਰ ਅਨੂਪਮ ਖੇਰ ਦੇ ਕਹਿਣ ਵਾਂਗ ਭਾਰਤ ਦਾ ਹਰ ਸ਼ਹਿਰੀ ਆਪਣੇ ਫਰਜ਼ ਦੀ ਪਛਾਣ ਕਰ ਲਵੇ ਤੇ ਉਸੇ ਫਰਜ਼ ਦੀ ਪਛਾਣ ਕਰਨ ਲਈ ਭਾਰਤ ਨੂੰ ਚਲਾਉਣ ਵਾਲੇ ਲੋਕਾਂ ਨੂੰ ਮਜਬੂਰ ਕਰੇ। ਭਾਵ ਇਸ ਦਾ ਇਹ ਹੈ ਕਿ ਜਦੋਂ ਕਿਸੇ ਦੇਸ਼ ਦਾ ਹਰ ਸ਼ਹਿਰੀ ਆਪਣੇ ਫਰਜ਼ ਪਛਾਣ ਲਵੇਗਾ ਤਾਂ ਉਸ ਫਰਜ਼ ਵਿਚ ਇਹ ਗੱਲ ਵੀ ਆਉਂਦੀ ਹੈ ਕਿ ਉਹ ਆਪਣੇ ਹੱਕਾਂ ਲਈ ਜੂਝੇਗਾ ਤੇ ਸਿਆਸਤਦਾਨਾਂ ਤੋਂ ਇਸ ਗੱਲ ਦੀ ਮੰਗ ਕਰੇਗਾ ਕਿ ਉਸ ਦਾ ਪਹਿਲਾ ਪ੍ਰਮੁੱਖ ਫਰਜ਼ ਇਹ ਬਣਦਾ ਹੈ ਕਿ ਉਹ ਆਪਣੇ ਜ਼ਾਤੀ ਹਿੱਤਾਂ ਲਈ ਘੱਟ ਤੇ ਦੇਸ਼ ਵਾਸੀਆਂ ਲਈ ਵੱਧ ਸੋਚੇ। ਅਨੂਪਮ ਖੇਰ ਜਦੋਂ ਕਹਿੰਦਾ ਹੈ ਕਿ ਹਰ ਸ਼ਹਿਰੀ ਆਪਣਾ ਫਰਜ਼ ਪਛਾਣੇ ਤਾਂ ਉਸ 'ਹਰ ਸ਼ਹਿਰੀ' ਵਿਚ ਸਿਆਸਤਦਾਨ ਵੀ ਤਾਂ ਆ ਹੀ ਜਾਂਦੇ ਹਨ। ਪਰ ਇਸ ਗੱਲ ਦਾ ਅਨੂਪਮ ਖੇਰ ਵਰਗੀ ਸੋਚ ਦੇ ਹਰ ਬੰਦੇ ਨੂੰ ਵੀ ਪਤਾ ਹੈ ਕਿ ਇਹ ਇਕ ਆਦਰਸ਼ਕ ਸੋਚ ਹੈ। ਆਦਰਸ਼ਵਾਦ ਆਮ ਤੌਰ ਤੇ ਯਥਾਰਥਵਾਦ ਦੇ ਨੇੜੇ ਵੀ ਨਹੀਂ ਢੁੱਕਦਾ। ਪਰ ਦੁਨੀਆਂ ਆਸ ਉਤੇ ਹੀ ਤਾਂ ਚੱਲਦੀ ਹੈ।

ਭਾਰਤ ਵਿਚ ਬੜੀ ਸੰਭਾਵਨਾਵਾਂ ਹਨ। ਬਸ ਇਹਨਾਂ ਦੀ ਪੂਰਤੀ ਲਈ ਈਮਾਨਦਾਰ ਯਤਨ ਜ਼ਰੂਰੀ ਹਨ। ਭਾਰਤੀ ਲੋਕ ਮਿਹਨਤੀ ਲੋਕ ਹਨ। ਇਹ ਉਹੋ ਹੀ ਤਾਂ ਲੋਕ ਹਨ ਜਿਹਨਾਂ ਵਿਚੋਂ ਕੁਝ ਇਕ ਨੇ ਵਿਦੇਸ਼ਾਂ ਵਿਚ ਆ ਕੇ ਮਾਅਰਕਾਖੇਜ਼ ਤਰੱਕੀਆਂ ਕੀਤੀਆਂ ਹਨ। ਇਹ ਉਹੋ

ਹੀ ਤਾਂ ਲੋਕ ਹਨ ਜਿਹਨਾਂ ਨੇ ਭਾਰਤ ਦੇ ਕੁਰੱਪਟ ਸਰਕਾਰੀ ਸਿਸਟਮ ਵਿਚ ਰਹਿ ਕੇ ਵੀ ਕਈ ਚੰਗੀਆਂ ਪੁਲਾਂਘਾ ਪੁੱਟੀਆਂ ਹਨ। ਹਿੰਮਤ ਅੱਗੇ ਪੱਛਮੀ ਤੇ ਪੱਖੇ ਅੱਗੇ ਪੌਣ ਦੇ ਕਥਨ ਅਨੁਸਾਰ ਭਾਰਤੀ ਲੋਕ ਭਲਾ ਕੀ ਨਹੀਂ ਕਰ ਸਕਦੇ? ਸਮੁੱਚ ਤੌਰ 'ਤੇ ਜ਼ਰਖੇਜ਼ ਜ਼ਮੀਨ ਹੈ ਭਾਰਤ ਦੀ। ਬੇਥਾਹ ਕੁਦਰਤੀ ਖਜ਼ਾਨੇ ਹਨ ਇਸ ਕੋਲ਼। ਇਸ ਦਾ ਅਮੀਰ ਇਤਿਹਾਸਕ ਵਿਰਸਾ ਹੈ। ਅਮੀਰ ਸੱਭਿਆਚਾਰ ਹੈ। ਜੇ ਜ਼ਰੂਰਤ ਹੈ ਤਾਂ ਇਸ ਗੱਲ ਦੀ ਹੈ ਕਿ ਈਮਾਨਦਾਰ ਸਰਕਾਰਾਂ ਚੁਣੀਆਂ ਜਾਣ ਤੇ ਉਨ੍ਹਾਂ ਸਰਕਾਰਾਂ ਤੋਂ ਲੋਕਾਂ ਦੇ ਭਲੇ ਦੀ ਆਸ ਹੀ ਨਾ ਕੀਤੀ ਜਾਵੇ ਸਗੋਂ ਉਨ੍ਹਾਂ ਸਰਕਾਰਾਂ ਤੋਂ ਮੰਗ ਕੀਤੀ ਜਾਵੇ ਕਿ ਉਹ ਕੇਵਲ ਤੇ ਕੇਵਲ ਲੋਕਾਂ ਬਾਰੇ ਹੀ ਸੋਚਣ ਕਿਉਂਕ ਲੋਕਾਂ ਨੇ ਹੀ ਉਨ੍ਹਾਂ ਨੂੰ ਚੁਣਿਆਂ ਹੈ ਤੇ ਉਹੋ ਹੀ ਉਨ੍ਹਾਂ ਦੀਆਂ ਸੇਵਾਵਾਂ ਦੇ ਹੱਕਦਾਰ ਹਨ ਪਰ ਖ਼ੇਦ ਵਾਲ਼ੀ ਗੱਲ ਹੈ ਕਿ ਅਸਲੀਅਤ ਇਸ ਤੋਂ ਉਲਟ ਹੈ।ਲੋਕਾਂ ਦੀਆਂ ਗੱਲਾਂ ਨੂੰ ਕੋਈ ਨਹੀਨ ਸੁਣਦਾ। ਅਗਰ ਕਿਸੇ ਦੇਸ਼ ਵਿੱਚ ਐਮ ਐੱਲ ਏ ਜਾਂ ਐਮ ਪੀ ਬਨਣ ਲਈ ਹੀ ਲੱਖਾਂ ਰੁਪਏ ਖਰਚੇ ਜਾਂਦੇ ਹਨ ਤਾਂ ਉਸੇ ਹੀ ਸਪੀਡ ਨਾਲ ਚੁਣਿਆ ਗਿਆ ਐਮ ਐਲ ਏ ਜਾਂ ਐਮ ਪੀ ਖਰਚੀ ਹੋਣੀ ਦੌਲਤ ਇਕੱਠੀ ਕਰਨ ਵੱਲ ਲੱਗੇਗਾ। ਇਸ ਤੋਂ ਇਲਾਵਾ ਉਹ ਇਹ ਵੀ ਕੋਸ਼ਿਸ ਕਰੇਗਾ ਕਿ ਅਗਲੀਆਂ ਇਲੈਕਸ਼ਨਾਂ ਲਈ ਵੀ ਏਨੀ ਜ਼ਿਆਦਾ ਰਾਸ਼ੀ ਜੋੜੇ ਕਿ ਉਸ ਦੀਆਂ ਅਗਲੀਆਂ ਤੋਂ ਇਲੈਕਸ਼ਨਾਂ ਜਿੱਤਣੀਆਂ ਵੀ ਯਕੀਨੀ ਹੋ ਜਾਣ। ਉਹ ਇਹ ਵੀ ਕੋਸ਼ਿਸ਼ ਕਰਦਾ ਹੈ ਉਹ ਆਪਣੇ ਯਾਰਾਂ ਦੋਸਤਾਂ ਤੇ ਸੰਬੰਧੀਆਂ ਨੂੰ ਵੀ ਅਮੀਰ ਕਰੇ ਤਾਂ ਜੋ ਅਗਲੀਆਂ ਇਲੈਕਸ਼ਨਾਂ ਸਮੇਂ ਉਹ ਵੀ ਉਹਦੇ ਕੰਮ ਆ ਸਕਣ। ਜਦੋਂ ਤੀਕ ਭਾਰਤ ਵਿਚੋਂ ਇਹ ਗੱਲ ਗਾਇਬ ਨਹੀਂ ਹੋ ਜਾਂਦੀ ਕਿ ਅਗਰ ਇਕ ਵੇਰ ਐਮ ਐਲ ਏ ਜਾਂ ਐਮ ਪੀ ਬਣ ਗਏ ਤਾਂ ਪੀੜ੍ਹੀਆਂ ਦਰ ਪੀੜ੍ਹੀਆਂ ਦੀ ਰੋਟੀ ਦੀ ਗ੍ਰੰਟੀ ਹੋ ਜਾਵੇਗੀ, ਉਦੋਂ ਤੀਕ ਭਾਰਤ ਤਰੱਕੀ ਨਹੀਂ ਕਰ ਸਕਦਾ। ਕੋਈ ਵੀ ਦੇਸ਼ ਸੀਮਤ ਜਿਹੀ ਵਸੋਂ ਦੇ ਅਮੀਰ ਹੋ ਜਾਣ ਨਾਲ ਅਮੀਰ ਨਹੀਂ ਹੋ ਜਾਂਦਾ। ਇਸ ਵਾਸਤੇ ਦੇਸ਼ ਦੇ ਹਰ ਸ਼ਹਿਰੀ ਨੂੰ ਕੁੱਲੀ, ਗੁੱਲੀ ਤੇ ਜੁੱਲੀ ਪ੍ਰਦਾਨ ਕਰਨੀ ਜ਼ਰੂਰੀ ਹੁੰਦੀ ਹੈ। ਇਕ ਡੈਮੋਕਰੇਟਿਕ ਦੇਸ਼ ਵਿਚ ਨਿਰਸੰਦੇਹ ਸਾਰੇ ਲੋਕ ਇਕੋ ਜਿਹੀ ਦੌਲਤ ਵਾਲੇ ਨਹੀਂ ਹੋ ਸਕਦੇ। ਜਦ ਤੀਕ ਹਰ ਕੋਈ ਮਿਹਨਤ ਕਰਕੇ ਇਹ ਦੌਲਤ ਜੋੜਦਾ ਹੈ ਤੇ ਆਪਣੀ ਲਿਆਕਤ ਦੀ ਵਰਤੋਂ ਕਰਕੇ ਹੀ ਅਮੀਰ ਬਣਦਾ ਹੈ ਤਦ ਤਾਂ ਇਹ ਗੱਲ ਸਵੀਕਾਰਕਤ ਹੈ ਪਰ ਜਦੋਂ ਰਿਸ਼ਵਤ ਦੇ ਸਹਾਰੇ ਦੌਲਤ ਜੋੜੀ ਜਾਂਦੀ ਹੈ ਤਾਂ ਉਸ ਸੰਬੰਧੀ ਸੁਆਲੀਆਂ ਚਿੰਨ੍ਹ ਪੈਦਾ ਕਰਨੇ ਜ਼ਰੂਰੀ ਹੁੰਦੇ ਹਨ। ਸੋਵੀਅਤ ਯੂਨੀਅਨ ਦੇ ਹੁਕਮਰਾਨਾਂ ਨੇ ਮਾਰਕਸਿਜ਼ਮ ਦੀ ਉਸ ਮੱਦ ਦੀ ਦੁਹਾਈ ਦਿੱਤੀ ਸੀ ਜਿਸ ਹੇਠ ਹਰ ਕੋਈ ਇਕੋ ਜਿਹੀ ਦੌਲਤ ਦਾ ਮਾਲਕ ਹੋਣਾ ਸੀ ਪਰ ਹੁਣ ਸੋਵੀਅਤ ਯੂਨੀਅਨ ਕਿਥੇ ਹੈ? ਹੁਣ ਮਾਰਕਸਿਜ਼ਮ ਕਿਥੇ ਹੈ? ਚੀਨ ਦਾ ਕਮਿਊਨਿਜ਼ਮ ਵੀ ਸਮੁੱਚੇ ਤੌਰ ਤੇ ਗਰੀਬ ਤੇ ਅਮੀਰ ਦਾ ਪਾੜਾ ਨਹੀਂ ਮਿਟਾ ਸਕਿਆ। ਭਾਰਤ ਵਿਚੋਂ ਤਾਂ ਅਮੀਰ ਤੇ ਗਰੀਬ ਦਾ ਪਾੜਾ ਕਦੇ ਵੀ ਖ਼ਤਮ ਨਹੀਂ ਹੋ ਸਕੇਗਾ।ਇਸ ਕੰਮ ਵਾਸਤੇ ਦਿਆਨਤਦਾਰ ਸਰਕਾਰਾਂ ਲੋੜੀਂਦੀਆਂ ਹੁੰਦੀਆਂਹਨ।ਅਜ ਕੱਲ ਤਾਂ ਉਥੇ ਇਕ ਐਕਸਟਰੀਮ ਤੋਂ ਦੂਜੀ ਐਕਸਟਰੀਮ ਦੀ ਸਥਿਤੀ ਹੈ। ਅਗਰ ਕੋਈ ਗਰੀਬ ਹੈ ਤਾਂ ਉਸ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਸ ਨੂੰ ਅਗਲੇ ਡੰਗ ਦੀ ਰੋਟੀ ਮਿਲਣੀ ਵੀ ਹੈ ਜਾਂ ਨਹੀਂ।ਅਮੀਰ ਹੈ ਤਾਂ ਉਸ ਨੂੰ ਅੰਦਾਜ਼ਾ ਨਹੀਂ ਕਿ ਗਰੀਬ ਕਿੰਝ ਜੀਅ ਰਿਹਾ ਹੈ?

ਭਾਰਤ ਦੀ ਅਗਲੀ ਸਰਕਾਰ ਨੈਸ਼ਨਲ ਡੈਮੋਕਰੇਟਿਕ ਅਲਾਇੰਸ, ਜਿਹਨੂੰ ਭਾਰਤੀਆ

ਜਨਤਾ ਪਾਰਟੀ ਲੀਡ ਕਰ ਰਹੀ ਹੈ, ਕਾਇਮ ਹੋਈ ਹੈ। ਅਟਲ ਬਿਹਾਰੀ ਵਾਜਪਾਈ ਜੀ ਇਕ ਅਜਿਹੇ ਵਿਅਕਤੀ ਹਨ ਜਿਹੜੇ ਇੰਦਰਾ ਗਾਂਧੀ ਤੋਂ ਬਾਅਦ ਤੀਜੀ ਵੇਰ ਪ੍ਰਧਾਨ ਮੰਤਰੀ ਬਣੇ ਹਨ। ਅਟਲ ਬਿਹਾਰੀ ਵਾਜਪਾਈ ਹੀ ਇਕ ਅਜਿਹੇ ਸਿਆਸਤਦਾਨ ਹਨ ਜਿਹਨਾਂ ਉਤੇ ਅਜੇ ਤੀਕ ਕੋਈ ਕੁਰੱਪਸ਼ਨ ਬਗੈਰਾ ਦਾ ਕੋਈ ਦਾਗ ਨਹੀਂ ਲੱਗਾ। ਉਹੋ ਹੀ ਇਕ ਅਜਿਹੇ ਆਗੂ ਹਨ ਜਿਹੜੇ ਖੁਦ ਦਾਗ਼ੀ ਨਾ ਹੋਣ ਕਾਰਨ ਦੇਸ ਵਿਚ ਇਕ ਐਂਟੀ-ਕੁਰੱਪਸ਼ਨ ਲਹਿਰ ਚਲਾ ਸਕਦੇ ਹਨ। ਜਿੰਨੀ ਦੇਰ ਤੱਕ ਆਮ ਲੋਕਾਂ ਦਾ ਸਿਆਸਤਦਾਨਾਂ ਵਿਚ ਵਿਸ਼ਵਾਸ ਨਹੀਂ ਜਾਗਦਾ ਓਨੀ ਦੇਰ ਤੀਕ ਦੇਸ ਦਾ ਕਲਿਆਣ ਨਹੀਂ ਹੋ ਸਕਦਾ। ਜਦੋਂ ਸਵੱਛ ਰਾਜ ਪ੍ਰਬੰਧ ਹੋਵੇਗਾ ਤਾਂ ਦੇਸ਼ ਨੂੰ ਤਰੱਕੀ ਦੇ ਰਾਹ ਉਤੇ ਟੋਰਨਾ ਸੌਖਾ ਹੋਵੇਗਾ। ਦੇਸ਼ ਦੇ ਲੋਕਾਂ ਵਿਚ ਹਿੰਮਤ ਹੈ। ਇਹ ਅੱਗੇ ਵਧ ਸਕਦੇ ਹਨ। ਦੇਸ਼ ਦੇ ਲੋਕ ਆਪਣੇ ਤੌਰ 'ਤੇ ਬਹੁਤ ਕੁਝ ਕਰ ਸਕਦੇ ਹਨ। ਪਰ ਸਰਕਾਰ ਕਿਥੇ ਹੈ? ਸਰਕਾਰੀ ਦਫਤਰਾਂ ਵਿਚ ਬਾਬੂ ਤੇ ਅਫਸਰ ਲੋਕਾਂ ਦੀ ਫੁਰਤੀ ਜ਼ਰੂਰੀ ਹੈ। ਉਹਨਾਂ ਤੋਂ ਉਹਨਾਂ ਨੂੰ ਦਿੱਤੀਆਂ ਜਾਂਦੀਆਂ ਤਨਖਾਹਾਂ ਦੇ ਮੁੱਲ ਦਾ ਕੰਮ ਲਿਆ ਜਾਵੇ। ਨੌਕਰੀਆਂ ਦੇ ਮੌਕੇ (oppertunites) ਯੋਗਤਾ ਅਨੁਸਾਰ ਮੁਹੱਈਆ ਕੀਤੇ ਜਾਣ ਅਗਰ ਪੱਛੜੀਆਂ ਸ਼੍ਰੇਣੀਆਂ ਲਈ ਰਾਖਵੀਆਂ ਨੌਕਰੀਆਂ ਰੱਖੀਆਂ ਜਾ ਰਹੀਆਂ ਹਨ ਤਾਂ ਉਹਨਾਂ ਵਿਚ ਵੀ ਯੋਗ ਯੋਗਤਾ ਦੇਖੀ ਜਾਵੇ। ਅਗਰ ਉਹਨਾਂ 'ਚੋਂ ਯੋਗ ਕੈਂਡੀਡੇਟ ਨਾ ਮਿਲੇ ਤਾਂ ਸਬੰਧਤ ਜੌਬ ਨੂੰ ਓਪਨ ਮਾਰਕੀਟ ਵਿਚ ਸੁੱਟਿਆ ਜਾਵੇ। ਮੇਰੀ ਰਾਏ ਪੱਛੜੇ ਵਰਗ ਦੇ ਵਿਰੁੱਧ ਨਹੀਂ ਜਾਂਦੀ। ਘੱਟ ਲਿਆਕਤ ਵਾਲੇ ਲੋਕ ਜਿਸ ਕਿਸੇ ਵੀ ਵਰਗ ਨਾਲ ਸਬੰਧ ਰੱਖਦੇ ਹੋਣਗੇ, ਦੇਸ਼ ਦੇ ਲੋਕਾਂ ਲਈ ਹਾਨੀਕਾਰਕ ਹਨ।

ਅਟਲ ਬਿਹਾਰੀ ਵਾਜਪਾਈ ਦੀ ਦੂਜੀ ਵੇਰ ਦੀ ਸਰਕਾਰ (ਪਹਿਲੀ ਵੇਰ ਉਹ ਕੇਵਲ 13 ਦਿਨ ਹੀ ਪ੍ਰਦਾਨ ਮੰਤਰੀ ਰਹੇ ਸਨ) ਪੂਰੇ ਦੇ ਪੂਰੇ ਤੇਰ੍ਹਾਂ ਮਹੀਨੇ ਆਪਣੀ ਗੱਦੀ ਬਚਾਉਣ ਦੇ ਆਹਰ ਵਿਚ ਹੀ ਲੱਗੀ ਰਹੀ। ਏ ਆਈ ਏ ਡੀ ਐਮ ਕੇ ਦੀ ਲੀਡਰ ਜਯਾ ਲਲਿਤਾ ਨੇ ਉਹਨਾਂ ਦੇ ਹੋਸ਼ ਭੁਲਾਈ ਰੱਖੇ ਸਨ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਕਿਉਂਕਿ ਜਯਾ ਲਲਿਤਾ ਦੀ ਪਾਰਟੀ ਬਾਝੋਂ ਕਾਇਮ ਨਹੀਂ ਸੀ ਰਹਿ ਸਕਦੀ ਇਸ ਕਰਕੇ ਲੋਕ ਸਭਾ ਦੇ ਲੈਜਿਸਲੇਚਰ ਵਿਚ ਵੀ ਉਹ ਕੁਝ ਨਹੀਂ ਸੀ ਹੋ ਸਕਿਆ ਜੋ ਕੁਝ ਸ਼ਾਇਦ ਅਟਲ ਬਿਹਾਰੀ ਵਾਜਪਾਈ ਜੀ ਕਰਨਾ ਚਾਹੁੰਦੇ ਸਨ। ਪਰ ਹੁਣ ਹਾਲਾਤ ਹੋਰ ਹਨ ਭਾਵੇਂ ਕਿ ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਬੀ ਜੇ ਪੀ ਨੂੰ ਹਾਲੀਂ ਵੀ ਸਹਿਯੋਗੀ ਪਾਰਟੀਆਂ ਨੂੰ ਹਰ ਹੀਲੇ ਨਾਲ ਰੱਖਣਾ ਹੀ ਪੈਣਾ ਹੈ। ਪਰ ਹੁਣ ਇਸ ਗੱਲ ਦਾ ਕੋਈ ਖਤਰਾ ਨਹੀਂ ਹੈ ਕਿ ਇਹ ਸਰਕਾਰ ਇਕ ਵੋਟ ਨਾਲ ਡਿੱਗ ਪਵੇਗੀ। ਭਾਰਤੀਆ ਜਨਤਾ ਪਾਰਟੀ ਨੂੰ ਇਹ ਬੜਾ ਸੁਨਹਿਰੀ ਮੌਕਾ ਮਿਲਿਆ ਹੈ ਕਿ ਉਹ ਦੇਸ਼ ਦੇ ਲੋਕਾਂ ਨੂੰ ਕੁਝ ਕਰਕੇ ਵਿਖਾਵੇ। ਅਗਰ ਭਾਰਤੀਆ ਜਨਤਾ ਪਾਰਟੀ ਕੁਝ ਚੰਗਾ ਕੰਮ ਕਰ ਸਕੀ ਤਾਂ ਕਾਂਗਰਸ ਪਾਰਟੀ ਨੂੰ ਅਗਲੀ ਵੇਰ ਵੀ ਕੋਈ ਨਹੀਂ ਮੂੰਹ ਲਗਾਵੇਗਾ। ਭਾਰਤੀਆ ਜਨਤਾ ਪਾਰਟੀ ਤੇ ਹੋਰ ਪਾਰਟੀਆਂ ਨੂੰ ਤਾਂ ਕਾਂਗਰਸ ਦੀ ਮੰਦਹਾਲੀ ਵੇਖ ਕੇ ਹੀ ਬੜਾ ਸੁਚੇਤ ਹੋ ਜਾਣਾ ਚਾਹੀਦਾ ਹੈ।

ਕਾਂਗਰਸ ਪਾਰਟੀ ਦੀ ਤੀਜੀ ਵੇਰ ਦੀ ਕਰਾਰੀ ਹਾਰ ਨੇ ਇਸ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਇਸ ਪਾਰਟੀ ਨੇ ਦੇਸ ਦੇ ਪੰਜਾਹਾਂ ਸਾਲਾਂ ਦੇ ਇਤਿਹਾਸ 'ਚੋਂ ਚਾਲੀ ਸਾਲ ਰਾਜ ਕੀਤਾ

ਹੈ। ਇਨ੍ਹਾਂ ਵਰ੍ਹਿਆਂ ਦੀ ਪ੍ਰਾਪਤੀ ਮਾਯੂਸੀ ਵਾਲ਼ੀ ਹੈ। ਇਨ੍ਹਾਂ ਵਰ੍ਹਿਆਂ ਦੌਰਾਨ ਲੁੱਟ ਖਸੁੱਟ ਦੇ ਕਿੱਸਿਆਂ ਦੀ ਕੋਈ ਗਿਣਤੀ ਨਹੀਂ ਹੈ। ਕਾਂਗਰਸ ਪਾਰਟੀ ਇਕ ਐਸੀ ਪਾਰਟੀ ਹੈ ਜਿਸ ਦਾ ਹਾਲ ਇਹ ਹੈ ਕਿ ਇਹ ਅਜੇ ਵੀ ਇਹ ਗੱਲ ਸਵੀਕਾਰ ਕਰਨ ਲਈ ਤਿਆਰ ਨਹੀਂ ਹੈ ਕਿ ਹੁਣ ਭਾਰਤ ਵਿਚ ਕਦੇ ਵੀ ਇਕ ਪਾਰਟੀ ਰਾਜ ਨਹੀਂ ਹੋਣਾ ਤੇ ਕਾਂਗਰਸ ਪਾਰਟੀ ਆਜ਼ਾਦੀ ਤੋਂ ਪਹਿਲਾਂ ਤੇ ਜਵਾਹਰ ਲਾਲ ਨਹਿਰੂ ਦੇ ਵੇਲਿਆਂ ਦੀ ਲੋਕਪ੍ਰੀਯਤਾ ਕਦੇ ਵੀ ਮੁੜ ਫੇਰ ਹਾਸਲ ਨਹੀਂ ਕਰ ਸਕੇਗੀ। ਲੋਕਾਂ ਨੂੰ ਇਸ ਗੱਲ ਦਾ ਵੀ ਗਿਆਨ ਹੋ ਗਿਆ ਹੈ ਕਿ ਅਗਰ ਆਜ਼ਾਦੀ ਤੋਂ ਬਾਦ ਦੇ ਅਠਾਰ੍ਹਾਂ ਵੀਹ ਵਰ੍ਹਿਆਂ ਵਿਚ ਸਹੀ ਕਦਮ ਚੁੱਕ ਲਏ ਜਾਂਦੇ ਤਾਂ ਅੱਜ ਨੂੰ ਭਾਰਤ ਵਰਸ਼ ਕਿਤੇ ਦਾ ਕਿਤੇ ਪੁੱਜ ਗਿਆ ਹੋਣਾ ਸੀ।

ਹੁਣੇ ਹੁਣੇ ਹੀ ਸਾਡੇ ਸਾਹਮਣੇ ਸਾਊਥ ਅਫਰੀਕਾ ਦੀ ਪੁਜ਼ੀਸ਼ਨ ਆਈ ਹੈ। ਨੈਲਸਨ ਮੰਡੇਲਾ ਨੇ ਇਹ ਗੱਲ ਮਹਿਸੂਸ ਕਰ ਲਈ ਸੀ ਕਿ ਬੇਸ਼ੱਕ ਉਹ ਆਜ਼ਾਦੀ ਦਾ ਬਹੁਤਾ ਵੱਡਾ ਘੁਲਾਟੀਆ ਸੀ ਪਰ ਉਹ ਚੰਗਾ ਐਡਮਿਨਿਸਟਰੇਟਰ ਸਾਬਤ ਨਹੀਂ ਸੀ ਹੋ ਸਕਿਆ। ਨੈਲਸਨ ਮੰਡੇਲਾ ਨੇ ਚੰਗੀ ਗੱਲ ਇਹ ਸਮਝੀ ਕਿ ਉਹ ਇੱਜ਼ਤ ਮਾਣ ਨਾਲ ਰੀਟਾਇਰ ਹੋ ਜਾਵੇ ਤੇ ਦੇਸ਼ ਦੀ ਵਾਗਡੋਰ ਥਾਬੋ ਮੰਬੇਕੀ ਨੂੰ ਸੰਭਾਲ ਦੇਵੇ। ਜਵਾਹਰ ਲਾਲ ਨਹਿਰੂ ਵੀ ਅਗਰ ਪਹਿਲੇ ਪੰਜਾਂ ਸਾਲਾਂ ਵਿਚ ਹੀ ਇਹ ਕੁਝ ਕਰ ਦਿੰਦੇ ਤਾਂ ਭਾਰਤ ਦਾ ਮੁਸਤਕਬਿੱਲ ਹੋਰ ਕਿਸਮ ਦਾ ਹੋਣਾ ਸੀ। ਪਰ ਇਸ ਤੋਂ ਉਲਟ ਨਹਿਰੂ ਜੀ ਤੋਂ ਬਾਅਦ ਨਹਿਰੂ-ਗਾਂਧੀ ਖਾਨਦਾਨ ਇਕ ਸ਼ਾਹੀ ਘਰਾਣੇ ਵਾਂਗ ਵਿਚਰਨ ਲੱਗਾ। ਜਿਸ ਦਾ ਅਸਰ ਅਜੇ ਤੀਕ ਕਾਇਮ ਹੈ-ਸ਼ਾਇਦ ਦੇਰ ਤੀਕ ਕਾਇਮ ਵੀ ਰਹੇਗਾ ਕਿਉਂਕਿ ਸੋਨੀਆ ਗਾਂਧੀ ਦੇ ਬੁਰੀ ਤਰ੍ਹਾਂ ਫੇਲ੍ਹ ਹੋ ਜਾਣ ਤੋਂ ਬਾਅਦ ਹੁਣ ਕੁਝ ਕਾਂਗਰਸੀ ਕਹਿ ਰਹੇ ਹਨ ਕਿ ਸੋਨੀਆ ਗਾਂਧੀ ਤੇ ਰਾਜੀਵ ਗਾਂਧੀ ਦੀ ਧੀ ਪ੍ਰੀਅੰਕਾ ਨੂੰ ਅੱਗੇ ਲਿਆਂਦਾ ਜਾਵੇ। ਪਰ ਉਹ ਭੁੱਲਦੇ ਹਨ ਕਿ ਇਸ ਕਥਿਤ ਤੌਰ 'ਤੇ ਤਲਿਸਮੀ ਨਾਂ ਦਾ ਅਸਰ ਹੁਣ ਪਹਿਲਾਂ ਜਿੰਨਾ ਨਹੀਂ ਰਿਹਾ। ਸੋਨੀਆ ਗਾਂਧੀ ਅਗਰ ਇਸ ਨਾਂ ਦਾ ਫਾਇਦਾ ਉਠਾ ਸਕਦੀ ਹੁੰਦੀ ਤਾਂ ਉਹ ਅਟਲ ਬਿਹਾਰੀ ਦੀ ਥਾਂ ਉਹ ਖ਼ੁਦ ਹੀ ਦੇਸ਼ ਦੀ ਆਗੂ ਹੁੰਦੀ।

(1999)

# ਯੂ.ਐਨ.ਓ. ਦੀ ਬੁਜ਼ਦਿਲੀ

ਇਨ੍ਹਾਂ ਸਤਰਾਂ ਦੇ ਲਿਖਣ ਤੀਕ ਪੂਰਬੀ ਤੀਮੂਰ ਵਿਚ ਪੰਜ ਹਜ਼ਾਰ ਬੰਦਾ ਪਿਛਲੇ ਦੋ ਦਿਨਾਂ ਵਿਚ ਕਤਲ ਹੋ ਚੁੱਕਾ ਹੈ। ਇੰਡੋਨੇਸ਼ੀਆ ਨੇ ਮਾਰਸ਼ਲ ਲਾਅ ਲਗਾ ਦਿੱਤਾ ਹੈ। ਬਰਤਾਨੀਆ ਅਤੇ ਅਮਰੀਕਾ ਦੇ ਵਿਦੇਸ਼ ਸਕੱਤਰ ਡਾਰਵਿਨ ਵਿਖੇ ਮੀਟਿੰਗ ਕਰ ਰਹੇ ਹਨ ਤੇ ਗੁਆਂਢੀ ਦੇਸ਼ ਆਸਟਰੇਲੀਆ ਨੇ ਅਠਤਾਲੀਆਂ ਘੰਟਿਆਂ ਦਾ ਅਲਟੀਮੇਟਮ ਦੇ ਕੇ ਆਪਣੀਆਂ ਫੌਜਾਂ ਰੈੱਡ ਅਲਰਟ ਉੱਤੇ ਕਰ ਦਿੱਤੀਆਂ ਹੈ। ਉਹ ਕਹਿੰਦੇ ਹਨ ਕਿ ਉਹ ਇੰਡੋਨੇਸ਼ੀਆ ਵਿਰੁਧ ਆਰਥਿਕ ਨਾਕਾਬੰਦੀ ਲਾਉਣਗੇ। ਇਸ ਦੇ ਵਿਦੇਸ਼ ਮਾਮਲਿਆਂ ਦੇ ਦਫਤਰ ਦੇ ਇਕ ਮੰਤਰੀ ਜੌਨ ਬੈਟਲ ਇੰਡੋਨੇਸ਼ੀਆ ਦੀ ਰਾਜਧਾਨੀ ਜਕਾਰਟਾ ਵਿਚ ਹਨ ਤੇ ਇਸ ਸਥਿਤੀ ਬਾਰੇ ਉਥੋਂ ਦੀ ਸਰਕਾਰ ਨਾਲ ਗੱਲਬਾਤ ਕਰ ਰਹੇ ਹਨ। ਦੁਨੀਆਂ ਦੇ ਅਨੇਕਾਂ ਦੇਸ਼ ਸੰਯੁਕਤ ਰਾਸ਼ਟਰ ਸੰਘ ਉੱਤੇ ਜ਼ੋਰ ਪਾ ਰਹੇ ਹਨ ਕਿ ਉਹ ਤਰੱਕੀ ਪਸੰਦ ਹੀ ਨਹੀਂ ਬਲਕਿ ਤੀਜੀ ਦੁਨੀਆਂ ਦੇ ਦੇਸ਼ਾਂ ਨੂੰ ਵੀ ਹੁਕਮ ਦੇਣ ਕਿ ਉਹ ਇੰਡੋਨੇਸ਼ੀਆ ਵਿਰੁੱਧ ਮੁਕੰਮਲ ਵਪਾਰਕ ਨਾਕਾਬੰਦੀ ਲਗਾ ਦੇਣ ਕਿਉਂਕਿ ਇੰਡੋਨੇਸ਼ੀਆ ਦੀ ਫੌਜ ਪੂਰਬੀ ਤੀਮੂਰ ਵਿਚਲੇ ਐਂਟੀ-ਸਿਵਲੀਅਨ ਜਾਂ ਐਂਟੀ-ਇੰਡੀਪੈਂਡੈਂਸ ਮੀਲੀਸ਼ੀਆ ਦਾ ਸਾਥ ਦੇ ਰਹੀ ਹੈ। ਇਸ ਮੀਲੀਸ਼ੀਆ ਦੇ ਖਾੜਕੂ ਆਮ ਜਨਤਾ ਨੂੰ ਕਤਲ ਕਰ ਰਹੇ ਹਨ। ਇਹ ਗੱਲ ਨੋਟ ਕਰਨ ਵਾਲ਼ੀ ਹੈ ਕਿ ਬਰਤਾਨੀਆ ਨੇ ਕਿਹਾ ਹੈ ਕਿ ਇਹੋ ਜਿਹੀਆਂ ਵਪਾਰਕ ਪਾਬੰਦੀਆਂ ਕੁਝ ਨਹੀਂ ਕਰ ਸਕਦੀਆਂ। ਅਸੀਂ ਟੋਨੀ ਬਲੇਅਰ ਤੋਂ ਪੁਛਦੇ ਹਾਂ ਕਿ ਕੀ ਵਪਾਰਕ ਖੱਟੀ ਲਈ ਮਨੁੱਖੀ ਕਦਰਾਂ-ਕੀਮਤਾਂ ਤੇ ਮਨੁੱਖੀ ਆਜ਼ਾਦੀ ਆਦਿ ਸਭ ਕੁਝ ਨੂੰ ਹੀ ਛਿੱਕੇ ਟੰਗ ਦੇਈਦਾ ਹੈ?

ਪੂਰਬੀ ਤੀਮੂਰ 1701 ਵਿਚ ਪੁਰਤਗੀਜ਼ ਬਸਤੀ ਬਣ ਗਈ ਸੀ ਪਰ ਦਸੰਬਰ 1975 ਵਿਚ ਇਸ ਨੂੰ ਇੰਡੋਨੇਸ਼ੀਆ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਸੀ। ਉਸੇ ਦਿਨ ਤੋਂ ਹੀ ਪੂਰਬੀ ਤੀਮੂਰ ਦੇ ਲੋਕਾਂ ਨੇ ਆਪਣੀ ਆਜ਼ਾਦੀ ਲਈ ਤਕੜਾ ਸੰਘਰਸ਼ ਸ਼ੁਰੂ ਕਰ ਦਿੱਤਾ ਸੀ। ਉਥੋਂ ਦੇ ਲੋਕ ਸੋਚਦੇ ਹਨ ਕਿ ਉਨ੍ਹਾਂ ਨੇ ਮਸਾਂ ਹੀ ਪੁਰਤਗਾਲੀ ਹੁਕਮਰਾਨਾਂ ਨੂੰ ਗਲੋਂ ਲਾਹਿਆ ਸੀ ਕਿ ਉਹ ਇੰਡੋਨੇਸ਼ੀਆ ਦੇ ਹੁਕਮਰਾਨ ਜਨਰਲ ਸੁਹਾਰਤੋ ਦੇ ਪੰਜੇ ਹੇਠ ਆ ਗਏ ਸਨ। ਭਾਵੇਂ ਇੰਡੋਨੇਸ਼ੀਆ ਨੇ ਪੂਰਬੀ ਤੀਮੂਰ ਨੂੰ ਦਸਬੰਰ 1975 ਵਿਚ ਹਾਸਲ ਕੀਤਾ ਸੀ ਪਰ ਇਸ ਦੀ ਆਜ਼ਾਦੀ ਦਾ ਸੰਘਰਸ਼ ਤਾਂ ਦੋ ਸੌ ਸਾਲ ਪਹਿਲਾਂ ਤੋਂ ਚੱਲਿਆ ਹੋਇਆ ਸੀ। ਇਸੇ ਲਈ ਜਦੋਂ ਇੰਡੋਨੇਸ਼ੀਆ ਨੇ ਇਸ ਛੋਟੇ ਜਿਹੇ ਦੇਸ਼ ਉਤੇ ਕਬਜ਼ਾ ਕਰ ਲਿਆ ਤਾਂ ਇਸ ਦੇ ਸੰਘਰਸ਼ਮਈ ਲੋਕਾਂ ਵਿਚ ਹੋਰ ਵੀ ਰੋਹ ਜਾਗ ਪਿਆ। ਪੂਰਬੀ ਤੀਮੂਰ ਦੇ ਲੋਕਾਂ ਦੇ ਸੰਘਰਸ਼ ਦਾ ਮੋਹਰੀ ਉਥੋਂ ਦਾ ਨੈਲਸਨ ਮੰਡੇਲਾ ਜ਼ਾਨਾਨਾ ਗ਼ਜ਼ਮਾਓ ਸੀ ਜੀਹਨੂੰ ਇੰਡੋਨੇਸ਼ੀਆ ਨੇ 1993 ਵਿਚ ਵੀਹਾਂ ਸਾਲਾਂ

ਲਈ ਸੀਖਾਂ ਪਿੱਛੇ ਕਰ ਦਿੱਤਾ ਸੀ। ਪਰ ਫਿਰ ਵੀ ਨੋਬਲ ਇਨਾਮ ਦੇਣ ਵਾਲੀ ਕਮੇਟੀ ਨੇ ਉਸ ਨੂੰ ਨੋਬਲ ਅਮਨ ਇਨਾਮ ਪ੍ਰਦਾਨ ਕੀਤਾ ਸੀ। ਆਖਰ ਏਸ ਸਾਲ ਪੂਰਬੀ ਤੀਮੂਰ ਦੇ ਲੋਕਾਂ ਦਾ ਸੰਘਰਸ਼ ਕਾਮਯਾਬ ਹੋਇਆ ਤੇ ਕੌਮਾਂਤਰੀ ਤਬਾਅ ਅਤੇ ਸੰਯੁਕਤ ਰਾਸ਼ਟਰ ਮਹਾਂਸਭਾ ਦੇ ਦਬਾਅ ਉੱਤੇ ਇੰਡੋਨੇਸ਼ੀਆ ਇਸ ਗੱਲ ਲਈ ਸਹਿਮਤ ਹੋ ਗਿਆ ਕਿ ਅਗਰ ਪੂਰਬੀ ਤੀਮੂਰ ਦੇ ਲੋਕਾਂ ਨੇ ਆਜ਼ਾਦੀ ਲੈਣੀ ਹੈ ਤਾਂ ਉਹ ਇਕ ਲੋਕ-ਰਾਇ ਵਿਚ ਵੋਟਿੰਗ ਕਰਨ। ਅਗਰ ਬਹੁਸੰਮਤੀ ਨੇ ਆਖ ਦਿੱਤਾ ਕਿ ਉਹ ਇੰਡੋਨੇਸ਼ੀਆ ਦੀ ਹਕੂਮਤ ਹੇਠ ਨਹੀਂ ਰਹਿਣਾ ਚਾਹੁੰਦੇ ਤਾਂ ਉਨ੍ਹਾਂ ਨੂੰ ਆਜ਼ਾਦੀ ਦੇ ਦਿੱਤੀ ਜਾਵੇਗੀ। ਜਦੋਂ ਇਹ ਰਾਇਸ਼ੁਮਾਰੀ ਹੋਈ ਤਾਂ 82 ਫੀਸਦੀ ਲੋਕਾਂ ਨੇ ਆਜ਼ਾਦੀ ਦੇ ਹੱਕ ਵਿਚ ਫਤਵਾ ਦਿੱਤਾ। ਲੇਕਿਨ ਇਸ ਲੋਕ-ਰਾਇ ਤੀਕ ਅੱਪੜਨ ਤੱਕ ਪੰਝੀਆਂ ਸਾਲਾਂ ਵਿਚ ਇੰਡੋਨੇਸ਼ੀਆ ਫੌਜੀਆਂ ਨੇ 9 ਲੱਖ ਦੀ ਆਬਾਦੀ ਵਿਚੋਂ ਇਸ ਦੇ ਦੋ ਲੱਖ ਬੰਦੇ ਮਾਰ ਦਿੱਤੇ। ਲੋਕ-ਰਾਇ ਦੀ ਨਿਗਰਾਨੀ ਭਾਵੇਂ ਯੂ ਐਨ ਓ ਦੇ ਨਿਰੀਖਕ ਨੇ ਕੀਤੀ ਸੀ ਪਰ ਫਿਰ ਵੀ ਇੰਡੋਨੇਸ਼ੀਆ ਦੇ ਫੌਜੀਆਂ ਦੀ ਸ਼ਹਿ ਉੱਤੇ ਹਥਿਆਰਬੰਦ ਮਲੀਸ਼ੀਆ ਨੇ ਲੋਕਾਂ ਨੂੰ ਧਮਕੀਆਂ ਦੇਣੀਆਂ ਬੰਦ ਨਹੀਂ ਸੀ ਕੀਤੀਆਂ ਤੇ ਉਹ ਕਤਲ ਕਰਨੋਂ ਵੀ ਨਹੀਂ ਸਨ ਹਟੇ। ਇਥੋਂ ਤੀਕ ਕਿ ਇਸ ਦੌਰਾਨ ਯੂ.ਐੱਨ.ਓ. ਦੇ ਵੀ ਛੇ ਅਫਸਰ ਮਾਰੇ ਗਏ ਸਨ। ਮਜ਼ੇਦਰ ਗੱਲ ਇਹ ਹੈ ਕਿ ਸੰਯੁਕਤ ਰਾਸ਼ਟਰ ਮਹਾਂ ਸਭਾ, ਇਸ ਦੀ ਬਜਾਇ ਕਿ ਪੂਰਬੀ ਤੀਮੂਰ ਦੇ ਲੋਕਾਂ ਦੀ ਰੱਖਿਆ ਕਰਦੀ ,ਇਸ ਨੇ ਆਪਣੇ ਕਰਮਚਾਰੀਆਂ ਨੂੰ ਹੀ ਦੇਸ ਛੱਡ ਜਾਣ ਦੇ ਹੁਕਮ ਦੇ ਦਿੱਤੇ। ਦੁਨੀਆਂ ਦੇ ਕੁਝ ਦੇਸ਼ ਮੰਗ ਕਰ ਰਹੇ ਹਨ ਕਿ ਇਕ ਦਮ ਸੁਰੱਖਿਆ ਕੌਂਸਲ ਦੇ ਪੰਜ ਸਥਾਈ ਮੈਂਬਰਾਂ ਦੀ ਮੀਟਿੰਗ ਬੁਲਾਈ ਜਾਵੇ ਤਾਂ ਜੁ ਉਹ ਪੂਰਬੀ ਤੀਮੂਰ ਵਿਚ ਚੱਲ ਰਹੇ ਕਤਲਾਂ ਨੂੰ ਰੋਕੇ, ਮਲੀਸ਼ੀਆ ਦੇ ਨੱਥ ਪਾਵੇ ਤੇ ਪੂਰਬੀ ਤੀਮੂਰ ਵਿਚ ਹੋਈ ਲੋਕ-ਰਾਇ ਦਾ ਸਤਿਕਾਰ ਕਰਦਿਆਂ ਹੋਇਆਂ ਇਸ ਨੂੰ ਪੂਰਨ ਆਜ਼ਾਦੀ ਦੇਵੇ। ਪਾਠਕਾਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਸੁਰੱਖਿਆ ਕੌਂਸਲ ਹੀ ਨਹੀਂ ਸਮੁੱਚੀ ਯੂ ਐਨ ਓ ਹੀ ਇਕ ਦੰਦ- ਰਹਿਤ ਸੰਸਥਾ ਹੈ। ਜਿੱਥੇ ਸੰਯੁਕਤ ਰਾਸ਼ਟਰ ਸਭਾ ਕਿਸੇ ਵੀ ਸਥਿਤੀ ਵਿਚ ਕਿਸੇ ਦੀ ਹਥਿਆਰਾਂ ਨਾਲ ਰੱਖਿਆ ਨਹੀਂ ਕਰ ਸਕਦੀ, ਉੱਥੇ ਸੁਰੱਖਿਆ ਕੌਂਸਲ ਦੀ ਸਮੱਸਿਆ ਇਹ ਹੈ ਕਿ ਇਸ ਦਾ ਹਰ ਮੈਂਬਰ ਵੀਟੋ ਦੀ ਵਰਤੋਂ ਕਰਨ ਦਾ ਹੱਕਦਾਰ ਹੈ। ਅਗਰ ਕੱਲ੍ਹ ਨੂੰ ਇਨ੍ਹਾਂ ਤੋਂ ਇਹ ਗੱਲ ਪੁੱਛੀ ਜਾਵੇ ਕਿ ਪੂਰਬੀ ਤੀਮੂਰ ਦੀ ਆਜ਼ਾਦੀ ਲਈ ਸੁਰੱਖਿਆ ਕੌਂਸਲ ਇਸ ਦੀ ਸੁਰੱਖਿਆ ਦੀ ਗਾਰੰਟੀ ਲਵੇ ਤਾਂ ਚੀਨ ਸਭ ਤੋਂ ਪਹਿਲਾ ਦੇਸ਼ ਹੋਵੇਗਾ ਜਿਹੜਾ ਇਕਦਮ ਵੀਟੋ ਦੀ ਵਰਤੋਂ ਕਰੇਗਾ ਕਿਉਂਕਿ ਅਗਰ ਲੋਕ-ਰਾਇ ਨਾਲ ਹੀ ਕਿਸੇ ਬਸਤੀ ਨੂੰ ਆਜ਼ਾਦੀ ਦਿੱਤੀ ਜਾ ਸਕਦੀ ਹੈ ਤਾਂ ਚੀਨ ਨੂੰ ਇਕਦਮ ਤਿੱਬਤ ਦਾ ਫਿਕਰ ਪੈ ਜਾਵੇਗਾ। ਤਿੱਬਤ ਚੀਨ ਦੀ ਸਰਦਾਰੀ ਹੇਠ ਹੈ। ਦਲਾਈਲਾਮਾ ਜਿਹੜੇ ਕਿ ਇਸ ਵੇਲੇ 1959 ਤੋਂ ਭਾਰਤ ਵਿਚ ਜਲਾਵਤਨ ਹਨ, ਦਾ ਦਾਅਵਾ ਹੈ ਕਿ ਅਗਰ ਤਿੱਬਤ ਵਿੱਚ ਲੋਕ-ਰਾਇ ਕਰਵਾਈ ਜਾਵੇ ਤਾਂ ਯਕੀਨਨ ਤਿੱਬਤ ਚੀਨ ਦੀ ਥਾਂ ਮੁਕੰਮਲ ਆਜ਼ਾਦੀ ਨੂੰ ਤਰਜੀਹ ਦੇਵੇਗਾ। ਯਾਦ ਰਹੇ ਕਿ ਚੀਨ ਤੋਂ ਇਲਾਵਾ ਸੁਰੱਖਿਆ ਕੌਂਸਲ ਦੇ ਦੂਜੇ ਮੈਂਬਰ ਬਰਤਾਨੀਆ, ਰੂਸ, ਫਰਾਂਸ ਅਤੇ ਅਮਰੀਕਾ ਹਨ। ਲੋਕ-ਰਾਇ ਦੀ ਗੱਲ ਚੱਲੀ ਤਾਂ ਇਹ ਗੱਲ ਯਾਦ ਕਰ ਲੈਣੀ ਜ਼ਰੂਰੀ ਹੈ ਕਿ ਪਾਕਿਸਤਾਨ ਵੀ ਪੂਰਬੀ ਤੀਮੂਰ ਦੀ ਸਥਿਤੀ ਨੂੰ ਬੜਾ ਨੇੜਿਓਂ ਦੇਖ ਰਿਹਾ ਹੈ ਕਿਉਂਕਿ ਕਸ਼ਮੀਰ ਦੇ ਸੁਆਲ ਉੱਤੇ ਪਾਕਿਸਤਾਨ ਨੂੰ ਇਸ ਕਿਸਮ ਦੀ ਰਾਇਸ਼ੁਮਾਰੀ ਨਾਲ ਬੜੀ

ਦਿਲਚਸਪੀ ਹੈ। ਜਿੱਥੇ ਪੂਰਬੀ ਤੀਮੂਰ ਵਿਚ ਬਹੁਗਿਣਤੀ ਇਸਾਈਆਂ ਦੀ ਹੈ, ਉੱਥੇ ਕਸ਼ਮੀਰ ਵਿਚ ਬਹੁਗਿਣਤੀ ਮੁਸਲਮਾਨਾਂ ਦੀ ਹੈ। ਪਾਕਿਸਾਨ ਵਿਸ਼ਵਾਸ ਕਰਨਾ ਚਾਹੁੰਦਾ ਹੈ ਕਿ ਅਗਰ ਕੱਲ੍ਹ ਨੂੰ ਕਸ਼ਮੀਰ ਵਿਚ ਰਾਇ ਸ਼ੁਮਾਰੀ ਹੋਵੇ ਥਾ ਯਕੀਨਨ ਕਸ਼ਮੀਰੀ ਮੁਸਲਮਾਨ ਪਾਕਿਸਤਾਨ ਨਾਲ ਹੀ ਮਿਲਣਾ ਚਾਹੁੰਣਗੇ ਪਰ ਇਹ ਗੱਲ ਜਦੋਂ ਅਮਰੀਕਾ ਦੇ ਕੰਨੀਂ ਪਈ ਤਾਂ ਉਨ੍ਹਾਂ ਨੇ ਭਾਰਤ ਦਾ ਸਾਥ ਦਿੰਦਿਆਂ ਕਿਹਾ ਕਿ ਪੂਰਬੀ ਤੀਮੂਰ ਤੇ ਕਸ਼ਮੀਰ ਦੀ ਸਥਿਤੀ ਅਲੱਗ ਹੈ ਤੇ ਕਸ਼ਮੀਰ ਦੇ ਸੁਆਲ ਨੂੰ ਇਸ ਵਿਚ ਰਲਗੱਡ ਕਰਨਾ ਚਾਹੀਦਾ।

ਪਿਛਲੇ ਸਾਲ ਜਦੋਂ ਇੰਡੋਨੇਸ਼ੀਆ ਦੇ ਪ੍ਰਧਾਨ ਸੁਕਾਰਨੋ ਦਾ ਤਖਤਾ ਉਲਟਾਇਆ ਗਿਆ ਸੀ ਤਾਂ ਲੋਕਾਂ ਨੇ ਆਸ ਕੀਤੀ ਸੀ ਕਿ ਨਵਾਂ ਸਦਰ ਹਬੀਬੀ ਇੰਡੋਨੇਸ਼ੀਆ ਵਿਚ ਤਕੜੇ ਸੁਧਾਰ ਲਿਆਵੇਗਾ। ਹਬੀਬੀ ਲਈ ਸਭ ਤੋਂ ਪਹਿਲਾ ਕੰਮ ਇਹ ਸੀ ਕਿ ਉਹ ਦੇਸ਼ ਵਿਚ ਰਿਸ਼ਵਤਖੋਰੀ ਦੇ ਫੈਲੇ ਹੋਏ ਕੋਹੜ ਨੂੰ ਰੋਕਦਾ ਤੇ ਇਸ ਕੋਹੜ ਨੂੰ ਫੈਲਾਉਣ ਦਾ ਮੋਢੀ ਸੁਕਾਰਨੋ ਹਿਰਾਸਤ ਵਿੱਚ ਲਿਆ ਜਾਂਦਾ। ਉਸ ਦੇ ਅਤੇ ਉਸ ਦੇ ਪਰਿਵਾਰ ਦੇ ਲੱਖਾਂ ਦੇ ਸਵਿਸ ਖਾਤੇ ਫਰੀਜ਼ ਕਰ ਲਏ ਜਾਂਦੇ ਤੇ ਉਸ ਦੀਆਂ ਅਤੇ ਉਸ ਦੇ ਪਰਿਵਾਰ ਦੀਆਂ ਇੰਡੋਨੇਸ਼ੀਆ ਵਿਚਲੀਆਂ ਕਰੋੜਾਂ ਦੀਆਂ ਜਾਇਦਾਦਾਂ ਕੁਰਕ ਕ੍ਰ ਲਈਆਂ ਜਾਂਦੀਆਂ ਪਰ ਹਬੀਬੀ ਨੇ ਇੰਝ ਨਹੀਂ ਕੀਤਾ। ਇੰਡੋਨੇਸ਼ੀਆ ਦੇ ਲੋਕ ਪਹਿਲਾਂ ਵਾਂਗ ਹੀ ਕਹਿਰ ਦਾ ਸ਼ਿਕਾਰ ਹੁੰਦੇ ਗਏ ਅਮੀਰਾਂ ਦੀਆਂ ਤਿਜੌਰੀਆਂ ਭਰਦੀਆਂ ਗਈਆਂ ਅਤੇ ਗਰੀਬਾਂ ਦੀ ਭੁੱਖਮਰੀ ਵਿਚ ਵਾਧਾ ਹੁੰਦਾ ਗਿਆ। ਹਬੀਬੀ ਸੁਕਾਰਨੋ ਨੂੰ ਬਚਾਉਣ ਵਾਲਾ ਪਰਧਾਨ ਸਿੱਧ ਹੋਇਆ। ਸੁਕਾਰਨੋ ਦੇ ਜਾਣ ਦੇ ਬਾਵਜੂਦ ਵੀ ਪੂਰਬੀ ਤੀਮੂਰ ਉੱਤੇ ਕਹਿਰ ਢਹਿੰਦੇ ਰਹੇ। ਹੁਣ ਵਾਲੀ ਸਥਿਤੀ, ਜੇਕਰ ਸੁਕਰਾਨੋ ਸੱਤਾ ਵਿਚ ਹੁੰਦਾ, ਤਾਂ ਕਿਸੇ ਤਰ੍ਹਾਂ ਵੀ ਵੱਖਰੀ ਨਹੀਂ ਸੀ ਹੋਣੀ। ਇਹ ਗੱਲ ਡੂੰਘੇ ਵਿਚਾਰ ਦੀ ਮੰਗ ਕਰਦੀ ਹੈ ਕਿ ਹੁਣ ਤੋਂ ਬਾਅਦ ਸੰਯੁਕਤ ਰਾਸ਼ਟਰ ਮਹਾਂ ਸਭਾ ਨੂੰ ਇਕ ਦੰਦ-ਰਹਿਤ ਸੰਸਥਾ ਨਾ ਰਹਿਣ ਦਿੱਤਾ ਜਾਵੇ। ਅਗਰ ਇੰਝ ਨਾ ਕੀਤਾ ਗਿਆ ਤਾਂ ਨਾਟੋ ਮੈਦਾਨ ਵਿਚ ਆ ਜਾਵੇਗਾ। ਇਹ ਗੱਲ ਤਾਂ ਐਵੇਂ ਕੁਝ ਹਫਤੇ ਹੀ ਪੁਰਾਣੀ ਹੈ ਕਿ ਨਾਟੋ ਨੇ ਯੂ.ਐਨ.ਓ. ਦੀ ਪ੍ਰਵਾਹ ਕੀਤੇ ਬਿਨਾ ਹੀ ਕੋਸੋਵੋ ਦੇ ਲੋਕਾਂ ਦੇ ਸਰਬਨਾਸ ਨੂੰ ਰੋਕ ਲਿਆ ਸੀ।

ਜਕਾਰਤਾ ਨੂੰ ਇਹ ਗੱਲ ਗਵਾਰਾ ਨਹੀਂ ਹੈ ਕਿ ਉਸ ਕੋਲੋਂ ਪੂਰਬੀ ਤੀਮੂਰ ਜਾਂਦਾ ਲੱਗੇ। ਇੰਡੋਨੇਸ਼ੀਆ ਦੇ ਰਾਜਨੀਤਕਾਂ ਉਤੇ ਮਿਲਟਰੀ ਭਾਰੂ ਹੈ। ਇਹ ਗੱਲ ਵੀ ਕਹਿਣੀ ਬਣਦੀ ਹੈ ਕਿ ਇੰਡੋਨੇਸ਼ੀਆ ਵੱਲੋਂ 1975 ਵਿਚ ਕੀਤੇ ਗਏ ਪੂਰਬੀ ਤੀਮੂਰ ਦੇ ਕਬਜ਼ੇ ਨੂੰ ਸਿਰਫ ਆਸਟਰੇਲੀਆ ਨੇ ਹੀ ਮਾਣਤਾ ਦਿੱਤੀ ਸੀ ਤੇ ਹੁਣ ਆਸਟਰੇਲੀਆ ਆਪਣੀ ਜ਼ਿੰਮੇਵਾਰੀ ਤੋਂ ਪਰ੍ਹਾਂ ਦੌੜ ਰਿਹਾ ਹੈ। ਅਸਟਰੇਲੀਆ ਦੇ ਪ੍ਰਧਾਨ ਮੰਤਰੀ ਜੌਨ ਹਾਵਰਡ ਇਸ ਪੁਜ਼ੀਸ਼ਨ ਵਿਚ ਹਨ ਕਿ ਉਹ ਇੰਡੋਨੇਸ਼ੀਆ ਦੀ ਹਕੂਮਤ ਉੱਤੇ ਜ਼ੋਰ ਪਾ ਸਕਦੇ ਹਨ ਕਿ ਪੂਰਬੀ ਤੀਮੂਰ ਵਿਚ ਹੋ ਰਹੀ ਕਤਲੋਗਾਰਤ ਨੂੰ ਰੋਕਿਆ ਜਾਵੇ। ਉਥੋਂ ਦੀ ਰਾਜਧਾਨੀ ਡਿੱਲੀ ਨੂੰ ਇੰਡੋਨੇਸ਼ੀਆ ਦੇ ਫੌਜੀ ਹਥਿਆਰਬੰਦ ਮਲੀਸ਼ੀਆ ਸਮੇਤ ਚੰਗੀ ਤਰ੍ਹਾਂ ਲੁੱਟ ਰਹੇ ਹਨ। ਨੋਬਲ ਇਨਾਮ ਜੇਤੂ ਪੂਰਬੀ ਤੀਮੂਰ ਦੇ ਕਵੀ ਜੋਜ਼ੇ ਰੇਮੋਸ ਹੋਰਟਾ ਨੇ ਅਸਟਰੇਲੀਆ ਦੇ ਟੈਲੀਵੀਯਨ ਉੱਤੇ ਆਖਿਆ ਹੈ ਕਿ ਇੰਡੋਨੇਸ਼ੀਆ ਉਨ੍ਹਾਂ ਦੇ ਦੇਸ਼ ਨੂੰ ਤਹਿਸ ਨਹਿਸ ਕਰਨਾ ਚਾਹੁੰਦਾ ਹੈ। ਉਥੋਂ ਦੇ ਫੌਜੀਆਂ ਨੇ ਡਿੱਲੀ ਦਾ ਮੁੱਢਲਾ ਢਾਂਚਾ ਤਬਾਹ ਕਰ ਦਿੱਤਾ ਹੈ। ਸਕੂਲ, ਕਾਲਜ, ਹਸਪਤਾਲ ਤੇ ਲਾਇਬਰੇਰੀਆਂ

ਢਾਹ ਦਿੱਤੀਆਂ ਹਨ। ਬੁੱਧੀਜੀਵੀਆਂ ਨੂੰ ਕਤਲ ਕੀਤਾ ਜਾ ਰਿਹਾ ਹੈ ਤਾਂ ਜੁ ਸਿਆਣੇ ਲੋਕ ਮੁੜ ਫੇਰ ਰਾਇਸ਼ੁਮਾਰੀ ਅਤੇ ਬਗਾਵਤ ਬਾਰੇ ਸੋਚਣ ਵੀ ਨਾ। ਡਾਰਵਿਨ ਵਿਚ ਪਹੁੰਚੀ ਇਕ ਸਹਾਇਤਾ ਵਰਕਰ ਮਰੀਆ ਬਰਨਾਰਡੀ ਨੇ ਦੱਸਿਆ ਹੈ ਕਿ ਹਥਿਆਰਬੰਦ ਮਲੀਸ਼ੀਆ ਨੇ ਘੱਟੋ-ਘੱਟ ਤਿੰਨ ਹਜ਼ਾਰ ਰਫਿਊਜੀ ਮਾਰ ਦਿੱਤੇ ਹਨ। ਹਰ ਪਾਸੇ ਕਹਿਰ ਅਤੇ ਅੱਤਿਆਚਾਰ ਦਾ ਬੋਲ-ਬਾਲਾ ਹੈ। ਦੁਨੀਆਂ ਦੇ ਏਸ ਖਿੱਤੇ ਵਿਚ ਇਕ ਅਸਟਰੇਲੀਆ ਹੀ ਅਜਿਹਾ ਦੇਸ਼ ਹੈ ਜਿਹੜਾ ਫੁਰਤੀ ਨਾਲ ਹਰਕਤ 'ਚ ਆ ਸਕਦਾ ਹੈ ਪਰ ਉਹ ਕਹਿ ਰਿਹਾ ਹੈ ਕਿ ਜਿੰਨੀ ਦੇਰ ਤੀਕ ਜਕਾਰਤਾ ਵੱਲੋਂ ਹਰੀ ਝੰਡੀ ਨਹੀਂ ਮਿਲਦੀ, ਉਹ ਕੁਝ ਨਹੀਂ ਕਰ ਸਕਦਾ। ਭਲਾ ਏਸ ਵੇਲੇ ਬਰਤਾਨੀਆ ਤੇ ਅਮਰੀਕਾ ਕਿਉਂ ਅਸਟਰੇਲੀਆ ਨੂੰ ਮਜਬੂਰ ਨਹੀਂ ਕਰਦੇ? ਬਲਕਿ ਜੇਕਰ ਅਸਟਰੇਲੀਆ ਦੇ ਫੌਜੀ ਉੱਥੇ ਚਲੇ ਵੀ ਜਾਣ ਤਾਂ ਤਦ ਵੀ ਅਮਰੀਕਾ ਤੇ ਬਰਤਾਨੀਆ ਨੂੰ ਉਨ੍ਹਾਂ ਦੀ ਮਦਦ ਕਰਨੀ ਹੀ ਚਾਹੀਦੀ ਹੈ।

ਉਧਰ ਪੁਰਤਗਾਲ ਵੀ ਹਜ਼ਾਰਾਂ ਹੀ ਲੋਕਾਂ ਦੇ ਕਤਲ ਦਾ ਦੋਸ਼ੀ ਹੈ ਕਿਉਂਕਿ ਪੂਰਬੀ ਤੀਮੂਰ ਪਹਿਲਾਂ ਪੁਰਤਗਾਲ ਦੀ ਬਸਤੀ ਹੀ ਹੋਇਆ ਕਰਦਾ ਸੀ। 1975 ਵਿਚ ਮਾਰਸੈਲੋ ਕੋਤਾਨੋ ਦੀ ਸਰਕਾਰ ਨੇ ਉਸ ਦੀ ਕੋਈ ਸਹਾਇਤਾ ਨਹੀਂ ਸੀ ਕੀਤੀ। ਬਾਅਦ ਵਿਚ ਖੱਬੇ-ਪੱਖੀ ਫਰੈਂਟਲਿਨ ਦੀ ਸਰਕਾਰ ਨੂੰ ਵੀ ਇਕ ਦਮ ਇੰਡੋਨੇਸ਼ੀਆ ਨੇ ਗਿਰਾ ਦਿੱਤਾ ਸੀ। ਉਪਰੰਤ ਹਜ਼ਾਰਾਂ ਹੀ ਲੋਕ ਕਤਲ ਕਰ ਦਿੱਤੇ ਗਏ ਸਨ। ਮੁਕਦੀ ਗੱਲ ਇਹ ਹੈ ਕਿ ਸੰਯੁਕਤ ਰਾਸ਼ਟਰ ਮਹਾਂ ਸਭਾ ਹੀ ਇਸ ਝਗੜੇ ਨੂੰ ਨਿਬੇੜ ਸਕਦੀ ਹੈ। ਇਕ ਤਾਂ ਕਾਰਨ ਇਹ ਹੈ ਕਿ ਜਦੋਂ ਪਿਛਲੇ ਸਾਲ ਸੁਕਾਰਨੋ ਦੀ ਇੰਡੋਨੇਸ਼ੀਆ ਸਰਕਾਰ ਡਿੱਗੀ ਸੀ ਤਾਂ ਉਥੋਂ ਦੇ ਨਵੇਂ ਪ੍ਰਧਾਨ ਬੀ ਜੇ ਹਬੀਬੀ ਨੇ ਕੌਲ ਕੀਤਾ ਸੀ ਕਿ ਅਗਰ ਪੂਰਬੀ ਤੀਮੂਰ ਵਿਚ ਯੂ.ਐਨ.ਓ. ਦੀ ਛਤਰ-ਛਾਇਆ ਹੇਠ ਰਾਇਸ਼ੁਮਾਰੀ ਹੋ ਜਾਵੇ ਤਾਂ ਇੰਡੋਨੇਸ਼ੀਆ ਨੂੰ ਲੋਕਾਂ ਦਾ ਫੈਸਲਾ ਮਨਜ਼ੂਰ ਹੋਵੇਗਾ। ਹੁਣ ਜਦੋਂ ਰਾਇ ਸ਼ੁਮਾਰੀ ਵਿਚ ਬਹੁਸੰਮਤੀ ਨੇ ਆਜ਼ਾਦੀ ਲਈ ਫਤਵਾ ਦੇ ਦਿੱਤਾ ਹੈ ਤਾਂ ਇੰਡੋਨੇਸ਼ੀਆ ਦੇ ਫੌਜੀਆਂ ਅਤੇ ਪਰੋ-ਇੰਡੋਨੇਸ਼ੀਆ ਮਲੀਸ਼ੀਆ ਨੇ ਕਹਿਰ ਢਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਹਾਲਤ ਵਿਚ ਯੂ ਐਨ ਓ ਸਭ ਕੁਝ ਛੱਡ ਛੁਡਾ ਕੇ ਦੌੜਨ ਦੀ ਕੋਸ਼ਿਸ਼ ਕਰ ਰਿਹਾ ਹੈ। ਯੂ ਐਨਓ ਅਗਰ ਹੁਣ ਬੁਜ਼ਦਿਲੀ ਦਿਖਾਏਗਾ ਤਾਂ ਦੁਨੀਆਂ ਦਾ ਭਵਿੱਖ ਹਰ ਹੀਲੇ ਧੁੰਦਲਾ ਹੋ ਜਾਵੇਗਾ।

(1994)

# ਸਾਡੇ ਪਿੰਡ ਵਿਚ ਪਾ ਕੇ ਹੱਟੀ...!

ਮੈਂ ਰਾਤੀਂ ਹੀ ਰੇਡੀਓ ਉਤੇ ਇਹ ਗਾਣਾ ਵਜਾਇਆ ਸੀ "ਸਾਡੇ ਪਿੰਡ ਵਿਚ ਪਾ ਕੇ ਹੱਟੀ, ਵੇ ਮੋਹ ਲਈ ਬੁਲਬੁਲ ਵਰਗੀ ਜੱਟੀ, ਵੇ ਖੱਟ ਗਿਓਂ ਖੱਟੀ। ਵੇ ਹੱਟੀ ਵਾਲਿਆ-ਅਸਾਂ ਕਾਹਨੂੰ ਦਿਲ ਤੇਰੇ ਨਾਲ ਲਾ ਲਿਆ- ਵੇ ਵਣਜਾਰਿਆ।"

ਇਕ ਮਸਤੀ ਜਿਹੀ ਸੀ ਮੇਰੇ ਮਨ 'ਚ ਕਿਉਂਕਿ ਇਹ ਗਾਣਾ ਮੈਨੂੰ ਬੜਾ ਚੰਗਾ ਲੱਗਦਾ ਹੈ। ਪੁਰਾਣੇ ਗਾਣਿਆਂ ਨੂੰ ਸੁਣ ਕੇ ਤੁਹਾਨੂੰ ਬਚਪਨ ਵੀ ਤਾਂ ਯਾਦ ਆ ਜਾਂਦਾ ਹੈ। ਸਕੂਲੇ ਪੜ੍ਹਦਿਆਂ ਅਸੀਂ ਐਹੋ ਜਿਹੇ ਗਾਣੇ ਹੀ ਤਾਂ ਗਾਇਆ ਕਰਦੇ ਸਾਂ ਤੇ ਫਿਰ ਇਹਨਾਂ ਦੀਆਂ ਪੈਰੋਡੀਆਂ ਲਿਖਿਆ ਕਰਦੇ ਸਾਂ। ਸਪੀਕਰਾਂ ਅਤੇ ਰੇਡੀਓ ਉਤੇ ਇਹ ਗਾਣਾ ਅਕਸਰ ਹੀ ਵੱਜਿਆ ਕਰਦਾ ਸੀ ਤੇ ਹੁਣ ਮੈਨੂੰ ਰੇਡੀਓ ਉਤੇ ਵਜਾਉਣ ਲਈ ਸਮਾਂ ਲੱਭਿਆ ਹੈ।

ਇੰਝ ਮਸਤੀ ਵਿਚ ਜਦੋਂ ਮੈਂ ਉਹਦੀ ਗਰੌਸਰੀ ਅਤੇ ਔਫ ਲਾਈਸੈਂਸ ਦੀ ਦੁਕਾਨ ਵਿਚ ਵੜਿਆ ਤਾਂ ਉਹ ਮੈਨੂੰ ਆਮ ਗਾਹਕਾਂ ਦੇ ਸੁਆਗਤ ਕਰਨ ਤੋਂ ਵੱਖਰੇ ਅੰਦਾਜ਼ ਨਾਲ ਤੇ ਬੜੇ ਮੋਹ ਨਾਲ ਮਿਲਿਆ। ਉਸ ਨੇ ਮੇਰਾ ਪੱਕਾ ਰੇਡੀਓ ਦਾ ਸਰੋਤਾ ਅਤੇ ਮੇਰੀਆਂ ਲਿਖਤਾਂ ਦਾ ਕੁਮਿੱਟਡ ਪਾਠਕ ਹੋਣਾ ਵੀ ਜਿਤਾਇਆ। ਪਰ ਬਹੁਤੀ ਉਸ ਨੇ ਮੈਨੂੰ ਇਹ ਗੱਲ ਚੇਤੇ ਕਰਾਈ ਕਿ ਉਹ ਤੇ ਮੈਂ ਕਿੰਨੇ ਹੀ ਸਾਲਾਂ ਤੋਂ ਇਸ ਦੇਸ ਵਿਚ ਰਹਿ ਰਹੇ ਸਾਂ। ਇਕ ਦੂਜੇ ਨੂੰ ਜਾਣਦੇ ਸਾਂ। ਪੁਰਾਣੇ ਵੇਲਿਆਂ ਵਿਚ ਇਕੱਠੇ ਪੱਬ ਨੂੰ ਜਾਇਆ ਕਰਦੇ ਸਾਂ ਤੇ ਕਈ ਵੇਰ ਜੌਬਾਂ ਲੱਭਣ ਦੀ ਟਰਾਈ ਵੀ 'ਕੱਠਿਆਂ ਨੇ ਹੀ ਕੀਤੀ ਸੀ। ਪਰ ਜਿਉਂ ਹੀ ਮੈਂ ਰਸਮੀ 'ਥੈਂਕ ਯੂ' ਤੋਂ ਬਾਅਦ ਪੁੱਛਿਆ ਕਿ ਹੁਣ ਰਿਟਾਇਰ ਕਦੋਂ ਹੋਣਾ ਤਾਂ ਉਸ ਦੇ ਇਕਦਮ ਤੌਰ ਹੀ ਬਦਲ ਗਏ।

ਉਹ ਖਿੱਝ ਕੇ ਬੋਲਿਆ,"ਸਾਥੀ ਸਾਹਬ ਜੀ, ਆ ਜਿਹੜਾ ਪੰਗਾ ਲਿਆ ਹੋਇਆ ਤੇ ਆਹ ਜਿਹੜਾ ਢੋਲ ਗਲ 'ਚ ਪਾਇਆ ਹੋਇਆ ਈਹਤੋਂ ਖਹਿੜਾ ਛੁੱਟੂ ਤਾਂ ਰੀਟਾਇਰ ਹੋਈਏ।"

ਉਸ ਨੇ ਆਪਣੀ ਸ਼ੌਪ ਦੇ ਚਾਰੇ ਪਾਸੇ ਨਿਗਾਹ ਘੁੰਮਾ ਕੇ ਕਿਹਾ, "ਹੁਣ ਆਹ ਸਾਲੀਆਂ ਬੜੀਆਂ ਬੜੀਆਂ ਸੁਪਰਮਾਰਕੀਟਾਂ ਖੁੱਲ੍ਹ ਗਈਆਂ ਨੇ। ਇੰਡੀਅਨਾਂ ਦੇ ਖਾਣ ਵਾਲੀਆਂ ਚੀਜ਼ਾਂ ਵਾਸਤਾਂ ਵੀ ਰੱਖਣ ਲੱਗ ਪਏ ਆ ਹੁਣ ਕੰਜਰ ਦੇ। ਉਹ ਵੇਚਦੇ ਵੀ ਸਾਥੋਂ ਸਸਤੀਆਂ ਹਨ। ਭਲਾ ਅਸੀਂ ਇਹਨਾਂ ਸੁਪਰਮਾਰਕੀਟਾਂ ਦਾ ਮੁਕਾਬਲਾ ਕਰ ਸਕਦੇ ਆਂ ? ਕਿਥੇ ਰਾਮ ਰਾਮ ਤੇ ਕਿਥੇ ਟੈਂ-ਟੈਂ। ਉਹਨਾਂ ਦੀ ਬਾਈਇੰਗ ਪਾਵਰ ਹੀ ਬਹੁਤ ਹੈ। ਲਓ ਤੁਸੀਂ ਦੱਸੋ ਕਿ ਕਦੇ ਅਸੀਂ ਸੋਚਿਆ ਸੀ ਕਿ ਟੈਸਕੋ ਤੇ ਸੇਨਜ਼ਬਰੀ ਵਾਲੇ ਲੱਸਣ, ਕੱਦੂ, ਅਦਰਕ, ਹਰੀਆਂ ਮਿਰਚਾਂ, ਧਨੀਆਂ ਤੇ ਕਰੇਲੇ ਵਗੈਰਾ ਰੱਖਣ ਲੱਗ ਪਊਗੇ? ਇਹਨਾਂ ਨੂੰ ਤਾਂ ਸਾਲਿਆਂ ਨੂੰ ਹਲਦੀ ਤੇ ਮਸਾਲੇ ਦਾ ਫਰਕ ਨੀ ਸੀ ਪਤਾ। ਪਰ ਮੁੱਕਦੀ ਗੱਲ ਇਹ ਆ ਜੀ ਕਿ ਗੋਰਿਆਂ ਨੂੰ ਅਸੀਂ ਲੋਕ ਨੀ ਮਾਤ ਪਾ ਸਕਦੇ।

ਬਿਜ਼ਨੈਸ ਪੱਖੋਂ ਸਹੁਰੇ ਸਾਡੇ ਨਾਲੋਂ ਕਈ ਮੀਲ ਅਗਾਂਹ ਨੇ। ਕੰਜਰਾਂ ਨੇ ਸਾਡਾ ਧੂੰਆਂ ਕੱਢ 'ਤਾ। ਦੇਖੋ ਜੀ ਸਿੱਧੀ ਜਿਹੀ ਗੱਲ ਆ ਸਾਥੀ ਸਾਅਬ ਜੀ-ਇਹਨਾਂ ਸੁਪਰਮਾਰਕੀਟਾਂ 'ਚ ਕਾਰ ਪਾਰਕਿੰਗ ਮੁਫਤ ਤੇ ਘੱਟ ਪਰਾਈਸਾਂ ਉਤੇ ਹਰੇਕ ਵਿਰਾਇਟੀ ਦੀ ਚੀਜ਼ ਮਿਲਦੀ ਆ। ਸਾਡੇ ਇਥੇ ਕੌਣ ਆਊ? ਆਹ ਟਰੈਫਿਕ ਵਾਰਡਨ ਸਾਰੇ ਪਾਸੇ ਹਰਲ ਹਰਲ ਕਰਦੇ ਫਿਰਦੇ ਆ। ਗੱਡੀ ਕੋਈ ਗਾਹਕ ਖੜ੍ਹੀ ਕਰੇ ਸਹੀ, ਸਹੁਰੇ ਝੱਟ ਟਿਕਟ ਲਾ ਦਿੰਦੇ ਆ। ਹੁਣ ਤਾਂ ਟੋਅ ਵੀ ਕਰਨ ਲੱਗ ਪਏ ਆ। ਉਤੋਂ ਕੌਂਸਲ ਨੀ ਸਾਹ ਲੈਣ ਦਿੰਦੀ। ਕਦੇ ਰੇਟਾਂ (ਜਨਰਲ ਅਤੇ ਵਾਟਰ ਰੇਟ) ਵਾਲੇ ਪੈਸੇ ਵਧਾ ਦਿੰਦੇ ਆ ਕਦੇ ਲੈਂਡਲੌਰਡ (ਲੀਜ਼ਾਂ ਦੀਆਂ ਪ੍ਰਾਪਰਟੀਆਂ ਹੋਣ ਤਾਂ) ਕਿਰਾਇਆ ਵਧਾ ਦਿੰਦਾ। ਸਟਾਫ ਹੋਰ ਹੋਰ ਤਨਖਾਹਾਂ ਮੰਗਦਾ। ਕੰਮ ਦਾ ਸਾਲੇ ਡੱਕਾ ਨੀ ਤੋੜਦੇ। ਲਓ ਇਕ ਹੋਰ ਮੁਸੀਬਤ ਆ।ਆਹ ਜਿਹੜੇ ਹਾਈਜੀਨ ਵਾਲੇ ਆ ਨਾ? ਆਹ ਯਾਰ ਹੈਲਥ ਦੇ ਮਹਿਕਮੇ ਵਾਲੇ? ਇਹੀ ਨੀ ਚੈਣ ਲੈਣ ਦਿੰਦੇ। ਤੀਜੇ ਦਿਨ ਖੱਲਾਂ ਖੂੰਜੇ ਫਰੋਲਣ ਲੱਗ ਪੈਂਦੇ ਆ, ਆ ਕੇ। ਮੈਂ ਇਕ ਦਿਨ ਖਿੱਝ ਕੇ ਪੁੱਛਿਆ 'ਵੱਟ ਯੂ ਵਾਂਟ ਐਵਰੀ ਥਰਡ ਡੇਅ ਕਮਿੰਗ ਹੀਅਰ? "

ਕਹਿਣ ਲੱਗੇ ਚੂਹਿਆਂ ਦੀਆਂ ਮੀਂਗਣਾ ਤੇ ਕੋਕਰੋਚਜ਼ ਲੱਭਦੇ ਫਿਰਦੇ ਆਂ।

ਮੈਂ ਪੁੱਛਿਆ, "ਡਿੱਡ ਯੂ ਫਾਈਂਡ ਦੈਮ?"

ਤਾਂ ਛਿੱਥੇ ਪੈ ਕੇ ਕਹਿਣ ਲੱਗੇ,'ਨੋ'।

ਮੈਂ ਮਨ 'ਚ ਕਿਹਾ ਕਿ ਸਾਲਿਓ ਫੇਰ ਕਾਹਨੂੰ ਸਾਨੂੰ ਬੌਦਰ ਕਰਦੇ ਆਂ ਤੁਸੀਂ? ਜਦ ਇਥੇ ਕੋਈ ਗੰਦਗੀ ਹੈ ਈ ਨਹੀਂ ਤਾਂ ਇਥੇ ਭੈਣ ਦੇਣ ਅਉਨੇ ਆਂ?...।

ਮੈਨੂੰ ਇਸ ਗੱਲ ਦੀ ਆਸ ਨਹੀਂ ਸੀ ਕਿ ਉਹ ਏਨੀ ਲੰਮੀ ਗੱਲ ਕਰਨ ਲੱਗ ਪਵੇਗਾ। ਮੈਨੂੰ ਇਹ ਵੀ ਆਸ ਨਹੀਂ ਸੀ ਕਿ ਉਹ ਏਨਾ ਸਤਿਆ ਹੋਇਆ ਹੋਵੇਗਾ। ਮੈਂ ਬਿਜ਼ਨੈਸ ਦੀ ਗੱਲ ਨੂੰ ਟਾਲਣ ਦੇ ਇਰਾਦੇ ਨਾਲ ਬੱਚਿਆਂ ਦਾ ਹਾਲ ਪੁੱਛਿਆ ਤਾਂ ਉਹ ਹੋਰ ਵੀ ਖਿੱਝ ਗਿਆ,"ਲਿਖਾਰੀ ਮਿੱਤਰਾ! ਉਹਨਾਂ ਨੂੰ ਬੱਚੇ ਤੂੰ ਕਾਹਤੇ ਕਹਿਨਾਂ? ਉਹ ਤਾਂ ਸਾਡੇ ਵੀ ਪਿਓ ਆ। ਦੋਵੇਂ ਮੁੰਡੇ ਊਠਾਂ ਵਰਗੇ ਆ। ਘੋੜਿਆਂ ਜਿੰਨੀ ਤਾਕਤ ਐ ਉਹਨਾਂ ਵਿਚ ਪਰ ਮਜਾਲ ਐ ਜੇ ਸ਼ੌਪ 'ਚ ਆ ਕੇ ਖੜ੍ਹੇ ਵੀ ਹੋ ਜਾਣ? ਇਕ ਜਾ ਕੇ ਡਿਕਸਨ ਆਲਿਆਂ ਦੇ ਲੱਗ ਗਿਆ। ਦੂਜਾ ਕਹਿੰਦਾ ਮੈਂ ਟੈਲੀਵੀਯਨ ਲਈ ਫਿਲਮਾਂ ਬਣਾਉਣੀਆਂ। ਹਰ ਤੀਜੇ ਦਿਨ ਨਵਾਂ ਕੈਮਰਾ ਲੈ ਆਉਂਦਾ।ਲੰਮਿਆਂ ਵਾਲਾਂ ਦੀ ਗੁੱਤ ਕਰਕੇ ਰੱਖਦਾ। ਕਮਲਿਆਂ ਵਰਗੇ ਕੱਪੜੇ ਪਾਉਂਦਾ।ਬੱਸ ਇੱਦਾਂ ਦੀਆਂ ਹੀ ਗੋਰੀਆਂ ਖਿੱਚੀ ਫਿਰਦਾ ਹਿੱਪਣਾ ਜਿਹੀਆਂ।ਕੋਈ ਸ਼ਰਮ ਹਯਾ ਨਹੀਂ ਸਾਲੀਆਂ ਨੂੰ।ਛਾਤੀਆਂ ਅੱਧ ਨੰਗੀਆਂ ਤੇ ਸਕਰਟਾਂ ਗਿੱਠ ਕੁ ਜਿੰਨੀਆਂ। ਜਦ ਸਾਡੇ ਮੁੰਡੇ ਸਕੂਲੇ ਕਾਲਜੀਂ ਪੜ੍ਹਦੇ ਹੁੰਦੇ ਸੀ ਤਾਂ ਇਹਨਾਂ ਦੀ ਮਾਂ ਨੇ ਬਥੇਰਾ ਕਹਿਣਾ ਵੇ ਕਦੇ ਸ਼ੌਪ 'ਚ ਆ ਕੇ ਵੀ ਹੈਲਪ ਕਰ ਦਿਆਂ ਕਰੋ ਤਾਂ ਇਹਨਾਂ ਸਾਲਿਆਂ ਨੇ ਮੂੰਹ ਪਾੜ ਕੇ ਕਹਿਣਾ "ਸਾਨੂੰ ਹੋਮ ਵਰਕ ਬਹੁਤ ਮਿਲਦਾ। ਬਿਜ਼ੀ ਆਂ।" ਪਰ ਸਾਨੂੰ ਸ਼ੌਪ 'ਚ ਛੱਡ ਕੇ ਆਪ ਸਹੁਰੇ ਫੁੱਟਬਾਲ ਮੈਚ ਦੇਖਣ ਚਲੇ ਜਾਂਦੇ ਸਨ। ਘਰ ਜਾਓ ਤਾਂ ਪੌਪ ਸੌਂਗਾਂ ਦਾ ਰੌਲਾ ਨੀ ਸੀ ਹਟਦਾ।"

"ਗੁੱਡੀਆਂ ਦਾ ਕੀ ਹਾਲ ਹੈ ਦੋਹਾਂ ਦਾ?" ਮੈਂ ਉਹਦੀਆਂ ਧੀਆਂ ਵਾਰੇ ਪੁੱਛ ਲਿਆ।

"ਗੁੱਡੀਆਂ ਕਾਹਨੂੰ ਆਂ।" ਉਹ ਬੋਲਿਆ, "ਹੁਣ ਤਾਂ ਉਹਨਾਂ ਦੇ ਸਗੋਂ ਆਪਣੀਆਂ ਹੀ ਗੁੱਡੀਆਂ ਹੋ ਗਈਆਂਹਨ। ਕੁੜੀਆਂ ਬਹੁਤ ਚੰਗੀਆਂ ਨਿਕਲੀਆਂ। ਇੰਡੀਆ ਤੋਂ ਭਲਿਆਂ

ਵੇਲਿਆਂ 'ਚ ਮੁੰਡੇ ਮੰਗਵਾ ਲਏ ਸੀ। ਆਪਣੇ ਘਰ ਵਸਦੀਆਂ ਰਸਦੀਆਂ। ਮੌਜਾਂ ਕਰਦੀਆਂ। ਵਾਹਿਗੁਰੂ ਦਾ ਸ਼ੁਕਰ ਆ। ਉਧਰੋਂ ਤਾਂ ਸੁਖੀ ਆਂ ਸਾਥੀ ਸਾਅਬ ਜੀ।"

"ਮੈਂ ਕਿਹਾ, "ਮੁੰਡਿਆਂ ਦੇ ਰਿਸ਼ਤਿਆਂ ਬਾਰੇ ਵੀ ਕੁਝ ਕੀਤਾ?"

ਉਸ ਨੇ ਮੇਰੀ ਗੱਲ ਨੂੰ ਵਿਚੋਂ ਹੀ ਟੋਕਦਿਆਂ ਕਿਹਾ, "ਆਹ ਬੜਾ ਡਿਕਸਨ ਵਾਲਾ ਤਾਂ ਮੰਗ ਤਾ ਆਪਣੇ ਈ ਬੰਦੇ ਆ। ਵੁਲਵਰਹੈਂਪਟਨ 'ਚ ਕੱਪੜੇ ਦੇ ਵਪਾਰੀ ਆ। ਪਿੱਛਿਉਂ ਜਲੰਧਰ ਲਾਗਲੇ ਪਿੰਡ ਦੇ ਆ। ਚੰਗੇ ਬੰਦੇ ਆ। ਪਰ ਆਹ ਜਿਹੜਾ ਸਾਲਾ ਛੋਟਾ ਏ, ਇਹਨੂੰ ਕਿਸੇ ਨੇ ਕੁੜੀ ਨਹੀਂ ਦੇਣੀ। ਉਦਾਂ ਵੀ ਈਹਨੇ ਕੋਈ ਆਪੇ ਹੀ ਫੜ ਲਿਆਉਣੀ ਐਂ ਹਿੱਪਣ ਜਿਹੀ। ਫ਼ਿਰਦਾ ਜੁ ਉਨ੍ਹਾਂ ਨਾਲ਼ ਹੀ ਰਹਿੰਦਾ।"

ਮੈਨੂੰ ਉਹਦੀਆਂ ਗੱਲਾਂ 'ਤੇ ਹਾਸਾ ਵੀ ਆ ਰਿਹਾ ਸੀ ਤੇ ਉਸ ਦੀਆਂ ਗੱਲਾਂ ਪਿੱਛੇ ਲੁਕੀ ਹੋਈ ਪੀੜ ਦਾ ਵੀ ਮੈਨੂੰ ਅਹਿਸਾਸ ਸੀ। ਉਂਝ ਤਾਂ ਵਧੇਰੇ ਗਿਣਤੀ ਉਹਨਾਂ ਏਸ਼ੀਅਨ ਦੁਕਾਨਦਾਰਾਂ ਦੀ ਵੀ ਹੈ ਜਿਹੜੇ ਇੰਗਲੈਂਡ ਦੀ ਛੋਟੀ ਦੁਕਾਨਦਾਰੀ 'ਚੋਂ ਵਾਹਵਾ ਰੋਟੀ ਕਮਾ ਰਹੇ ਹਨ ਤੇ ਹਰ ਤਰ੍ਹਾਂ ਵੱਧ ਫੁੱਲ ਵੀ ਰਹੇ ਹਨ ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਪਹਿਲੀ ਪੀੜ੍ਹੀ ਦੇ ਇਮੀਗਰਾਂਟਾਂ ਦੀ ਔਲਾਦ ਕਦਾਚਿਤ ਓਨੀ ਮਿਹਨਤ ਕਰਨ ਵੱਲ ਰੁਚਿਤ ਨਹੀਂ ਹੈ ਜਿੰਨੀ ਕਿ ਪਹਿਲੀ ਪੀੜ੍ਹੀ ਵਾਲੇ ਕਰਦੇ ਸਨ।

ਇੰਗਲਿਸਤਾਨ ਦੇ ਛੋਟੇ ਬਿਜ਼ਨੈਸ ਲਗਾਤਾਰ ਏਸ਼ੀਅਨਾਂ ਦੇ ਹੱਥਾਂ 'ਚ ਆ ਰਹੇ ਹਨ ਤੇ ਲੋਕਲ ਜਾਂ ਜੱਦੀ ਵਸੋਂ ਹੌਲੀ ਹੌਲੀ ਇਸ ਖੇਤਰ ਚੋਂ ਲਾਂਭੇ ਹੋ ਰਹੀ ਹੈ।

ਕੋਈ ਵੇਲਾ ਸੀ ਜਦੋਂ ਇਸ ਦੇਸ ਵਿਚ ਕੰਮ ਲੱਭਣਾ ਮੁਸ਼ਕਲ ਸੀ।1962 ਦੀ ਤਕੜੀ ਇਮੀਗਰੇਸ਼ਨ ਪਿੱਛੋਂ ਇੰਗਲੈਂਡ ਦੀਆਂ ਫੈਕਟਰੀਆਂ ਦੇ ਆਲੇ ਦੁਆਲੇ ਆਂਪਣੇ ਲੋਕਾਂ ਦੇ ਟੋਲਿਆਂ ਦੇ ਟੋਲੇ ਕੰਮ ਲੱਭਣ ਲਈ ਦੌੜੇ ਭੱਜੇ ਫਿਰਿਆ ਕਰਦੇ ਸਨ। ਕੰਮ ਲੱਭਣ ਨੂੰ ਉਦੋਂ "ਟਰਾਈ ਮਾਰਨਾ" ਕਿਹਾ ਜਾਂਦਾ ਸੀ। ਕਈ ਲੋਕੀਂ 1962 ਤੋਂ ਬਾਅਦ ਛੇ ਛੇ ਮਹੀਨੇ ਵੀ ਵਿਹਲੇ ਰਹੇ ਸਨ। ਵਿਰਲੇ ਟਾਵੇਂ ਸਾਲ ਸਾਲ ਦੋ ਦੋ ਸਾਲ 'ਟਰਾਈ ਮਾਰਦੇ' ਰਹੇ ਸਨ। ਏਸ਼ੀਅਨਾਂ ਨੂੰ ਅਗਰ ਕੋਈ ਕੰਮ ਮਿਲਦਾ ਵੀ ਸੀ ਤਾਂ ਉਹ ਉਹਨਾਂ ਦੀ ਲਿਆਕਤ ਦੇ ਅਨੁਕੂਲ ਨਹੀਂ ਸੀ ਹੁੰਦਾ। ਬੀ ਏ ਤੇ ਐਮਏ ਤੀਕ ਪੜ੍ਹੇ ਹੋਏ ਬੰਦੇ ਘਟੀਆ ਤੋਂ ਘਟੀਆ ਜਿਸਮਾਨੀ ਕੰਮ ਕਰਿਆ ਕਰਦੇ ਸਨ। ਉਹਨਾਂ ਦੀ ਦਿਮਾਗੀ ਪੱਧਰ ਦੇ ਹਾਣ ਦਾ ਕੰਮ ਨਹੀਂ ਸੀ ਲੱਭਦਾ ਹੁੰਦਾ। ਕਈਆਂ ਨੇ ਵਾਪਸ ਭਾਰਤ ਪਰਤਣ ਦੀ ਵੀ ਠਾਣ ਲਈ ਸੀ ਪਰ ਕਈ ਜਿਹੜੇ 'ਕਿਸ਼ਤੀਆਂ ਸਾੜ ਕੇ' ਇਸ ਦੇਸ ਵਿਚ ਆਏ ਸਨ, ਉਹ ਡਟੇ ਰਹੇ। ਹੌਲੀ ਹੌਲੀ ਉਹਨਾਂ ਨੂੰ ਚੰਗੀਆਂ ਨੌਕਰੀਆਂ ਮਿਲੀਆਂ। ਪੜ੍ਹੇ ਹੋਏ ਤੇ ਘੱਟ ਪੜ੍ਹੇ ਹੋਏ ਲੋਕਾਂ 'ਚ ਕਈ ਅਜਿਹੇ ਵੀ ਸਨ ਜਿਹੜੇ ਚਾਹੁੰਦੇ ਸਨ ਕਿ ਉਹਨਾਂ ਦਾ ਆਪਣਾ ਦੀ ਕਾਰੋਬਾਰ ਹੋਵੇ ਤੇ ਉਹ ਆਪਣੇ ਮਾਲਕ ਆਪ ਹੀ ਹੋਣ।

ਦਰਅਸਲ਼ ਪੰਜਾਬੀਆਂ ਨਾਲੋਂ ਵੀ ਪਹਿਲਾਂ ਬਿਜ਼ਨੈਸ ਦੇ ਖੇਤਰ ਵਿਚ ਗੁਜਰਾਤੀਆਂ ਨੇ ਪਹਿਲ ਕੀਤੀ ਸੀ। ਇਹਨਾਂ 'ਚ ਬਹੁਤੇ ਲੋਕੀ ਪ੍ਰੋਫੈਸ਼ਨਲ ਬਿਜ਼ਨੈਸ ਫੈਮਲੀਆਂ ਵਿਚੋਂ ਸਨ ਤੇ ਉਹਨਾਂ ਨੂੰ ਗੁੜ੍ਹਤੀ ਵਿਚੋਂ ਹੀ ਵਿਓਪਾਰਕ ਚੁਸਤੀਆਂ ਮਿਲੀਆਂ ਹੋਈਆਂ ਸਨ। ਪੰਜਾਬੀ ਲੋਕਾਂ ਵਿਚ ਵੀ ਕੁਝ ਅਜਿਹੇ ਸਨ ਜਿਹਨਾਂ ਨੂੰ ਬਿਜ਼ਨੈਸ ਕਰਨ ਦੀ ਸੂਝ ਸੀ ਪਰ ਇਹਨਾਂ ਵਿੱਚੋਂ ਬਹੁਤੇ "ਤਾਏ ਧੀ ਧੀ ਚੱਲੀ ਤੇ ਮੈਂ ਕਿਉਂ ਰਵ੍ਹਾਂ ਕੱਲੀ" ਦੀ ਕਹਾਵਤ ਉਤੇ ਟੁਰਨ ਵਾਲੇ ਸਨ। ਇਸੇ

ਲਈ ਕਈਆਂ ਨੇ ਕੌਰਨਰ ਸ਼ਾਪਾਂ 'ਚੋਂ ਆਪਣੇ ਹੱਥ ਬੁਰੀ ਤਰ੍ਹਾਂ ਸਾੜ ਲਏ ਸਨ ਤੇ ਮੁੜ ਕੇ ਅੱਜ ਤਾਈਂ ਨਹੀਂ ਸੰਭਲ ਸਕੇ। ਬਹੁਤਿਆਂ ਨੂੰ ਇਹ ਸਮਝ ਨਹੀਂ ਸੀ ਕਿ ਗਾਹਕਾਂ ਨਾਲ ਕਿਵੇਂ ਪੇਸ਼ ਆਉਣਾ ਹੈ ਤੇ ਕਈਆਂ ਨੂੰ ਵੀ ਏ ਟੀ ਦੀ ਅਸੈਸਮੈਂਟ ਤੋਂ ਲੈ ਕੇ ਜਨਰਲ ਅਕਾਊਂਟਿੰਗ ਦੀ ਵੀ ਸਮਝ ਨਹੀਨ ਸੀ।ਨਫ਼ੇ ਨੁਕਸਾਨ ਦਾ ਹਿਸਾਬ ਉਹ ਅਟਕਲ ਪੱਚੂ ਢੰਗ ਨਾਲ ਲਗਾਉਂਦੇ ਸਨ। ਕਈਆਂ ਨੂੰ ਬੈਂਕਾਂ ਨੇ ਚੰਗਾ ਰਗੜਾ ਚਾੜ੍ਹਿਆ। ਬੈਂਕਾਂ ਦੇ ਕਾਰ ਵਿਹਾਰ ਨੂੰ ਧਿਆਨ ਨਾਲ ਸਮਝਣ ਦੀ ਲੋੜ ਹੈ। ਇਸ ਦੇ ਬਰੀਕ ਪਰਿੰਟ ਬੰਦੇ ਨੂੰ ਨੰਗਾ ਕਰਕੇ ਰੱਖ ਸਕਦੇ ਹਨ। ਮਸਲਨ ਜਦੋਂ ਬੈਂਕ ਤੁਹਾਨੂੰ ਓਵਰ ਡਰਾਫਟ ਦਿੰਦਾ ਹੈ ਤਾਂ ਉਸ ਦੀ ਨੈਗੋਸ਼ੀਏਸ਼ਨ ਫੀਸ ਤੇ 'ਬੈਂਕ ਦੇ ਬੇਸ ਰੇਟ' ਤੋਂ ਉਪਰਲੇ ਦਰ ਏਨੇ ਜ਼ਿਆਦਾ ਹੁੰਦੇ ਹਨ ਕਿ ਬਿਜ਼ਨੈਸ ਦਾ ਮੁਨਾਫਾ ਬੈਂਕ ਹੀ ਖਾ ਜਾਂਦੇ ਹਨ। ਹਾਈ ਸਟਰੀਟ ਦੇ ਬੈਂਕ ਓਵਰ ਡਰਾਫਟ ਫੈਸਿਲਿਟੀ ਵਿਚ ਇਹ ਵੀ ਸ਼ਰਤ ਪਾ ਦਿੰਦੇ ਹਨ ਕਿ ਓਵਰ ਡਰਾਫਟ ਦੀ ਰਕਮ ਇਕ ਦਮ ਹੀ ਵਾਪਸ ਮੰਗੀ ਜਾ ਸਕਦੀ ਹੈ। ਕਈ ਲੋਕ ਇਸ ਟਰੈਪ ਵਿਚ ਫਸ ਕੇ ਸਭ ਕੁਝ ਗੁਆ ਬੈਠਦੇ ਹਨ ਕਿਉਂਕਿ ਉਹ ਇਕ ਦਮ ਓਵਰ ਡਰਾਫਟ ਦੀ ਰਕਮ ਨਹੀਂ ਮੋੜ ਸਕਦੇ ਹੁੰਦੇ ਤਾਂ ਬੈਂਕ ਬਿਜ਼ਨੈਸਮੈਨ ਦੇ ਘਰ ਜਾਂ ਕਿਸੇ ਅਚੱਲ ਸ਼ਿਉਰਟੀ ਉਤੇ ਕਬਜ਼ਾ ਕਰਨ ਦੇ ਇਕ ਦਮ ਹੱਕਦਾਰ ਹੋ ਜਾਂਦੇ ਹਨ। ਹਾਈ ਸਟਰੀਟ ਦੇ ਬੈਂਕ ਆਮ ਤੌਰ 'ਤੇ ਬਿਜ਼ਨੈਸਮੈਨ ਦੇ ਘਰ ਅਤੇ ਬਿਜ਼ਨੈਸ ਉਤੇ ਫਸਟ ਚਾਰਜ ਲਿਖੇ ਲੈਂਦੇ ਹਨ। ਬੈਂਕਾਂ ਦੇ ਬੇਸ ਰੇਟ, ਓਵਰ ਬੇਸ ਰੇਟ ਅਤੇ ਏ ਪੀ ਆਰ. ਨੂੰ ਸਮਝਣ ਦੀ ਲੋੜ ਹੈ। ਬੈਂਕਾਂ ਦੀਆਂ ਇਹਨਾਂ ਘੁੰਡੀਆਂ ਕਾਰਨ ਹੀ ਕਈਆਂ ਏਸ਼ੀਅਨਾਂ, ਖਾਸ ਕਰਕੇ ਪੰਜਾਬੀਆਂ ਨੇ ਸ਼ੁਰੂ ਸ਼ੁਰੂ ਵਿਚ ਕਾਫੀ ਰਗੜਾ ਖਾਧਾ ਸੀ।

ਕਈਆਂ ਪੰਜਾਬੀਆਂ ਨੂੰ ਬਿਜ਼ਨੈਸ ਦੀ ਚੋਣ ਵੀ ਨਹੀਂ ਕਰਨੀ ਆਉਂਦੀ। ਅਗਰ ਕਿਸੇ ਦੋਸਤ ਜਾਂ ਰਿਸ਼ਤੇਦਾਰ ਨੇ ਰੈਸਟੋਰੈਂਟ ਖੋਲ੍ਹ ਲਿਆ ਤਾਂ ਉਹ ਵੀ ਉਹਦੀ ਰੀਸੇ ਰੈਸਟੋਰੈਂਟ ਹੀ ਖੋਲ੍ਹ ਲੈਨਦੇ ਹਨ। ਪਰ ਰੈਸਟੋਰੈਂਟ ਦੇ ਬਿਜ਼ਨੈਸ ਦੇ ਆਪਣੇ ਆਦਾਬ ਹੁੰਦੇ ਹਨ, ਆਪਣੇ ਸਲੀਕੇ ਹੁੰਦੇ ਹਨ, ਆਪਣੀਆਂ ਸ਼ਰਤਾਂ ਹੁੰਦੀਆਂ ਹਨ, ਆਪਣੇ ਹੀ ਸਟਰਿਕਟ ਸਾਫ਼ ਸਫ਼ਾਈ ਦੇ ਅਸੂਲ ਹੁੰਦੇ ਹਨ ਤੇ ਆਪਣੇ ਵੱਖ਼ਰੇ ਹੀ ਨੇਮ ਹੁੰਦੇ ਹਨ। ਹੋਟਲ ਅਤੇ ਰੈਸਟੋਰੈਂਟਾਂ ਵਿਚ ਤਾਂ ਅੰਗਰੇਜ਼ਾਂ ਨੇ ਡਿਗਰੀਆਂ ਤੱਕ ਦੇ ਕੋਰਸ ਕੀਤੇ ਹੋਏ ਹੁੰਦੇ ਹਨ ਖ਼ੁਰਦਰੇ ਵਤੀਰੇ ਦੀ ਇਸ ਟਰੇਡ ਵਿਚ ਉੱਕਾ ਹੀ ਕੋਈ ਥਾਂ ਨਹੀਂ ਹੈ। ਅਗਰ ਇਸ ਟਰੇਡ ਵਿਚ ਐਟੀਕੇਟਸ ਅਤੇ ਹਾਈਜੀਨ ਦੀ ਅਣਗਿਹਲੀ ਵਰਤੀ ਜਾਵੇ ਤਾਂ ਦੀਵਾਲਾ ਕਢਾਉਣ ਵਾਲੀ ਗੱਲ ਹੋ ਜਾਂਦੀ ਹੈ। ਜਿਹਨਾਂ ਪਾਠਕਾਂ ਨੇ ਅੰਗਰੇਜ਼ੀ ਦੀ ਇਕ ਕੌਮੇਡੀ 'ਫੌਲਟੀ ਟਾਵਰ' ਦੇਖੀ ਹੈ, ਉਹ ਮੇਰੀ ਗੱਲ ਸਮਝ ਗਏ ਹੋਣਗੇ।

ਬੜੀ ਦੇਰ ਦੀ ਗੱਲ ਹੈ ਕਿ ਇਕ ਵੇਰ ਮੇਰੀ ਜਾਣ ਪਛਾਣ ਵਾਲੇ ਇਕ ਬੰਦੇ ਨੇ ਇਕ ਰੈਸਟੋਰੈਂਟ ਖੋਲ੍ਹ ਲਿਆ। ਉਸ ਨੇ ਕਦੇ ਵੀ ਇਹ ਕੰਮ ਨਹੀਂ ਸੀ ਕੀਤਾ। ਮੈਂ ਆਪਣੇ ਇਕ ਪੜ੍ਹੇ ਲਿਖੇ ਮਹਿਮਾਨ ਨਾਲ ਉਹਦੇ ਰੈਸਟੋਰੈਂਟ ਵਿਚ ਖਾਣਾ ਖਾਣ ਲਈ ਚਲੇ ਗਿਆ। ਵਾਈਨ ਦੀ ਲਿਸਟ ਮੰਗੀ ਤਾਂ ਦੇਖ਼ਿਆ ਕਿ ਉਹਨੂੰ ਚੰਗੀ ਮਾੜੀ ਵਾਈਨ ਦਾ ਕੋਈ ਇਲਮ ਨਹੀਂ ਸੀ। ਫਿਰ ਜਦੋਂ ਉਸ ਨੇ ਗਲਾਸਾਂ ਵਿਚ ਪਾਈ ਤਾਂ ਇਕ ਗਲਾਸ ਵਿਚ ਥੋੜ੍ਹਾ ਕੌਰਕ ਡਿੱਗ ਪਿਆ ਜਿਸ ਨੂੰ ਉਸ ਨੇ ਉਂਗਲ ਨਾਲ ਬਾਹਰ ਕੱਢ ਦਿੱਤਾ। ਅਜਿਹੀ ਹਰਕਤ ਕਦਾਚਿਤ ਉਹਨੂੰ ਕਾਮਯਾਬ ਰੈਸਟੋਰੈਂਟ ਓਨਰ ਤੇ ਬਿਜ਼ਨੈਸਮੈਨ ਨਹੀਂ ਬਣਾ ਸਕਦੀ ਸੀ ਤੇ ਉਹ ਬਣਿਆ ਵੀ ਨਹੀਂ। ਇਸ ਘਟਨਾਂ ਤੋਂ ਛੇਤੀ ਹੀ ਬਾਅਦ ਉਹਦਾ ਰੈਸਟੋਰੈਂਟ ਬੰਦ ਹੋ ਗਿਆ। ਇਕ ਏਸ਼ੀਅਨ ਰੈਸਟੋਰੈਂਟ

ਓਨਰ ਗੈਸਟਾਂ ਨੂੰ ਗੱਲਾਂ ਗੱਲਾਂ ਵਿਚ ਇਹੋ ਚਿਤਾਰਦਾ ਹੋਇਆ ਦੇਖਿਆ ਗਿਆ ਕਿ ਉਹ ਉਹਦੇ ਵੇਟਰਾਂ ਨੂੰ ਜ਼ਿਆਦਾ ਟਿੱਪ ਦੇਣ ਕਿਉਂਕਿ ਉਹ ਉਹਨਾਂ ਦੀ ਬਹੁਤ ਸੇਵਾ ਕਰ ਰਹੇ ਸਨ। ਬਾਅਦ 'ਚ ਪਤਾ ਲੱਗਾ ਕਿ ਵੇਟਰਾਂ ਦੀ ਅੱਧੀ ਟਿੱਪ ਉਹ ਆਪ ਰੱਖਦਾ ਸੀ। ਇਸ ਟਰੇਡ ਵਿਚ ਡਿਗਨਟੀ ਜ਼ਰੂਰੀ ਹੈ ਪਰ ਟਿੱਪ ਪਿੱਛੇ ਲਾਹਲਾਂ ਵਗਾਉਣ ਵਾਲੇ ਮਾਲਕ ਦੀ ਡਿਗਨਟੀ ਕਿਥੇ ਹੁੰਦੀ ਹੈ? ਅਜਿਹੇ ਐਟੀਕੇਟਸ ਤੋਂ ਊਣੇ ਰੈਸਟੋਰੈਂਟਾਂ ਦੇ ਮਾਲਕ ਮੈਂ ਅਮਰੀਕਾ ਅਤੇ ਕੈਨੇਡਾ ਵਿਚ ਵੀ ਵੇਖੇ ਹਨ। ਬਹੁਤ ਸਾਰੇ ਏਸ਼ੀਅਨ ਲੋਕ ਬੜੀ ਕਾਮਯਾਬੀ ਨਾਲ ਬਿਜ਼ਨੈਸ ਚਲਾ ਵੀ ਰਹੇ ਹਨ ਕਿਉਂਕਿ ਉਹਨਾਂ ਦੀ ਸਮਝ ਵਿਚ ਇਸ ਬਿਜ਼ਨੈਸ ਦੀਆਂ ਸਾਰੀਆਂ ਘੁੰਡੀਆਂ ਆ ਗਈਆਂ ਹਨ। ਦੁਕਾਨਦਾਰੀ ਕੋਈ ਵੀ ਹੋਵੇ, ਇਸ ਵਿਚ ਸਫਾਈ ਬਹੁਤ ਜ਼ਰੂਰੀ ਹੈ। ਪਹਿਲਾਂ ਪਹਿਲ ਤੇ ਕਈ ਵੇਰ ਅੱਜ ਕੱਲ ਵੀ ਸਾਡੇ ਦੁਕਾਨਦਾਰ ਏਸ ਪਾਸੇ ਵੱਲ ਧਿਆਨ ਨਹੀਂ ਦਿੰਦੇ ਜਿਸ ਦੇ ਸਿੱਟੇ ਵਜੋਂ ਜਦੋਂ ਕਦੇ ਸਿਹਤ ਮਹਿਕਮੇ ਵਾਲੇ ਛਾਪੇ ਮਾਰਦੇ ਹਨ ਤਾਂ ਉਹਨਾਂ ਨੂੰ ਕਾਫੀ ਤਕੜੇ ਜੁਰਮਾਨੇ ਵੀ ਹੁੰਦੇ ਹਨ ਤੇ ਉਹਨਾਂ ਦੀ ਵਾਹਵਾ ਬਦਨਾਮੀ ਵੀ ਹੁੰਦੀ ਹੈ। ਰੈਸਟੋਰੈਂਟ ਦਾ ਟਰੇਡ ਇਸ ਪੱਖੋਂ ਬੜੀ ਵਿਸ਼ੇਸ਼ਤਾ ਰੱਖਦਾ ਹੈ ਕਿ ਇਸ ਦੀ ਕਿਚਨ, ਖਾਣ ਪੀਣ ਵਾਲੇ ਥਾਂ ਅਤੇ ਟੌਇਲਟਾਂ ਵਿਚ ਅੰਤਾਂ ਦੀ ਸਫਾਈ ਹੋਵੇ। ਬਿਜ਼ਨੈਸ ਕੋਈ ਵੀ ਹੋਵੇ, ਅਗਰ ਸਮਝ ਨਾਲ ਚਲਾਇਆ ਜਾਵੇ ਤਾਂ ਇਸ ਦੇ ਬਹੁਤ ਫਾਇਦੇ ਹੁੰਦੇ ਹਨ। ਚੰਗੇ ਬਿਜ਼ਨੈਸਮੈਨ ਹੀ ਲੱਖਾਂ ਪਤੀ ਬਣਦੇ ਹਨ–ਕਿਸੇ ਹੋਰ ਲਈ ਕੰਮ ਕਰਨ ਵਾਲੇ ਨਹੀਂ। ਏਸ਼ੀਅਨਾਂ ਨੂੰ ਇਸ ਗੱਲ ਦਾ ਕਰੈਡਿਟ ਜਾਂਦਾ ਹੈ ਕਿ ਇਨ੍ਹਾਂ 'ਚੋਂ ਕਈਆਂ ਨੇ ਇੰਗਲੈਂਡ ਵਿਚ ਕਾਮਯਾਬੀਆਂ ਦੀਆਂ ਬੁਲੰਦੀਆਂ ਛੂਹੀਆਂ ਹਨ। ਇੰਗਲਿਸਤਾਨ ਦੇ ਇਕ ਹਜ਼ਾਰ ਟੌਪ ਦੇ ਕਾਮਯਾਬ ਤੇ ਅਮੀਰ ਲੋਕਾਂ 'ਚੋਂ ਏਸ ਵੇਲੇ 135 ਏਸ਼ੀਅਨ ਮੂਲ ਦੇ ਲੋਕੀਂ ਹਨ। ਇਹਨਾਂ ਵਿਚ ਪੰਜਾਬੀ ਲੋਕ ਵੀ ਸ਼ਾਮਲ ਹਨ। ਪ੍ਰੰਤੂ ਇਥੇ ਅਸੀਂ ਗੱਲ ਛੋਟੀ ਅਜਾਰੇਦਾਰੀ ਜਿਵੇਂ ਕੌਰਨਰ ਸ਼ੌਪਾਂ ਆਦਿ ਦੇ ਮਾਲਕਾਂ ਦੀ ਕਰ ਰਹੇ ਹਾਂ, ਜਿਹਨਾਂ ਵਿਚ ਵਧੇਰੇ ਲੋਕ ਏਸ਼ੀਅਨ ਹੀ ਹਨ।

ਇੰਗਲੈਂਡ ਨੂੰ ਨੇਸ਼ਨ ਔਫ ਸ਼ੌਪਕੀਪਰਜ਼ ਕਿਹਾ ਜਾਂਦਾ ਹੈ। ਜਿੰਨੀਆਂ ਇਥੇ ਛੋਟੀਆਂ ਦੁਕਾਨਾਂ ਹਨ ਉਨੀਆਂ ਨੌਰਥ ਅਮਰੀਕਾ (ਅਮਰੀਕਾ ਅਤੇ ਕੈਨੇਡਾ) ਅਤੇ ਯੂਰਪ ਦੇ ਕਿਸੇ ਦੇਸ਼ ਵਿਚ ਨਹੀਂ ਹਨ। ਇੰਗਲੈਂਡ 'ਚ ਰਹਿੰਦੇ ਸਾਡੇ ਕਈ ਲੋਕ ਅਮਰੀਕਾ ਅਤੇ ਕੈਨੇਡਾ ਵਿਚ ਵਸਣ ਦੇ ਚਾਹਵਾਨ ਵੀ ਹੁੰਦੇ ਹਨ। ਕਈਆਂ ਨੂੰ ਉਥੋਂ ਦੀ ਇਮੀਗਰੇਸ਼ਨ ਵੀ ਮਿਲ ਜਾਂਦੀ ਹੈ ਪਰ ਜਦੋਂ ਉਹ ਦੇਖਦੇ ਹਨ ਕਿ ਉਥੇ ਛੋਟੀ ਦੁਕਾਨਦਾਰੀ ਨਹੀਂ ਹੈ ਤਾਂ ਉਹ ਛਿੱਥੇ ਜਿਹੇ ਪੈ ਕੇ ਤੇ ਕਈ ਵੇਰ ਕਾਫ਼ੀ ਧਨ ਗੁਆ ਕੇ ਵਾਪਸ ਯੂ ਕੇ ਮੁੜ ਆਉਂਦੇ ਹਨ ਭਾਵੇਂ ਕਿ ਇਸ ਦੇ ਹੋਰ ਅਨੇਕਾਂ ਕਾਰਨ ਵੀ ਹੋ ਸਕਦੇ ਹਨ। ਟੋਰੋਂਟੋ ਵਰਗੇ ਸ਼ਹਿਰ ਵਿਚ ਭਾਰਤੋਂ ਸਿੱਧੇ ਆਏ ਅਨੇਕਾਂ ਲੋਕ ਦੁਕਾਨਦਾਰੀਆਂ ਕਰ ਰਹੇ ਹਨ। ਕਈ ਬਜ਼ਾਰਾਂ ਦੇ ਬਜ਼ਾਰ ਹੀ ਪੰਜਾਬੀਆਂ ਦੇ ਹਨ ਪਰ ਉਹਨਾਂ ਦਾ ਸਟਾਈਲ ਸਾਰਾ ਅਟਕਲਪਚੂ ਹੈ ਤੇ ਉਹ ਕੇਵਲ ਇੰਡੀਅਨ ਚੀਜ਼ਾਂ ਹੀ ਵੇਚਦੇ ਹਨ। ਵੱਖਰੇ ਕਿਸਮ ਦੇ ਬਿਜ਼ਨੈਸ ਪੰਜਾਬੀਆਂ ਦੇ ਹੱਥ ਬਹੁਤ ਘੱਟ ਹਨ। ਪੰਜਾਬੀਆਂ ਤੇ ਇੰਡੀਅਨ ਮੂਲ ਦੇ ਲੋਕਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਲਿਹਾਜ ਨਾਲ ਥਾਂ ਥਾਂ ਦੁਕਾਨਾਂ ਖੁੱਲ੍ਹ ਰਹੀਆਂ ਹਨ ਪਰ ਮਾਰਕੀਟ ਹੌਲੀ ਹੌਲੀ ਸੈਚੂਰੇਟ ਹੋ ਰਹੀ ਹੈ। ਇਸ ਕਰਕੇ ਏਸ ਵਰ੍ਹੇ ਜਦੋਂ ਮੈਂ ਉਥੇ ਗਿਆ ਤਾਂ ਦੇਖਿਆ ਕਿ ਛੋਟੀ ਦੁਕਾਨਦਾਰੀ ਕਰਨ ਵਾਲੇ ਲੋਕੀਂ ਕੁਝ ਤਾਂ ਤਕੜੇ ਆਰਥਿਕ ਸੰਕਟ ਵਿਚੀਂ ਗੁਜ਼ਰ ਰਹੇ ਹਨ ਤੇ

ਕੁਝ ਕਿਸੇ ਵੀ ਵੱਧ ਮੁਨਾਫੇ ਦੀ ਘਾਟ ਕਾਰਨ ਦੀਵਾਲੀਆਪਨ ਵੱਲ ਟੁਰ ਸਕਦੇ ਹਨ। ਅਮਰੀਕਾ ਵਿਚ ਕਿਸੇ ਵੇਲੇ ਪੈਟਰੋਲ ਪੰਪ (ਗੈਸ ਸਟੇਸ਼ਨ) ਅਤੇ ਮੋਟੈਲ ਦਾ ਕੰਮ ਵਾਹਵਾ ਹੁੰਦਾ ਸੀ ਪਰ ਹੁਣ ਉਹ ਵੀ ਕਾਫੀ ਮਹਿੰਗਾ ਹੋ ਗਿਆ ਹੈ ਕਿਉਂਕਿ ਰੀਸੋ ਰੀਸੀ ਸਾਰੇ ਹੀ ਏਸ ਪਾਸੇ ਵੱਲ ਟੁਰ ਪਏ ਹਨ। ਏਸ ਦੌਰੇ ਵੇਲੇ ਮੈਂ ਅਮਰੀਕਾ ਵਿਚ ਵੇਖਿਆ ਕਿ ਆਪਣੇ ਬਹੁਤੇ ਭਾਈਬੰਦ ਸੈਵਨ ਇਲੈਵਨ ਦਾ ਕਾਰੋਬਾਰ ਖਰੀਦਣ ਵੱਲ ਰੁਚਿਤ ਹੋ ਗਏ ਹਨ। ਚੌਵੀ ਘੰਟੇ ਹੀ ਖੁੱਲ੍ਹੀਆਂ ਰਹਿਣ ਵਾਲੀਆਂ ਇਹ ਦੁਕਾਨਾਂ ਇੰਨੀ ਵੱਧ ਮਾਤਰਾ ਵਿਚ ਹੋ ਗਈਆਂ ਹਨ ਕਿ ਔਸਤਨ ਪ੍ਰਤੀ ਘੰਟੇ ਦੀ ਇਨਕਮ ਬਹੁਤ ਹੀ ਗੱਟ ਹੈ। ਕਈਆਂ ਸਟੋਰਾਂ ਵਿਚ ਇੱਲੀਗਲ ਪੰਜਾਬੀ ਕੰਮ ਕਰਦੇ ਹਨ ਜਿਹਨਾਂ ਦਾ ਵੇਤਨ ਤਿੰਨ ਚਾਰ ਡਾਲਰ ਹੀ ਪ੍ਰਤੀ ਘੰਟਾ ਹੈ। ਮਾਲਕ ਦਾ ਸਾਰਾ ਟੱਬਰ ਹੀ ਇੰਗਲੈਂਡ ਦੀਆਂ ਕੌਰਨਰ ਸ਼ੌਪਾਂ ਵਾਂਗ ਇਹਨਾਂ ਸਟੋਰਾਂ ਵਿਚ ਕੰਮ ਕਰ ਰਿਹਾ ਹੁੰਦਾ ਹੈ। ਅਗਰ ਪ੍ਰਤੀ ਘੰਟੇ ਦੇ ਵੇਤਨ ਦਾ ਲੇਖਾ ਜੋਖਾ ਕੀਤਾ ਜਾਵੇ ਤਾਂ ਸਾਰਾ ਟੱਬਰ ਭੰਗ ਦੇ ਭਾੜੇ ਹੀ ਕੰਮ ਕਰ ਰਿਹਾ ਹੁੰਦਾ ਹੈ। ਅਗਰ ਵੀਕਲੀ ਵੱਟਤ ਸਾਰੀ ਦੀ ਸਾਰੀ ਹੀ ਦਿਖਾ ਦਿੱਤੀ ਜਾਵੇ ਤਾਂ ਇਨਕਮ ਟੈਕਸਾਂ ਵਾਲੇ ਤੇ ਸੇਲਜ਼ ਟੈਕਸਾਂ ਵਾਲੇ ਹੀ ਹੂੰਝਾ ਫੇਰ ਸਕਦੇ ਹਨ। ਅਗਰ ਇੱਲੀਗਲ ਇਮੀਗ੍ਰਾਂਟਸ ਨਾ ਹੋਣ ਤਾਂ ਲੀਗਲ ਬੰਦਿਆਂ ਨੂੰ ਤਨਖਾਹਾਂ ਹੀ ਨਹੀਂ ਦਿੱਤੀਆਂ ਜਾ ਸਕਦੀਆਂ ।

ਏਸ਼ੀਅਨ ਕੌਰਨਰ ਸ਼ੌਪਾਂ ਵਾਲਿਆਂ ਵਿਚ ਕੁਝ ਅਜਿਹੇ ਵੀ ਹਨ ਜਿਹਨਾਂ ਨੇ ਆਪਣੀ ਰੀਟਾਇਰਮੈਂਟ ਬਾਰੇ ਕੁਝ ਵੀ ਨਹੀਂ ਸੋਚਿਆ। ਉਹਨਾਂ ਨੇ ਆਪਣੇ ਲਈ ਪੈਨਸ਼ਨ ਦੀਆਂ ਸੁਵਿਧਾਵਾਂ ਵੀ ਨਹੀਂ ਰੱਖੀਆਂ। ਕਈਆਂ ਨੇ ਆਪਣੇ ਬੱਚਿਆਂ ਨੂੰ ਵਾਹਵਾ ਪੜ੍ਹਾ ਲਿਖਾ ਲਿਆ ਹੈ ਪਰ ਇਹ ਨਹੀਂ ਸੋਚਿਆ ਕਿ ਉਹ ਬਿਜ਼ਨੈਸ ਵਿੱਚ ਉਹਨਾਂ ਦੀ ਕਿੰਝ ਮਦਦ ਕਰ ਸਕਦੇ ਹਨ ਕਿਉਂਕਿ ਅਗਰ ਪੜ੍ਹੇ-ਲਿਖੇ ਬੱਚਿਆਂ ਦੀ ਸਪੋਰਟ ਹੋਵੇ ਤਾਂ ਬਿਜ਼ਨੈਸ ਨੂੰ ਵਧਾਇਆ ਜਾ ਸਕਦਾ ਹੈ। ਇਸ ਨੂੰ ਡਾਈਵਰਸੀਫ਼ਾਈ ਕੀਤਾ ਜਾ ਸਕਦਾ ਹੈ। ਕਈਆਂ ਲੋਕਾਂ ਨੇ ਪਰੌਫਿਟ ਮਾਰਜਿਨ ਘੱਟ ਦਿਖਾਉਣ ਦੀ ਵੀ ਕੋਸ਼ਿਸ਼ ਕੀਤੀ ਹੋਵੇਗੀ ਤਾਂ ਜੁ ਇਨਕਮ ਟੈਕਸ ਤੇ ਵੀ ਏ ਟੀ ਤੋਂ ਬਚਿਆ ਜਾ ਸਕੇ ਪਰ ਇਸ ਦਾ ਕਈ ਵੇਰ ਉਲਟ ਅਸਰ ਵੀ ਹੁੰਦਾ ਹੈ। ਬਿਜ਼ਨੈਸ ਨੂੰ ਵਧਾਉਣ ਲਈ ਚੰਗੀ ਟੇਕਿੰਗ ਦਿਖਾਉਣੀ ਉਸ ਹਾਲਤ ਵਿਚ ਬਹੁਤ ਜ਼ਰੂਰੀ ਹੁੰਦੀ ਹੈ ਜਦੋਂ ਅੱਗੇ ਵਧਣ ਲਈ 'ਬਿਜ਼ਨੈਸ ਕਰੈਡਿਬਿਲਿਟੀ' ਅਤੇ 'ਕਰੈਡਿਟ ਵਰਦੀਨੈਸ' ਦਿਖਾਉਣੀ ਅਵੱਸ਼ਕ ਹੋਵੇ। ਅਮਰੀਕਾ ਅਤੇ ਕੈਨੇਡਾ ਵਿਚ ਬਹੁਤ ਸਾਰੇ ਅਜਿਹੇ ਏਸ਼ੀਅਨ ਬਿਜ਼ਨੈਸਮੈਨ ਹਨ ਜਿਹੜੇ 'ਬਿਜ਼ਨੈਸ ਕਰੈਡਿਬਿਲਿਟੀ' ਵੱਲ ਧਿਆਨ ਹੀਂ ਦਿੰਦੇ। ਸਿੱਟਾ ਇਹ ਨਿਕਲਦਾ ਹੈ ਕਿ ਬੈਂਕਾਂ ਵਾਲੇ ਉਹਨਾਂ ਨੂੰ ਵਧੇਰੇ ਲੋਨ ਨਹੀਂ ਦਿੰਦੇ ਤੇ ਵਿਓਪਾਰਕ ਹੋਲਸੇਲਰਾਂ ਵਿਚ ਉਹਨਾਂ ਦੀ ਕਰੈਡਿਬਿਟੀ ਨਹੀਂ ਬਣਦੀ। ਇਹੋ ਜਿਹੇ ਬਿਜ਼ਨੈਸਮੈਨ ਛੋਟੀ ਦੁਕਾਨਦਾਰੀ 'ਚੋਂ ਕਦੇ ਵੀ ਨਿਕਲਣ ਦੀ ਸਮਰੱਥਾ ਨਹੀਂ ਰੱਖਦੇ ਹੁੰਦੇ।

ਅਖੀਰ ਵਿਚ ਇਹ ਗੱਲ ਕਹਿਣੀ ਬਣਦੀ ਹੈ ਕਿ ਆਪਣੇ ਲੋਕਾਂ ਦੀ ਮਿਹਨਤ ਸਦਕਾ ਸਾਡੇ ਬਹੁਤ ਸਾਰੇ ਬਿਜ਼ਨੈਸਮੈਨ ਖੁਦ ਵੀ ਵਾਹਵਾ ਚੰਗਾ ਗੁਜ਼ਾਰਾ ਕਰ ਰਹੇ ਹਨ ਤੇ ਬਹੁਤ ਸਾਰੇ ਲੋਕਾਂ ਨੂੰ ਉਨ੍ਹਾਂ ਨੇ ਰੁਜ਼ਗਾਰ ਵੀ ਦੇ ਰੱਖਿਆ ਹੋਇਆ ਹੈ। ਇਹ ਪਹਿਲੀ ਪੀੜ੍ਹੀ ਦਾ ਵਿਓਪਾਰਕ ਇਤਿਹਾਸ ਹੈ। ਦੂਜੀ ਪੀੜ੍ਹੀ ਬਾਰੇ ਹਾਲੀ ਬਹੁਤਾ ਕੁਝ ਨਹੀਂ ਕਿਹਾ ਜਾ ਸਕਦਾ।

(ਅਕਤੂਬਰ 1998)

# ਸੋਲ੍ਹਵੇਂ ਸਾਲ ਤੋਂ ਪਹਿਲਾਂ ਦੀ ਲਿੰਗ ਆਜ਼ਾਦੀ

ਪਿਛਲੇ ਮਹੀਨੇ ਬਰਤਾਨੀਆਂ ਦੇ ਹਾਊਸ ਔਫ ਲੌਰਡਜ਼ ਨੇ ਮਿਸਿਜ਼ ਵਿਕਟੋਰੀਆ ਮਿਲਿਕ ਦੀ ਇਸ ਅਪੀਲ ਨੂੰ ਰੱਦ ਕਰ ਦਿੱਤਾ ਸੀ ਕਿ ਬਰਤਾਨੀਆਂ ਦੇ ਡਾਕਟਰ ਸੋਲ੍ਹਾਂ ਸਾਲਾਂ ਤੋਂ ਘੱਟ ਉਮਰ ਦੀਆਂ ਕੁੜੀਆਂ ਨੂੰ ਉਨ੍ਹਾਂ ਦੇ ਮਾਪਿਆਂ ਦੀ ਆਗਿਆ ਤੋਂ ਬਿਨਾਂ ਗਰਭ ਰੋਕੂ ਗੋਲੀਆਂ ਨਾ ਦੇਣ। ਮਿਸਿਜ਼ ਮਿਲਿਕ ਦੀ ਇਹ ਹਾਰ ਕਈਆਂ ਦਿਨਾਂ ਤੋਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਜੇਕਰ ਇਸ ਗੱਲ ਦਾ ਸਾਡੇ ਉਤੇ ਅਸਰ ਨਾ ਪੈਣਾ ਹੁੰਦਾ ਤਾਂ ਚੁੱਪ ਰਹਿੰਦੇ ਪਰ ਚੂੰਕਿ ਅਸੀਂ ਇਸ ਮੁਲਕ ਦੇ ਬਾਸ਼ਿੰਦੇ ਹਾਂ, ਇਸ ਲਈ ਕੁਦਰਤੀ ਹੈ ਕਿ ਇਥੋਂ ਦੇ ਬਣਦੇ ਟੁਟਦੇ ਕਾਨੂੰਨ ਸਾਡੇ ਅਤੇ ਸਾਡੇ ਬੱਚਿਆਂ ਦੇ ਭਵਿੱਖ ਉਤੇ ਡੂੰਘਾ ਅਸਰ ਪਾਉਂਦੇ ਹਨ। ਪਰ ਹਥਲੀ ਗਲ ਕਿ 16 ਸਾਲ ਤੋਂ ਘੱਟ ਉਮਰ ਦੀ ਕੁੜੀ ਦੀ ਡਾਕਟਰ ਤੋਂ ਇਹ ਮੰਗ ਕਿ ਉਹ ਬਰਥ ਪਿਲਜ਼ ਲੈਣੀਆਂ ਚਾਹੁੰਦੀ ਹੈ, ਮਾਪਿਆਂ ਤੋਂ ਗੁਪਤ ਰਖੀ ਜਾਵੇ, ਸਾਡੇ ਸਭਿਆਚਾਰ ਉਤੇ ਹੋਰ ਵੀ ਗੰਭੀਰ ਅਸਰ ਪਾਉਂਦੀ ਹੈ।

ਬਰਤਾਨੀਆਂ ਦੇ ਚਿੱਟੇ, ਕਾਲੇ ਅਤੇ ਭੂਰੇ ਲੋਕ ਇਸ ਫੈਸਲੇ ਕਾਰਣ ਬੁਰੀ ਤਰ੍ਹਾਂ ਵੰਡੇ ਹੋਏ ਹਨ। ਜਿਹੜੇ ਲੋਕ ਇਸ ਦੇ ਹੱਕ ਹੱਕ ਵਿਚ ਹਨ ਕਿ ਡਾਕਟਰ ਕੁੜੀ ਦੇ ਮਸ਼ਵਰੇ ਨੂੰ ਗੁਪਤ ਰਖਦਾ ਹੋਇਆ ਮਾਪਿਆਂ ਦੀ ਸਲਾਹ ਨਾ ਲਵੇ ਤੇ ਕੁੜੀ ਨੂੰ ਗਰਭ ਰੋਕੂ ਗੋਲੀਆਂ ਦੇ ਦੇਵੇ, ਦਲੀਲ ਦਿੰਦੇ ਹਨ ਕਿ ਸੋਲਾਂ ਸਾਲ੍ਹਾਂ ਦੀ ਉਮਰ ਤੋਂ ਘੱਟ ਦੀ ਕੁੜੀ ਡਾਕਟਰ ਕੋਲ ਜਾਣ ਤੋਂ ਝਿਜਕੇਗੀ ਕਿਉਂਕਿ ਉਸਨੂੰ ਡਰ ਹੋਵੇਗਾ ਕਿ ਡਾਕਟਰ ਜਦੋਂ ਮਾਪਿਆਂ ਦੀ ਸਲਾਹ ਲਵੇਗਾ ਤਾਂ ਉਸਦੇ ਗੁਪਤ ਇਸ਼ਕ ਦਾ ਭਾਂਡਾ ਫੁੱਟ ਸਕਦਾ ਹੈ। ਉਹ ਇਹ ਵੀ ਕਹਿੰਦੇ ਹਨ ਕਿ ਚੂੰਕਿ ਕੁੜੀ ਗਰਭ ਰੋਕੂ ਗੋਲੀਆਂ ਨਹੀਂ ਪ੍ਰਾਪਤ ਕਰ ਸਕੇਗੀ, ਇਸ ਲਈ ਉਸਦੇ ਗਰਭਵਤੀ ਹੋਣ ਦੇ ਚਾਂਸਾਂ ਵਿਚ ਵੀ ਵਾਧਾ ਹੋਵੇਗਾ। ਇਸ ਦੇ ਸਿੱਟੇ ਵਜੋਂ ਅਣਚਾਹੇ ਬੱਚੇ ਪੈਦਾ ਹੋਣਗੇ। ਕੁੜੀ ਉਤੇ ਭੈੜਾ ਮਾਨਸਿਕ ਅਤੇ ਸਰੀਰਕ ਅਸਰ ਵੀ ਪਵੇਗਾ ਅਤੇ ਉਸਦੇ ਭਵਿੱਖ ਦੇ ਧੁੰਧਲਾ ਹੋਣ ਦਾ ਵੀ ਡਰ ਵੀ ਵਧ ਜਾਵੇਗਾ।

ਇਸ ਗਲ ਦੇ ਹੱਕ ਵਿਚ ਬੋਲਦੇ ਲੋਕ ਇਹ ਵੀ ਕਹਿੰਦੇ ਹਨ ਕਿ ਗਰਭਵਤੀ ਹੋਣ ਦੇ ਸਿੱਟੇ ਵਜੋਂ ਜਵਾਨ ਕੁੜੀ ਖਬਰੇ ਗਰਭਪਾਤ ਦਾ ਹੌਂਸਲਾ ਕਰ ਬੈਠੇ, ਜਿਸ ਨਾਲ ਉਸ ਦੀ ਮੌਤ ਵੀ ਹੋ ਸਕਦੀ ਹੈ। ਇਨ੍ਹਾਂ ਦਾ ਇਹ ਵਿਚਾਰ ਹੈ ਕਿ ਇੰਗਲੈਂਡ ਵਰਗੀ ਖੁੱਲ੍ਹੀ ਡੁੱਲ੍ਹੀ ਸੁਸਾਇਟੀ ਵਿਚ ਜੇਕਰ ਮਾਪੇ ਕੁੜੀ (ਜਾਂ ਮੁੰਡੇ) ਨੂੰ ਸੈਕਸ ਕਰਨ ਤੋਂ ਰੋਕਣ ਵੀ ਤਾਂ ਉਹ ਮੰਨ ਨਹੀਂ ਸਕਦੇ ਤੇ ਉਹ ਚੋਰੀ ਛਿਪੇ ਅਜਿਹਾ ਕੁਝ ਕਨਰਗੇ। ਫਿਰ ਕਿਉਂ ਨਾ ਘੱਟੋ ਘੱਟ ਉਨ੍ਹਾਂ ਨੂੰ ਡਾਕਟਰਾਂ ਰਾਹੀਂ ਗਰਭ ਰੋਕੂ ਜੰਤਰ ਦੇ ਦਿਤੇ ਜਾਣ? ਇਨ੍ਹਾਂ ਕਰ ਕੇ ਉਹ ਗਰਭਵਤੀ ਹੋਣ ਦੀ ਜ਼ਹਿਮਤ

ਤੋਂ ਬਚੇ ਰਹਿਣਗੇ।

ਮਿਸਿਜ਼ ਵਿਕਟੋਰੀਆ ਮਿਲਿਕ ਦਾ ਵਿਚਾਰ ਤੇ ਉਸਨੂੰ ਸਪੋਰਟ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਸੋਲ੍ਹਾਂ ਸਾਲ ਤੋਂ ਹੇਠਾਂ ਦੇ ਬੱਚੇ ਮਾਨਸਿਕ/ਭਾਵਕ ਤੌਰ ਤੇ ਪੱਕੇ ਨਹੀਂ ਹੁੰਦੇ। ਜੇਕਰ ਉਨ੍ਹਾਂ ਨੂੰ ਖੁੱਲ੍ਹਮ-ਖੁੱਲ੍ਹਾ ਗਰਭ ਰੋਕੂ ਸਾਧਨ ਮੁਹੱਈਆ ਕੀਤੇ ਜਾਣ ਤਾਂ ਉਨ੍ਹਾਂ ਨੂੰ ਸੈਕਸ ਕਰਮ ਵਾਸਤੇ ਖੁੱਲ੍ਹੀ ਛੁੱਟੀ ਦੇ ਦੇਣ ਦੇ ਬਰਾਬਰ ਹੋਵੇਗਾ। ਇਸ ਸਕੂਲ਼ ਦੇ ਧਾਰਨੀਆਂ ਦਾ ਇਹ ਵੀ ਵਿਚਾਰ ਹੈ ਕਿ ਇੰਝ ਕਰਨ ਕਾਰਣ ਮਾਪਿਆਂ ਦੀ ਅਥੌਰਿਟੀ ਉਨ੍ਹਾਂ ਦੇ ਬੱਚਿਆਂ ਤੋਂ ਜਾਂਦੀ ਰਹੇਗੀ।

ਇਸ ਗਲ ਵਿਚ ਕੋਈ ਸ਼ੱਕ ਨਹੀਂ ਕਿ ਬ੍ਰਿਟਿਸ਼ ਸੁਸਾਇਟੀ ਵਿਚ ਲਿੰਗ-ਆਜ਼ਾਦੀ ਸਿਖਰਾਂ ਛੁਹ ਰਹੀ ਹੈ। ਜੇਕਰ ਦੋ ਬਾਲਗ ਰਜ਼ਾਮੰਦ ਹਨ ਤਾਂ ਕਿਸੇ ਕੋਲ ਕੋਈ ਹੱਕ ਨਹੀਂ ਹੈ ਕਿ ਵਿਚ ਟੰਗ ਅੜਾਉਣ। ਇਥੋਂ ਤਕ ਕਿ ਦੋ ਬਾਲਗਾਂ ਵਿਚਕਾਰ ਸਮਲਿੰਗ ਭੋਗ ਵੀ ਵਿਵਰਜਤ ਨਹੀਂ। ਅਜਿਹੇ ਮਾਹੌਲ ਵਿਚ ਬੱਚਿਆਂ ਦੀ ਪ੍ਰੋਟੈਕਸ਼ਨ ਹੋਰ ਵੀ ਆਵਸ਼ਕ ਹੋ ਜਾਂਦੀ ਹੈ। ਪਰ ਹੋ ਇਸ ਤੋਂ ਉਲਟ ਰਿਹੈ।

ਮੇਰੀ ਜਾਚੇ ਕਿਸੇ ਵੀ ਸੁਸਾਇਟੀ ਵਿਚ ਸੋਲ੍ਹਾਂ ਸਾਲ ਤੋਂ ਘੱਟ ਦੇ ਬੱਚੇ ਜਜ਼ਬਾਤੀ ਤੌਰ 'ਤੇ ਨਾ ਸਿਰਫ ਕੱਚੇ ਹੀ ਹੁੰਦੇ ਹਨ, ਸਗੋਂ ਉਨ੍ਹਾਂ ਦੇ ਗੁੰਮਰਾਹ ਹੋਣ ਦਾ ਅਤੇ ਗ਼ਲਤ ਸੁਸਾਇਟੀ ਵਿਚ ਪੈਣ ਦਾ ਬੜਾ ਖ਼ਤਰਾ ਹੁੰਦਾ ਹੈ। ਇਹ ਉਮਰ ਖੇਲ੍ਹਣ ਮੱਲ੍ਹਣ, ਹਾਸੇ ਮਖੌਲ, ਤਾਲੀਮ ਹਾਸਲ ਕਰਨ ਅਤੇ ਉਸਾਰੂ ਸੋਚ ਉਸਾਰਨ ਦੀ ਹੁੰਦੀ ਹੈ। ਇਹ ਉਮਰ ਆਪਣੀਆਂ ਭੌਤਿਕ ਪ੍ਰਵਿਰਤੀਆਂ ਨੂੰ ਲੱਭਣ ਦੀ ਵੀ ਹੁੰਦੀ ਹੈ ਤੇ ਆਪਣੇ ਚੌਗਿਰਦੇ ਤੋਂ ਸੁਚੇਤ ਹੋਣ ਦੀ ਵੀ, ਪਰ ਇਹ ਕਦਾਚਿਤ ਲਿੰਗ-ਖੇਡਾਂ ਖੇਡਣ ਦੀ ਉਮਰ ਨਹੀਂ ਹੁੰਦਾ। ਇਸ ਉਮਰ ਤੱਕ ਤਾਂ ਬੱਚੇ ਮਾਪਿਆਂ ਵਲ ਸੇਧਾਂ ਲੈਣ ਲਈ ਵੇਖਦੇ ਹਨ ਨਾ ਕਿ ਘਰੋਂ ਤੁਰੇ ਡਾਕਟਰ ਕੋਲ ਪਹੁੰਚੇ, ਬਰਥ-ਪਿਲ ਲਈ ਤੇ ਪਾਰਕਾਂ ਵਿਚ ਜਾ ਕੇ ਜਾਂ ਗੈਰ ਹਾਜ਼ਰ ਮਾਪਿਆਂ ਦੇ ਘਰੀਂ ਜਾ ਕੇ ਸੈਕਸ ਖੇਡਾਂ ਵਿਚ ਪੈ ਗਏ।

ਦਰਅਸਲ ਪਰਮਿਸਿਵ ਸੁਸਾਇਟੀ ਸ਼ੀਸ਼ੇ ਦੇ ਘਰਾਂ ਵਰਗੀ ਸ਼ੈਅ ਹੈ। ਜਿਸ ਤੋਂ ਬਹੁਤਾ ਪਰਦਾ ਨਹੀਂ ਕੀਤਾ ਜਾ ਸਕਦਾ ਪਰ ਸੂਝਵਾਨ ਮਾਪੇ ਆਪਣੀ ਸਖਸ਼ੀਅਤ ਦੇ ਓਹਲੇ ਬੱਚਿਆਂ ਨੂੰ ਛੁਪਾ ਸਕਦੇ ਹਨ।

ਇਸ ਸਮਾਜ ਵਿਚ ਮਾਪਿਆਂ ਦੀ ਅਥੌਰਿਟੀ ਨੂੰ ਦਿਨ ਬਦਿਨ ਖੇਰੂੰ ਖੇਰੂੰ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਸੋਝੀ ਕਰਵਾਈ ਜਾ ਰਹੀ ਹੈ। ਕਈਆਂ ਖੇਤਰਾਂ ਵਿਚ ਤਾਂ ਮਾਪਿਆਂ ਤੋਂ ਬਾਦ ਜਿਹੜੀ ਅਥੌਰਿਟੀ ਅਧਿਆਪਕ ਕੋਲ ਹੁੰਦੀ ਹੈ, ਉਹ ਵੀ ਖੋਹ ਲਈ ਜਾਂਦੀ ਹੈ। ਸਕੂਲਾਂ ਵਿਚ ਅਨੁਸ਼ਾਸਨ ਨਾਂ ਦੀ ਚੀਜ਼ ਹੈ ਹੀ ਨਹੀਂ। ਅਧਿਆਪਕ ਤੇ ਮੁੱਖ ਅਧਿਆਪਕ ਸ਼ਰਾਰਤੀ ਵਿਦਿਆਰਥੀਆਂ ਨੂੰ ਕੋਈ ਸਜ਼ਾ ਦੇ ਹੀ ਨਹੀਂ ਸਕਦੇ। ਵਿਦਿਆਰਥੀ (ਤੇ ਕਈ ਵੇਰ ਮਾਪੇ ਵੀ) ਅਧਿਆਪਕਾਂ ਨੂੰ ਗਾਹਲਾਂ ਕਢਦੇ ਹਨ, ਕੁਰਸੀਆਂ ਵਗਾਹ ਵਗਾਹ ਕੇ ਮਾਰਦੇ ਹਨ, ਹਥੋਂ ਪਾਈ ਹੁੰਦੇ ਹਨ ਤੇ ਕੰਧਾਂ ਕੌਲਿਆਂ ਉਤੇ ਉਨ੍ਹਾਂ ਬਾਰੇ ਗੰਦ ਮੰਦ ਲਿਖਦੇ ਹਨ।

ਪਾਠਕਾਂ ਨੇ ਅਜਕਲ ਮਾਨਚੈਸਟਰ ਵਿਚ ਸਕੂਲਾਂ ਦੇ ਅਧਿਆਪਕਾਂ ਵਲੋਂ ਹੜਤਾਲਾਂ ਅਤੇ ਮੁਜ਼ਾਹਰਿਆਂ ਬਾਰੇ ਪੜ੍ਹਿਆਂ ਸੁਣਿਆ ਹੋਵੇਗਾ। ਪੰਜਾਂ ਮੁੰਡਿਆਂ, ਜਿਨ੍ਹਾਂ ਨੇ ਆਪਣੇ ਸਕੂਲ ਦੇ ਕੁਝ ਇਸਤਰੀ ਅਤੇ ਮਰਦ ਅਧਿਆਪਕਾਂ ਬਾਰੇ ਗੰਦੇ ਕਾਰਟੂਨ, ਚਿੱਤਰ ਅਤੇ ਲਫਜ਼ ਕੰਧਾਂ

ਅਤੇ ਬਲੈਕ ਬੋਰਡਾਂ ਉਤੇ ਲਿਖੇ ਸਨ, ਨੂੰ ਜਦੋਂ ਸਕੂਲ ਵਿਚੋਂ ਸਸਪੈਂਡ ਕੀਤਾ ਗਿਆ ਤਾਂ ਮਾਨਚੈਸਟਰ ਦੀ ਐਜੂਕੇਸ਼ਨ ਕਮੇਟੀ ਨੇ ਉਨ੍ਹਾਂ ਨੂੰ ਮੁੜ ਸਕੂਲ ਭੇਜ ਦਿਤਾ। ਇਸ ਤਰ੍ਹਾਂ ਕਰਨ ਨਾਲ ਨਾ ਸਿਰਫ ਟੀਚਰਾਂ ਦੀ ਅਥੌਰਿਟੀ ਹੀ ਜਾਂਦੀ ਲੱਗੀ ਹੈ ਸਗੋਂ ਮੁਖ ਅਧਿਆਪਕ ਨੂੰ ਵੀ ਸ਼ਰਮਿੰਦਗੀ ਹੈ ਕਿ ਉਹ ਮੁੰਡਿਆਂ ਨੂੰ ਕੋਈ ਸਜ਼ਾ ਨਹੀਂ ਦੇ ਸਕਿਆ।

ਮੁੰਡੇ ਵਾਪਸ ਆਉਂਦੇ ਹਨ ਤਾਂ ਭਵਿਖ ਵਿਚ ਅਧਿਆਪਕ ਅਨੁਸ਼ਾਸਨ ਕਾਇਮ ਨਹੀਂ ਕਰ ਸਕਣਗੇ। ਇਨ੍ਹਾਂ ਅਧਿਆਪਕਾਂ ਦੇ ਹੱਕ ਵਿਚ ਮਾਨਚੈਸਟਰ ਦੇ ਅਨੇਕਾਂ ਮਾਪੇ ਵੀ ਮੁਜ਼ਾਹਰਿਆਂ ਵਿਚ ਸ਼ਾਮਲ ਹੋਏ। ਜਿਸ ਦਾ ਮਤਲਬ ਇਹ ਹੈ ਕਿ ਮਾਪੇ ਵੀ ਬੱਚਿਆਂ ਦੇ ਡਸਿਪਲਨ ਸਬੰਧੀ ਫਿਕਰਮੰਦ ਹਨ।

ਇਕ ਹੋਰ ਅਲਾਹਮਤ ਵੀਡੀਓ ਫਿਲਮਾਂ ਦੀ ਵੀ ਖੜ੍ਹੀ ਹੋ ਗਈ ਹੈ। ਭਾਵੇਂ ਪਹਿਲੀ ਸਤੰਬਰ 1985 ਤੋਂ ਵੀਡੀਓ ਫਿਲਮਾਂ ਨੂੰ ਸਰਟੀਫ਼ਾਈ ਕੀਤਾ ਜਾ ਰਿਹਾ ਹੈ ਪਰ ਇਹ ਸਿਲਸਿਲਾ ਏਨਾ ਲੰਮਾ ਹੈ ਕਿ ਇਸ ਨੂੰ ਕਿੰਨੀ ਹੀ ਦੇਰ ਲਗ ਸਕਦੀ ਹੈ। ਉਪਰੰਤ ਤਸ਼ੱਦਦ ਅਤੇ ਲਿੰਗ ਉਕਸਾਊ ਫਿਲਮਾਂ ਦੀਆਂ ਕਾਪੀਆਂ ਕਰਨੀਆਂ ਏਨੀਆਂ ਸੌਖੀਆਂ ਹਨ ਤੇ ਏਨੀਆਂ ਕਾਪੀਆਂ ਪ੍ਰਾਈਵੇਟ ਹੱਥਾਂ ਵਿਚ ਹਨ ਕਿ ਇਨ੍ਹਾਂ ਦਾ ਉੱਕਾ ਚੁੱਕਾ ਸਫਾਇਆ ਕਦੇ ਹੋ ਹੀ ਨਹੀਂ ਸਕਦਾ। ਵੀਡੀਓ ਫਿਲਮਾਂ ਉਤੇ ਰਤਾ ਕੁ ਗੈਰ ਜ਼ਿੰਮੇਵਾਰ (ਤੇ ਜ਼ਿੰਮੇਵਾਰ ਵੀ) ਮਾਪੇ ਚੌਵੀ ਘੰਟੇ ਅੱਖ ਵੀ ਨਹੀਂ ਰੱਖ ਸਕਦੇ। ਕਈ ਵਾਰ ਇਹ ਫਿਲਮਾਂ ਇਧਰ ਉਧਰ ਪਈਆਂ ਰਹਿ ਸਕਦੀਆਂ ਹਨ ਤੇ ਬੱਚੇ ਮਾਪਿਆਂ ਦੀ ਗੈਰ ਹਾਜ਼ਰੀ ਵਿਚ ਇਹ ਫਿਲਮਾਂ ਦੇਖ ਸਕਦੇ ਹਨ। ਉਂਜ ਵੀ ਦਿਨ ਬ ਦਿਨ ਵੀਡੀਓ ਸ਼ਾਪਾਂ ਦੀ ਗਿਣਤੀ ਵਿਚ ਹੋ ਰਹੇ ਵਾਧੇ ਕਾਰਣ ਬਚਿਆਂ ਲਈ ਇਹ ਫਿਲਮਾਂ ਪ੍ਰਾਪਤ ਕਰਨੀਆਂ ਮੁਸ਼ਕਲ ਵੀ ਨਹੀਂ।

ਕਈ ਗੈਰ ਜ਼ਿੰਮੇਵਾਰ ਮਾਪੇ ਬੱਚਿਆਂ ਦੇ ਸਾਹਮਣੇ ਹੀ ਲੁੱਚੀਆਂ ਫਿਲਮਾਂ ਦੇਖਣ ਲਗ ਪੈਂਦੇ ਹਨ। ਗਲ ਕੀ ਜਿੰਨੀ ਦੇਰ ਤਕ ਕੋਈ ਠੋਸ ਹੱਲ ਨਹੀਂ ਲੱਭਿਆ ਜਾਂਦਾ, ਸਾਡੇ ਬਚਿਆਂ ਵਾਸਤੇ ਗੰਦੀਆਂ ਵੀਡੀਓ ਫਿਲਮਾਂ ਖਤਰਾ ਹੀ ਖਤਰਾ ਹਨ। ਵੀਡੀਓ ਵਾਰੇ ਸਭ ਤੋਂ ਵੱਡਾ ਨੁਕਸਾਨ ਇਹ ਹੋਇਆ ਹੈ ਕਿ ਟੀ ਵੀ ਦੇ ਨਾਲ ਨਾਲ ਇਹ ਮਾਪਿਆਂ ਅਤੇ ਬੱਚਿਆਂ ਵਿਚਕਾਰ ਗਲਬਾਤ (Communication) ਦੀ ਘਾਟ ਦਾ ਭਾਗੀ ਹੋਇਆ ਹੈ।

ਜ਼ਾਹਰ ਹੈ ਕਿ ਵੀਡੀਓ ਫਿਲਮਾਂ ਦੀ ਖੁੱਲ੍ਹੀ ਪ੍ਰਾਪਤੀ ਲਿੰਗ ਅਤੇ ਤਸ਼ੱਦਦ ਵਿਚ ਵਾਧਾ ਕਰੇਗੀ। ਟੀ ਵੀ ਅਤੇ ਵੀਡੀਓ ਉਤੇ ਲਿੰਗ ਉਕਸਾਊ ਫਿਲਮਾਂ ਦੇਖ ਕੇ ਬੱਚੇ ਨਕਲ ਵੀ ਕਰਨਗੇ ਹੀ।

ਸਾਡੀਆਂ ਹਿੰਦੀ ਅਤੇ ਪੰਜਾਬੀ ਦੀਆਂ ਫਿਲਮਾਂ ਵਿਚ ਭਾਵੇਂ ਬੁੱਲ੍ਹ ਚੁੰਮਣੇ ਵਰਜਿਤ ਹਨ ਪਰ ਜਿਸ ਕਿਸਮ ਦੀ ਸੁਝਾਊ ਬੋਲੀ, ਗਾਣੇ, ਹਰਕਤਾਂ ਅਤੇ ਮਿਊਜ਼ਿਕ ਹੈ, ਉਸ ਤੋਂ ਬੱਚੇ ਨਿਰਲੇਪ ਨਹੀਂ ਰਹਿ ਸਕਦੇ।

ਸਾਡੇ ਸਮਾਜ ਵਿਚ ਬੱਚੇ ਮਾਪਿਆਂ ਦਾ ਆਦਰ ਕਰਦੇ ਹਨ ਅਤੇ ਉਨ੍ਹਾਂ ਦਾ ਆਖਾ ਮੰਨਦੇ ਹਨ। ਪਰ ਜਿਸ ਸੁਸਾਇਟੀ ਵਿਚ ਅਸੀਂ ਰਹਿੰਦੇ ਹਾਂ, ਉਸ ਵਿਚ ਬਣਦੇ ਵਿਚਰਦੇ ਕਾਨੂੰਨ ਸਾਡੀਆਂ ਸਭਿਆਚਾਰਕ ਕੀਮਤਾਂ ਉਤੇ ਡੂੰਘੇ ਚਿਬ ਪਾ ਰਹੇ ਹਨ। ਮਸਲਨ ਇਹੋ ਹੀ ਕਾਨੂੰਨ ਕਿ 16 ਸਾਲ ਤੋਂ ਹੇਠਾਂ ਦੀਆਂ ਕੁੜੀਆਂ ਮਾਪਿਆਂ ਨੂੰ ਦੱਸੇ ਬਾਝੋਂ ਹੀ ਡਾਕਟਰ ਤੋਂ ਬਰਥ ਪਿਲ

ਲੈ ਸਕਦੀਆਂ ਹਨ, ਏਸ਼ੀਅਨ ਤਾਂ ਕੀ ਕਿਸੇ ਵੀ ਸਮਾਜ ਲਈ ਖ਼ਤਰਨਾਕ ਹੈ। ਸੋਲ੍ਹਾਂ ਸਾਲ ਤੋਂ ਹੇਠਾਂ ਵਾਲੀ ਕੁੜੀ ਨਾਲ ਸੰਭੋਗ ਕਰਨਾ ਗੈਰ ਕਾਨੂੰਨੀ ਹੈ ਪਰ ਜਿਹੜੀ ਕੁੜੀ ਬਰਥ ਪਿਲ ਲੈਂਦੀ ਹੋਵੇ ਕੀ ਉਹ ਹੋਰ ਵੀ ਬੇਫਿਕਰ ਨਹੀਂ ਹੋ ਜਾਵੇਗੀ? ਤੇ ਕਈ ਭੈੜੇ ਮਰਦ ਇਸਦਾ ਫਾਇਦਾ ਨਹੀਂ ਉਠਾਉਣਗੇ? ਇਸ ਉਮਰ ਵਿਚ ਸਿਗਰਟ/ਸ਼ਰਾਬ ਖਰੀਦਣ ਤੇ ਪੀਣ ਦੀ ਤਾਂ ਆਗਿਆ ਨਹੀਂ ਹੈ ਪਰ ਸੈਕਸ ਕਰਨ ਦੀ ਹੈ-ਭਾਵੇਂ ਇਹ ਗ਼ੈਰ ਕਾਨੂਨੀ ਹੀ ਕਿਉਂ ਨਾ ਹੋਵੇ।ਕਿਆ ਹਾਸੋਹੀਣੀ ਗੱਲ ਹੈ। ਕਿਉਂ ਨਹੀਂ ਸਰਕਾਰ ਸਕੂਲਾਂ ਵਿਚ ਅਨੁਸ਼ਾਸਨ ਉਤੇ ਜ਼ੋਰ ਦਿੰਦੀ ਭਾਵ ਅਧਿਆਪਕਾਂ ਨੂੰ ਡਸਿਪਲਨ ਕਾਇਮ ਕਰਨ ਲਈ ਢੁਕਵੀਂ ਸਜ਼ਾ ਦੇਣ ਦੀ ਖੁੱਲ੍ਹ ਕਿਉਂ ਨਹੀਂ ਦਿੰਦੀ? ਕਿਉਂ ਨਹੀਂ ਬੱਚਿਆਂ ਨੂੰ ਸੈਕਸ ਦੇ ਰੁਝਾਨ ਤੋਂ ਖ਼ਬਰਦਾਰ ਕਰਨ ਲਈ ਉਪਰਾਲੇ ਕਰਦੀ ਤੇ ਤਾਲੀਮੀ ਅਦਾਰਿਆਂ ਨੂੰ ਵਧੇਰੇ ਆਰਥਿਕ ਸਹੂਲਤਾਂ ਨਹੀਂ ਦਿੰਦੀ? ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਸ ਕਿਸਮ ਦੀ ਖ਼ਿਆਲਦਾਰੀ ਤੋਂ ਸੁਚੇਤ ਕਰਨ। ਉਨ੍ਹਾਂ ਨਾਲ ਗਲਬਾਤ ਕਰਿਆ ਕਰਨ। ਵਧੇਰੇ ਸਮਾਂ ਉਨ੍ਹਾਂ ਕੋਲ ਬਿਤਾਇਆ ਕਰਨ ਆਦਿ।

ਸਾਡੀਆਂ ਗੱਲਾਂ ਦਾ ਬਹੁਤਾ ਹਿੱਸਾ ਤੇ ਐਥਨਿਕ ਅਖਬਾਰਾਂ ਦਾ ਬਹੁਤਾ ਮੈਟਰ ਭਾਰਤ ਦੀ ਰਾਜਸੀ, ਆਰਥਕ, ਧਾਰਮਿਕ ਅਤੇ ਸਮਾਜਿਕ ਸਥਿਤੀ ਉਤੇ ਵਧੇਰੇ ਚਾਨਣ ਪਾਉਂਦਾ ਹੈ। ਮਾਪਿਆਂ ਦੀ ਇਹ ਰੁਚੀ ਔਲਾਦ ਸ਼ੇਅਰ ਨਹੀਂ ਕਰਦੀ ਅਤੇ ਨਾ ਹੀ ਇਥੇ ਜੰਮੀ ਪਲੀ ਔਲਾਦ ਨੂੰ ਇਨ੍ਹਾਂ ਗੱਲਾਂ ਨਾਲ਼ ਕੋਈ ਲਗਾਓ ਹੀ ਹੈ। ਅਸੀਂ ਇਹ ਵੀ ਮੰਨਦੇ ਹਾਂ ਕਿ ਬੱਚੇ ਕਿਸੇ ਸਭਿਆਚਾਰ ਦੇ ਭਵਿਖ ਹੁੰਦੇ ਹਨ। ਫਿਰ ਕਿਉਂ ਨਹੀਂ ਕਮਿਉਨਿਟੀ ਸੈਂਟਰ, ਗੁਰਦਵਾਰੇ, ਮੰਦਰ ਅਤੇ ਮਸੀਤਾਂ ਇਸ ਗਲ ਵਲ ਤਵੱਜੋ ਦਿੰਦੀਆਂ? ਕਿਉਂ ਇਨ੍ਹੀਂ ਥਾਈਂ ਖ਼ੁਦਗਰਜ਼ ਆਗੂ ਪ੍ਰਧਾਨਗੀਆਂ ਤੇ ਸਕੱਤਰੀਆਂ ਪਿਛੇ ਡਾਂਗੋ ਸੋਟੀ ਹੁੰਦੇ ਹਨ? ਕਿਉਂ ਨਹੀਂ ਆਪਣੇ ਸਭਿਆਚਾਰਕ ਅਦਾਰਿਆਂ ਦਾ ਪੱਲੂ ਨਵੀਂ ਪੀੜ੍ਹੀ ਨੂੰ ਸੌਂਪਿਆਂ ਨਹੀਂ ਜਾਂਦਾ? ਕਿਉਂ ਨਹੀਂ ਇਨ੍ਹਾਂ ਅਦਾਰਿਆਂ ਲਈ ਜਾਂਨਸ਼ੀਨ ਪੈਦਾ ਕੀਤੇ ਜਾਂਦੇ?

ਇਹ ਗਲ ਭੁੱਲਣੀ ਨਹੀਂ ਚਾਹੀਦੀ ਕਿ ਪੱਛਮ ਤੇ ਪੂਰਬ ਦਾ ਵਿਸੇਸ਼ ਅੰਤਰ ਇਹ ਹੈ ਕਿ ਇਹ ਲੋਕ ਫੈਮਿਲੀ ਯੂਨਿਟ ਖੇਰੂੰ ਖੇਰੂੰ ਕਰ ਬੈਠੇ ਹਨ। ਜਦਕਿ ਸਾਡੇ ਵਿਚ ਇਹ ਹਾਲੀਂ ਕਾਇਮ ਹੈ ਪਰ ਜੇਕਰ ਮੌਕਾ ਨਾ ਸੰਭਾਲਿਆ ਗਿਆ ਤਾਂ ਇਹ ਵੀ ਟੁੱਟ ਸਕਦਾ ਹੈ ਬਲਕਿ ਕਈਆਂ ਘਰਾਂ ਵਿਚ ਤਾਂ ਇਹ ਟੁੱਟ ਵੀ ਚੁੱਕਾ ਹੈ। ਜੇਕਰ ਸਾਡੀ ਬੱਚਿਆਂ ਨਾਲ ਗਲਬਾਤ (Communication) ਕਾਇਮ ਰਹੀ ਤਾਂ ਹਾਊਸ ਔਫ਼ ਕੌਮਨਜ਼ ਤੇ ਫ਼ਿਰ ਹਾਊਸ ਆਫ ਲੌਰਡਜ਼ ਵਿਚੋਂ ਲੰਘੇ ਕਾਨੂੰਨ ਸਾਡੇ ਸਭਿਆਚਾਰ ਨੂੰ ਚਿੱਬ ਨਹੀਂ ਪਾ ਸਕਦੇ ਵਰਨਾ ਇਹ ਤੇਜ਼ ਵਹਿੰਦਾ ਦਰਿਆ ਸਭ ਕੁਝ ਰੋੜ੍ਹ ਕੇ ਲੈ ਜਾਵੇਗਾ।

(13 ਦਸੰਬਰ 1985)

# ਇੰਗਲੈਂਡ ਵਿਚ ਕੁਆਰੇ ਗਰਭ ਦੀ ਸਮੱਸਿਆ

ਇੰਗਲੈਂਡ ਵਿਚ ਪਿਛਲੇ ਕਈਆਂ ਦਿਨਾਂ ਤੋਂ "ਵਰਜਿਨ ਬਰਥ" ਵਾਰੇ ਬੜੀ ਦਿਲਚਸਪ ਬਹਿਸ ਚੱਲ ਰਹੀ ਹੈ। ਟੈਸਟ ਟਿਊਬ ਰਾਹੀਂ ਬੱਚਾ ਪੈਦਾ ਕਰਨ ਦੀ ਵਿਧੀ ਤਾਂ ਕਈਆਂ ਸਾਲਾਂ ਤੋਂ ਅਜ਼ਮਾਈ ਜਾ ਚੁੱਕੀ ਹੈ ਪਰ ਹੁਣ ਕੁਆਰੀਆਂ ਔਰਤਾਂ ਵੀ ਇਸ ਦੀ ਅਜ਼ਮਾਇਸ਼ ਕਰ ਰਹੀਆਂ ਹਨ। ਭਾਵ ਜਿਹੜੀ ਲੜਕੀ ਨੇ ਕਦੇ ਵੀ ਸੰਭੋਗ ਨਾ ਕੀਤਾ ਹੋਵੇ, ਉਹ ਵੀ ਬੱਚਾ ਪੈਦਾ ਕਰ ਸਕਦੀ ਹੈ।ਉਹ ਵੀ ਬਿਨਾਂ ਸੰਭੋਗ ਕੀਤਿਆਂ ਹੀ। ਕਿਸੇ ਅਨਜਾਣੇ ਤੇ ਅਣਦੇਖੇ ਮਰਦ ਦਾ ਵੀਰਜ ਇਕ ਟਿਊਬ 'ਚ ਪਾ ਕੇ ਮਾਂ ਬਨਣ ਦੀ ਚਾਹਵਾਨ ਇਸਤਰੀ ਇਨਜੈਕਟ ਕਰ ਦਿੱਤਾ ਜਾਂਦਾ ਹੈ। ਇੰਗਲੈਂਡ ਵਿਚ ਹੁਣੇ ਜਿਹੇ ਦੋ ਔਰਤਾਂ ਇਸ ਵਿਧੀ ਨਾਲ ਗਰਭਵਤੀ ਹੋ ਚੁੱਕੀਆਂ ਹਨ। ਪਰੰਤੂ ਦੇਸ ਦੇ ਸਭਿਆਚਾਰਕ ਤੇ ਧਾਰਮਕ ਹਲਕਿਆਂ ਵਿਚ ਬੜੀ ਹਾਲ ਦੁਹਾਈ ਮਚ ਰਹੀ ਹੈ ਕਿ ਜੇਕਰ ਆਦਮੀ ਕੁਦਰਤ ਨਾਲ ਇਸ ਤਰ੍ਹਾਂ ਖੇਡ ਰਿਹਾ ਹੈ ਤਾਂ ਅੰਤ ਕਿਥੇ ਹੋਵੇਗਾ? ਬੱਚਿਆਂ ਦੀ ਭਲਾਈ ਦੀਆਂ ਸੰਸਥਾਵਾਂ ਬਾਪ ਰਹਿਤ ਇਨ੍ਹਾਂ ਬੱਚਿਆਂ ਬਾਰੇ ਅਤੀ ਚਿੰਤਾਤੁਰ ਹਨ। ਉਹ ਕਹਿੰਦੇ ਹਨ ਕਿ ਬੱਚੇ ਵੀ ਵਧੀਆ ਪਰਵਰਿਸ਼ ਮਾਂ ਤੇ ਪਿਉ ਦੀ ਸੰਯੁਕਤ ਕੋਸ਼ਸ਼ ਰਾਹੀਂ ਹੀ ਹੋ ਸਕਦੀ ਹੈ। ਕੁਦਰਤ ਦਾ ਇਹ ਵੀ ਨੇਮ ਹੈ ਕਿ ਔਰਤ ਅਤੇ ਮਰਦ ਸੰਭੋਗ ਕਰਕੇ ਹੀ ਬੱਚਾ ਪੈਦ ਕਰਨ ਕਿਉਂਕਿ ਸੰਭੋਗ ਤੋਂ ਹੀ ਬੱਚੇ ਲਈ ਮੋਹ ਪਿਆਰ ਸ਼ੁਰੂ ਹੁੰਦਾ ਹੈ।

ਬਾਈਬਲ ਦੀਆਂ ਕਹਾਣੀਆਂ ਮੁਤਾਬਕ ਸੇਂਟ ਔਗਸਟਾਈਨ ਨੇ ਕਿਹਾ ਹੈ ਕਿ ਬੱਚੇ ਦੇ ਪਾਪ ਉਸੇ ਵੇਲੇ ਤੋਂ ਸ਼ੁਰੂ ਹੋ ਜਾਂਦੇ ਹਨ ਜਦੋਂ ਉਹ ਬੱਚਾ ਪੈਦਾ ਕਰਨ ਲਈ ਸੰਭੋਗ ਕਰਦਾ ਹੈ। ਦਰਅਸਲ ਸੇਂਟ ਔਗਸਟਾਈਨ ਜੀਸਜ਼ ਕਰਾਈਸਟ ਦਾ ਵਰਜਿਨ ਮੇਰੀ ਦੇ ਪੇਟੋਂ ਪੈਦਾ ਹੋਣ ਨੂੰ ਠੀਕ ਤੇ ਵਾਜਬ ਸਿੱਧ ਕਰਨ ਦੀ ਕੋਸ਼ਸ਼ ਕਰ ਰਿਹਾ ਹੋਵੇਗਾ । ਅੱਜ ਦੇ ਸਾਇੰਸੀ ਯੁੱਗ ਵਿਚ ਇਹ ਗੱਲ ਤਾਂ ਹਰ ਇਕ ਦੇ ਸਮਝ ਵਿਚ ਆ ਸਕਣ ਵਾਲੀ ਹੈ ਕਿ ਇਹ ਸ਼ਾਇਦ ਇਕ ਮਿਥਿਹਾਸਕ ਗੱਲ ਹੈ। ਵਰਨਾ ਕੁਆਰੀ ਮੇਰੀ ਨੂੰ ਬੱਚਾ ਪੈਦਾ ਹੋ ਹੀ ਨਹੀਂ ਸੀ ਸਕਦਾ। ਬੱਚਾ ਪੈਦਾ ਕਰਨ ਵਾਸਤਾ ਇਕ ਇਸਤਰੀ ਨੂੰ ਮਰਦ ਨਾਲ ਸੰਭੋਗ ਕਰਨਾ ਹੀ ਪੈਣਾ ਸੀ।ਭਾਵੇਂ ਕਿ ਅੱਜ ਦੇ ਸਾਇੰਸੀ ਯੁਗ ਵਿਚ ਬਹੁਤ ਕੁਝ ਅਜਿਹਾ ਹੋ ਰਿਹਾ ਜਿਸ ਦੀ ਪੁਰਾਣੇ ਵੇਲਿਆਂ ਵਿਚ ਆਸ ਹੀ ਨਹੀਂ ਕੀਤੀ ਜਾ ਸਕਦੀ ਸੀ।

ਪੱਛਮ ਵਿਚ ਔਰਤਾਂ ਨੂੰ ਮਿਲੀ ਆਰਥਕ ਸੁਤੰਤਰਤਾ ਨੇ ਹੀ ਉਨ੍ਹਾਂ ਵਿਚ ਸੰਤਾਨ ਪੈਦਾ ਕਰਨ ਦੀ ਖਾਹਸ਼ ਨੂੰ ਮਾਰਿਆ ਹੈ। ਸੱਠਵਿਆਂ ਵਿਚ ਵਿਮੈਨਜ਼ ਲਿਬਰੇਸ਼ਨ ਮੂਵਮੈਂਟ ਨੇ ਜ਼ੋਰ ਫੜਿਆ ਸੀ। ਕਈ ਰੇਡੀਕਲ ਔਰਤਾਂ ਨੇ ਇਸ ਗੱਲ ਦਾ ਚੇਤਾ ਸਭ ਔਰਤਾਂ ਨੂੰ ਕਰਾਇਆ ਕਿ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਨਾਲ ਵਿਤਕਰਾ ਹੁੰਦਾ ਹੈ। ਜੋ ਕੰਮ ਮਰਦ ਕਰ ਸਕਦੇ ਹਨ ਉਹ ਔਰਤਾਂ ਵੀ ਉਸੇ ਪ੍ਰਬੀਨਤਾ ਨਾਲ ਕਰ ਸਕਦੀਆਂ ਹਨ। ਅਮਰੀਕਾ ਅਤੇ ਯੂਰਪ ਦੀਆਂ

ਪ੍ਰਗਤੀਵਾਦੀ ਔਰਤਾਂ ਜਿਨ੍ਹਾਂ ਵਿਚ ਅਸਟਰੇਲੀਆ ਦੀ ਜੰਮਪਲ ਜਰਮੇਨ ਗਰੀਅਰ ਦਾ ਸਭ ਤੋਂ ਵੱਡਾ ਰੋਲ ਸੀ ਨੇ ਮਰਦ ਪ੍ਰਧਾਨ ਸਮਾਜ ਵਿਚ ਉਥਲ ਪੁਥਲ ਲੈ ਆਂਦੀ। ਟਰੇਡ ਯੂਨੀਅਨ ਮੂਵਮੈਂਟਾਂ ਵਿਚ ਔਰਤਾਂ ਨੇ ਰੌਲਾ ਪਾਇਆ ਕਿ ਔਰਤਾਂ ਤੇ ਮਰਦਾਂ ਦੀਆਂ ਤਨਖਾਹਾਂ ਵਿਚ ਕੋਈ ਅੰਤਰ ਨਹੀਂ ਹੋਣਾ ਚਾਹੀਦਾ। ਜਿੱਥੇ ਰੰਗ ਅਤੇ ਨਸਲ ਦੇ ਵਿਤਕਰਿਆਂ ਨੂੰ ਗੈਰ ਕਾਨੂੰਨੀ ਠਹਿਰਾਇਆ ਗਿਆ ਹੈ ਉਥੇ ਲਿੰਗ ਦੇ ਅਧਾਰ ਉਤੇ ਹੁੰਦੇ ਵਿਤਕਰਿਆਂ ਨੂੰ ਵੀ ਗੈਰ ਕਾਨੂੰਨੀ ਕਰਾਰ ਦਿੱਤੇ ਜਾਵੇ। ਸਿੱਟੇ ਵਜੋਂ ਇੰਗਲੈਂਡ ਵਿਚ "ਸੈਕਸ ਡਿਸਕਰਿਮੀਨੇਸ਼ਨ ਐਕਟ" ਹੋਂਦ ਵਿਚ ਆਇਆ ਜਿਸ ਅਨੁਸਾਰ ਕਿਸੇ ਉਸ ਕੰਪਨੀ ਜਾਂ ਵਿਅਕਤੀ ਨੂੰ ਜੁਰਮਾਨੇ ਅਤੇ ਜੇਲ੍ਹ ਵੀ ਹੋ ਸਕਦੀ ਹੈ ਜਿਹੜਾ ਨੌਕਰੀ ਦੇਣ ਵੇਲੇ ਕਿਸੇ ਉਸ ਉਮੀਦਵਾਰ ਨੂੰ ਕੇਵਲ ਇਸ ਕਰਕੇ ਹੀ ਰੀਜੈਕਟ ਕਰ ਦੇਵੇ ਕਿ ਉਹ ਇਕ ਇਸਤਰੀ ਹੈ। ਕਿਸੇ ਕਲੱਬ, ਪੱਬ ਜਾਂ ਸੋਸ਼ਲ ਅਦਾਰੇ ਨੂੰ ਇਹ ਕਹਿਣ ਦਾ ਉੱਕਾ ਹੱਕ ਨਹੀਂ ਹੈ ਕਿ ਉਸ ਥਾਂ ਕੇਵਲ ਮਰਦ ਹੀ ਆ ਸਕਦੇ ਹਨ। ਦੁਕਾਨਾਂ ਤੇ ਕੰਪਨੀਆਂ ਦੇ ਮਾਲਕ ਔਰਤ ਨੂੰ ਘੱਟ ਤੇ ਮਰਦ ਨੂੰ ਵੱਧ ਤਨਖਾਹ ਨਹੀਂ ਦੇ ਸਕਦੇ। ਔਰਤ ਨੂੰ ਵਿਸਾਰ ਕੇ ਇਕ ਮਰਦ ਨੂੰ Promotion ਭਾਵ ਤਰੱਕੀ ਨਹੀਂ ਦਿੱਤੀ ਜਾ ਸਕਦੀ। ਇੰਗਲੈਂਡ ਭਰ ਦੀਆਂ ਕੌਂਸਲਾਂ Equal oppertunities employment ਦੇ ਅਸੂਲ ਉੱਤੇ ਅਮਲ ਕਰ ਰਹੀਆਂ ਹਨ। ਇਹ ਬਰਾਬਰ ਦੇ ਹੱਕ ਰੰਗਦਾਰਾਂ ਤੇ ਔਰਤਾਂ ਦੀ ਭਲਾਈ ਲਈ ਹਨ।

ਸੋ ਅਜਿਹੇ ਮਹੌਲ ਵਿਚ ਜਿਥੇ ਵਿਆਹ ਦਾ ਬੰਧਨ ਦਿਨ ਬ ਦਿਨ ਇਕ ਪੁਰਾਣੀ ਸੰਸਥਾ ਬਣਦਾ ਜਾ ਰਿਹਾ ਹੈ, ਇਕ ਕੁਆਰੀ ਲੜਕੀ ਦਾ ਮਾਂ ਬਨਣਾ ਤੇ ਉਹ ਵੀ ਬਿਨਾਂ ਮਰਦ ਦਾ ਸੰਗ ਕੀਤਿਆਂ, ਕੋਈ ਅਚੰਭੇ ਵਾਲੀ ਗੱਲ ਨਹੀਂ ਹੈ। ਪਰ ਜਿਥੇ ਸਦਾਚਾਰਕ ਕੀਮਤਾਂ ਦਾ ਸੁਆਲ ਹੈ, ਉਥੇ ਇਹ ਗੱਲ ਧਿਆਨ ਵਿਚ ਰੱਖਣੀ ਪਵੇਗੀ ਕਿ ਪੱਛਮੀ ਸਮਾਜ ਦੀ ਟੁੱਟ ਭੱਜ ਦਾ ਮੁੱਖ ਕਾਰਨ ਪਰਵਾਰਕ ਇਕਾਈ ਦੇ ਟੁੱਟ ਭੱਜ ਜਾਣ ਨਾਲ ਸੰਬੰਧਤ ਹੈ। ਇਸ ਸਮਾਜ ਵਿਚ ਔਰਤ ਤੇ ਮਰਦ ਬਿਨਾਂ ਵਿਆਹ ਤੋਂ ਹੀ ਇਕ ਦੂਜੇ ਨਾਲ ਰਹਿ ਰਹੇ ਹਨ ਪਰ ਤੇ ਬੱਚੇ ਪੈਦਾ ਕਰ ਰਹੇ ਹਨ ਜਦੋਂ ਦੋਹਾਂ ਦੀ ਵਿਗੜ ਜਾਂਦੀ ਹੈ ਤਾਂ ਮਰਦ ਘਰੋਂ ਚਲਾ ਜਾਂਦਾ ਹੈ ਤੇ ਕਾਨੂੰਨੀ ਤੌਰ 'ਤੇ ਇਸਤਰੀ ਦੇ ਹੱਕ ਸੰਕੁਚਤ ਹੋ ਜਾਂਦੇ ਹਨ। ਬੱਚੇ ਬਾਪ ਬਾਝੋਂ ਰੁਲ ਜਾਂਦੇ ਹਨ। ਆਰਥਕ ਤੰਗੀਆਂ ਕਰਕੇ ਉਹ ਛੋਟੀਆਂ ਛੋਟੀਆਂ ਚੋਰੀਆਂ ਕਰਨ ਲੱਗ ਪੈਂਦੇ ਹਨ। ਬਾਪ ਬਤੌਰ ਇਕ ਰੋਲ ਮੌਡਲ ਤੇ ਉਨ੍ਹਾ ਦੇ ਜੀਵਨ ਵਿਚ ਨਹੀਂ ਹੁੰਦਾ। ਮਾਂ ਨੂੰ ਕਿਉਂਕਿ ਕੰਮ ਵੀ ਕਰਨਾ ਪੈਂਦਾ ਹੈ ਜਿਸ ਕਰਕੇ ਉਹ ਬੱਚਿਆਂ ਦੀ ਪਰਵਰਸ਼ ਵਲ ਪੂਰੀ ਤਵਜੋਂ ਵੀ ਨਹੀਂ ਦੇ ਸਕਦੀ। ਬਾਪ ਦੀ ਰਹਿਨੁਮਾਈ ਬਿਨਾ ਬੱਚਾ ਇਕ ਪਾਸੜ ਸੋਚ ਦਾ ਧਾਰਨੀ ਹੋ ਜਾਂਦਾ ਹੈ ਤੇ ਸਮਾਜ ਉਸ ਨੂੰ ਇਕ ਪਰਬਲਮ ਚਾਈਲਡ ਦੇ ਤੌਰ 'ਤੇ ਜਾਨਣ ਲਗ ਪੈਂਦਾ ਹੈ। ਕੁਆਰੀ ਔਰਤ ਦੇ ਮਾਂ ਬਨਣ ਦੇ ਹੱਕ ਦੀ ਵਕਾਲਤ ਕਰਨ ਵਾਲੇ ਕਹਿੰਦੇ ਹਨ ਕਿ ਇਹ ਔਰਤ ਦਾ ਸ਼ਖਸੀ ਹੱਕ ਹੈ ਕਿ ਉਹ ਜਿਵੇਂ ਚਾਹੇ ਮਾਂ ਬਣ ਸਕਦੀ ਹੈ। ਜੇਕਰ ਉਹ ਮਰਦ ਦਾ ਸੰਗ ਨਹੀਂ ਕਰਨਾ ਚਾਹੁੰਦੀ ਤੇ ਆਧੁਨਿਕ ਵਿਗਿਆਨਕ ਪ੍ਰਗਤੀ ਦਾ ਲਾਭ ਉਠਾਣਾ ਚਾਹੁੰਦੀ ਹੈ ਤਾਂ ਇਹ ਵੀ ਉਹਦਾ ਸ਼ਖਸੀ ਹੱਕ ਹੈ। ਅੱਜ ਕਲ ਉਧਾਰੀਆਂ ਕੁੱਖਾਂ ਤੋਂ ਲੈ ਕੇ ਆਰਟੀਫ਼ੀਸ਼ਲ ਇਨਸੈਮੀਨੇਸ਼ਨ ਦੀਆਂ ਗੱਲਾਂ ਹੋ ਰਹੀਆਂ ਹਨ।ਪਰ ਪੈਦਾ ਹੋਣ ਵਾਲੇ ਬੱਚੇ ਦੇ ਸ਼ਖਸੀ ਹੱਕ ਕਿਥੇ ਗਏ? ਇਸ ਵਾਰੇ ਗੰਭੀਰ ਵਿਚਾਰ ਕਰਨ ਦੀ ਲੋੜ ਹੈ ਉਨ੍ਹਾਂ ਔਰਤਾਂ ਨੂੰ ਜਿਹੜੀਆਂ ਇਸ ਰਾਹੇ ਟੁਰਨਾ ਚਾਹੁੰਦੀਆਂ ਹਨ।

(1978)

# ਭਲਾ ਨਾਂ ਵਿਚ ਕੀ ਪਿਆ !

ਜਿਹਨਾਂ ਲੋਕਾਂ ਨੇ ਅਮਰੀਕਨ ਕਾਲ਼ੇ ਲੇਖਕ ਐਲਕਸ ਹੇਲੇ ਦੀ ਜਗਤ ਪ੍ਰਸਿੱਧ ਪੁਸਤਕ "ਦੀ ਰੂਟਸ" ਉਤੇ ਆਧਾਰਤ ਟੈਲੀਵੀਜ਼ਨ ਸੀਰੀਜ਼ ਵੇਖੀਆਂ ਹਨ, ਉਹਨਾਂ ਨੂੰ ਉਹ ਸੀਨ ਜ਼ਰੂਰ ਯਾਦ ਹੋਵੇਗਾ, ਜਿਸ ਵਿਚ ਅਫਰੀਕਾ ਤੋਂ ਫ਼ੜ ਕੇ ਲਿਆਂਦੇ ਮੁੰਡੇ 'ਕੁੰਤਾ ਕਿੰਤੇ' ਨੂੰ ਇਕ ਦਰਖਤ ਨਾਲ ਬੰਨ੍ਹ ਕੇ ਖ਼ੂਬ ਛਾਂਟਿਆਂ ਨਾਲ ਮਾਰਿਆ ਜਾ ਰਿਹਾ ਸੀ ਉਸ ਦਾ ਕਸੂਰ ਇਹ ਸੀ ਕਿ ਉਹ ਗੁਲਾਮ-ਫਰੋਸ਼ਾਂ ਵਲੋਂ ਦਿੱਤੇ ਨਾਮ "ਟੋਬੀ" ਨੂੰ ਸਵੀਕਾਰ ਨਹੀਂ ਸੀ ਕਰ ਰਿਹਾ ਤੇ ਘੜੀ ਮੁੜੀ ਕਹਿ ਰਿਹਾ ਸੀ ਕਿ ਉਹਦਾ ਨਾਂ ਕੁੰਤਾ ਕਿੰਤੇ ਦੀ ਥਾਂ "ਟੋਬੀ" ਹੀ ਹੈ ।ਪਰ ਦੇਖਣ ਵਾਲੀ ਗੱਲ ਇਹ ਹੈ ਕਿ ਉਸ ਨੇ ਆਪਣੇ ਦੇਸ ਅਤੇ ਸਭਿਆਚਾਰ ਵਿਚੋਂ ਉੱਗਮੇ ਨਾਂ ਨੂੰ ਸਹਿਜੇ ਕੀਤੇ ਨਹੀਂ ਸੀ ਤਿਆਗਿਆ ਬਲਕਿ ਪੁਸ਼ਤ ਦਰ ਪੁਸ਼ਤਕ ਤੀਕ ਇਹ ਨਾਂ ਸੰਜੀਵਤ ਰੱਖਿਆ ਤੇ ਅੰਤ ਨੂੰ ਐਲਕਸ ਹੇਲੇ ਦੀ ਰੀਸਰਚ ਦਾ ਸਬਜੈਕਟ ਬਣਿਆ। ਇਸ ਤੋਂ ਬਾਦ ਤਾਂ ਸਭ ਲੋਕ ਜਾਣਦੇ ਹੀ ਹਨ ਕਿ ਕਿਵੇਂ ਇਸ ਕਿਤਾਬ ਨੇ ਅਮਰੀਕਾ ਦੇ ਕਾਲ਼ੇ ਲੋਕਾਂ ਨੂੰ ਆਪਣੀਆਂ ਜੜ੍ਹਾਂ ਪਛਾਨਣ ਲਈ ਸੁਚੇਤ ਅਤੇ ਉਤਸੁਕ ਕਰ ਦਿਤਾ ਸੀ।

ਉਪਰੋਕਤ ਮਿਸਾਲ ਦੇ ਸੰਦਰਭ ਵਿਚ ਜੇਕਰ ਅਸੀਂ ਇੰਗਲੈਂਡ ਵਿਚ ਰਹਿੰਦੇ ਕੁਝ ਭਾਰਤੀਆਂ ਵਲ ਗੌਰ ਕਰੀਏ ਤਾਂ ਹੈਰਾਨ ਹੋਵਾਂਗੇ ਕਿ ਬਿਨਾਂ ਕਿਸੇ ਮਜਬੂਰੀ ਦੇ, ਬਿਨਾਂ ਕਿਸੇ ਦਬਾਓ ਦੇ ਤੇ ਬਿਨਾਂ ਕਿਸੇ ਜ਼ਰੂਰਤ ਦੇ ਉਹ ਆਪਣੇ ਨਾਂ ਅੰਗਰੇਜ਼ਾਂ ਵਰਗੇ ਰੱਖ ਰਹੇ ਹਨ। ਜਿੱਥੋਂ ਤੱਕ VISULISATION ਦਾ ਸਵਾਲ ਹੈ-ਅੰਗਰੇਜ਼ਾਂ ਵਰਗਾ ਨਾਂ ਰੱਖਣ ਨਾਲ ਵੀ ਇਕ ਏਸ਼ੀਅਨ ਮੂਲ ਦੇ ਬੰਦੇ ਨੇ ਏਸ਼ੀਅਨ ਹੀ ਰਹਿਣਾ ਹੈ। ਫਾਸ਼ੀ ਕਿਸਮ ਦੇ ਲੋਕਾਂ ਨੇ ਜਿਹੋ ਜਿਹੀ ਗਾਲ੍ਹ ਬਲਵੰਤ ਸਿੰਘ ਤੋਂ ਬਰਟੀ ਬਨਣ ਵਾਲੇ ਨੂੰ ਕੱਢਣੀ ਹੈ, ਉਹੋ ਜਿਹੀ ਹੀ ਅੱਲਾ ਬਖਸ਼ ਤੋਂ ਐਲਕਸ ਬਣੇ ਮੁਸਲਮਾਨ ਵਾਸਤੇ ਤਿਆਰ ਹੋਣੀ ਹੈ।

ਸ਼ੈਕਸਪੀਅਰ ਨੇ ਕਿਹਾ ਹੈ ਕਿ ਗੁਲਾਬ ਦਾ ਨਾਂ ਭਾਵੇਂ ਕੋਈ ਵੀ ਰੱਖ ਲਓ, ਉਸ ਨੇ ਗੁਲਾਬ ਹੀ ਰਹਿਣਾ ਹੈ-ਉਸ ਵਿਚੋਂ ਮਹਿਕ ਤਾਂ ਗੁਲਾਬ ਦੀ ਹੀ ਆਵੇਗੀ। ਪਰ ਸਵਾਲ ਤਾਂ ਇਹ ਹੈ ਕਿ ਗੁਲਾਬ ਦੀ ਆਈਡੈਂਟਿਟੀ ਹੀ ਤਾਂ ਉਹਦਾ ਨਾਂ ਹੈ। ਜੇਕਰ ਤੁਹਾਨੂੰ ਕੋਈ ਇਕ ਗੁਲਾਬ ਦਾ ਫੁੱਲ ਦੇ ਕੇ ਆਖੇ ਕਿ ਲਓ ਜੀ, ਮੈਂ ਤੁਹਾਡੇ ਲਈ ਸਤਵਰਗ ਦਾ ਫੁੱਲ ਲਿਆਇਆ ਹਾਂ, ਤਾਂ ਜ਼ਰੂਰ ਜ਼ਰੂਰ ਉਹਦੀ ਅਕਲ ਉਤੇ ਸ਼ੱਕ ਕਰੋਗੇ।

ਦੂਜੇ ਪਾਸੇ ਇਕ ਚੀਨੀ ਕਹਾਵਤ ਵੀ ਹੈ ਕਿ ਅਕਲਮੰਦੀ ਇਸੇ ਗੱਲ 'ਚ ਹੈ ਕਿ ਹਰ ਸ਼ੈਅ ਨੂੰ ਉਹਦੇ ਸਹੀ ਨਾਂ ਨਾਲ ਹੀ ਬੁਲਾਇਆ ਜਾਵੇ। ਸੋ ਗੱਲ ਇਹ ਮੁੱਕੀ ਕਿ ਸਾਡਾ ਨਾਂ ਹੀ ਸਾਡੀ ਆਈਡੈਂਟਿਟੀ ਜਾਂ ਸ਼ਨਾਖ਼ਤ ਹੈ। ਸਾਡਾ ਨਾਮ ਸਾਨੂੰ ਇਹ ਵੀ ਦਸਦਾ ਹੈ ਕਿ ਅਸੀਂ

ਭਾਰਤੀ ਹਾਂ ਤੇ ਅਸੀਂ ਭਾਰਤੀ ਸੰਸਕ੍ਰਿਤੀ ਨੂੰ ਬੀਲੌਂਗ ਕਰਦੇ ਹਾਂ। ਸੋ ਜੇਕਰ ਪਿਆਰਾ ਸਿੰਘ ਨਾਂ ਦਾ ਬੰਦਾ ਜਿਸ ਨੇ ਵਧੀਆ ਪੱਗ ਬੰਨ੍ਹੀ ਹੋਈ ਹੋਵੇ ਤੇ ਦਾੜ੍ਹੀ ਨੂੰ ਚੰਗੇ ਸਲੀਕੇ ਨਾਲ ਫਿਕਸੋ ਲਗਾ ਕੇ ਬੰਨ੍ਹਿਆਂ ਹੋਇਆ ਹੋਵੇ, ਆ ਕੇ ਆਖ ਕੇ ਜੀ ਮੇਰਾ ਨਾਂ ਪੀਟਰ ਹੈ, ਤਾਂ ਹਰ ਅਕਲਮੰਦ ਇਨਸਾਨ ਇਹੋ ਕਹੇਗਾ ਕਿ ਜਾਂ ਤਾਂ ਇਹਦਾ ਦਿਮਾਗ ਫਿਰਿਆ ਹੋਇਆ ਹੈ ਤੇ ਜਾਂ ਫਿਰ ਇਹ ਹਾਲੀ ਵੀ ਜ਼ਿਹਨੀ ਤੌਰ ਤੇ ਗੁਲਾਮ ਹੈ। ਇਹ ਜ਼ਿਹਨੀ ਗੁਲਾਮੀ ਹੀ ਹੈ ਜਿਸ ਦੇ ਜ਼ੇਰੇ ਅਸਰ ਅਸੀਂ ਅੰਗਰੇਜ਼ਾਂ ਵਲੋਂ ਦਿਤੇ ਹੋਏ ਨਾਂ ਝੱਟ ਕਰ ਕਬੂਲ ਕਰ ਲੈਂਦੇ ਹਾਂ।

ਮੇਰੇ ਇਕ ਕੋਲੀਗ ਦਾ ਨਾਂ ਸਤਵਿੰਦਰ ਸਿੰਘ ਸੀ. ਮੈਂ ਜਦੋਂ ਪਹਿਲੇ ਦਿਨ ਉਸ ਬਰਾਂਚ ਦੇ ਦਫ਼ਤਰ ਗਿਆ ਤਾਂ ਗੋਰੇ ਸੁਪਰਵਾਈਜ਼ਰ ਨੇ ਮੇਰਾ ਉਹਦੇ ਨਾਲ ਤੁਆਰਫ ਕਰਵਾਇਆ ਤਾਂ ਇੰਝ ਆਖਿਆ, "ਦਿਸ ਇਜ਼ ਜੋਅ।" ਬਾਦ ਵਿਚ ਮੈਨੂੰ ਪਤਾ ਲੱਗਿਆ ਕਿ ਸਾਰੇ ਦਫਤਰ ਵਿਚ ਹੀ ਉਸਨੂੰ ਸਭ "ਜੋਅ" ਬੁਲਾਉਂਦੇ ਸਨ। ਉਹ ਖੁਦ ਵੀ ਇਸ ਨਾਂ ਨੂੰ ਮਨਜ਼ੂਰ ਕਰ ਬੈਠਾ ਸੀ ਤੇ ਕੋਈ ਇਤਰਾਜ਼ ਨਹੀਂ ਸੀ ਕਰਦਾ। ਇਹ ਗੱਲ ਉਹ ਕਈਆਂ ਸਾਲਾਂ ਤੋਂ ਕਬੂਲ ਕਰ ਰਿਹਾ ਸੀ ਜਦਕਿ ਦਫਤਰੋਂ ਬਾਹਰ ਆਉਂਦਿਆਂ ਹੀ ਆਪਣੇ ਭਾਈਚਾਰੇ ਤੇ ਰਿਸ਼ਤੇਦਾਰਾਂ ਵਿਚ ਉਹ ਸਰਦਾਰ ਸਤਵਿੰਦਰ ਸਿੰਘ ਕਹਾਉਂਦਾ ਸੀ।ਦਫ਼ਤਰ ਦੇ ਅੰਦਰ ਇਹ 'ਅਣਖ਼ੀ' ਬੰਦਾ ਗੋਰਿਆਂ ਹੱਥੋਂ ਆਪਣਾ ਨਾਂ ਵੀ ਗੁਆ ਬੈਠਾ ਸੀ। ਉਹਨਾਂ ਲਈ ਉਹ ਸਤਵਿੰਦਰ ਸਿੰਘ ਨਹੀਂ ਬਲਕਿ ਜੋਅ ਸੀ, ਜਿਹੜਾ ਜੋਜ਼ਫ ਦਾ ਸੰਖੇਪ ਸੀ। ਜੋਜ਼ਫ ਬਾਇਬਿਲ ਦਾ ਪ੍ਰਸਿੱਧ ਪਾਤਰ ਹੈ।

ਇਕ ਨਿਕਟਵਰਤਗੀ ਦੇ ਪਰਵਾਰ ਨੂੰ ਇਕ ਵੇਰਾਂ ਅਸੀਂ ਖਾਣੇ ਤੇ ਸੱਦਿਆ। ਬਹਾਨਾ ਇਹ ਸੀ ਕਿ ਉਹਨਾਂ ਦਾ ਪੁੱਤਰ ਤਰਲੋਚਨ ਪੰਜਾਬੋਂ ਵਿਆਹ ਕਰਾ ਕੇ ਆਇਆ ਸੀ। ਉਸ ਦੀ ਬੀਵੀ ਬੜੀ ਪੜ੍ਹੀ ਲਿਖੀ, ਸੁਘੜ, ਸੁੰਦਰ ਤੇ ਸੂਝਵਾਨ ਦਿਸਦੀ ਸੀ। ਕਿਸੇ ਗੱਲ ਵਾਸਤੇ ਮੈਂ ਤਰਲੋਚਨ ਨੂੰ ਦੂਜੇ ਦਿਨ ਉਸ ਦੇ ਦਫਤਰ ਟੈਲੀਫ਼ੂਨ ਕਰਨਾ ਸੀ। ਤਰਲੋਚਨ ਨੇ ਇਕ ਕਾਗਜ਼ ਉਤੇ ਟੈਲੀਫ਼ੂਨ ਨੰਬਰ ਲਿਖਦਿਆਂ ਕਿਹਾ, "ਜਦੋਂ ਤੁਸੀਂ ਟੈਲੀਫ਼ੂਨ ਕਰੋਂ ਤਾਂ ਉਧਰੋਂ ਟੈਲੀਫ਼ੂਨ ਉਠਾਉਣ ਵਾਲੇ ਨੂੰ ਕਿਧਰੇ ਇਹ ਨਾ ਕਹਿ ਦਿਓ ਕਿ ਤਰਲੋਚਨ ਸਿੰਘ ਨੂੰ ਬੁਲਾ ਦਿਓ। ਕਿਸੇ ਨੂੰ ਪਤਾ ਨਹੀਂ ਲੱਗਣਾ ਕਿ ਤਰਲੋਚਨ ਸਿੰਘ ਕੌਣ ਹੈ। ਤੁਸੀਂ ਆਖਿਓ ਕਿ ਟੈਰੀ ਨੂੰ ਬੁਲਾ ਦਿਓ। ਉਥੇ ਮੈਨੂੰ ਸਭ ਟੈਰੀ ਕਹਿ ਕੇ ਹੀ ਬੁਲਾਉਂਦੇ ਹਨ। ਮੈਂ ਹਾਲੀ ਕੁਝ ਕਹਿਣ ਹੀ ਲਗਾ ਸਾਂ ਕਿ ਸ਼ਰਮਾਕਲ ਦਿਸਦੀ ਉਹਦੀ ਖ਼ੂਬਸੂਰਤ ਪਤਨੀ ਨੇ ਹੈਰਾਨੀ ਭਰੀਆਂ ਅੱਖਾਂ ਨਾਲ ਪਹਿਲਾਂ ਉਸ ਵਲ ਵੇਖਿਆ ਤੇ ਫੇਰ ਮੇਰੇ ਵਲ ਤੇ ਫਿਰ ਸ਼ਰਮਿੰਦਾ ਜਿਹਾ ਹਾਸਾ ਹੱਸ ਪਈ, ਜਿਵੇਂ ਕਹਿਣਾ ਚਾਹੁੰਦੀ ਹੋਵੇ, "ਅਜੀਬ ਆਦਮੀ ਹੈ।"

ਕਈ ਲੋਕ ਬਹਾਨਾ ਮਾਰਦੇ ਹਨ ਕਿ ਚੂੰਕਿ ਸਾਡੇ ਨਾਮ ਗੋਰਿਆਂ ਤੋਂ ਠੀਕ ਤਰ੍ਹਾਂ ਪੁਕਾਰੇ ਨਹੀਂ ਜਾਂਦੇ ਇਸ ਲਈ ਜੇਕਰ ਉਹ ਸਾਡਾ ਕੋਈ ਨਾਂ ਵੱਖਰਾ ਰੱਖ ਲੈਣ ਤਾਂ ਇਸ ਵਿਚ ਕੋਈ ਹਰਜ ਵਾਲੀ ਗੱਲ ਨਹੀਂ। ਯਾਨੀ ਗੱਲ ਇਥੇ ਮੁੱਕੀ ਕਿ ਅਸੀਂ ਗੋਰਿਆਂ ਦੀ ਸਹੂਲਤ ਵਾਸਤੇ ਆਪਣਾ ਨਾਂ ਵੀ ਗੁਆਉਣ ਲਈ ਤਿਆਰ ਹਾਂ। ਇਹ ਜ਼ਿਹਨੀ ਗੁਲਾਮੀ ਨਹੀਂ ਤਾਂ ਹੋਰ ਕੀ ਹੈ?

ਸੈਂਕੜੇ ਮਿਸਾਲਾਂ ਚੋਂ ਕੁਝ ਨਾਮ ਇਥੇ ਦਿਤੇ ਜਾ ਰਹੇ ਹਨ :-ਹਰਭਜਨ ਨੂੰ ਹੈਰੀ, ਮਨਜੀਤ ਨੂੰ ਮੈਂਡੀ, ਸਰਲਾ ਨੂੰ ਸ਼ੈਲੀ, ਦੇਵ ਨੂੰ ਡੇਵ, ਸੁਰਿੰਦਰ ਨੂੰ ਸਾਂਡਰਾ, ਪ੍ਰੀਤਮ ਨੂੰ ਪੀਟਰ, ਸੰਦੀਪ ਨੂੰ ਸੈਂਡੀ, ਸੁਰਜੀਤ ਨੂੰ ਸੂਜ਼ਨ, ਗਨੇਸ਼ ਨੂੰ ਗੌਰਡਨ, ਚੈਨ ਨੂੰ ਚਾਰਲੀ ਆਦਿ। ਮੈਂ ਤਾਂ ਕਹਿੰਦਾ ਹਾਂ

ਕਿ ਚੁੱਪ ਚੁਪੀਤੇ ਆਪਣੇ ਨਾਂ ਦਾ ਵੱਖਰਾ ਨਾਮ ਸਵੀਕਾਰ ਕਰਕੇ ਅਸੀਂ ਬੁਜ਼ਦਿਲੀ ਦਿਖਾ ਰਹੇ ਹਾਂ। ਜੇਕਰ ਅਸੀਂ ਇਕ ਓਪਰੀ ਬੋਲੀ, ਧਰਮ ਅਤੇ ਵਾਤਾਵਰਣ ਚੋਂ ਆ ਕੇ ਇਹਨਾਂ ਲੋਕਾਂ ਦੇ ਨਾਂ ਠੀਕ ਤਰ੍ਹਾਂ ਉਚਾਰ ਸਕਦੇ ਹਾਂ ਤਾਂ ਇਹ ਲੋਕ ਕਿਉਂ ਸਾਡੇ ਨਾਂ ਠੀਕ ਤਰ੍ਹਾਂ ਨਹੀਂ ਉਚਾਰ ਸਕਦੇ? ਜੇਕਰ ਕੋਈ ਗੋਰਾ ਹੈਰੀ ਮੈਕਡੋਨਲਡ ਹੈ ਤਾਂ ਉਹਨੂੰ ਇਕ ਵੇਰਾਂ ਹਰਭਜਨ ਜਾਂ ਹਰਿੰਦਰ ਤਾਂ ਆਖ ਕੇ ਵੇਖੋ ਜੇ ਮਜ਼ਾ ਨਾ ਚਖ਼ਾ ਦੇਵੇ ਤਾਂ?

ਇਕ ਵਾਰੀ ਜਦੋਂ ਮੈਂ ਇਕ ਨਵੇਂ ਔਫਿਸ ਵਿਚ ਗਿਆ ਤਾਂ ਇਕ ਸਕੌਟਿਸ ਕਲਰਕ ਨੇ ਕਿਹਾ, "ਤੇਰਾ ਪਹਿਲਾ ਨਾਮ ਕੀ ਹੈ? ਜਦੋਂ ਮੈਂ ਦਸਿਆ ਤਾਂ ਉਸ ਨੇ ਜਵਾਬ ਵਿਚ ਕਿਹਾ, "ਇਹ ਬਹੁਤ ਔਖਾ ਹੈ ਪ੍ਰੋਨਾਊਂਸ ਕਰਨਾ। ਇਸ ਲਈ ਮੈਂ ਤੈਨੂੰ ਜੌਨੀ ਆਖਾਂਗਾ।" ਫਿਰ ਮੈਂ ਉਸ ਨੂੰ ਪੁੱਛਿਆ ਕਿ ਤੇਰਾ ਪਹਿਲਾਂ ਨਾਂ ਕੀ ਹੈ? ਉਸ ਨੇ ਕਿਹਾ, "ਜੌਨ"। ਮੈਂ ਉੱਤਰ ਦਿੱਤਾ, "ਮੇਰੇ ਲਈ ਇਹ ਨਾਂ ਪ੍ਰੋਨਾਊਂਸ ਕਰਨਾ ਬਹੁਤ ਮੁਸ਼ਕਲ ਹੈ। ਇਸ ਲਈ ਮੈਂ ਤੈਨੂੰ ਅਬਦੁਲ ਕਹਿ ਕੇ ਬੁਲਾਇਆ ਕਰਾਂਗਾ।" ਉਹ ਥੋੜ੍ਹੀ ਦੇਰ ਤਿਲਮਲਾਇਆ ਤੇ ਨਾਲ ਦੇ ਇਕ ਇੰਡੀਅਨ ਕਲਰਕ ਨੂੰ ਜਿਹੜਾ ਜਤਿੰਦਰ ਹੁੰਦਾ ਹੋਇਆ ਗੋਰਿਆਂ ਵੱਲੋਂ ਜੈਕ ਕਹਾ ਰਿਹਾ ਸੀ ਨੂੰ ਆਪਣੇ ਨਾਲ ਗੰਢਣ ਦੇ ਯਤਨ ਕਰਨ ਲੱਗਾ। ਆਖਰ ਜਿੱਤ ਮੇਰੀ ਹੀ ਹੋਈ। ਮੈਂ ਉਸ ਨੂੰ ਜੌਨ ਆਖਣ ਲੱਗ ਪਿਆ ਤੇ ਉਹ ਮੈਨੂੰ ਮੇਰੇ ਇੰਡੀਅਨ ਨਾਮ ਤੋਂ ਪੁਕਾਰਨ ਲੱਗਾ। ਜਦੋਂ ਮੈਂ ਉਥੋਂ ਨੌਕਰੀ ਛੱਡੀ ਤਾਂ ਉਹ ਮੇਰਾ ਬਹੁਤ ਵਧੀਆ ਦੋਸਤ ਬਣ ਚੁੱਕਿਆ ਸੀ। ਉਸ ਨੇ ਮੇਰੀ ਦ੍ਰਿੜ੍ਹਤਾ ਦਾ ਲੋਹਾ ਮਮਨ ਲਿਆ ਸੀ ਅਤੇ ਮੇਰੀ ਆਪਣੀ ਅਣਖ਼ ਕ੍ਰਾਇਮ ਰੱਖ਼ਣ ਦੀ ਕਦਰ ਪਾ ਲਈ ਸੀ।

ਸਾਡੇ ਹਿੰਦੁਸਤਾਨੀਆਂ ਤੇ ਪਾਕਿਤਾਨੀਆਂ ਦੇ ਗੋਰਿਆਂ ਵਲੋਂ ਰੱਖੇ ਹੋਏ ਉਪਨਾਮ ਕਈ ਵੇਰ ਏਨੇ ਹਾਸੋਹੀਣੇ ਬਣ ਜਾਂਦੇ ਹਨ ਕਿ ਉਪਨਾਮਾਂ ਵਾਲੇ ਇਹ ਲੋਕ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਜ਼ਰੂਰ ਸ਼ਰਮਿੰਦਗੀ ਮਹਿਸੂ ਕਰਦੇ ਹੋਣਗੇ। ਆਖਰ ਉਹਨਾਂ ਵਿਚ ਅਹਸਾਸੇ-ਕਮਤਰੀ ਕਰਕੇ ਹੀ ਤਾਂ ਇਹ ਸਭ ਕੁਝ ਹੁੰਦਾ ਹੈ। ਥੌਮਸ ਹੈਲੀਬਰਟਨ ਨੇ ਕਿਹਾ ਹੈ ਕਿ ਸਭ ਤੋਂ ਹਾਸੋਹੀਣੇ ਉਪਨਾਮ ਗੂੰਦ ਵਾਂਗੂੰ ਤੁਹਾਡੀ ਸਖਸ਼ੀਅਤ ਨਾਲ ਚੰਬੜ ਜਾਂਦੇ ਹਨ ਜਿਹੜੇ ਥੋਹੜੇ ਕੀਤਿਆਂ ਨਹੀਂ ਲਹਿੰਦੇ। ਕਈ ਵੇਰ ਇਹ ਉਪਨਾਮ ਤੁਹਾਡੀ ਸਖਸ਼ੀਅਤ ਦੇ ਵਧਣ ਵਿਚ ਵਾਧਕ ਵੀ ਹੋ ਨਿਬੜਦੇ ਹਨ।

ਤੁਸੀਂ ਹੈਰਾਨ ਹੋਵੇਗਾ ਕਿ ਇੰਗਲੈਂਡ ਵਿਚ ਤਾਂ ਹਾਲੀਂ ਫਿਰ ਵੀ ਇਹ ਨਾਂ ਬਦਲਣ ਵਾਲੀ ਵਬਾਅ ਘੱਟ ਫੈਲੀ ਹੋਈ ਹੈ, ਮੈਂ ਆਪਣੇ ਕੈਨੇਡਾ ਅਤੇ ਅਮਰੀਕਾ ਦੇ ਸਫਰ ਦੌਰਾਨ ਇਥੋਂ ਨਾਲੋਂ ਵੀ ਵਧ ਇਹ ਗੱਲ ਮਹਿਸੂਸ ਕੀਤੀ ਕਿ ਉਥੇ ਰਹਿੰਦੇ ਕੁਝ ਇੰਡੀਅਨ/ਪਾਕਿਸਤਾਨੀ ਤਾਂ ਆਪਣੇ ਅਸਲੀ ਨਾਂ ਦੀ ਸੁਰੱਖਿਆ ਲਈ ਉਕਾ ਹੀ ਕੋਸ਼ਿਸ਼ ਨਹੀਂ ਕਰਦੇ। ਮੇਰੇ ਖਿਆਲ ਵਿਚ ਜੇਕਰ ਬਹੁਤ ਵੱਡੀ ਟੈਰਜਿਡੀ ਵਾਲੀ ਗੱਲ ਕਿਸੇ ਇਨਸਾਨ ਨਾਲ ਵਾਪਰ ਸਕਦੀ ਹੈ ਤਾਂ ਇਹ ਉਹਦੀ ਆਈਡੈਂਟਿਟੀ (ਵਿਅਕਤੀਤਵ) ਦਾ ਮਲੀਆਮੇਟ ਹੋਣਾ ਹੀ ਹੈ। ਆਪਣਾ ਪੁਆਇੰਟ ਸਿੱਧ ਕਰਨ ਲਈ ਅਸੀਂ ਜਮਾਇਕਾ ਅਤੇ ਹੋਰ ਕੈਰੇਬੀਅਨ ਮੁਲਕਾਂ ਦੀ ਮਿਸਾਲ ਲੈ ਲੈਂਦੇ ਹਾਂ। ਇਹ ਲੋਕ ਆਪਣੇ ਦੇਸੀਂ ਅੰਗਰੇਜ਼ੀ ਬੋਲਦੇ ਹਨ ਤੇ ਈਸਾਈ ਮੱਤ ਦੇ ਪੈਰੋਕਾਰ ਹਨ। ਇਹਨਾਂ ਦੇ ਨਾਮ ਵੀ ਅੰਗਰੇਜ਼ਾਂ ਵਰਗੇ ਹਨ। ਕਈਆਂ ਸਦੀਆਂ ਦੇ ਰਾਜ ਦੌਰਾਨ ਅੰਗਰੇਜ਼ਾਂ ਨੇ ਦੁਨੀਆਂ ਦੇ ਏਸ ਖਿਤੇ ਵਿਚ ਅਜਿਹੀਆਂ ਤਬਦੀਲੀਆਂ ਲਿਆ ਦਿਤੀਆਂ ਕਿ ਅੱਜ ਉਹਨਾਂ ਦੇ ਵਿਰਸੇ

ਅਤੇ ਬੋਲੀ ਦਾ ਨਾਂ ਨਿਸ਼ਾਨ ਵੀ ਨਹੀਂ ਮਿਲ ਰਿਹਾ।

ਸਾਡੇ ਕਈ ਲੋਕ ਆਪਣੇ ਸਰਨੇਮ ਦੇ ਸਪੈਲਿੰਗ ਬਿਗਾੜ ਕੇ ਵੀ ਆਪਣੇ ਆਪ ਨੂੰ ਗੋਰਿਆਂ ਨਾਲ ਆਈਡੈਂਟੀਫਾਈ ਕਰ ਰਹੇ ਹਨ। ਮਸਲਨ ਸ਼ਰਮਾ ਸ਼ਰਮਨ ਹੈ, ਢਿੱਲੋਂ ਡਿਲਨ ਹੈ, ਗੌੜ ਗੋਲਡ ਹੈ, ਕਪੂਰ ਕੈਮਫਰ ਹੈ। ਮਹਿੰਦਰ ਸਿੰਘ ਗਿੱਲ ਇਹੋ ਕੋਸ਼ਿਸ਼ ਕਰਦਾ ਹੈ ਕਿ ਇਸ ਨੂੰ ਐਮ.ਐਸ. ਗਿੱਲ (ਫ਼ਰਜ਼ੀ ਮਿਸਾਲ ਹੈ) ਲਿਖਿਆ ਜਾਵੇ ਤਾਂ ਜੁ ਗੋਰੇ ਲੋਕ ਸਮਝਣ ਕਿ ਇਹ ਮਾਈਕਲ ਸਪੈਂਸਰ ਗਿੱਲ ਹੈ। ਕੁਲਵਿੰਦਰ ਸਿੰਘ ਮਾਨ ਕੇ.ਐਸ. ਮਾਨ ਲਿਖਦਾ ਹੈ ਤਾਂ ਜੁ ਉਹਨੂੰ ਗੋਰੇ ਕੈਨਥ ਸਪੈਂਸਰ ਮਾਨ ਸਮਝਣ।

ਜਦੋਂ ਅਖਬਾਰ ਵਿਚ ਕੋਈ ਖਬਰ ਪੜ੍ਹੀਦੀ ਹੈ ਕਿ ਅਬਦੁਲ ਕਰੀਮ ਕੁਰੈਸ਼ੀ ਇਕ ਰੋਡ ਐਕਸੀਡੈਂਟ ਵਿਚ ਫੱਟੜ ਹੋ ਗਿਆ ਹੈ ਤਾਂ ਇਹ ਸਮਝ ਲਈਦਾ ਹੈ ਕਿ ਇਹ ਇੰਡੀਅਨ ਜਾਂ ਪਾਕਿਸਤਾਨੀ ਹੈ। ਏਸੇ ਤਰ੍ਹਾਂ ਗੋਬਿੰਦ ਖੁਰਾਨਾ ਅਮਰੀਕਾ ਵਿਚ ਜਾ ਕੇ ਨੋਬਲ ਪ੍ਰਾਈਜ਼ ਜਿੱਤ ਕੇ ਵੀ ਸਾਡੇ ਲਈ ਭਾਰਤੀ ਹੈ ਕਿਉਂਕਿ ਉਹਦਾ ਨਾਂ ਭਾਰਤ ਦੇ ਕਲਚਰ ਨੂੰ ਆਈਡੈਂਟੀਫਾਈ ਕਰਦਾ ਹੈ। ਪਿੱਛੇ ਜਿਹੇ ਅਸੀਂ ਆਪਣੇ ਪੁੱਤਰ ਦੇ ਸਕੂਲ ਗਏ। ਇਕ ਕਿਤਾਬਚਾ ਹਰ ਪੇਰੈਂਟ ਨੂੰ ਦਿੱਤਾ ਗਿਆ। ਇਸ ਵਿਚ ਇਕ ਸਫਾ ਉਹਨਾਂ ਬੱਚਿਆਂ ਦੇ ਨਾਵਾਂ ਦਾ ਸੀ ਜਿਹਨਾਂ ਨੂੰ ਯੂਨੀਵਰਸਿਟੀਆਂ ਵਿਚ ਥਾਵਾਂ ਮਿਲੀਆਂ ਸਨ। ਇਹ ਪੜ੍ਹ ਕੇ ਮਨ ਗਦ ਗਦ ਹੋ ਉਠਿਆ ਕਿ ਨੱਬੇ ਪ੍ਰਤੀਸ਼ਤ ਨਾਮ ਏਸ਼ੀਅਨ ਕਮਿਊਨਿਟੀ ਵਿਚੋਂ ਸਨ। ਸਭ ਜਾਣਦੇ ਹਨ ਕਿ ਕਿਸੇ ਵੀ ਕੌਮ ਦੀ ਉਚਤਾ ਵਿਦਿਅਕ ਪ੍ਰਾਪਤੀਆਂ ਨਾਲ ਬੱਝੀ ਹੋਈ ਹੁੰਦੀ ਹੈ। ਕੁਝ ਗੋਰੇ ਲੋਕ ਏਸ਼ੀਆਈਆਂ ਨੂੰ ਕੇਵਲ ਪੌਂਡ ਕਮਾਉਣ ਵਾਲੇ ਹੀ ਸਮਝਦੇ ਹਨ ਪਰ ਵਿਦਿਅਕ ਖੇਤਰਾਂ ਵਿਚ ਹੋ ਰਹੀਆਂ ਪ੍ਰਾਪਤੀਆਂ ਸਾਡਾ ਇਕ ਨਵਾਂ ਇਮੇਜ ਸਿਰਜ ਰਹੀਆਂ ਹਨ। ਹੁਣ ਅੰਦਾਜ਼ਾ ਲਾਓ ਕਿ ਜੇਕਰ ਉਸ ਕਿਤਾਬਚੇ ਵਿਚ ਏਸ਼ੀਆਈ ਬੱਚਿਆਂ ਦੇ ਨਾਮ ਜੌਨ, ਰੀਡ, ਮਾਈਕਲ, ਸਟੀਵਨ, ਜੂਡੀ, ਡੇਵਿਡ, ਵੈਲਰੀ, ਮੈਂਡੀ ਵਰਗੇ ਹੁੰਦੇ ਤਾਂ ਏਸ਼ੀਆਈ ਕਲਚਰ ਦੀ ਝਲਕ ਕਿਵੇਂ ਪੈਂਦੀ?

ਕਈ ਮਾਪੇ ਆਪਣੇ ਬੱਚਿਆਂ ਦੇ ਜਨਮ ਤੋਂ ਹੀ ਗੋਰਿਆਂ ਵਰਗੇ ਨਾਂ ਰੱਖ ਲੈਂਦੇ ਹਨ ਜਿਵੇਂ ਸੂਜ਼ਨ ਕੌਰ ਤੇ ਪੀਟਰ ਸਿੰਘ ਤੇ ਗੈਰੀ ਸ਼ਰਮਾ ਆਦਿ। ਕਈ ਮਾਪੇ ਬੱਚਿਆਂ ਨੂੰ ਅੰਗਰੇਜ਼ੀ ਨਾਂ ਨਾਲ ਬੁਲਾਉਂਦੇ ਹਨ ਪਰ ਸਰਟੀਫਿਕੇਟਾਂ ਤੇ ਪਾਸਪੋਰਟਾਂ ਉਤੇ ਇੰਡੀਅਨ ਨਾਮ ਹੁੰਦਾ ਹੈ। ਅਜਿਹੇ ਬੱਚੇ ਸਕੂਲੀ ਉਮਰ ਤੀਕ ਪਹੁੰਚ ਕੇ ਬੜੇ ਸ਼ਸ਼ੋਪੰਜ ਵਿਚ ਪੈ ਜਾਂਦੇ ਹਨ ਕਿ ਉਹਨਾਂ ਦੇ ਦੋ ਨਾਮ ਕਿਉਂ ਹਨ? (ਇਥੇ ਮੈਂ ਨਿੱਕੇ ਪੈਟ ਨੇਮਜ਼ ਦੀ ਗੱਲ ਨਹੀਂ ਕਰ ਰਿਹਾ)। ਇਹ ਗੱਲ ਬੱਚਿਆਂ ਦੀ ਸਖਸ਼ੀਅਤ ਦੇ ਵਧਣ ਫੁਲਣ ਵਿਚ ਹਾਨੀਕਾਰਕ ਸਿੱਧ ਹੋ ਸਕਦੀ ਹੈ ਤੇ ਉਹਨਾਂ ਨੂੰ ਆਪਣੇ ਕਲਚਰ ਬਾਰੇ ਵੀ ਭੁਲੇਖੇ ਪੈ ਸਕਦਾ ਹੈ ਤੇ ਸ਼ੁਰੂ ਤੋਂ ਹੀ ਉਹਨਾਂ ਵਿਚ Inferiority Complex (ਅਹਿਸਾਸੇ ਕਮਤਰੀ) ਪੈਦਾ ਹੋ ਸਕਦਾ ਹੈ।

ਮੇਰਾ ਨਾਂ ਦੱਸਦਾ ਹੈ ਕਿ ਮੈਂ ਇਕ ਭਾਰਤੀ ਹਾਂ ਤੇ ਮੈਨੂੰ ਇਸ ਉਤੇ ਮਾਣ ਹੈ।

(ਅਗਸਤ 1983)

# ਮਨਫੀ ਹੋ ਗਏ ਵਰ੍ਹੇ

ਅੱਜ 11 ਫਰਵਰੀ 1990 ਦਾ ਦਿਨ ਹੈ। ਨੈਲਸਨ ਮੰਡੇਲਾ ਨੂੰ ਰਿਹਾ ਕਰ ਦਿਤਾ ਗਿਆ ਹੈ। ਜਿਹੜਾ ਬੰਦਾ ਕਲ੍ਹ ਇਕ ਮਿਥਿਹਾਸ ਜਿਹਾ ਲਗਦਾ ਸੀ, ਅੱਜ ਸਾਬਤ ਸਬੂਤਾ ਟੀ ਵੀ ਕੈਮਰਿਆਂ ਸਾਹਮਣੇ ਖਲੋਤਾ ਆਦਮੀ ਹੈ। 27 ਵਰ੍ਹਿਆਂ ਬਾਅਦ ਦੀ ਤਸਵੀਰ ਅਤੇ ਸਤਾਈ ਵਰ੍ਹੇ ਪਹਿਲਾਂ ਦੀ ਤਸਵੀਰ ਵਿਚ ਭਾਵੇਂ ਢੇਰ ਅੰਤਰ ਹੈ ਪਰ ਮੰਡੇਲਾ ਦੀ ਟੋਰ ਵਿਚ ਵੱਡੇ ਸਟੇਟਸਮੈਨਾਂ ਵਾਲੀ ਮੜ੍ਹਕ ਹੈ। ਉਸ ਦੀ ਮਜ਼ਬੂਤ ਸੱਜੀ ਬਾਂਹ ਉਠਦੀ ਹੈ ਤੇ ਕਹਿੰਦਾ ਹੈ, "ਵੀਵਾ ਅਫ਼ਰੀਕਾ" ਅਫ਼ਰੀਕਾ ਜ਼ਿੰਦਾਬਾਦ।

ਜਦੋਂ ਨੈਲਸਨ ਮੰਡੇਲਾ "ਅੰਦਰ" ਗਿਆ ਸੀ ਉਦੋਂ ਹੀ ਮੈਂ ਬਿਦੇਸ਼ਾਂ 'ਚ ਆਇਆ ਸਾਂ। ਸਤਾਈ ਵਰ੍ਹੇ ਮੇਰੀ ਜ਼ਿੰਦਗੀ 'ਚੋਂ ਵੀ ਮਨਫ਼ੀ ਹੋਏ ਸਨ ਤੇ ਨੈਲਸਨ ਮੰਡੇਲਾ ਦੀ ਜ਼ਿੰਦਗੀ ਚੋਂ ਵੀ ਮੇਰੇ ਮਨਫ਼ੀ ਹੋ ਗਏ ਵਰ੍ਹਿਆਂ ਵਿਚ ਮੇਰੀਆਂ ਪ੍ਰਾਪਤੀਆਂ ਸ਼ਾਮਲ ਹਨ। ਮੇਰੀਆਂ ਦੁਸ਼ਵਾਰੀਆਂ ਸ਼ਾਮਲ ਹਨ। ਮੇਰੀਆਂ ਖੁਸ਼ੀਆਂ ਗਮੀਆਂ ਸ਼ਾਮਲ ਹਨ। ਪਰ ਮੈਂ ਇਕ ਆਮ ਸ਼ਹਿਰੀ ਹਾਂ। ਆਮ ਲੋਕਾਂ ਦੀ ਭਲਾਈ ਲਈ ਖੌਰੇ ਮੈਂ ਛਟਾਂਕੀ ਭਰ ਵੀ ਹਿੱਸਾ ਨਾ ਪਾਇਆ ਹੋਵੇ। ਮੈਂ ਹਾਂ ਵੀ ਮੰਡੇਲਾ ਤੋਂ ਵੱਖਰੇ ਰੰਗ ਦਾ, ਵੱਖਰੇ ਧਰਮ ਦਾ ਤੇ ਵੱਖਰੇ ਦੇਸ ਦਾ ਪਰ ਉਹਦਾ ਰਿਹਾਅ ਹੋਣਾ ਹੋਰ ਕਰੋੜਾਂ ਲੋਕਾਂ ਵਾਂਗ ਮੈਨੂੰ ਇੰਝ ਲੱਗਾ ਹੈ ਜਿਵੇਂ ਕੋਈ ਮੇਰਾ ਹੀ ਸਕਾ ਸੰਬੰਧੀ ਜੇਲ੍ਹ ਯਾਤਰਾ ਕਰਕੇ ਘਰ ਵਾਪਸ ਪਰਤਿਆ ਹੋਵੇ। ਮੇਰੀਆਂ ਪ੍ਰਾਪਤੀਆਂ ਅਪ੍ਰਾਪਤੀਆਂ ਨਿੱਜੀ ਸਨ ਪਰ ਨੈਲਸਨ ਮੰਡੇਲਾ ਦੀਆਂ ਪ੍ਰਾਪਤੀਆਂ ਜਿਵੇਂ ਸਭਨਾਂ ਉਨ੍ਹਾਂ ਲੋਕਾਂ ਦੀਆਂ ਹਨ ਜਿਹੜੇ ਮਨੁੱਖੀ ਤੇ ਜਮਹੂਰੀ ਕਦਰਾਂ ਕੀਮਤਾਂ ਦੇ ਇਛੁੱਕ ਹਨ। ਉਹਦੀ ਜ਼ਿੰਦਗੀ ਦੇ ਮਨਫੀ ਹੋ ਗਏ ਸਤਾਈ ਵਰ੍ਹਿਆਂ ਦਾ ਅਹਿਸਾਸ ਜਿਸ ਸ਼ਿੱਦਤ ਨਾਲ ਉਸਨੂੰ ਹੈ ਸ਼ਾਇਦ ਕਿਸੇ ਨੂੰ ਵੀ ਨਾ ਹੋਵੇ। ਮੈਂ ਸੋਚਦਾ ਸਾਂ ਪਿਛਲੇ ਸਤਾਈ ਵਰ੍ਹਿਆਂ ਦੌਰਾਨ ਦੁਨੀਆਂ ਵਿਚ ਕਿੰਨਾ ਕੁਝ ਵਾਪਰ ਗਿਆ ਹੈ। ਇਥੋਂ ਤਕ ਕਿ ਆਦਮੀ ਵੀ ਚੰਨ ਉਤੇ ਉਹਦੇ ਅੰਦਰ ਹੋਣ ਵੇਲੇ ਹੀ ਪੈਰ ਧਰ ਆਇਆ ਸੀ। ਜਦੋਂ ਨੀਲ ਆਰਮਸਟਰੌਂਗ ਦੇ ਕਦਮਾਂ ਨੇ ਚੰਨ ਦੀ ਮਿੱਟੀ ਨੂੰ ਛੂਹਿਆ ਸੀ ਤਾਂ ਉਸ ਆਖਿਆ ਸੀ ਕਿ ਇਹ ਆਦਮੀ ਦੀ ਬਹੁਤ ਵੱਡੀ ਪੁਲਾਂਘ ਹੈ। ਹੈ ਵੀ ਸੀ । ਆਖਰ ਇਹ ਛੋਟੀ ਜਿਹੀ ਗੱਲ ਤਾਂ ਹੈ ਨਹੀਂ ਸੀ ਕਿ ਇਨਸਾਨ ਨੇ ਇਕ ਹੋਰ ਸਿਆਰੇ ਨੂੰ ਫ਼ਤਿਹ ਕਰ ਲਿਆ ਸੀ ਪਰ ਕਿੰਨੀ ਤਾਅਜਬ ਦੀ ਗੱਲ ਸੀ ਕਿ ਮੰਡੇਲਾ ਵਰਗੇ ਬੰਦੇ ਨੂੰ ਸਾਥੀ ਇਨਸਾਨਾਂ ਨੇ ਸਿਰਫ ਏਸ ਬਿਨਾਅ ਉਤੇ ਹੀ ਅੰਦਰ ਕਰ ਦਿਤਾ ਸੀ ਕਿ ਉਹ ਆਪਣੇ ਸਾਥੀ-ਮਨੁੱਖਾਂ ਲਈ ਬਰਾਬਰ ਦੇ ਹੱਕ ਮੰਗ ਰਿਹਾ ਸੀ। ਉਹਦਾ ਜੁਰਮ ਇਕ ਹੋਰ ਇਹ ਵੀ ਸੀ ਕਿ ਉਸ ਦਾ ਰੰਗ ਹਾਕਮਾਂ ਦੇ ਰੰਗ ਵਰਗਾ ਨਹੀਂ ਸੀ। ਮੈਂ ਸੋਚਦਾ ਸਾਂ ਕਿ ਪਿਛਲੇ ਸਤਾਈ ਵਰ੍ਹਿਆਂ ਦੌਰਾਨ ਜਿਥੇ ਮੈਂ ਇਕ ਓਪਰੇ ਮੁਲਕ ਤੇ ਓਪਰੇ ਲੋਕਾਂ ਵਿਚ ਆਪਣਾ

ਮੁਸਤਕਬਿਲ ਬਣਾ ਰਿਹਾ ਸਾਂ ਤੇ ਆਪਣੇ ਬੱਚਿਆ ਦਾ ਭਵਿੱਖ ਬਣਾ ਰਿਹਾ ਸਾਂ ਉਥੇ ਇਹ ਮਹਾਨ ਮਨੁੱਖ ਜੇਲ੍ਹ ਯਾਤਰਾ ਕਰ ਰਿਹਾ ਸੀ।ਉਹਦੇ ਅੰਦਰ ਹੁੰਦਿਆਂ ਹੋਇਆ ਅਮਰੀਕਾ ਦੇ ਪ੍ਰਧਾਨ ਜੌਨ ਕੈਨੇਡੀ ਨੂੰ ਗੋਲੀ ਮਾਰ ਦਿੱਤੀ ਗਈ ਸੀ ਤੇ ਕਈਆਂ ਵਰ੍ਹਿਆਂ ਪਿੱਛੋਂ ਉਸ ਦਾ ਛੋਟਾ ਭਰਾ ਰੌਬਰਟ ਵੀ ਉਸੇ ਤਰ੍ਹਾਂ ਹੀ ਮਾਰਿਆ ਗਿਆ ਸੀ। ਨੈਲਸਨ ਮੰਡੇਲਾ ਦੀ ਪਤਨੀ ਵਿੰਨੀ ਮੰਡੇਲਾ ਨੂੰ ਦਿਲਾਸਾ ਤੇ ਹੱਲਾਸ਼ੇਰੀ ਦੇਣ ਲਈ ਇਨ੍ਹਾਂ ਦਾ ਛੋਟਾ ਭਰਾ ਐਡਵਰਡ ਕੈਨੇਡੀ ਸਾਊਥ ਅਫ਼ਰੀਕਾ ਦੇਂ ਸ਼ਹਿਰ ਕੇਪ ਟਾਊਨ ਪੁੱਜਾ ਸੀ। ਉਹਦੀ ਜੇਲ੍ਹ ਯਾਤਰਾ ਵੇਲੇ ਹੀ ਮਨੁੱਖੀ ਹੱਕਾਂ ਦੇ ਇਕ ਮਹਾਨ ਕਾਲੇ ਅਮਰੀਕਨ ਘੁਲਾਟੀਏ ਡਾਕਟਰ ਮਾਰਟਿਨ ਲੂਥਰ ਕਿੰਗ ਨੂੰ ਜ਼ਿਬਾਹ ਕਰ ਦਿਤਾ ਗਿਆ ਸੀ। ਉਹਦੀ ਗ਼ੈਰ ਹਾਜ਼ਰੀ 'ਚ ਜਵਾਹਰ ਲਾਲ ਨਹਿਰੂ ਵੀ ਇਸ ਦੁਨੀਆਂ ਚੋਂ ਮਨਫ਼ੀ ਹੋ ਗਏ।ਪਿਛਲੇ ਸਤਾਈ ਵਰ੍ਹਿਆਂ ਦੌਰਾਨ ਬਰਲਿਨ ਦੀ ਕੰਧ ਬਣੀ ਤੇ ਢੱਠੀ। ਕਮਿਊਨਿਸਟ ਦੇਸ਼ਾਂ ਦੀ ਅੱਜ ਦੀ ਸਥਿਤੀ ਮੰਡੇਲਾ ਦੇ ਜੇਲ੍ਹ ਜਾਣ ਸਮੇਂ ਕਿਥੇ ਸੀ? ਉਹਦੀ ਗੈਰਹਾਜ਼ਰੀ 'ਚ ਬਰਤਾਨੀਆਂ ਨੇ ਛੇ ਆਮ ਚੋਣਾਂ ਲੜੀਆਂ। ਸਾਊਥ ਅਫਰੀਕਾ ਦੇ ਚਾਰ ਪ੍ਰਧਾਨ ਬਦਲ ਗਏ। ਅਮਰੀਕਾ ਦਾ ਛੇਵਾਂ ਪ੍ਰਧਾਨ ਗੱਦੀ ਤੇ ਹੈ। ਕੌਮਨਵੈਲਥ ਦੇਸਾਂ 'ਚੋਂ ਕਈ ਦੇਸ ਉਹਦੇ ਜੇਹਲ ਨਿਵਾਸ ਦੌਰਾਨ ਆਜ਼ਾਦ ਹੋਏ। ਇਥੋਂ ਤੀਕ ਕਿ ਕਈਆਂ ਸਾਲਾਂ ਤੋਂ ਰੇੜਕਾ ਬਣਿਆ ਹੋਇਆ ਰੋਡੇਸ਼ੀਆ ਦਾ ਮਸਲਾ ਵੀ ਹੱਲ ਹੋ ਚੁੱਕਿਆ ਹੈ। ਚਿੱਟੇ ਹੁਕਮਰਾਨਾਂ ਤੇ ਉਨ੍ਹਾਂ ਦੇ ਭਿਆਲਾਂ ਨੂੰ ਡਰ ਸੀ ਕਿ ਰੋਡੇਸ਼ੀਆ ਵਿਚਲੇ ਕਾਲੇ ਲੋਕ ਆਜ਼ਾਦੀ ਮਿਲਦਿਆਂ ਹੀ ਚਿੱਟੇ ਲੋਕਾਂ ਦੇ ਆਹੂ ਲਾਹ ਦੇਣਗੇ ਤੇ ਦੇਸ਼ ਨੂੰ ਮਿੱਟੀ ਵਿਚ ਮਿਲਾ ਦੇਣਗੇ। ਪਰ ਕੁਝ ਵੀ ਤਾਂ ਨਹੀਂ ਹੋਇਆ। ਨੈਲਸਨ ਮੰਡੇਲਾ ਸਾਊਥ ਅਫਰੀਕੀ ਹਾਕਮਾਂ ਨੂੰ ਪੁੱਛ ਸਕਦਾ ਹੈ ਕਿ ਉਹ ਕਿਉਂ ਨਹੀਂ ਇਸ ਗਵਾਂਢੀ ਦੇਸ਼ ਦੀ ਸਥਿਤੀ ਤੋਂ ਕੁਝ ਸਿਖਦੇ? ਕੇਪ ਟਾਊਨ ਵਿਚ ਦਿੱਤੀ ਤਕਰੀਰ ਵਿਚ ਉਸਨੇ ਵਜਾਅ ਫ਼ਰਮਾਇਆ ਕਿ ਕੇਵਲ ਉਸ ਦੇ ਆਜ਼ਾਦ ਹੋਣ ਨਾਲ ਹੀ ਕਾਲੇ ਲੋਕ ਆਜ਼ਾਦ ਨਹੀਂ ਹੋ ਗਏ। "ਜੰਗ ਹਾਲੀਂ ਜਾਰੀ ਹੈ।" ਅਪਾਰਥਾਈਡ ਦੀ ਲਾਹਣਤ ਨੂੰ ਤਹਿਸ਼-ਨਹਿਸ਼ ਕਰਨ ਦੀ ਲੋੜ ਹੈ। "ਇਕ ਮਨੁੱਖ ਇਕ ਵੋਟ" ਦੀ ਬਹਾਲੀ ਅਵੱਸ਼ਕ ਹੈ। ਮੁੱਠੀ ਭਰ ਚਿੱਟੇ ਲੋਕਾਂ ਨੂੰ ਬਹੁ ਗਿਣਤੀ ਦੇ ਕਾਲਿਆਂ ਉਤੇ ਰਾਜ ਕਰਨ ਤੇ ਉਨ੍ਹਾਂ ਨੂੰ ਜ਼ਲੀਲ ਕਰਕੇ ਹਕੂਮਤ ਕਰਨ ਦਾ ਕੋਈ ਅਧਿਕਾਰ ਨਹੀਂ। ਯਾਦ ਰਹੇ ਨੈਲਸਨ ਮੰਡੇਲਾ ਨੂੰ ਜਦੋਂ ਉਮਰ ਕੈਦ ਹੋਈ ਸੀ ਤਾਂ ਉਸ 'ਤੇ ਦੋਸ਼ ਸੀ ਕਿ ਉਸਨੇ ਹਥਿਆਰਬੰਦ ਇਨਕਲਾਬ ਲਿਆਉਣ ਦਾ ਨਾਅਰਾ ਦਿਤਾ ਸੀ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਇਹ ਬਹੱਤਰ ਸਾਲਾ ਬੰਦਾ ਜੇਲ੍ਹੋਂ ਨਿਕਲਦਿਆਂ ਹੀ ਕਹਿ ਰਿਹਾ ਹੈ, "ਲੋੜ ਪਈ ਤਾਂ ਹਥਿਆਰਬੰਦ ਘੋਲ ਜਾਰੀ ਰੱਖਿਆ ਜਾਵੇਗਾ।" ਇੰਝ ਲਗਦਾ ਸੀ ਕਿ ਜਿਵੇਂ ਸਤਾਈਆਂ ਵਰ੍ਹਿਆਂ ਬਾਦ ਉਹ ਇਕ ਪਲੇਟਫਾਰਮ ਛੱਡ ਕੇ ਤੇ ਕੁਝ ਕਦਮ ਟੁਰ ਕੇ ਉਹੋ ਲੈਕਚਰ ਫਿਰ ਦੁਹਰਾਅ ਰਿਹਾ ਸੀ। ਸਪੀਚ ਰਾਈਟਰ ਤੇ ਸਪੀਚ ਕਰਨ ਵਾਲੇ ਜਿਵੇਂ 27 ਸਾਲ ਟਾਈਮ ਕੈਪਸੂਲ ਵਿਚ ਹੀ ਬੰਦ ਰਹੇ ਹੋਣ ਤੇ ਉਨ੍ਹਾਂ ਨੂੰ ਬਾਹਰ ਨਿਕਲ ਕੇ ਅਹਿਸਾਸ ਹੀ ਨਾ ਹੋਇਆ ਹੋਵੇ ਕਿ ਦੁਨੀਆਂ ਬਦਲ ਗਈ ਹੈ। ਪਰ ਅਹਿਸਾਸ ਹੋਵੇ ਵੀ ਕਿੰਝ? ਸਾਊਥ ਅਫਰੀਕਾ ਦੇ ਕਾਲਿਆਂ ਦੇ ਹਕੂਕ ਤਾਂ ਬਹਾਲ ਹੋਏ ਹੀ ਨਹੀਂ ਹਾਲੀਂ।

ਮੈਨੂੰ ਖਿਆਲ ਆਇਆ ਕਿ ਜਿੱਦਾਂ ਟੀ ਵੀ ਉਤੇ ਮੈਂ ਆਦਮੀ ਨੂੰ ਚੰਨ ਉਤੇ ਪੈਰ ਧਰਨ ਦੀ ਪਹਿਲੀ ਪਿਕਚਰ ਵੀ ਦੇਖੀ ਸੀ, ਏਸੇ ਤਰ੍ਹਾਂ ਸਾਊਥ ਅਫਰੀਕਾ ਦੇ ਟੀ ਵੀ ਰਾਹੀਂ ਬੀ ਸੀ ਸੀ

ਤੇ ਆਈ ਟੀ ਵੀ ਉਤੇ ਪ੍ਰਸਾਰਤ ਉਂਝ ਹੀ ਵੇਖ ਰਿਹਾ ਸਾਂ। ਲੱਗ ਰਿਹਾ ਹੈ ਕਿ ਆਪਾਂ ਚੰਗੇ ਦੌਰ ਵਿਚ ਜੰਮੇ ਹਾਂ।

ਵਰਸਟਰ ਨਾਮੀ ਜੇਲ੍ਹ ਦੇ ਗੇਟ 'ਚੋਂ ਨਿਕਲਦਿਆਂ ਹੋਇਆਂ ਉਸ ਨੇ ਆਪਣੀ ਪਤਨੀ ਵਿੰਨੀ ਦਾ ਹੱਥ ਘੁੱਟ ਕੇ ਫੜਿਆ ਹੋਇਆ ਸੀ। ਉਹਦੀ ਔਰ ਮੇਰੇ ਵਰਗੇ ਡਾਢੇ ਹੀ ਸਧਾਰਨ ਜਿਹੇ ਮਨੁੱਖ ਦੀ ਜ਼ਿੰਦਗੀ ਵਿਚ ਏਸ ਪੱਖੋਂ ਕੋਈ ਅੰਤਰ ਨਹੀਂ। ਮੇਰੀ ਸਾਥਣ ਨੇ ਵੀ ਏਨੇ ਵਰ੍ਹੇ ਮੋਢੇ ਨਾਲ ਮੋਢਾ ਡਾਹ ਕੇ ਸਾਥ ਦਿਤਾ ਹੈ ਪਰ ਅਸੀਂ ਨਿੱਜ ਵਾਸਤੇ ਸਭ ਕੁਝ ਕੀਤਾ ਹੈ ਤੇ ਉਸ ਮਹਾਨ ਇਸਤ੍ਰੀ ਨੇ ਲੋਕਾਂ ਦੇ ਹੀਰੋ ਦੀ ਗੈਰਹਾਜ਼ਰੀ ਵਿਚ ਜਦੋ ਜਹਿਦ ਦੀ ਸ਼ਮ੍ਹਾਂ ਨੂੰ ਜਲਾਈ ਰੱਖਿਆ ਸੀ।–1990

ਨੈਲਸਨ ਮੰਡੇਲਾ, ਜਿਸ ਦੀ ਕੁਰਬਾਨੀ ਸਾਡੇ ਆਗੂਆਂ ਨਾਲੋਂ ਕਿਤੇ ਵੱਡੀ ਸੀ ਦਾ ਜਨਮ 18 ਜੁਲਾਈ 1918 ਨੂੰ ਟੈਂਬੂ ਦੇ ਸ਼ਾਹੀ ਘਰਾਣੇ ਵਿਚ ਹੋਇਆ ਸੀ। ਉਸ ਨੇ ਮੈਥੋਡਿਬਟ ਹਾਈ ਸਕੂਲ ਅਤੇ ਫੋਰਟ ਹੇਅਰ ਯੂਨੀਵਰਸਿਟੀ ਤੋਂ ਵਿਦਿਆ ਪ੍ਰਾਪਤ ਕੀਤੀ ਸੀ। ਪਰ ਦੇਸ਼ ਭਗਤੀ ਤੇ ਲੋਕ ਹਿਤੈਸ਼ੀ ਰੁਚੀਆਂ ਨੇ ਉਹਨੂੰ ਕਿਥੇ ਟਿਕ ਕੇ ਬਹਿਣ ਦੇਣਾ ਸੀ। ਸਿਆਸੀ ਸਰਗਰਮੀਆਂ ਕਾਰਨ ਉਹਨੂੰ 1940 ਵਿਚ ਯੂਨੀਵਰਸਿਟੀ 'ਚੋਂ ਕੱਢ ਦਿੱਤਾ ਗਿਆ ਸੀ। ਪਰ ਬੰਦੇ ਵਿਚ ਦ੍ਰਿੜ੍ਹਤਾ ਦੇਖੋ ਕਿ 1941 ਵਿਚ ਉਸ ਨੇ ਚਿੱਠੀ ਪੱਤਰ (CORRESPONDENCE COURSE) ਰਾਹੀਂ ਵਿਟਵਾਟਰਸਰੈਂਡ ਵਿਸ਼ਵ ਵਿਦਿਆਲੇ ਤੋਂ ਡਿਗਰੀ ਪ੍ਰਾਪਤ ਕਰ ਲਈ।

1952 ਵਿਚ ਉਸ ਨੇ ਔਲੀਵਰ ਟੈਂਬੋ (ਜਿਸਨੂੰ ਇਹਨਾਂ ਸਤਰਾਂ ਦੇ ਲੇਖਕ ਨੇ ਲੰਡਨ 'ਚ ਵੇਖਿਆ ਹੈ) ਨਾਲ ਮਿਲ ਕੇ ਵਕਾਲਤ ਸ਼ੁਰੂ ਕੀਤੀ। ਇਸ ਤੋਂ ਪਹਿਲਾਂ 1944 ਵਿਚ ਉਸ ਨੇ ਅਫਰੀਕਨ ਨੈਸ਼ਨਲ ਕਾਂਗਰਸ ਦਾ ਯੂਥ ਵਿੰਗ ਸਥਾਪਤ ਕੀਤਾ ਤੇ ਇਸ ਦਾ 1950 ਵਿਚ ਪ੍ਰਧਾਨ ਵੀ ਬਣਿਆ। 1952 ਵਿਚ ਨੈਲਸਨ ਨੂੰ ਸਿਵਲ ਨਾਫਰਮਾਨੀ ਕਾਰਨ ਨੌਂ ਮਹੀਨੇ ਦੀ ਜੇਲ੍ਹ ਹੋਈ। ਨੌਂ ਵਰ੍ਹਿਆਂ ਲਈ ਉਸ ਨੂੰ ਬੈਨ ਵੀ ਕਰ ਦਿੱਤਾ ਗਿਆ। ਅਗਲੇ ਸਾਲ ਉਹ ਅੰਡਰਗਰਾਊਂਡ ਹੋ ਗਿਆ। ਪਹਿਲੇ ਨੌਂ ਮਹੀਨੇ ਦੀ ਜੇਲ੍ਹ ਦੌਰਾਨ ਉਸਦਾ ਇਕ ਹੋਰ ਸਾਥੀ ਵਾਲਟਰ ਸਿਸਲੂ ਵੀ ਉਸ ਦੇ ਨਾਲ ਹੀ ਸੀ। ਨੈਲਸਨ ਦੇ ਸਤਾਈ ਵਰ੍ਹਿਆਂ ਤੋਂ ਥੋੜ੍ਹਾ ਚਿਰ ਪਹਿਲਾਂ ਹੀ ਸਿਸਲੂ ਦੀ ਰਿਹਾਈ ਹੋਈ ਹੈ। 1958 ਵਿਚ ਉਸ ਨੇ ਆਪਣੇ ਤੋਂ 15 ਸਾਲ ਛੋਟੀ ਇਕ ਸੋਸ਼ਲ ਵਰਕਰ ਵਿੰਨੀ ਨਾਲ ਵਿਆਹ ਕਰਵਾਇਆ। 1956 ਵਿਚ ਉਸ ਦੇ ਖਿਲਾਫ 156 ਚਾਰਜ ਲੱਗੇ ਕਿ ਉਸ ਨੇ ਸਟੇਟ ਦਾ ਤਖਤਾ ਉਲਟਾਉਣ ਦੀ ਯੋਜਨਾ ਬਣਾਈ ਸੀ। 1960 ਵਿਚ ਸੰਸਾਰ ਪ੍ਰਸਿੰਧ ਸ਼ਾਰਪਵਿਲ ਗੋਲੀ ਕਾਂਡ ਹੋਇਆ ਸੀ। ਯਾਦ ਰਹੇ ਇਸ ਗੋਲੀ ਕਾਂਡ ਨੂੰ ਜਲ੍ਹਿਆਂਵਾਲੇ ਬਾਗ ਨਾਲ ਤੁਲਨਾ ਦਿੱਤੀ ਜਾਂਦੀ ਹੈ। ਸ਼ਾਰਪਵਿਲ ਵਿਚ ਵੀ ਨਿਹੱਥੇ ਲੋਕਾਂ ਉਤੇ ਗੋਲੀ ਚਲਾਈ ਗਈ ਸੀ ਤੇ ਜਲ੍ਹਿਆਂਵਾਲਾ ਬਾਗ ਵਿਚ ਵੀ। ਸ਼ਾਰਪਵਿਲ ਵਿਚ 61 ਬੰਦੇ ਭੁੰਨ ਦਿੱਤੇ ਗਏ ਸਨ ਜਦਕਿ ਜਲ੍ਹਿਆਂ ਵਾਲ਼ਾ ਬਾਗ਼ ਵਿਚ ਕਈ ਸੌ ਮਾਰੇ ਗਏ ਸਨ। 1962 (ਮੇਰੇ ਇੰਗਲੈਂਡ ਵਿਚ ਪਰਵੇਸ਼ ਕਰਨ ਦਾ ਵਰ੍ਹਾ) ਵਿਚ ਮੰਡੇਲਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ 'ਦੇਸ਼ ਵਿਰੋਧੀ' ਕਾਰਵਾਈਆਂ ਕਰਕੇ ਪੰਜ ਸਾਲ ਦੀ ਜੇਲ੍ਹ ਹੋਈ ਜਿਸ ਨੂੰ 1964 ਵਿਚ ਫੇਰ ਮੁਕੱਦਮਾ ਚਲਾ ਕੇ ਇਹ ਕਹਿ ਕੇ ਕਿ ਇਸ ਨੇ ਦੇਸ਼ ਦਾ ਤਖਤਾ ਉਲਟਾਉਣ

ਲਈ ਕਾਲੇ ਲੋਕਾਂ ਨੂੰ ਉਕਸਾਇਆ ਹੈ, ਉਮਰ ਕੈਦ ਵਿਚ ਤਬਦੀਲ ਕਰ ਦਿਤਾ ਗਿਆ। ਏਸੇ ਸਾਲ ਉਸ ਨੂੰ "ਰੌਬਿਨ ਆਈਲੈਂਡ" ਦੀ ਘਿਨਾਉਣੀ ਤੇ ਗੈਰਇਨਸਾਨੀ ਜੇਲ੍ਹ ਵਿਚ ਭੇਜ ਦਿੱਤਾ ਗਿਆ। 1982 ਵਿਚ ਸਿਹਤ ਦੀ ਖ਼ਰਾਬੀ ਕਰਕੇ ਉਹਨੂੰ ਕੇਪ ਟਾਊਨ ਦੀ ਪੋਲਜ਼ਮੋਰ ਜੇਲ੍ਹ 'ਚ ਤਬਦੀਲ ਕਰ ਦਿੱਤਾ ਗਿਆ। ਉਹਦੀ ਗ਼ੈਰਹਾਜ਼ਰੀ 'ਚ ਉਹਦੇ ਪੈਰੋਕਾਰ ਚੁੱਪ ਕਰਕੇ ਨਹੀਂ ਬੈਠੇ ਰਹੇ। ਲੰਡਨ ਨਿਊਯਾਰਕ ਆਦਿ ਵਿਚ ਗੋਰੇ ਕਾਲੇ ਲੋਕਾਂ ਨੇ ਅਪਾਰਥਾਈਡ ਦੇ ਨਾਲ ਨਾਲ ਮੰਡੇਲਾ ਦੀ ਰਿਹਾਈ ਦੀ ਜੰਗ ਵੀ ਜਾਰੀ ਰੱਖੀ। 1988 ਵਿਚ ਉਸ ਨੂੰ ਟੀ.ਬੀ. ਹੋ ਗਈ। 1989 ਵਿਚ ਪੀ.ਡਬਲਯੂ.ਡੀ. ਕਲਾਰਕ ਨੇ ਉਸ ਦੀ ਰਿਹਾਈ ਕਰ ਦਿੱਤੀ।

ਪਰ ਜੰਗ ਅਜੇ ਵੀ ਜਾਰੀ ਹੈ ਚੂੰਕਿ ਅਪਾਰਥ਼ਾਈਡ ਦੀ ਲਾਹਣਤ ਉਸੇ ਤਰ੍ਹਾਂ ਕਾਇਮ ਹੈ। ਸਾਡੀ ਦੁਆ ਹੈ ਕਿ ਨੈਲਸਨ ਮੰਡੇਲਾ ਦੀ ਉਮਰ ਲੰਮੀ ਹੋਵੇ ਤੇ ਉਹ ਕਾਲੇ ਲੋਕਾਂ ਨੂੰ ਅਜ਼ਾਦ ਕਰਾਉਣ ਵਿਚ ਸਫਲ ਹੋ ਜਾਵੇ।

(ਮਾਰਚ 1990)

# ਜੌਰਡਨ

ਸਿਰਫ 45 ਲੱਖ ਦੀ ਵਸੋਂ ਵਾਲੇ ਜੌਰਡਨ ਨਾਂ ਦੇ ਦੇਸ ਦੇ ਬਾਦਸ਼ਾਹ ਕਿੰਗ ਹੁਸੈਨ ਨੂੰ 8 ਫਰਵਰੀ 2001 ਵਾਲੇ ਦਿਨ ਸਪੁਰਦੇ-ਏ-ਖ਼ਾਕ ਕਰ ਦਿਤਾ ਗਿਆ। ਏਸ ਛੋਟੇ ਜਿਹੇ ਦੇਸ ਦੇ ਰੂਲਰ ਦੇ ਦਾਹ ਸੰਸਾਕਰ ਵੇਲੇ ਬਿੱਲ ਕਲਿੰਟਨ, ਬੌਰਿਸ ਯੇਲਤਸਿਨ ਅਤੇ ਟੋਨੀ ਬਲੇਅਰ ਵਰਗੇ ਟੌਪ ਦੇ ਲੀਡਰਾਂ ਦਾ ਪਹੁੰਚਣਾ ਕੀ ਮਹੱਤਵ ਰਖਦਾ ਹੈ? ਇਸ ਬਾਰੇ ਅਸੀਂ ਇਸ ਲੇਖ ਵਿਚ ਭਰਪੂਰ ਬਹਿਸ ਕਰਾਂਗੇ। ਪਰ ਪਹਿਲਾਂ ਇਹ ਦੇਖੀਏ ਕਿ ਜੌਰਡਨ ਕਿਥੇ ਹੈ ਤੇ ਇਸ ਦਾ ਕੀ ਪਿਛੋਕੜ ਹੈ? ਕੁਝ ਵੀ ਕਹਿਣ ਤੋਂ ਪਹਿਲਾਂ ਇਹ ਕਹਿਣਾ ਇਕਦਮ ਹੀ ਵਾਜਬ ਹੈ ਕਿ ਇਹ ਦੇਸ ਇਜ਼ਰਾਈਲ ਅਤੇ ਹੋਰ ਗੁਆਂਢੀ ਦੇਸਾਂ ਵਿਚ ਬਫਰ ਜ਼ੋਨ ਦਾ ਕੰਮ ਕਰਦਾ ਹੈ ਤੇ STRATIGICALLY ਮਿਡਲ ਈਸਟ ਵਿਚ ਇਹ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਇਹੋ ਇਕ ਦੇਸ ਹੈ ਕਿ ਜਿਹੜਾ ਇਸ ਗੱਲ ਨੂੰ ਬਹੁਤ ਪਹਿਲਾਂ ਤਸਲੀਮ ਕਰ ਗਿਆ ਸੀ ਕਿ ਇਜ਼ਰਾਈਲ ਦੀ ਸਟੇਟ ਨੇ ਇਥੇ ਹੀ ਰਹਿਣਾ ਹੈ ਜਦਕਿ ਬਾਕੀ ਦੇ ਅਰਬੀ ਦੇਸ ਇਸ ਦੀ ਹੋਂਦ ਨੂੰ ਵੀ ਨਹੀਂ ਸੀ ਮੰਨਦੇ ਤੇ ਇਸ ਦਾ ਸਫ਼ਾਇਆ ਕਰਨ ਉਤੇ ਵੀ ਤੁਲੇ ਹੋਏ ਸਨ। ਇਹ ਕਿੰਗ ਹੁਸੈਨ ਦੀ ਸਟੇਟਮੈਨਸ਼ਿਪ ਦਾ ਹੀ ਨਤੀਜਾ ਹੈ ਕਿ ਅੱਜ ਮਿਡਲ ਈਸਟ ਵਿਚ ਬੜੇ ਸਾਲਾਂ ਦੇ ਖ਼ੂਨ ਖਰਾਬੇ ਪਿੱਛੋਂ ਅਮਨ ਅਮਾਨ ਦੀ ਸੰਭਾਵਨਾ ਜਾਗ ਚੁੱਕੀ ਹੈ।

ਜੌਰਡਨ ਦੀ ਕਰੰਸੀ ਦੀਨਾਰ ਹੈ। ਸਾਊਦੀ ਅਰਬੀਆ, ਸੀਰੀਆ ਤੇ ਇਜ਼ਰਾਈਲ ਨਾਲ ਘਿਰਿਆ ਹੋਇਆ ਹੈ। ਇਸ ਦਾ ਸਮੁੰਦਰੀ ਕੰਢਾ ਕੇਵਲ 26 ਕਿਲੋਮੀਟਰ ਹੈ। ਜੌਰਡਨ ਵਿਚ ਬਾਕੀ ਦੇ ਇਸਲਾਮੀ ਮੁਲਕਾਂ ਤੋਂ ਉਲਟ ਮਰਦ ਅਤੇ ਇਸਤਰੀਆਂ ਲਈ ਤਾਲੀਮ ਦੀਆਂ ਸੁਵਿਧਾਵਾਂ ਇਕੋ ਜਿਹੀਆਂ ਹਨ। ਅਪਰਾਧ ਬਹੁਤ ਘੱਟ ਹੁੰਦੇ ਹਨ ਅਤੇ ਦੇਸ ਦੇ ਅੱਸੀ ਫ਼ੀਸਦੀ ਲੋਕ ਲਿਖਣਾ ਪੜ੍ਹਨਾ ਜਾਣਦੇ ਹਨ। ਜੌਰਡਨ ਵਿਚ 17 ਲੱਖ ਫ਼ਲਸਤੀਨੀ ਲੋਕ ਰਹਿੰਦੇ ਹਨ। ਜੌਰਡਨ ਲਈ ਰਿਫ਼ਿਊਜ਼ੀਆਂ ਦੀ ਸਮੱਸਿਆ ਹਮੇਸ਼ਾ ਹੀ ਸਿਰਦਰਦੀ ਦਾ ਕਾਰਨ ਬਣੀ ਰਹੀ ਹੈ। ਫ਼ਲਸਤੀਨੀ ਲੋਕਾਂ ਨੂੰ ਇਸ ਗੱਲ ਦੀ ਚਿੜ੍ਹ ਸੀ ਕਿ ਜੌਰਡਨ ਵੈਸਟ ਬੈਂਕ ਦਾ ਏਰੀਆ ਕਿਉਂ ਸਾਂਭੀ ਬੈਠਾ ਹੈ? ਪਰ 1967 ਦੀ ਲੜਾਈ ਵਿਚ ਇਹ ਹਿੱਸਾ ਇਜ਼ਰਾਈਲ ਨੇ ਆਪਣੇ ਕਬਜ਼ੇ ਹੇਠ ਲੈ ਲਿਆ ਜਿਸ ਨੂੰ ਛੁਡਾਉਣ ਲਈ ਕਿੰਗ ਹੁਸੈਨ ਨੇ ਬੜਾ ਜ਼ੋਰ ਲਾਇਆ। ਫਿਰ ਜਦੋਂ ਇਜ਼ਰਾਈਲ ਨੇ ਯਾਸਾਰ ਆਰਾਫਾਤ ਨਾਲ ਸਮਝੌਤਾ ਕੀਤਾ ਤਾਂ ਕਿੰਗ ਹੁਸੈਨ ਨੇ ਵੈਸਟ ਬੈਂਕ ਦੇ ਹਿੱਸੇ ਦਾ ਕਲੇਮ ਛੱਡ ਦਿਤਾ ਤੇ ਇਸ ਨੂੰ ਪੈਲਸਟਾਈਨ ਦੀ ਸਟੇਟ ਦਾ ਹਿੱਸਾ ਘੋਸ਼ਤ ਕਰ ਦਿੱਤਾ। ਬੱਸ ਉਦੋਂ ਤੋਂ ਹੀ ਫ਼ਲਸਤੀਨੀ ਲੋਕ ਕਿੰਗ ਹੁਸੈਨ ਦੀ ਸਰਾਹਨਾ ਕਰਨ ਲੱਗ ਪਏ ਹਨ। ਕਿੰਗ ਹੁਸੈਨ ਨੇ ਵੈਸਟ ਬੈਂਕ ਉਤੇ 1988 ਤੋਂ ਹੀ ਸਮਝੌਤੇ ਹੀ ਰੁਚੀ ਅਖਤਿਆਰ ਕੀਤੀ ਹੋਈ

ਸੀ। ਜਦੋਂ 1991 ਵਿਚ ਗਲਫ ਦੀ ਲੜਾਈ ਲੱਗੀ ਸੀ ਤਾਂ ਕਿੰਗ ਹੁਸੈਨ ਨੇ ਸਾਦਾਮ ਹੁਸੈਨ ਦੀ ਹਿਮਾਇਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਦੋਂ ਤੋਂ ਹੀ ਕਈਆਂ ਗਲਫ ਸਟੇਟਾਂ ਨੇ ਅਤੇ ਅਮਰੀਕਾ ਨੇ ਜੌਰਡਨ ਨੂੰ ਆਰਥਕ ਸਹਾਇਤਾ ਦੇਣੀ ਬੰਦ ਕਰ ਦਿਤੀ ਸੀ, ਜਿਸ ਦੇ ਸਿੱਟੇ ਵਜੋਂ ਜੌਰਡਨ ਦੀ ਆਰਥਿਕਤਾ ਨੂੰ ਚੋਖਾ ਧੱਕਾ ਲੱਗਾ ਸੀ। ਅਖੀਰ ਨੂੰ ਕਿੰਗ ਹੁਸੈਨ ਨੇ ਈਨ ਮਨ ਲਈ ਸੀ ਤੇ ਈਰਾਕ ਦੀ ਭਿਆਲੀ ਛੱਡ ਦਿਤੀ ਸੀ। ਸੋ ਅਮਰੀਕਾ ਨੇ ਹੁਣ ਫੇਰ ਈਹਨੂੰ ਆਰਥਕ ਸਹਾਇਤਾ ਦੇਣੀ ਸ਼ੁਰ ਕਰ ਦਿਤੀ ਹੈ। ਅਮਰੀਕਾ ਅਤੇ ਬਰਿਟਨ ਇਜ਼ਰਾਈਲ ਦੇ ਤਕੜੇ ਭਿਆਲ ਹਨ। ਬਰਿਟਨ ਤਾਂ ਉਨ੍ਹਾਂ ਦੇਸਾਂ ਚੋਂ ਹੈ ਜਿਸ ਨੇ 1948 ਵਿਚ ਇਜ਼ਰਾਈਲ ਦੀ ਸਟੇਟ ਕਾਇਮ ਕੀਤੀ ਸੀ। ਮਿਡਲ ਈਸਟ ਵਿਚ ਤੇਲ ਦੇ ਭੰਡਾਰਾਂ ਨੂੰ ਹਥਿਆਉਣ ਲਈ ਇਹ ਜ਼ਰੂਰੀ ਸੀ ਕਿ ਉਥੇ ਅਜਿਹੀ ਸਟੇਟ ਕਾਇਮ ਕੀਤੀ ਜਾਂਦੀ ਜਿਸ ਰਾਹੀਂ ਮਿਡਲ ਈਸਟ ਉਤੇ ਅਮਰੀਕਾ ਅਤੇ ਬਰਿਟਨ ਦਾ ਦਾਬਾ ਬਣਿਆ ਰਹਿੰਦਾ। ਉਂਝ ਵੀ ਅਮਰੀਕਾ ਦੀ ਅਮੀਰ ਯਹੂਦੀ ਲੌਬੀ ਚਾਹੁੰਦੀ ਸੀ ਕਿ ਇਜ਼ਰਾਈਲ ਦੀ ਸਟੇਟ ਦੀ ਕਾਇਮੀ ਵਿਚ ਅਮਰੀਕਨ ਸਰਕਾਰ ਤਕੜਾ ਰੋਲ ਅਦਾਅ ਕਰਦੀ ਤਾਂ ਜੁ ਯਹੂਦੀਆਂ ਦਾ ਵੀ ਕੋਈ ਘਰ ਹੁੰਦਾ। ਈਸਾਈਆਂ ਅਤੇ ਮੁਸਲਮਾਨਾਂ ਲਈ ਜੇਰੇਸਲਾਮ ਇਕ ਮੁਕੱਦਸ ਸ਼ਹਿਰ ਹੈ।ਅੈਪਰ ਯਹੂਦੀ ਲੋਕ ਜੇਰੇਸਲਾਮ ਉਤੇ ਵਧੇਰੇ ਦਾਅਵਾ ਕਰਦੇ ਹਨ। ਉਂਝ ਵੀ ਦੂਜੀ ਵੱਡੀ ਜੰਗ ਤੋਂ ਬਾਅਦ ਪੱਛਮੀ ਦੇਸ ਚਾਹੁੰਦੇ ਸਨ ਕਿ ਹਿਟਲਰ ਦੇ ਕਹਿਰ ਤੋਂ ਬਚਕੇ ਆਏ ਯਹੂਦੀਆਂ ਲਈ ਕੋਈ ਨਾ ਕੋਈ ਘਰ ਜ਼ਰੂਰ ਹੋਣਾ ਚਾਹੀਦਾ ਹੈ। ਜਦੋਂ ਬਰਿਟਨ ਨੇ ਪੈਲਸਟਾਈਨ ਦੇ ਇਲਾਕੇ ਵਿਚ ਇਜ਼ਰਾਈਲ ਸਟੇਟ ਦੀ ਹਮੀ ਭਰੀ ਤਾਂ ਯਹੂਦੀਆਂ ਨੂੰ ਇਉਂ ਲੱਗਾ ਜਿਵੇਂ ਜੀਸਜ਼ ਕਰਾਈਸਟ ਦੇ ਜਨਮ ਤੋਂ ਤਕਰੀਬਨ ਦੋ ਹਜ਼ਾਰ ਸਾਲ ਬਾਅਦ ਉਨ੍ਹਾਂ ਨੂੰ ਆਪਣਾ ਦੇਸ ਪ੍ਰਾਪਤ ਹੋ ਗਿਆ ਹੋਵੇ। ਲੇਕਿਨ ਇਜ਼ਰਾਈਲ ਦੀ ਕਾਇਮੀ ਨੇ ਫਲਸਤੀਨੀ ਲੋਕਾਂ ਨੂੰ ਬੇਘਰੇ ਕਰ ਦਿਤਾ। ਮਿਡਲ ਈਸਟ ਦੇ ਦੇਸਾਂ ਵਿਚ ਬੇਚੈਨੀ ਫ਼ੈਲਾ ਦਿੱਤੀ। ਇਹ ਵਾਰ ਵਾਰ ਯਹੂਦੀਆਂ ਨੂੰ ਭਜਾਉਣ ਦੀ ਕੋਸ਼ਸ਼ ਕਰਦੇ ਰਹੇ ਪਰ ਇਜ਼ਰਾਈਲੀਆਂ ਦਾ ਹਿਮਾਇਤੀ ਅਮਰੀਕਾ ਨੇ ਉਨ੍ਹਾਂ ਦੀ ਕੋਈ ਪੇਸ਼ ਨਾ ਜਾਣ ਦਿੱਤੀ।

ਇਜ਼ਰਾਈਲ ਦੀ ਕਾਇਮੀ ਨੇ ਜੌਰਡਨ ਦੀ ਸਟੇਟ ਲਈ ਵਧੇਰੇ ਖਤਰਾ ਪੈਦਾ ਕਰ ਦਿੱਤਾ ਕਿਉਂਕਿ ਇਹ ਦੇਸ ਜਿਹੜਾ ਪਹਿਲਾਂ ਟਰਾਂਸ ਜੌਰਡਨ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਫ਼ਲਸਤੀਨੀ ਰਿਫਿਊਜ਼ੀਆ ਨਾਲ ਭਰ ਗਿਆ। ਗਰਮ ਖ਼ੂਨ ਤੇ ਖਾੜਕੂ ਫ਼ਲਸਤੀਨੀ ਆਪਣੇ ਅੱਡੇ ਵੀ ਜੌਰਡਨ ਵਿਚ ਹੀ ਬਣਾਉਂਦੇ ਸਨ ਜਿਸ ਕਰਕੇ ਇਜ਼ਰਾਈਲੀ ਲੜਾਕੇ ਪਲੇਨ ਬੰਬਾਰੀ ਵੀ ਜੌਰਡਨ ਉਤੇ ਹੀ ਕਰਦੇ ਸਨ। ਕਿੰਗ ਹੁਸੈਨ ਦੀ ਸਟੇਟਸਮੈਨਸ਼ਿਪ ਇਸ ਗੱਲ ਵਿਚ ਸੀ ਕਿ ਉਸ ਨੇ ਹਰ ਸਥਿਤੀ ਨੂੰ ਬੜੀ ਚੁਸਤੀ ਨਾਲ ਹਥਿਆਇਆ ਸੀ। ਇਹੋ ਕਾਰਨ ਹੈ ਕਿ ਉਸ ਦੀ ਫਿਊਨਰਲ ਉਤੇ ਦੁਨੀਆਂ ਦੇ ਅਨੇਕਾਂ ਵੱਡੇ ਵੱਡੇ ਸਟੇਟਮੈਨ ਹਾਜ਼ਰ ਹੋਏ। ਰਾਸ਼ਟਰਪਤੀ ਬਿੱਲ ਕਲਿੰਟਨ ਨਾਲ ਸਾਬਕਾ ਅਮਰੀਕਨ ਰਾਸ਼ਟਰਪਤੀ ਜੌਰਜ ਬੁਸ਼, ਜੈਗਲਡ ਫੋਰਡ ਅਤੇ ਜਿੰਮੀ ਕਾਰਟਰ ਵੀ ਗਏ। ਬਰਿਟਨ ਤੋਂ ਪਰਿੰਸ ਚਾਰਲਸ, ਟੋਨੀ ਬਲੇਅਰ, ਵਿਲੀਅਮ ਹੇਗ ਅਤੇ ਪੈਡੀ ਐਸ਼ ਡਾਊਨ ਆਏ। ਸੀਰੀਆ ਤੋਂ ਪ੍ਰਧਾਨ ਆਸਾਦ, ਰੂਸ ਤੋਂ ਬੋਰਿਸ ਯੈਲਤਸਿਨ, ਇਜ਼ਰਾਈਲ ਤੋਂ ਪ੍ਰਧਾਨ ਵਾਈਜ਼ਮੈਨ ਅਤੇ ਪ੍ਰਾਈਮ ਮਨਿਸਟਰ ਨੇਤਨਯਾਹੂ ਆਏ। ਇਹ ਪੁਲੀਟੀਕਲ ਹੁੰਗਾਰਾ ਸੀ। ਪਰੈਜ਼ੀਡੈਂਟ ਕਲਿੰਟਨ ਨੇ ਜੌਰਡਨ ਦੇ ਨਵੇਂ ਕਿੰਗ ਅਬਦੁੱਲਾ ਨਾਲ ਗੱਲਬਾਤ ਕਰਕੇ ਭਰੋਸਾ

ਦੁਆਇਆ ਕਿ ਅਮਰੀਕਨ ਸਰਕਾਰ ਉਸ ਦੀ ਪੂਰੀ ਪੂਰੀ ਇਮਦਾਦ ਕਰੇਗਾ। ਇਸ ਦਾ ਸਿਆਸੀ ਕਾਰਨ ਇਹ ਹੈ ਕਿ ਈਰਾਕ ਨਾਲ ਦੁਸ਼ਮਣੀਆਂ ਕੱਢਣ ਲਈ ਤੇ ਮਿਡਲ ਈਸਟ ਦੇ ਤੇਲ ਉਤੇ ਕਬਜ਼ੇ ਦੀ ਭਾਵਨਾ ਕਾਇਮ ਰੱਖਣ ਲਈ ਜੌਰਡਨ ਵਰਗੇ ਪਰੋ-ਵੈਸਟਰਨ ਮੁਲਕ ਦੀ ਦੋਸਤੀ ਜ਼ਰੂਰੀ ਸੀ। ਇਹ ਗੱਲ ਵੀ ਭੁੱਲਣੀ ਨਹੀਂ ਚਾਹੀਦੀ ਕਿ ਵਰਤਮਾਨ ਕਿੰਗ ਅਬਦੁੱਲਾ ਦੀ ਮਾਂ ਬਰਿਟਿਸ਼ ਸੀ ਤੇ ਕਿੰਗ ਹੁਸੈਨ ਦੀ ਚੌਥੀ ਪਤਨੀ ਕੂਈਨ ਨੂਰ ਅਮਰੀਕਨ ਪਿਛੋਕੜ ਦੀ ਹੈ। ਇਜ਼ਰਾਈਲ ਤੇ ਜੌਰਡਨ ਪੱਛਮ ਦੇ ਤਕੜੇ ਭਿਆਲ ਹਨ। ਇਜ਼ਰਾਈਲ ਵਾਰੇ ਤਾਂ ਕੋਈ ਸ਼ੱਕ ਨਹੀਂ ਹੈ ਪਰ ਜੌਰਡਨ ਦੀ ਆਪਣੀ ਜ਼ਰੂਰਤ ਹੀ ਈਹਨੂੰ ਅਮਰੀਕਾ ਤੇ ਬਰਿਟਨ ਦੀ ਬੁੱਕਲ ਵਿਚ ਸੁੱਟ ਦੇਵੇਗੀ।

ਕਿੰਗ ਹੁਸੈਨ 1952 ਵਿਚ ਜੌਰਡਨ ਦੇ ਤਖਤ ਉਤੇ ਬੈਠਾ ਸੀ। ਉਸ ਵੇਲੇ ਉਸ ਦੀ ਉਮਰ ਕੇਵਲ ਸਤਾਰਾਂ ਵਰ੍ਹਿਆਂ ਦੀ ਸੀ। ਉਸ ਦਾ ਬਾਦਸ਼ਾਹ ਬਣਨਾ ਵੀ ਦੀ ਕਿਸਮਤ ਦਾ ਹੀ ਖੇਲ੍ਹ ਸੀ। ਉਸ ਦਾ ਬਾਬਾ ਕਿੰਗ ਅਬਦੁੱਲਾ ਇਕ ਮਸਜਦ ਦੇ ਸਾਹਮਣੇ ਉਦੋਂ ਕਤਲ ਕਰ ਦਿੱਤਾ ਗਿਆ ਸੀ ਜਦੋਂ ਉਹ ਉਸ ਮਜਸਦ ਵਿਚ ਨਮਾਜ਼ ਪੜ੍ਹਨ ਜਾ ਰਿਹਾ ਸੀ। ਇਕ ਗੋਲੀ ਉਹਦੀ ਛਾਤੀ ਉਤੇ ਲੱਗੇ ਤੇ ਉਹ ਜ਼ਮੀਨ ਉਤੇ ਡਿਗ ਪਿਆ ਸੀ। ਸਹਿਜ਼ਾਦਾ ਹੁਸੈਨ ਕਿੰਗ ਅਬਦੱਲਾ ਦਾ ਲਾਡਲਾ ਪੋਤਾ ਸੀ। ਬਾਬੇ ਨੂੰ ਇਹ ਪੋਤਾ ਇਸ ਲਈ ਵੀ ਪਸੰਦ ਸੀ ਕਿ ਹੁਸੈਨ ਦਾ ਬਾਪ ਕਰਾਊਨ ਪਰਿੰਸ ਤਲਾਲ ਮਾਨਸਕ ਤੌਰ 'ਤੇ ਕਮਜ਼ੋਰ ਜਿਹਾ ਆਦਮੀ ਸੀ। ਪਰ ਜਦੋਂ ਅਬਦੁੱਲਾ ਕਤਲ ਹੋ ਗਿਆ ਤਾਂ ਜੌਰਡਨ ਦਾ ਬਾਦਸਾਹ ਪਰਿੰਸ ਤਲਾਲ ਨੂੰ ਹੀ ਬਨਾਉਣਾ ਪਿਆ। ਉਨ੍ਹੀਂ ਦਿਨੀਂ ਪਰਿੰਸ ਹੁਸੈਨ ਇੰਗਲੈਂਡ ਵਿੱਚ ਪੜ੍ਹਦਾ ਸੀ। ਮੁਹੰਮਦ ਤਲਾਲ ਦੀ ਇਕ ਵਰ੍ਹਾ ਲੰਮੀ ਬਾਦਸ਼ਾਹਤ ਦੌਰਾਨ ਜੌਰਡਨ ਦੀ ਇਕੋਨੋਮੀ ਡਿਗ ਪਈ ਤੇ ਇਸ ਨੂੰ ਡਰ ਪੈਦਾ ਹੋ ਗਿਆ ਕਿ ਹੌਲੀ ਹੌਲੀ ਈਹਨੂੰ ਇਜ਼ਰਾਈਲ ਹੀ ਸਾਂਭ ਲਵੇਗਾ ਜਾਂ ਹੋ ਸਕਦੈ ਇਹ ਫ਼ਲਸਤੀਨੀ ਰਿਫਿਊਜੀਆਂ ਦਾ ਹੀ ਦੇਸ ਬਣ ਜਾਵੇ। ਛੇਕੜ ਨੂੰ ਜੌਰਡਨ ਦੀ ਪਾਰਲੀਮੈਂਟ ਨੇ ਕਿੰਗ ਹੁਸੈਨ ਨੂੰ ਅਰਜ਼ ਕੀਤੀ ਕਿ ਉਹ ਰਾਜ ਗੱਦੀ ਪਰਿੰਸ ਹੁਸੈਨ ਨੂੰ ਦੇ ਦੇਣ। ਡਾਕਟਰਾਂ ਅਤੇ ਸਲਾਹਕਾਰਾਂ ਦੀ ਹਿਦਾਇਤ ਉਤੇ ਉਹਨੂੰ ਇੰਝ ਹੀ ਕਰਨਾ ਪਿਆ। ਹੋਣਹਾਰ ਹੁਸੈਨ ਨੇ ਬਾਦਸ਼ਾਹ ਬਣਨ ਉਪਰੰਤ ਵੀ ਆਪਣੀ ਪੜ੍ਹਾਈ ਅਤੇ ਮਿਲਟਰੀ ਟਰੇਨਿੰਗ ਜਾਰੀ ਰੱਖੀ। ਉਹ ਤਕੜਾ ਫ਼ੌਜੀ ਸੀ। ਉਹ ਵਧੀਆ ਪਾਇਲਟ ਸੀ। ਹੁਸ਼ਿਆਰ ਤੇ ਚੁਸਤ ਮਨੁੱਖ ਸੀ। ਉਹ ਸੋਹਣੀਆਂ ਤੀਵੀਆਂ ਦਾ ਵੀ ਸ਼ੌਕੀਨ ਸੀ। ਉਸ ਨੇ ਸਭ ਤੋਂ ਪਹਿਲਾਂ ਅਠਾਰਾਂ ਸਾਲਾਂ ਦੀ ਉਮਰ ਵਿਚ ਆਪਣੇ ਮਾਮੇ ਦੀ ਧੀ ਪਰਿੰਸੈਸ ਟੀਨਾ ਨਾਲ ਵਿਆਹ ਕਰਵਾਇਆ ਪਰ ਕੁਝ ਵਰ੍ਹਿਆਂ ਮਗਰੋਂ ਉਹਦੀ ਅੱਖ ਟੋਨੀ ਗਾਰਡੀਨਰ ਨਾਂ ਦੀ ਇਕ ਅੰਗਰੇਜ਼ ਕੁੜੀ ਉਤੇ ਟਿਕ ਗਈ। ਉਸਨੇ ਟੀਨਾ ਨੂੰ ਤਲਾਕ ਦੇ ਦਿਤਾ ਤੇ ਟੋਨੀ ਗਾਰਡੀਨਰ ਨਾਲ ਵਿਆਹ ਕਰਾ ਲਿਆ। ਇਹ ਔਰਤ ਇਸਲਾਮ ਧਾਰਨ ਕਰਕੇ ਪਰਿੰਸੈਸ ਮੁੰਨਾ ਬਣ ਗਈ। ਨਵਾਂ ਕਿੰਗ ਅਬਦੁੱਲਾ ਈਹਦਾ ਹੀ ਪੁੱਤਰ ਹੈ ਭਾਵੇਂ ਕਿ ਕਿੰਗ ਹੁਸੈਨ ਨੇ ਪਰਿੰਸੈਸ ਮੁੰਨਾ ਨੂੰ 1971 ਵਿਚ ਤਲਾਕ ਦੇਕੇ ਇਕ ਫ਼ਲਸਤੀਨੀ ਮੁਟਿਆਰ ਏਲੀਆ ਨਾਲ ਵਿਆਹ ਕਰਾ ਲਿਆ ਸੀ। ਪਰ 1977 ਵਿਚ ਦੋ ਬੱਚਿਆਂ ਦੀ ਮਾਂ ਬਣਨ ਉਪਰੰਤ ਕੁਈਨ ਏਲੀਆ ਇਕ ਹੈਲੀਕੌਪਟਰ ਕਰੈਸ਼ ਵਿਚ ਮਾਰੀ ਗਈ। ਕਿੰਗ ਹੁਸੈਨ ਦੀ ਅੰਤਮ ਸ਼ਾਦੀ 1979 ਵਿਚ ਇਕ ਲੇਬਨੀਜ਼-ਅਮੈਕਿਰਨ ਬਿਊਟੀ ਲੀਸਾ ਹਾਲਾਬੀ ਨਾਲ ਹੋਈ। ਇਸ ਨੂੰ ਅਜਕਲ ਕੁਈਨ ਨੂਰ

ਆਖਿਆ ਜਾਂਦਾ ਹੈ। ਕੁੱਲ ਮਿਲਾ ਕੇ ਕਿੰਗ ਹੁਸੈਨ ਦੇ 10 ਬੱਚੇ ਹਨ। ਉਸਨੇ ਆਪਣੇ ਭਰਾ ਪਰਿੰਸ ਹਸਨ ਨੂੰ 33 ਵਰ੍ਹੇ ਕਰਾਊਨ ਪਰਿੰਸ ਬਣਾਈ ਰੱਖਿਆ ਪਰ ਮਰਨ ਤੋਂ ਇਕ ਮਹੀਨਾ ਪਹਿਲਾਂ ਉਸਨੇ ਅਮਰੀਕਾ ਤੋਂ ਕੈਂਸਰ ਦਾ ਇਲਾਜ ਕਰਾਉਣ ਉਪਰੰਤ ਪਰਿੰਸ ਹਸਨ ਦੀ ਥਾਂ ਪਰਿੰਸੈਸ ਮੁੰਨਾ ਦੇ ਵੱਡੇ ਪੁੱਤਰ ਪਰਿੰਸ ਅਬਦੁੱਲਾ ਨੂੰ ਕਰਾਊਨ ਪਰਿੰਸ ਬਣਾ ਦਿਤਾ। ਉਹੋ ਹੀ ਹੁਣ ਜੌਰਡਨ ਦਾ ਨਵਾਂ ਬਾਦਸ਼ਾਹ ਹੈ।

ਜੌਰਡਨ ਦੀ ਬਾਦਸ਼ਾਹਤ 1916 ਤੋਂ ਸ਼ੁਰੂ ਹੁੰਦੀ ਹੈ। ਉਦੋਂ ਲੌਰੈਂਸ ਔਫ ਅਰੇਬੀਆ ਨੇ ਤੁਰਕੀ ਨਾਲ ਲੜਾਈ ਲੜੀ ਸੀ ਤਾਂ ਬਦਾਯੂਨੀ ਊਠ-ਯੂਨਿਟ ਦਾ ਕਮਾਂਡਰ ਕਿੰਗ ਹੁਸੈਨ ਦਾ ਪੜਦਾਦਾ ਮੱਕੇ ਦਾ ਸ਼ਰੀਫ ਹੁਸੈਨ ਸੀ। ਇਹ ਬੰਦਾ ਹੈਸ਼ਮਤ ਪਰਵਾਰ ਦਾ ਹੈੱਡ ਸੀ। ਇਹ ਪਰਵਾਰ ਹਜ਼ਰਤ ਮੁਹੰਮਦ ਰਸੂਲੇ ਕਰੀਮ ਦੀ ਕੁੱਲ ਵਿਚੋਂ ਹੈ। ਕਿੰਗ ਹੁਸੈਨ ਬਤਾਲਵੀਂ ਪੀੜ੍ਹੀ ਵਿਚ ਆਉਂਦਾ ਸੀ। ਵਰਤਮਾਨ (ਅਬਦੁੱਲਾ) ਤਰਤਾਲੀਵੀਂ ਪੀੜ੍ਹੀ ਦਾ ਹੈ। ਖ਼ੈਰ ਸ਼ਰੀਫ ਹੁਸੈਨ ਤੋਂ ਬਾਅਦ ਉਹਦੇ ਪੁੱਤਰ ਅਬਦੁੱਲਾ (ਜਿਹੜਾ ਆਪਣੇ ਆਪ ਨੂੰ ਅਮੀਰ ਕਹਾਉਂਦਾ ਸੀ) ਨੇ ਅੰਗੇਰਜ਼ਾਂ ਦੀ ਵਫਦਾਰੀ ਜਾਰੀ ਰੱਖੀ। ਪਰ ਉਹ ਖ਼ੁਦ ਈਰਾਕ ਦੀ ਰਾਜਧਾਨੀ ਡੈਮਸਕਸ ਉਤੇ ਕਬਜ਼ਾ ਕਰਨਾ ਚਾਹੁੰਦਾ ਸੀ ਪਰ ਈਰਾਕ ਉਤੇ ਅੰਗਰੇਜ਼ਾਂ ਦੀ ਅੱਖ ਸੀ। ਜਦੋਂ ਅਬਦੁੱਲਾ ਨੇ 1921 ਵਿਚ ਈਰਾਕ ਉਤੇ ਫੌਜਾਂ ਚਾਹੜੀਆਂ ਤਾਂ ਰਾਹ ਵਿਚ ਅੱਮਾਨ ਵਿਖੇ ਅੰਗਰੇਜ਼ਾਂ ਨੇ ਪੰਜ ਹਜ਼ਾਰ ਪੌਂਡਾਂ ਦਾ ਸਾਲਾਨਾ ਅਲਾਊਂਸ ਦੀ ਪੇਸ਼ਕਸ਼ ਕਰਕੇ ਉਹਨੂੰ ਅੱਮਾਨ ਤੇ ਇਸ ਦੇ ਆਲੇ ਦੁਆਲੇ ਦਾ ਇਲਾਕਾ ਸੌਂਪ ਦਿੱਤਾ ਤੇ ਉਸ ਥਾਂ ਨੂੰ ਕਿੰਗਡਮ ਔਫ ਟਰਾਂਸ ਜੌਰਡਨ ਦਾ ਨਾਮ ਦੇ ਦਿਤਾ ।ਅਬਦੁੱਲਾ ਦਾ ਟਾਈਟਲ ਅਮੀਰ ਤੋਂ ਕਿੰਗ ਵਿਚ ਬਦਲ ਦਿਤਾ ਗਿਆ। ਇਸ ਤੋਂ ਥੋੜ੍ਹੀ ਦੇਰ ਬਾਅਦ ਉਹਦਾ ਅਲਾਊਂਸ ਇਕ ਲੱਖ ਪੰਜਾਹ ਹਜ਼ਾਰ ਪੌਂਡ ਤੀਕ ਕਰ ਦਿਤਾ ਗਿਆ। ਜਦੋਂ 1948 ਵਿਚ ਇਜ਼ਰਾਈਲ ਦੀ ਸਟੇਟ ਕਾਇਮ ਕੀਤੀ ਗਈ ਤਾਂ ਅੰਗਰੇਜ਼ਾਂ ਨੇ ਟਰਾਂਸ ਜੌਰਡਨ ਦਾ ਨਾਮ ਬਦਲ ਕੇ ਸਿਰਫ ਜੌਰਡਨ ਹੀ ਰਹਿਣ ਦਿਤਾ। ਜਦੋਂ 1952 ਵਿਚ ਹੁਸੈਨ ਜੌਰਡਨ ਦੀ ਗੱਦੀ ਉਤੇ ਬੈਠਾ ਤਾਂ ਅੰਗਰੇਜ਼ਾਂ ਨੇ ਉਹਦੀ ਰੱਖਿਆ ਲਈ ਮਿਲਟਰੀ ਬੇਸ ਜੌਰਡਨ ਵਿਚ ਪੱਕਿਆਂ ਤੌਰ ਤੇ ਕਾਇਮ ਕਰ ਦਿਤੇ ਪਰ ਜਦੋਂ 1967 ਵਿਚ ਇਸ਼ਰਾਈਲ ਤੇ ਅਰਬੀ ਦੇਸਾਂ ਦੀ ਛੇ ਦਿਨਾਂ ਲੜਾਈ ਲੱਗੀ ਤਾਂ ਅੰਗਰੇਜ਼ਾਂ ਨੇ ਜੌਰਡਨ ਦੀ ਥਾਂ ਇਜ਼ਰਾਈਲ ਦਾ ਸਾਥ ਦੇ ਦਿਤਾ।

ਕਹਿੰਦੇ ਨੇ ਕਿ ਅਗਰ ਤੀਜੀ ਆਲਮੀ ਜੰਗ ਲੱਗੀ ਤਾਂ ਮਿਡਲ ਈਸਟ ਤੋਂ ਹੀ ਸ਼ੁਰੂ ਹੋਣੀ ਹੈ। ਕਿੰਗ ਹੁਸੈਨ ਉਨ੍ਹਾਂ ਲੋਕਾਂ ਚੋਂ ਸੀ ਜਿਹੜਾ ਅਜਿਹੀ ਜੰਗ ਨੂੰ ਹਰ ਹੀਲੇ ਪਰ੍ਹਾਂ ਰੱਖਣ ਦੇ ਯੋਗ ਸੀ। ਆਓ ਆਸ ਕਰੀਏ ਕਿ ਉਹਦਾ ਪੁੱਤਰ ਕਿੰਗ ਅਬਦੁੱਲਾ ਵੀ ਉਸੇ ਦ੍ਰਿੜਤਾ ਦਾ ਮਾਲਕ ਸਾਬਤ ਹੋਵੇਗਾ। ਆਮੀਨ!

(2001)

# ਈਰਾਨ

1979 ਈਰਾਨ ਦੇ ਇਤਿਹਾਸ ਵਿਚ ਅਜਿਹਾ ਸਾਲ ਸੀ ਜਦੋਂ ਇਸ ਦੇ ਲੋਕਾਂ ਦੀ ਕਿਸਮਤ ਬਿਲਕੁਲ ਹੀ ਉਲਟ ਧਿਰ ਵਿਚ ਜਾ ਖੜੋਈ ਸੀ। ਇਸ ਵਰ੍ਹੇ 'ਚ ਈਰਾਨ ਦੇ ਸ਼ਾਹ ਦਾ ਤਖਤਾ ਪੈਰਿਸ ਵਿਚ ਜਲਾਵਤਨ ਹੋਏ ਇਕ ਮੁੱਲਾਂ ਆਇਤੁੱਲਾ ਖ਼ੁਮੈਨੀ ਨੇ ਉਲਟਾਅ ਦਿੱਤਾ ਸੀ। ਜਿੱਥੇ ਸ਼ਾਹ ਆਫ ਈਰਾਨ ਨੇ ਈਰਾਨ ਨੂੰ ਨਵੀਆਂ ਪੱਛਮੀ ਬੁਲੰਦੀਆਂ ਉੱਤੇ ਪਹੁੰਚਾ ਦਿੱਤਾ ਸੀ ਉਥੇ ਆਇਤੁੱਲਾ ਖ਼ੁਮੈਨੀ ਨੇ ਇਸ ਦੇਸ ਨੂੰ ਚੌਦਾਂ ਸੌ ਸਾਲ ਪਿੱਛੇ ਲਿਜਾਣ ਦੀ ਕੋਸ਼ਿਸ਼ ਕੀਤੀ ਸੀ। ਆਇਤੁੱਲਾ ਖ਼ੁਮੈਨੀ ਅਤੇ ਉਨ੍ਹਾਂ ਦੇ ਸਾਥੀ ਮੁਲਾਣਿਆਂ ਨੇ ਮੂਲਵਾਦ ਉੱਤੇ ਕਰੜਾਈ ਨਾਲ ਪਹਿਰਾ ਦਿੱਤਾ ਸੀ। ਉਨ੍ਹਾਂ ਨੇ ਈਰਾਨ ਨੂੰ ਬਾਕੀ ਦੁਨੀਆਂ ਨਾਲੋਂ ਤੋੜ ਲਿਆ ਸੀ ਪਰ ਹੌਲੀ ਹੌਲੀ ਕੁਝ ਅਜਿਹੇ ਲੋਕ ਅੱਗੇ ਆਉਣ ਲੱਗੇ ਜਿਨ੍ਹਾਂ ਨੇ ਮਹਿਸੂਸ ਕੀਤਾ ਕਿ ਅੱਜ ਦੇ ਯੁੱਗ ਵਿਚ ਕੱਲੇ ਕਾਰੇ ਰਹਿ ਕੇ ਗੁਜ਼ਾਰਾ ਨਹੀਂ ਹੋ ਸਕਦਾ ਤੇ ਆਧੁਨਿਕ ਆਰਥਿਕਤਾ ਮੰਗ ਕਰਦੀ ਹੈ ਕਿ ਇਸ ਦੀ ਪ੍ਰਫੁੱਲਤਾ ਲਈ ਬਾਕੀ ਦੁਨੀਆਂ ਖਾਸ ਕਰਕੇ ਪੱਛਮੀ ਦੁਨੀਆਂ ਨਾਲ ਮਿਲ ਕੇ ਚੱਲਣਾ ਜ਼ਰੂਰੀ ਹੈ। ਪਿਛਲੇ ਅਠਾਰਾਂ ਉੱਨੀ ਵਰ੍ਹਿਆਂ ਤੋਂ ਈਰਾਨ ਵੱਲੋਂ ਸਪੌਂਸਰ ਕੀਤੇ ਹੋਏ ਦਹਿਸ਼ਤਵਾਦ ਨੇ ਚੰਗਾ ਤਕੜਾ ਕਹਿਰ ਮਚਾਇਆ ਹੋਇਆ ਸੀ। ਇਸ ਕਹਿਰ ਨੂੰ ਖਤਮ ਕਰਨ ਲਈ ਈਸਾਈਆਂ ਦੇ ਮਹਾਂ-ਪਾਦਰੀ ਪੋਪ ਨੇ ਸਭ ਤੋਂ ਵੱਧ ਅਰਜੋਈਆਂ ਕੀਤੀਆਂ ਸਨ। ਪੋਪ ਚਾਹੁੰਦੇ ਸਨ ਕਿ ਮੁਸਲਮਾਨ ਲੋਕ ਈਸਾਈਆਂ ਨਾਲ ਅਗਰ ਸਦਭਾਵਨਾ ਨਾਲ ਪੇਸ਼ ਆਉਣ ਤਾਂ ਦੁਨੀਆਂ ਵਿਚੋਂ ਨਫਰਤ ਘਟ ਸਕਦੀ ਹੈ ਅਤੇ ਘੱਟੋ ਘੱਟ ਧਰਮ ਦੀ ਆੜ ਹੇਠ ਲੜਾਈਆਂ ਨਹੀਂ ਹੋਣਗੀਆਂ। ਉਨ੍ਹਾਂ ਦੇ 'ਤੇ ਦੁਨੀਆਂ ਦੇ ਹੋਰ ਅਮਨ ਦੇ ਚਹੇਤਿਆਂ ਨੂੰ ਉਦੋਂ ਬੜੀ ਖੁਸ਼ੀ ਹੋਈ ਜਦੋਂ ਈਰਾਨ ਦੇ ਪ੍ਰਧਾਨ ਮੁਹੰਮਦ ਖੱਤਾਮੀ ਨੇ ਪੋਪ ਦੀ ਵਿਚਾਰਧਾਰਾ ਨੂੰ ਬਦਲਣ ਦੀ ਇੱਛਾ ਪ੍ਰਗਟ ਕੀਤੀ ਅਤੇ ਛੇਕੜ ਨੂੰ ਉਨ੍ਹਾਂ ਨੂੰ ਖ਼ੁਦ ਇਟਲੀ ਜਾ ਕੇ ਮਿਲੇ। ਮੁਹੰਮਦ ਖੱਤਾਮੀ ਈਰਾਨ ਦਾ ਉਹ ਮੁੱਲਾਂ ਹੈ ਜਿਹੜਾ ਆਪਣੇ ਦੇਸ਼ ਨੂੰ ਇਕੱਲਤਾ 'ਚੋਂ ਕੱਢ ਕੇ ਦੁਨੀਆਂ ਦੀ ਸੈਂਟਰ ਸਟੇਜ ਉਤੇ ਲਿਆਉਣਾ ਚਾਹੁੰਦਾ ਹੈ। ਉਨ੍ਹਾਂ ਨੂੰ ਅਹਿਸਾਸ ਹੈ ਕਿ ਈਰਾਨੀ ਲੋਕਾਂ ਨੂੰ ਸੁਤੰਤਰਤਾ ਨਾ ਦੇ ਕੇ ਉਹ ਦੇਸ਼ ਨੂੰ ਅੱਗੇ ਨਹੀਂ ਲਿਜਾ ਸਕਦੇ। ਔਰਤਾਂ ਦੇ ਹੱਕਾਂ ਨੂੰ ਮਾਰ ਕੇ ਉਹ ਅੱਲਾ ਮੀਆਂ ਨੂੰ ਪ੍ਰਸੰਨ ਨਹੀਂ ਕਰ ਸਕਦੇ। ਦੂਸਰੇ ਧਰਮਾਂ ਪ੍ਰਤੀ ਨਫਰਤ ਕਰਨ ਕਾਰਨ ਮੁਸਲਮਾਨਾ ਦਾ ਇਮੇਜ ਚੰਗਾ ਨਹੀਂ ਰਹਿਣ ਲੱਗਾ। ਦੇਸ਼ ਦੇ ਨੌਜਵਾਨਾਂ ਅਤੇ ਮੁਟਿਆਰਾਂ ਦਾ ਭਵਿੱਖ ਇਕ ਸੰਕੁਚਿਤ ਤੇ ਸੀਮਤ ਦਾਇਰੇ ਵਿਚ ਰਹਿ ਕੇ ਰੌਸ਼ਨ ਨਹੀਂ ਕੀਤਾ ਜਾ ਸਕਦਾ। ਮੁਹੰਮਦ ਖੱਤਾਮੀ ਇਸੇ ਕਰਕੇ ਹੀ ਇਸਲਾਮੀ ਦੁਨੀਆਂ ਵਿਚ ਵਿਸ਼ੇਸ਼ਤਾ ਰੱਖਦੇ ਹਨ ਕਿ ਉਹ ਪਚਵੰਜਾ ਦੇਸ਼ਾਂ ਦੇ ਸਮੂਹ ਨਾਲ ਬਣੇ ਹੋਏ ਅਦਾਰੇ ਇਸਲਾਮਿਕ ਕਾਨਫਰੰਸ ਦੇ ਪ੍ਰਧਾਨ ਹਨ। ਇਸੇ ਲਈ ਜਦੋਂ ਉਹ ਆਪਣੇ 12

ਸਿਰਕੱਢ ਮੁਲਾਣਿਆਂ ਅਤੇ ਡਿਪਲੋਮੈਟਾ ਨਾਲ ਵੈਟੀਕਨ ਵਿਖੇ ਪੋਪ ਜੌਨ ਪਾਲ ਨੂੰ ਮਿਲਣ ਗਏ ਤਾਂ ਇਹ ਦਿਨ ਪੱਛਮੀ ਦੇਸ਼ਾਂ ਵੱਲੋਂ ਇਕ ਇਤਿਹਾਸਕ ਦਿਨ ਤਸਲੀਮ ਕੀਤਾ ਗਿਆ। ਕਿਸੇ ਨੇ ਕਦੇ ਸੋਚਿਆ ਨਹੀਂ ਸੀ ਕਿ ਪਚਵੰਜਾ ਇਸਲਾਮਿਕ ਦੇਸ਼ਾਂ ਦੀ ਬਣੀ ਹੋਈ ਸੰਸਥਾ ਦਾ ਕੋਈ ਹੈੱਡ ਕਦੇ ਪੋਪ ਨੂੰ ਮਿਲਣ ਵੀ ਜਾ ਸਕਦਾ ਹੈ। ਫਿਰ ਈਰਾਨ ਦਾ ਕੱਟੜਪੁਣਾ ਤਾਂ ਦੁਨੀਆਂ ਭਰ ਵਿਚ ਮੰਨਿਆ ਹੋਇਆ ਹੈ। ਖ਼ੈਰ ਹੁਣ ਸਾਰੇ ਲੋਕ ਮਹਿਸੂਸ ਕਰਨ ਲੱਗ ਪਏ ਹਨ ਕਿ ਦੁਨੀਆਂ ਉੱਤੇ ਅਮਨ ਦਾ ਨਵਾਂ ਸੂਰਜ ਉਦੈ ਹੋਣ ਵਾਲਾ ਹੈ। ਇਹ ਦੌਰਾ ਇਸ ਕਰਕੇ ਵੀ ਵਿਸ਼ੇਸ਼ਤਾ ਰੱਖਦਾ ਹੈ ਕਿ 1979 ਵਿਚ ਜਦ ਤੋਂ ਸ਼ਾਹ ਔਫ਼ ਈਰਾਨ ਨੂੰ ਗਦੀਓਂ ਲਾਹਿਆ ਗਿਆ ਗਿਆ ਸੀ, ਕੋਈ ਵੀ ਈਰਾਨੀ ਲੀਡਰ ਪੱਛਮ ਦੇ ਕਿਸੇ ਵੀ ਦੌਰੇ ਉੱਤੇ ਨਹੀਂ ਆਇਆ। ਹੁਣ ਮੁਹੰਮਦ ਖੱਤਾਮੀ ਆਪਣੇ ਅਮਲੇ ਫੈਲੇ ਸਮੇਤ ਰੋਮ ਤੋਂ ਬਾਅਦ ਫਰਾਂਸ ਦੀ ਯਾਤਰਾ ਉੱਤੇ ਵੀ ਜਾਣਗੇ। ਮੁਹੰਮਦ ਖੱਤਾਮੀ ਨੇ ਵੈਟੀਕਨ ਵਿਚ ਕਿਹਾ ਕਿ ਦੁਨੀਆਂ ਕੌਮਾਂਤਰੀ ਦਹਿਸ਼ਤਵਾਦ ਤੋਂ ਤੰਗ ਆ ਚੁੱਕੀ ਹੈ ਤੇ ਉਹ ਚਾਹੁੰਦੀ ਹੈ ਕਿ ਸਾਰੇ ਦੇਸ਼ ਆਪਸ ਵਿਚ ਦੋਸਤੀਆਂ ਪਾਉਣ ਤੇ ਇੰਜ ਮਨੁੱਖਤਾ ਦੇ ਭਲੇ ਦੀ ਗੱਲ ਤੋਰਨ। ਇਹ ਸੁਨੇਹਾ ਦਰਅਸਲ ਅਮਰੀਕਾ ਲਈ ਵੀ ਸੀ ਜਿਹੜਾ ਅਜੇ ਤੀਕ ਵੀ ਈਰਾਨ ਦਾ ਇਤਬਾਰ ਨਹੀਂ ਕਰਦਾ ਤੇ ਚਾਹੁੰਦਾ ਹੈ ਕਿ ਇਸ ਨੂੰ ਇਕੱਲੇ ਹੀ ਰਹਿਣ ਦਿੱਤਾ ਜਾਵੇ। ਸਾਡਾ ਖਿਆਲ ਹੈ ਕਿ ਅਮਰੀਕਾ ਨੂੰ ਵੀ ਹੁਣ ਮੁਹੰਮਦ ਖੱਤਾਮੀ ਦੀ ਇਸ ਗੱਲ ਦਾ ਇਤਬਾਰ ਕਰ ਲੈਣਾ ਚਾਹੀਦਾ ਹੈ ਕਿ ਈਰਾਨ ਚਾਹੁੰਦਾ ਹੈ ਕਿ ਉਹ ਦੁਨੀਆਂ ਦੇ ਸਾਰੇ ਦੇਸ਼ਾਂ ਨਾਲ ਦੋਸਤੀਆਂ ਗੰਢਣ ਦਾ ਚਾਹਵਾਨ ਹੈ। ਇਹ ਗੱਲ ਉਨ੍ਹਾਂ ਨੇ ਫਲੋਰੈਂਸ ਵਿਚ ਵੀ ਆਖੀ ਸੀ ਤੇ ਫਿਰ ਰੋਮ ਵਿਚ ਵੀ ਆਖੀ ਸੀ। ਇਥੋਂ ਤੀਕ ਕਿ ਜਦੋਂ ਉਹ ਪੰਝੀਆਂ ਮਿੰਟਾਂ ਲਈ ਪੌਪ ਜੌਨ ਪਾਲ ਨੂੰ ਵੀ ਮਿਲੇ ਤਾਂ ਉਨ੍ਹਾਂ ਨੇ ਵੀ ਸਵੀਕਾਰ ਕੀਤਾ ਕਿ ਦੁਨੀਆਂ ਵਿਚੋਂ ਦਹਿਸ਼ਤਵਾਦ ਖਤਮ ਹੋਣਾ ਜ਼ਰੂਰੀ ਹੈ ਤੇ ਇਸ ਦੀ ਥਾਂ ਉੱਤੇ ਕੌਮਾਂਤਰੀ ਭਰਾਤਰੀਅਤਾ ਹੋਣੀ ਜ਼ਰੂਰੀ ਹੈ। ਪੋਪ ਨੂੰ ਮਿਲਣ ਤੋਂ ਬਾਅਦ ਮੁਹੰਮਦ ਖੱਤਾਮੀ ਵੈਟੀਕਨ ਦੇ ਸੈਕਟਰੀ ਆਫ ਸਟੇਟ ਕਾਰਡੀਨਲ ਐਂਜਲੋ ਸੋਦਾਨੋ ਨੂੰ ਜਦੋਂ ਮਿਲੇ ਸਨ ਤਾਂ ਉਨ੍ਹਾਂ ਨੇ ਇਸ ਗੱਲ ਨੂੰ ਮੰਨਿਆ ਸੀ ਕਿ ਮਾਜ਼ੀ ਵਿਚ ਈਰਾਨ ਵਿਚ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਜ਼ਰੂਰ ਹੋਈਆਂ ਸਨ ਤੇ ਔਰਤਾਂ ਉੱਤੇ ਕੁਝ ਵਧੇਰੇ ਹੀ ਸਖਤੀਆਂ ਤੇ ਪਾਬੰਦੀਆਂ ਤੋਂ ਕੰਮ ਲਿਆ ਗਿਆ ਸੀ। ਲੇਕਿਨ ਆਏ ਮਹਿਮਾਨ ਨੂੰ ਇਟਲੀ ਤੀਕ ਇਕ ਸ਼ਿਕਾਇਤ ਵੀ ਸੀ ਕਿ ਉਨ੍ਹਾਂ ਦੇ ਸ਼ਹਿਰ ਟੂਰਿਨ ਵਿਖੇ ਇਥੋਂ ਦੀ ਯੂਨੀਵਰਸਿਟੀ ਨੇ ਬ੍ਰਿਟਿਸ਼ ਲੇਖਕ ਸਲਮਾਨ ਰਸ਼ਦੀ ਨੂੰ ਸਨਮਾਨਿਤ ਕਿਉਂ ਕੀਤਾ ਸੀ ਤੇ ਉਸ ਨੂੰ ਡਾਕਟਰੇਟ ਦੀ ਡਿਗਰੀ ਕਿਉਂ ਦਿੱਤੀ ਸੀ? ਦੇਵਨੇਤ ਨਾਲ ਜਦੋਂ ਇਹ ਡਿਗਰੀ ਟੂਰਿਨ ਵਿਖੇ ਦਿੱਤੀ ਜਾ ਰਹੀ ਸੀ ਤਾਂ ਉਸ ਵੇਲੇ ਖੱਤਾਮੀ ਤੇ ਉਨ੍ਹਾਂ ਦੇ ਨਾਲ ਦੇ ਬਾਰਾਂ ਮੁਲਾਣਿਆਂ ਦਾ ਪੋਪ ਵੱਲੋਂ ਸੁਆਗਤ ਕੀਤਾ ਜਾ ਰਿਹਾ ਸੀ। ਇਹੋ ਜਿਹੀ ਨਾਜ਼ੁਕ ਗੱਲ ਵੱਲ ਇਟਲੀ ਸਰਕਾਰ ਨੇ ਕਿਉਂ ਧਿਆਨ ਨਹੀਂ ਦਿੱਤਾ? ਸਮਝੌਤੇ ਵਾਸਤੇ ਦੋਪਾਸੀਂ ਇੱਛਾ 'ਤੇ ਸੰਵੇਦਨਸ਼ੀਲਾ ਜ਼ਰੂਰੀ ਹੁੰਦੀ ਹੈ। ਮੁਹੰਮਦ ਖੱਤਾਮੀ ਨੇ ਤਦੇ ਤਾਂ ਕਿਹਾ ਹੈ ਕਿ ਇਸ ਗੱਲ ਦੀ ਸਮਝ ਨਹੀਂ ਆਈ ਕਿ ਜਿਸ ਬੰਦੇ ਨੇ ਦੁਨੀਆਂ ਦੇ ਇਕ ਬਿਲੀਅਨ ਮੁਸਲਮਾਨਾਂ ਦਾ ਦਿਲ ਦੁਖਾਇਆ ਹੋਵੇ, ਉਸ ਨੂੰ ਉਸੇ ਵੇਲੇ ਹੀ ਸਨਮਾਨਿਤ ਕੀਤਾ ਜਾ ਰਿਹਾ ਹੈ ਜਦੋਂ ਅਸੀਂ ਇਟਲੀ ਵਿਚ ਸਾਂ।

ਈਰਾਨ ਦੀਆਂ ਔਰਤਾਂ ਨੂੰ ਪਿਛਲੇ ਵੀਹਾਂ ਸਾਲਾਂ ਤੋਂ ਬੁਰੀ ਤਰ੍ਹਾਂ ਦਬਾਇਆ ਜਾਂਦਾ

ਰਿਹਾ ਹੈ ਪਰ ਮੁਹੰਮਦ ਖੱਤਾਮੀ ਦੇ ਪ੍ਰਧਾਨਗੀ ਪਦ ਸੰਭਾਲਣ ਤੋਂ ਬਾਅਦ ਇਨ੍ਹਾਂ ਔਰਤਾਂ ਨੂੰ ਕੁਝ ਰਾਹਤ ਮਿਲੀ ਹੈ। ਇਸ ਸ਼ੀਆ ਦੇਸ਼ ਵਿਚ ਪਿੱਛੇ ਜਿਹੇ ਲੋਕਲ ਕੌਂਸਲਾਂ ਦੀਆਂ ਚੋਣਾਂ ਹੋਈਆਂ ਸਨ ਜਿਸ ਵਿਚ ਔਰਤਾਂ ਨੂੰ ਹਿੱਸਾ ਲੈਣ ਦੀ ਵੀ ਆਗਿਆ ਸੀ। ਪਾਠਕ ਹੈਰਾਨ ਹੋਣਗੇ ਕਿ ਈਰਾਨ ਦੇ ਵੀਹਾਂ ਸ਼ਹਿਰਾਂ ਵਿਚ ਔਰਤਾਂ ਨੇ ਬਹੁਸੰਮਤੀ ਹਾਸਲ ਕੀਤੀ ਹੈ ਤੇ ਇਨ੍ਹਾਂ 'ਚੋਂ ਚੌਹਾਂ ਵਿਚ ਔਰਤਾਂ ਨੇ ਲੋਕਲ ਕੌਂਸਲਾਂ ਦੀ ਵਾਗਡੋਰ ਸੰਭਾਲ ਲਈ ਹੈ। ਈਰਾਨ ਦੀਆਂ ਔਰਤਾਂ ਨੂੰ ਏਨੀ ਸਖ਼ਤੀ ਨਾਲ ਦਬਾਇਆ ਗਿਆ ਸੀ ਕਿ ਜਿਹੜੀ ਔਰਤ ਰਤਾ ਕੁ ਵੀ ਮੂੰਹ ਨੰਗਾ ਕਰ ਲੈਂਦੀ ਸੀ, ਉਸ ਨੂੰ ਪਬਲਿਕ ਵਿਚ ਕੋੜੇ ਮਾਰੇ ਜਾਂਦੇ ਸਨ। ਮਰਹੂਮ ਆਇਤੁੱਲਾ ਖੁਮੈਨੀ ਇਨ੍ਹਾਂ ਨੂੰ ਸ਼ਾਹ ਦੀਆਂ 'ਪੇਂਟਡ ਡੌਲਜ਼' ਕਿਹਾ ਕਰਦਾ ਸੀ ਤੇ ਅਮਰੀਕਾ ਵੱਲੋਂ ਵਿਗਾੜੀਆਂ ਗਈਆਂ 'ਵਸਤਾਂ' ਕਿਹਾ ਕਰਦਾ ਸੀ।

ਅੱਜ ਕੱਲ੍ਹ ਈਰਾਨੀ ਔਰਤਾਂ ਭਾਵੇਂ ਪਰਦੇ 'ਚ ਹਨ ਪਰ ਉਨ੍ਹਾਂ ਵਿਚ ਸਿਮਟ ਕੇ ਰਹਿਣ ਦੀ ਰੁਚੀ ਨਹੀਂ ਹੈ। 1979 ਤੋਂ ਕਾਫੀ ਬਾਅਦ ਦੇ ਸਮੇਂ ਤੀਕ ਕਿਸੇ ਵੀ ਔਰਤ ਨੂੰ ਕਾਰ ਚਲਾਉਣ ਦੀ ਆਗਿਆ ਨਹੀਂ ਸੀ ਪਰ ਹੌਲੀ ਹੌਲੀ ਉਹ ਇਹ ਕੁਝ ਵੀ ਕਰਨ ਲੱਗ ਪਈਆਂ ਹਨ। ਔਰਤਾਂ ਦੇ ਨੰਗੇ ਮੂੰਹ ਉੱਤੇ ਕੋਈ ਇਤਰਾਜ਼ ਨਹੀਂ ਕਰਦਾ। ਮੁਹੰਮਦ ਖੱਤਾਮੀ ਦੀ ਸਰਕਾਰ ਨੇ ਇਸ ਗੱਲ ਦੀ ਆਗਿਆ ਦੇ ਦਿੱਤੀ ਹੈ ਕਿ ਅਗਰ ਔਰਤ ਆਪਣੇ ਪਤੀ ਤੋਂ ਇਸੇ ਕਰਕੇ ਤੰਗ ਆਈ ਹੋਈ ਹੈ ਕਿ ਉਹ ਉਸ ਨੂੰ ਮਾਰਦਾ ਕੁੱਟਦਾ ਹੈ, ਨਸ਼ਿਆਂ ਦਾ ਸੇਵਨ ਕਰਦਾ ਹੈ ਤੇ ਉਸ ਵਿਚ ਅਪਰਾਧੀ ਰੁਚੀਆਂ ਹਨ ਤਾਂ ਉਹ ਉਸ ਤੋਂ ਤਲਾਕ ਦੀ ਮੰਗ ਕਰਨ ਦੀ ਹੱਕਦਾਰ ਹੈ। ਅੱਜ ਕੱਲ੍ਹ ਈਰਾਨ ਦੀਆਂ ਔਰਤਾਂ ਅਦਾਲਤਾਂ ਵਿਚ ਵਕਾਲਤ ਵੀ ਕਰ ਰਹੀਆਂ ਹਨ। ਪਹਿਲਾਂ ਇਨ੍ਹਾਂ ਨੂੰ ਮਰਦਾਂ ਸਾਹਮਣੇ ਕੇਸ ਦੀ ਡੀਫੈਂਸ ਵਾਸਤੇ ਅਦਾਲਤ ਵਿਚ ਆਉਣ ਦੀ ਇਜਾਜ਼ਤ ਨਹੀਂ ਸੀ। ਖੇਡਾਂ ਵਿਚ ਤੇ ਵਿਦਿਅਕ ਅਦਾਰਿਆਂ ਵਿਚ ਔਰਤਾਂ ਧੜਾਧੜ ਅੱਗੇ ਵਧ ਰਹੀਆਂ ਹਨ।

ਲੇਕਿਨ ਉਪਰ ਦੱਸੇ ਸਭ ਕੁਝ ਦੇ ਬਾਵਜੂਦ ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਕੱਟੜ ਮੁਲਾਣਿਆਂ ਦੀ ਪਕੜ ਅਜੇ ਬਿਲਕੁਲ ਗਈ ਨਹੀਂ। ਇਨ੍ਹਾਂ ਨੇ ਬੜੀ ਫੁਰਤੀ ਨਾਲ ਔਰਤਾਂ ਵਿਚੋਂ ਹੀ ਕਈ ਔਰਤਾਂ ਅੱਗੇ ਕੀਤੀਆਂ ਹੋਈਆਂ ਹਨ ਜਿਹੜੀਆਂ ਔਰਤਾਂ ਦੀ ਆਜ਼ਾਦੀ ਦੇ ਹੱਕ ਵਿਚ ਨਹੀਂ ਹਨ। ਮਿਸਾਲ ਵਜੋਂ ਸ਼ਾਹਲਾ ਹੱਬੀਬੀ ਦੀ ਹੀ ਗੱਲ ਲੈ ਲਓ। ਉਹ ਆਇਅਤੁੱਲਾ ਖੁਮੈਨੀ ਦੀ ਸਰਦਾਰੀ ਵੇਲੇ ਔਰਤਾਂ ਦੇ ਹੱਕਾਂ ਦੀ ਸਰਕਾਰੀ ਸਲਾਹਕਾਰ ਹੋਇਆ ਕਰਦੀ ਸੀ। ਹਬੀਬੀ ਨੇ ਹੁਣੇ ਜਿਹੇ ਆਪਣੇ ਮੈਗਜ਼ੀਨ ਪੁਸ਼ੇਸ਼ ਯਾਨੀ ਕਿ ਪਰਦਾ ਰਾਹੀਂ ਕਿਹਾ ਕਿ ਆਜ਼ਾਦੀ ਬੜੀ ਤਿਲਕਣ ਵਾਲੀ ਚੀਜ਼ ਹੈ। ਇਹ ਤਿਲਕਾ ਕੇ ਔਰਤਾਂ ਨੂੰ ਉਨ੍ਹਾਂ ਨਿਵਾਣਾਂ ਤੀਕ ਲਿਜਾ ਸਕਦੀ ਹੈ ਜਿੱਥੋਂ ਨਿਕਲਣਾ ਵੀ ਸੌਖਾ ਨਹੀਂ ਹੁੰਦਾ। ਔਰਤਾਂ ਵਾਸਤੇ ਅੰਨ੍ਹੀ ਆਜ਼ਾਦੀ ਇਸਲਾਮ ਰਵਾਇਤਾਂ ਦੇ ਵੀ ਉਲਟ ਜਾਂਦੀ ਹੈ। ਲੇਕਿਨ ਸ਼ਾਹਲਾ ਹੱਬੀਬੀ ਨੇ ਵੀ ਇਹ ਗੱਲ ਮੰਨ ਲਈ ਹੈ ਕਿ ਮੁਹੰਮਦ ਖੱਤਾਮੀ ਦੇ ਰਾਜ ਵਿਚ ਔਰਤਾਂ ਨੂੰ ਹੁਣ ਏਨੀ ਆਜ਼ਾਦੀ ਮਿਲ ਚੁੱਕੀ ਹੈ ਕਿ ਹੁਣ ਇਨ੍ਹਾਂ ਨੂੰ ਰੋਕਣਾ ਮੁਸ਼ਕਲ ਹੈ ਪਰ ਅਸੀਂ ਪੁੱਛਦੇ ਹਾਂ ਕਿ ਇਨ੍ਹਾਂ ਨੂੰ ਰੋਕਣ ਦੀ ਲੋੜ ਵੀ ਕੀ ਹੈ? ਰੋਕਿਆ ਉਸ ਨੂੰ ਜਾ ਸਕਦਾ ਹੈ ਜਿਸ ਦੇ ਕਿਰਦਾਰ ਉੱਤੇ ਤੁਹਾਨੂੰ ਇਤਬਾਰ ਨਾ ਹੋਵੇ। ਅਗਰ ਈਰਾਨੀ ਮਰਦ ਦੇ ਕਿਰਦਾਰ ਅਤੇ ਜੀਵਨ-ਜਾਚ ਬਾਰੇ ਇਤਬਾਰ

ਕੀਤਾ ਜਾ ਸਕਦਾ ਹੈ ਤਾਂ ਈਰਾਨੀ ਔਰਤਾਂ ਉਤੇ ਕਿਉਂ ਨਹੀਂ? ਇਕ ਈਰਾਨੀ ਔਰਤ ਨੇ ਠੀਕ ਹੀ ਕਿਹਾ ਹੈ ਕਿ ਈਰਾਨੀ ਔਰਤ ਵਿਚ ਜਦੋਂ ਉਹਦੇ ਆਪਣੇ ਘਰ ਦੇ ਮਰਦ ਵਿਸ਼ਵਾਸ ਕਰਨ ਲੱਗ ਪੈਣਗੇ ਤਾਂ ਬਾਹਰਲੇ ਮਰਦ ਉਸ ਨੂੰ ਕੁਝ ਨਹੀਂ ਆਖ ਸਕਣਗੇ। ਬੁਰਕੇ ਅੰਦਰ ਬੰਦ ਕਰਕੇ ਤੁਸੀਂ ਕਿਸੇ ਦੀ ਰੂਹ ਨੂੰ, ਕਿਸੇ ਦੀ ਸੋਚ ਨੂੰ, ਕਿਸੇ ਦੀ ਚੇਤਨਾ ਨੂੰ ਜੰਦਰੇ ਨਹੀਂ ਮਾਰ ਸਕਦੇ। ਔਰਤਾਂ ਦੀ ਪ੍ਰਗਤੀ ਬਾਝੋਂ ਈਰਾਨ ਕਦਾਚਿਤ ਤਰੱਕੀ ਨਹੀਂ ਕਰ ਸਕਦਾ।

ਈਰਾਨ ਇਕ ਦਾਇਰੇ ਵਿਚੋਂ ਬਾਹਰ ਨਿਕਲ ਆਇਆ ਹੈ। ਇਸ ਦਾ ਸਾਰੀ ਦੁਨੀਆਂ ਨੂੰ ਸੁਆਗਤ ਕਰਨਾ ਚਾਹੀਦਾ ਹੈ। ਈਰਾਨ ਉੱਤੇ ਉਹ ਸੂਰਜ ਉਦੈ ਹੋ ਗਿਆ ਹੈ ਜਿਸ ਦੀ ਧੁੱਪ ਅਤੇ ਰੌਸ਼ਨੀ ਵਿਚ ਆਸਾਂ ਅਤੇ ਉਮੀਦਾਂ ਦੀਆਂ ਉਹ ਕਰੂੰਬਲਾਂ ਫੁੱਟਣਗੀਆਂ ਜਿਨ੍ਹਾਂ ਦੇ ਆਗ੍ਮਨ ਨਾਲ ਇਸ ਦੇ ਬਾਗ ਵਿਚ ਚੰਗੇ ਭਵਿੱਖ ਦੇ ਸ਼ਗੂਫਿਆਂ ਤੋਂ ਬਾਅਦ ਖੁਸ਼ਬੂਦਾਰ ਫੁੱਲ ਖਿੜਨਗੇ।

ਆਓ! ਮੁਹੰਮਦ ਖੱਤਾਮੀ ਦੀ ਗੱਲ ਦਾ ਇਕ ਵੇਰ ਯਕੀਨ ਕਰਕੇ ਦੇਖੀਏ।

(1998)

# ਇੰਡੀਅਨ ਵਿਜ਼ਟਰਜ਼ ਟੂ ਯੂ.ਕੇ.

ਅੱਜਕਲ੍ਹ ਪੰਜਾਬੋਂ ਇਥੇ ਬੜੇ ਲੋਕ ਸੈਰ ਕਰਨ ਆਂਦੇ ਨੇ। ਇਹ ਪੰਜਾਬੀਆਂ ਵਾਸਤੇ ਖੁਸ਼ਹਾਲੀ ਦੀ ਨਿਸ਼ਾਨੀ ਹੈ। ਜਦੋਂ ਏਦਾਂ ਯਾਤਰੀਆਂ ਦਾ ਅਦਾਨ ਪ੍ਰਦਾਨ ਹੁੰਦਾ ਹੈ ਤਾਂ ਇੰਗਲਿਸਤਾਨ ਵਰਗੇ ਖੁਸ਼ਹਾਲ ਅਤੇ ਅਮੀਰ ਦੇਸ ਚੋਂ ਜਾ ਕੇ ਉਹ ਨਵੀਆਂ ਆਸਾਂ, ਸੰਭਾਵਨਾਵਾਂ ਅਤੇ ਉਮੀਦਾਂ ਲੈ ਕੇ ਹੀ ਨਹੀਂ ਜਾਂਦੇ, ਉਹ ਕੁਝ ਸਿੱਖ ਕੇ ਵੀ ਜਾਂਦੇ ਹਨ ਜਿਸ ਨਾਲ ਉਨ੍ਹਾਂ ਦਾ ਅਤੇ ਉਨ੍ਹਾਂ ਦੇ ਆਲੇ-ਦੁਆਲੇ ਤੇ ਸਾਕਾਂ ਸੰਬੰਧੀਆਂ ਤੇ ਦੋਸਤਾਂ ਦੇ ਖਿਆਲਾਂ ਵਿਚ ਵੀ ਫਰਕ ਪੈਂਦਾ ਹੈ। ਭਾਵੇਂ ਕਿ ਇਸ ਵਿਚ ਵੀ ਕੋਈ ਸ਼ੱਕ ਨਹੀਂ ਹੈ ਕਿ ਕੁਝ ਸਿੱਖਣਾ ਵੀ ਤਾਂ ਵਿਜ਼ਿਟ ਕਰਨ ਆਏ ਵਿਅਕਤੀ ਤੀਕ ਹੀ ਮਨੱਅਸਰ ਹੈ। ਕਈ ਲੋਕੀਂ ਹੁੰਦੇ ਨੇ ਜਿਹੜੇ ਕਿਸੇ ਓਪਰੇ ਦੇਸ ਵਿਚ ਜਾ ਕੇ ਸਾਕਾਂ ਸੰਬੰਧੀਆਂ ਤੇ ਦੋਸਤਾਂ ਦੇ ਘਰੀਂ ਪ੍ਰਸ਼ਾਦੀਆਂ ਛਕ ਕੇ ਹੀ ਵਾਪਸ ਪੰਜਾਬ ਪਰਤ ਜਾਂਦੇ ਹਨ। ਲੇਕਿਨ ਕਈ ਲੋਕੀਂ ਇਸ ਦੇਸ ਨੂੰ ਹਰ ਦ੍ਰਿਸ਼ਟੀਕੋਣ ਤੋਂ ਦੇਖਣ ਦੀ ਕੋਸ਼ਿਸ਼ ਕਰਦੇ ਨੇ। ਉਹ ਜਾਨਣਾ ਚਾਹੁੰਦੇ ਨੇ ਕਿ ਉਹ ਕਿਹੜੀ ਗੱਲ ਹੈ ਕਿ ਜਿਹੜੀ ਇਸ ਦੇਸ ਨੂੰ ਦੁਨੀਆਂ ਦੇ ਪਹਿਲੇ ਪੰਜਾਂ ਇੰਡਸਟਰੀਅਲ ਦੇਸਾਂ ਵਿਚ ਲਿਆ ਖਲ੍ਹਿਆਰਦੀ ਹੈ? ਉਹ ਕਿਹੜੀ ਗੱਲ ਹੈ ਜਿਸ ਕਰਕੇ ਇਹ ਛੋਟਾ ਜਿਹਾ ਦੇਸ ਅੱਧੀ ਦੁਨੀਆਂ ਉਤੇ ਰਾਜ ਕਰ ਸਕਿਆ ਹੈ? ਉਹ ਕਿਹੜੀ ਗੱਲ ਹੈ ਜਿਹੜੀ ਇਸ ਦੇਸ ਨੂੰ ਇਕ ਨੇਮ ਅਤੇ ਅਨੁਸ਼ਾਸਨ ਵਿਚ ਟੋਰਦੀ ਹੈ? ਇਥੋਂ ਦਾ ਟਰੈਫਿਕ, ਇਥੋਂ ਦੇ ਗਾਹਕਾਂ ਤੇ ਦੁਕਾਨਦਾਰਾਂ ਨਾਲ ਕੀਤਾ ਜਾ ਰਿਹਾ ਵਿਵਹਾਰ, ਇਥੋਂ ਦਾ ਪਾਰਲੀਮਾਨੀ ਸਿਸਟਮ, ਇਥੋਂ ਦੇ ਸਿਆਸਤਦਾਨਾਂ ਦੀ ਆਮ ਤੌਰ 'ਤੇ ਸੁਹਿਰਦਤਾ, ਇਥੋਂ ਦੀ ਸਫਾਈ ਤੇ ਸ਼ੁੱਧ ਮਹੌਲ ਮੁਹੱਈਆ ਕਰਨ ਤੇ ਬਰਕਰਾਰ ਰੱਖਣ ਦੀ ਚਾਹ, ਇਥੋਂ ਦਾ ਜੁਡੀਸ਼ੀਅਲ ਸਿਸਟਮ, ਇਥੋਂ ਦੀ ਈਮਾਨਦਾਰੀ, ਇਥੋਂ ਦੀ ਫਰੀਡਮ ਔਫ ਸਪੀਚ, ਇਥੋਂ ਦੇ ਲੋਕਾਂ ਦੀ ਮਨੁੱਖੀ ਅਧਿਕਾਰ ਕਾਇਮ ਰੱਖ਼ਣ ਦੀ ਰੁਚੀ, ਇਥੋਂ ਦੀਆਂ ਅਖਬਾਰਾਂ, ਰੇਡੀਓ ਅਤੇ ਟੈਲੀਵੀਜ਼ਨ ਵਿਚ ਸੱਚ ਕਹਿਣ ਦੀ ਜੁਰਅਤ, ਇਥੋਂ ਦਾ ਵਧੀਆ ਮੈਡੀਕਲ ਸਿਸਸਟਮ, ਇਥੋਂ ਦੇ ਤਰੱਕੀ ਕਰਨ ਦੇ ਇਕੋ ਜਿਹੇ ਮੌਕੇ, ਇਥੋਂ ਦਾ ਵੈਲਫੇਅਰ ਸਿਸਟਮ ਜਿਸ ਅਧੀਨ ਕੋਈ ਵੀ ਸ਼ਹਿਰੀ ਭੁੱਖਾ ਨਹੀਂ ਮਰ ਸਕਦਾ ਤੇ ਬਿਨਾਂ ਛੱਤੋਂ ਨਹੀਂ ਹੋ ਸਕਦਾ, ਇਥੋਂ ਦੀ ਔਰਤ ਲਈ ਬਰਾਬਰ ਦੇ ਮੌਕੇ, ਹਰ ਬੱਚੇ ਨੂੰ ਸੋਲਾਂ ਸਾਲ ਦੀ ਉਮਰ ਤੀਕ ਦੀ ਮੁਫਤ ਤਾਲੀਮ (ਉਚੇਰੀ ਵਿਦਿਆ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਮਾਮੂਲੀ ਜਿਹੀ ਫੀਸ ਦੇਣੀ ਪੈਂਦੀ ਹੈ- ਪਰ ਬੇਕਾਰ ਤੇ ਬਿਮਾਰ ਮਾਪਿਆਂ ਦੇ ਬੱਚਿਆਂ ਨੂੰ ਉਹ ਵੀ ਮੁਆਫ ਹੈ), ਇਥੇ ਦਰਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਖੁੱਲ੍ਹਮ ਖੁੱਲ੍ਹਾ ਡੀਬੇਟ ਕਰਨ ਦੇ ਅਵਸਰ, ਆਮ ਲੋਕਾਂ ਨੂੰ ਰਿਸ਼ਵਤਖੋਰੀ ਦਾ ਸਾਹਮਣਾ ਨਾ ਕਰਨਾ ਪੈਣਾ ਆਦਿ ਇਹੋ ਜਿਹੀਆਂ ਗੱਲਾਂ ਹਨ ਜਿਨ੍ਹਾਂ ਵਾਰੇ ਭਾਰਤੋਂ ਆਇਆ ਸੈਲਾਨੀ ਬੜਾ ਕੁਝ ਸਿੱਖ

ਸਕਦਾ ਹੈ ਤੇ ਦੇਸ 'ਚ ਵਾਪਸ ਜਾ ਕੇ ਆਪਣੇ ਆਪ ਅਤੇ ਆਪਣੇ ਚੌਗਿਰਦੇ ਨੂੰ ਸੁਧਾਰ ਸਕਦਾ ਹੈ। ਪਰ ਇੰਝ ਹੁੰਦਾ ਨਹੀਂ।

ਬਹੁਤ ਸਾਰੇ ਪੌਲੀਟੀਸ਼ੀਅਨ ਅਤੇ ਸਰਕਾਰੀ ਅਫਸਰ ਇੰਗਲੈਂਡ ਵਿਚ ਸਰਕਾਰੀ ਤੌਰ 'ਤੇ ਵੀ ਆਂਦੇ ਨੇ। ਉਨ੍ਹਾਂ ਦਾ ਕੋਈ ਨਾ ਕੋਈ ਮੰਤਵ ਵੀ ਹੁੰਦਾ ਹੈ ਇਥੇ ਆਉਣ ਦਾ। ਉਨ੍ਹਾਂ ਦੇ ਖ਼ਰਚੇ ਸਰਕਾਰ ਨੇ ਝੱਲੇ ਹੁੰਦੇ ਨੇ। ਪੌਂਡ ਦੀ ਕੀਮਤ ਇਸ ਵੇਲੇ ਤਕਰੀਬਨ 70 ਰੁਪਏ ਹੈ। ਲੰਡਨ ਦਿਆਂ ਹੋਟਲਾਂ ਵਿਚ ਆਮ ਤੌਰ ਤੇ ਔਸਤਨ ਦੌ ਸੋ ਪੌਂਡ ਪ੍ਰਤੀ ਰਾਤ ਦੇ ਹਿਸਾਬ ਨਾਲ ਕਮਰੇ ਮਿਲਦੇ ਹਨ। ਏਸੇ ਹੀ ਮੇਚੇ ਦੇ ਦੂਸਰੇ ਖਰਚੇ ਵੀ ਹੁੰਦੇ ਹਨ। ਪਰ ਕੀ ਉਹ ਲੋਕ ਖਰਚੇ ਪੈਸਿਆਂ ਦਾ ਮੁੱਲ ਉਤਾਰ ਕੇ ਵਾਪਸ ਭਾਰਤ ਜਾਂਦੇ ਨੇ? ਮੇਰੀ ਜਾਚੇ ਸ਼ਾਇਦ ਨਹੀਂ। ਉਨ੍ਹਾਂ ਚੋਂ ਕਈਆਂ ਨੂੰ ਤਾਂ ਇਥੇ 'ਡਿਨਰਾਂ' ਤੋਂ ਹੀ ਵਿਹਲ ਨਹੀਂ ਮਿਲਦੀ। ਜਿਨ੍ਹਾਂ ਲੋਕਾਂ ਨੇ ਉਨ੍ਹਾਂ ਤੋਂ ਕੋਈ ਨਾ ਕੋਈ ਕੰਮ ਕਢਾਉਣਾ ਹੁੰਦਾ ਹੈ, ਉਹ ਉਨ੍ਹਾਂ ਨੂੰ ਹੱਥਾਂ ਤੇ ਚੁੱਕੀ ਫਿਰਦੇ ਹਨ। ਉਨ੍ਹਾਂ ਨੂੰ ਪਾਰਟੀਆਂ ਦਿੱਤੀਆਂ ਜਾਂਦੀਆਂ ਹਨ ਤੇ ਉਨ੍ਹਾਂ ਦੇ ਗਲਾਂ ਵਿਚ ਹਾਰ ਪਾਏ ਜਾਂਦੇ ਹਨ! ਇਕ ਗਰੀਬ ਦੇਸ ਵਾਸਤੇ ਇਨ੍ਹਾਂ ਲੋਕਾਂ ਉਤੇ ਭਾਵ ਇਨ੍ਹਾਂ ਸਰਕਾਰੀ ਅਫਸਰਾਂ ਅਤੇ ਸਿਆਸਤਦਾਨਾਂ ਉਤੇ ਖਰਚੇ ਜਾਂਦੇ ਪੈਸੇ ਕਿੱਦਾਂ ਬਰਦਾਸ਼ਤ ਹੋ ਸਕਦੇ ਹਨ? ਉਹ ਕਿਉਂ ਨਹੀਂ ਦੇਖਦੇ ਕਿ ਇਥੋਂ ਦੀਆਂ ਮਿਊਨਸਪੈਲਿਟੀਆਂ ਕਿਵੇਂ ਕੰਮ ਕਰਦੀਆਂ ਹਨ? ਉਹ ਕਿਉਂ ਨਹੀਂ ਦੇਖਦੇ ਕਿ ਤਕਰੀਬਨ ਇਕ ਕਰੋੜ ਦੀ ਆਬਾਦੀ ਵਾਲਾ ਸ਼ਹਿਰ ਲੰਡਨ ਕਿਵੇਂ ਸਾਫ ਰੱਖਿਆ ਜਾ ਰਿਹਾ ਹੈ? ਉਹ ਕਿਉਂ ਨਹੀਂ ਦੇਖਦੇ ਕਿ ਇਥੋਂ ਦੀਆਂ ਪੱਕੀਆਂ ਸੜਕਾਂ ਕਿਵੇਂ ਬਣਦੀਆਂ ਹਨ? ਉਨ੍ਹਾਂ ਨੂੰ ਬਣਾਉਣ ਵਾਸਤੇ ਮਾਹਰ ਲੋਕ ਕਿੰਝ ਜ਼ਮੀਨ ਵਿਚਲੀ ਨਮੀ ਅਤੇ ਪੋਲੇਪਣ ਨੂੰ ਚੈੱਕ ਕਰਦੇ ਹਨ ਤੇ ਫਿਰ ਕਈ ਤੈਹਾਂ ਲੋਹੇ, ਬਜਰੀ ਅਤੇ ਸੀਮੈਂਟ ਦੀਆਂ ਪਾਉਂਦੇ ਹਨ। ਉਹ ਕਿਉਂ ਨਹੀਂ ਦੇਖਦੇ ਕਿ ਸੜਕਾਂ ਉਤੇ ਚਲਦੇ ਲੱਖਾਂ ਹੀ ਵਾਹਨ ਇਕ ਨੇਮ ਵਿਚ ਟੁਰਦੇ ਹਨ। ਹਰ ਵਾਹਨ ਨੂੰ ਹਰ ਵਰ੍ਹੇ ਇਸ ਦੀ ਸੇਫਟੀ ਅਤੇ ਮਕੈਨੀਕਲ ਫਿਟਨੈੱਸ ਦਾ ਇਕ ਸਰਟੀਫ਼ਿਕੇਟ ਲੈਣਾ ਪੈਂਦਾ ਹੈ।ਟਰੱਕਾਂ ਵਾਲ਼ਿਆਂ ਉਤੇ ਭਾਰ ਦੀ ਇਕ ਸੀਮਾ ਲੱਗੀ ਹੋਈ ਹੁੰਦੀ ਹੈ ਤੇ ਇਸ ਸੀਮਾ ਦੀ ਤਖਤੀ ਇਸ ਟਰੱਕ ਉਤੇ ਜੜੀ ਹੋਈ ਹੁੰਦੀ ਹੈ। ਇਥੋਂ ਤੀਕ ਕਿ ਤਕਰੀਬਨ ਹਰ ਟਰੱਕ ਪਿੱਛੇ ਇਸ ਟਰੱਕ ਦੀ ਮਾਲਕ ਕੰਪਨੀ ਦਾ ਟੈਲੀਫੋਨ ਨੰਬਰ ਵੀ ਲਿਖਿਆ ਹੋਇਆ ਹੁੰਦਾ ਹੈ ਜਿਸ ਦੇ ਹੇਠਾਂ ਲਿਖਿਆ ਹੁੰਦਾ ਹੈ ਕਿ ਅਗਰ ਤੁਸੀਂ ਸਮਝਦੇ ਹੋ ਕਿ ਸਾਡਾ ਟਰੱਕ ਡਰਾਈਵਰ ਠੀਕ ਤਰ੍ਹਾਂ ਗੱਡੀ ਨਹੀਂ ਚਲਾ ਰਿਹਾ ਤਾਂ ਏਸ ਟੈਲੀਫੋਨ ਨੰਬਰ ਉਤੇ ਸਾਨੂੰ ਸਿੱਧਿਆਂ ਦੱਸੋ। ਏਸ ਟਰੱਕ ਪਿੱਛੇ ਇਕ ਹੋਰ ਪਲੇਟ ਵੀ ਲਿਖੀ ਹੋਈ ਹੁੰਦੀ ਹੈ ਜਿਸ ਉਤੇ ਪੁਲੀਸ ਨੇ ਲਿਖਿਆ ਹੋਇਆ ਹੁੰਦਾ ਹੈ ਕਿ ਇਹ ਟਰੱਕ ਡਰਾਈਵਰ ਏਨੀ ਸਪੀਡ ਤੋਂ ਵੱਧ ਗੱਡੀ ਨਹੀਂ ਚਲਾ ਸਕਦਾ। ਇਸ ਤਖਤੀ ਹੇਠ ਫਿਰ ਆਮ ਡਰਾਈਵਰਾਂ ਨੂੰ ਅਪੀਲ ਕੀਤੀ ਹੁੰਦੀ ਹੈ ਕਿ ਅਗਰ ਇਹ ਡਰਾਈਵਰ ਨਿਸ਼ਚਤ ਸਪੀਡ ਤੋਂ ਵੱਧ ਸਪੀਡ ਉਤੇ ਗੱਡੀ ਚਲਾ ਰਿਹਾ ਹੈ ਤਾਂ ਕਿਰਪਾ ਕਰਕੇ ਪੁਲੀਸ ਕੋਲ ਸ਼ਿਕਾਇਤ ਕਰੋ।ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇੰਗਲਿਸਤਾਨ ਦੀ ਪੁਲੀਸ ਕੋਈ ਰਿਸ਼ਵਤ ਨਹੀਂ ਲੈਂਦੀ ਤੇ ਕਿਸੇ ਨਾਲ ਕੋਈ ਲਿਹਾਜ਼ ਨਹੀਂ ਕਰਦੀ ਭਾਵੇਂ ਤੁਸੀਂ ਕਿਸੇ ਲੌਰਡ ਜਾਂ ਮਨਿਸਟਰ ਦੇ ਪੁੱਤਰ ਵੀ ਕਿਉਂ ਨਾ ਹੋਵੋ। ਇਕ ਵੇਰ ਮਲਿਕਾ ਅਲਿਜ਼ਬੈੱਥ ਦੀ ਧੀ ਸ਼ਹਿਜ਼ਾਦੀ ਐਨ ਨੂੰ ਵੀ ਓਵਰ-ਸਪੀਡ ਕਾਰਨ ਜੁਰਮਾਨਾ ਹੋਇਆ ਸੀ। ਬਰਿਟਿਸ਼ ਪੁਲੀਸ ਸ਼ਰਾਬੀਆਂ ਨੂੰ ਤਾਂ ਸੁੱਕਾ

ਛੱਡਦੀ ਹੀ ਨਹੀਂ। ਅਦਾਲਤਾਂ ਇਹੋ ਜਿਹੇ ਡਰਾਈਵਰਾਂ ਦੀ ਤਹਿ ਲਗਾ ਕੇ ਰੱਖ ਦਿੰਦੀਆਂ ਹਨ। ਘੱਟੋ ਘੱਟ ਇਕ ਹਜ਼ਾਰ ਪੌਂਡ ਜੁਰਮਾਨਾ, ਦੋ ਢਾਈ ਸਾਲਾਂ ਲਈ ਕਾਰ ਦੀ ਡਰਾਈਵਰੀ ਤੋਂ ਮਨਾਹੀ ਤਾਂ ਆਮ ਜਿਹੀ ਗੱਲ ਹੈ, ਪਰ ਕਈ ਵੇਰ ਜੇਲ੍ਹ ਦੀ ਹਵਾ ਵੀ ਖਾਣੀ ਪੈਂਦੀ ਹੈ। ਸੜਕਾਂ ਉਤੇ ਟਰੈਫਿਕ ਦੇ ਨੇਮਾਂ ਨੂੰ ਭੰਗ ਕਰਨਾ ਇਕ ਸੰਗੀਨ ਜੁਰਮ ਸਮਝਿਆ ਜਾਂਦਾ ਹੈ। ਗਲਤ ਥਾਂ ਉਤੇ ਗੱਡੀ ਪਾਰਕ ਕਰਨ ਵਾਲਿਆਂ ਨੂੰ ਤੀਹ ਤੋਂ ਲੈ ਕੇ ਨੱਬਿਆਂ ਪੌਂਡਾਂ ਤੀਕ ਜੁਰਮਾਨਾ ਹੋ ਸਕਦਾ ਹੈ। ਜੁਰਮਾਨਾ ਨਾ ਅਦਾ ਕਰਨ ਵਾਲੇ ਨੂੰ ਸੀਖਾਂ ਪਿਛੇ ਬੰਦ ਕਰ ਦਿੱਤਾ ਜਾਂਦਾ ਹੈ। ਟਰੈਫਿਕ ਪੁਲੀਸ ਕਿਸੇ ਦਾ ਲਿਹਾਜ਼ ਨਹੀਂ ਕਰਦੀ। ਗੱਡੀਆਂ ਦੇ ਐਗਜੌਸ਼ਟ ਪਾਈਪਾਂ ਚੋਂ ਅਗਰ ਧੂੰਆਂ ਨਿਕਲੇ, ਅਗਰ ਤੁਹਾਡੇ ਟਾਇਰ ਘਸੇ ਹੋਏ ਹਨ ਜਾਂ ਇੱਕ ਮੇਲ ਦੇ ਨਹੀਂ ਹਨ, ਅਗਰ ਤੁਹਾਡੀ ਕਾਰ ਨੂੰ ਵਧੇਰੇ ਚਿੱਬ ਪਏ ਹੋਏ ਹਨ ਤੇ ਜੰਗਾਲ ਦੀ ਖਾਧੀ ਹੋਈ ਹੈ ਤਾਂ ਸਮਝ ਲਓ ਕਿ ਤੁਸੀਂ ਕਾਨੂੰਨੀ ਸ਼ਿਕੰਜੇ ਵਿਚ ਫਸ ਜਾਵੋਗੇ।ਤੁਹਾਡੇ ਡਰਾਵਿੰਗ ਲਾਇਸਿੰਸ ਉਤੇ ਪੁਆਇੰਟ ਵੀ ਲੱਗ ਜਾਂਦੇ ਹਨ।ਬਾਰਾਂ ਪੁਆਇੰਟ ਲੱਗ ਜਾਣ ਦੀ ਸੂਰਤ ਵਿਚ ਸੰਬੰਧਤ ਡਰਾਈਵਰ ਨੂੰ ਗੱਡੀ ਚਲਾਉਣ ਦੀ ਇਜਾਜ਼ਤ ਨਹੀਨ ਹੁੰਦੀ।ਇਹ ਪੁਆਇੰਟ ਚਾਰ ਸਾਲਾਂ ਪਿੱਛੋਂ ਖ਼ਾਰਜ ਹੁੰਦੇ ਹਨ। ਰਾਤ ਵੇਲੇ ਕਾਰ ਦੀਆਂ ਅਗਲੀਆਂ ਤੇ ਪਿਛਲੀਆਂ ਲਾਈਟਾਂ ਵਿਚ ਅਗਰ ਜ਼ਰਾ ਜਿੰਨਾ ਵੀ ਨੁਕਸ ਹੋਇਆ ਤਾਂ ਜੁਰਮਾਨਾਂ ਯਕੀਨੀ ਹੈ। ਗਲਤ ਥਾਵਾਂ ਉਤੇ ਗੱਡੀਆਂ ਪਾਰਕ ਕਰਨ ਵਾਲਿਆਂ ਦੀਆਂ ਕਾਰਾਂ ਪੁਲੀਸ ਦੇ ਟਰੱਕ ਉਠਾ ਕੇ ਲੈ ਜਦੇ ਹਨ। ਇਹੋ ਹਾਲ ਕਲੈਂਪ ਕਰ ਦਿੱਤੀਆਂ ਗੱਡੀਆਂ ਦਾ ਹੁੰਦਾ ਹੈ। ਜਿਨ੍ਹਾਂ ਨੂੰ ਛੁਡਾਉਣ ਲਈ ਕਈ ਵੇਰ ਸੌ ਸਵਾ ਸੌ ਪੌਂਡ ਤੱਕ ਲੱਗ ਜਾਂਦਾ ਹੈ। ਭਾਰਤੋਂ ਆਉਂਦੇ ਵਜ਼ੀਰ ਤੇ ਅਹਿਲਕਾਰ ਇਥੋਂ ਦੀ ਪੁਲੀਸ ਦੇ ਚਲਨ ਵਾਰੇ ਵੀ ਕਿੰਨਾ ਕੁਝ ਸਿੱਖ ਸਕਦੇ ਹਨ। ਇਥੋਂ ਦੀ ਪੁਲੀਸ ਲੋਕਾਂ ਦੀ ਹਾਕਮ ਨਹੀਂ ਰਖਵਾਲੀ ਹੈ ਤੇ ਉਨ੍ਹਾਂ ਦੀ ਸੁਰੱਖਿਆ ਦੀ ਜ਼ਮਨ ਹੈ।

ਪੰਜਾਬੋਂ ਏਹਨੀਂ ਦਿਨੀਂ ਅੱਜ ਕੱਲ ਡਾਕਟਰ (ਦੁਆਈਆਂ ਦੇ ਨਹੀਂ ਪੀ ਐਚ ਡੀਆਂ ਵਾਲੇ) ਤੇ ਪਰੋਫੈਸ਼ਰ (ਕਈ ਪ੍ਰੋਫੈਸਰ ਹੁੰਦੇ ਹੀ ਨਹੀ, ਉਹ ਕਾਲਜਾਂ ਦੇ ਲੈਕਚਰਾਰ ਹੁੰਦੇ ਹਨ ਤੇ ਉਨ੍ਹਾਂ ਨੇ ਆਪਣੇ ਨਾਂ ਨਾਲ ਖਾਹ ਮਖਾਹ ਹੀ ਪ੍ਰੋਫੈਸਰ ਲਿਖ ਲਿਆ ਹੁੰਦਾ ਹੈ। ਯੂ ਕੇ ਵਿਚ ਪਰੋਫੈਸਰਸ਼ਿਪ ਦੀ ਪਦਵੀ ਯੂਨੀਵਰਸਿਟੀਆਂ ਦਿੰਦੀਆਂ ਹਨ।) ਕਈ ਬੜੇ ਸੁਹਿਰਦ ਲੇਖਕ ਆਉਂਦੇ ਹਨ। ਪਰ ਕਈ ਸੋ ਕਾਲਡ ਲੇਖ਼ਕ ਇਥੇ ਚਾਰ ਕੁ ਦਿਨ ਇਥੇ ਰਹਿ ਕੇ ਵਾਪਸ ਜਾ ਕੇ ਅਖਬਾਰਾਂ ਵਿਚ ਸਫਰਨਾਮੇ ਲਿਖ ਮਾਰਦੇ ਹਨ। ਇਨ੍ਹਾਂ ਸਫਰਨਾਮਿਆਂ ਨੂੰ ਪੜ੍ਹਕੇ ਹਾਸਾ ਆਉਂਦੇ ਹੈ। ਜੇਕਰ ਉਨ੍ਹਾਂ ਨੇ ਕਿਸੇ ਦੇ ਘਰ ਘਿਓ ਵਾਲੇ ਪਰਾਉਂਠੇ ਵੀ ਖਾਧੇ ਹੋਣ ਤੇ ਦਾਰੂ ਵੀ ਪੀਤੀ ਹੋਵੇ ਤਾਂ ਲੱਛੇਦਾਰ ਬੋਲੀ ਵਰਤ ਕੇ ਤਾਰੀਫ਼ਾਂ ਦੇ ਪੁਲ਼ ਬੰਨ੍ਹੇ ਹੋਏ ਹੁੰਦੇ ਹਨ-ਸ਼ਾਇਦ ਦੁਬਾਰਾ ਇਥੇ ਆਉਣ ਦੀ ਆਸ ਨਾਲ਼ ਇਹ ਕੁਝ ਕੀਤਾ ਜਾਂਦਾ ਹੈ ਜਾਂ ਉਨ੍ਹਾਂ ਨੂੰ ਸਫ਼ਰਨਾਮਾ ਲਿਖ਼ਣ ਦੀ ਜਾਂਚ ਹੀ ਨਹੀਂ ਹੁੰਦੀ। ਇਨ੍ਹਾਂ ਗੱਲਾਂ ਨਾਲ ਕਿਸੇ ਦਾ ਕੁਝ ਨਹੀਂ ਸੰਵਰਦਾ। ਅਖਬਾਰਾਂ ਦੇ ਕੀਮਤੀ ਕਾਲਮ ਖਾਹ ਮਖਾਹ ਹੀ ਕਾਲੇ ਕੀਤੇ ਹੋਏ ਹੁੰਦੇ ਹਨ। ਕਈ ਸੋ ਕਾਲਡ ਲਿਖਾਰੀ ਅੰਗਰੇਜ਼ੀ ਦੇ ਕਿਤਾਬਚੇ ਖਰੀਦ ਕੇ ਸਿੱਧਾ ਤਰਜਮਾ ਕਰ ਦਿੰਦੇ ਹਨ। ਜਿਨ੍ਹਾਂ ਨੂੰ ਪੜ੍ਹ ਕੇ ਇੰਝ ਲਗਦਾ ਹੈ ਕਿ ਜਿਵੇਂ ਇਨ੍ਹਾਂ ਨੇ ਜਲੰਧਰ ਜਾਂ ਲੁਧਿਆਣੇ ਬੈਠਿਆਂ ਹੀ ਇਹ ਮੰਗਵਾ ਲਏ ਹੋਣ। ਸਫਰਨਾਮਿਆਂ ਵਿਚ ਵਾਤਾਵਰਣ ਦੀ ਮਹਿਸੂਸੀਅਤ ਜ਼ਰੂਰ ਹੈ। ਤੁਲਨਾਤਮਕ ਅਧਿਅਨ

(COMPARITIVE STUDY) ਆਵੱਸ਼ਕ ਹੈ। ਪਰ ਸਭ ਤੋਂ ਵੱਡੀ ਚਿੰਤਾ ਵਾਲੀ ਗੱਲ ਇਹ ਹੈ ਕਿ ਪੰਜਾਬੋਂ ਆਂਦੇ ਕਈ ਲਿਖਾਰੀ (ਤੇ ਕਈ ਸਫਰਨਾਮਾ ਲਿਖੇ ਕੇ ਹੀ ਬਣੇ ਲਿਖਾਰੀ) ਇਥੇ ਵਸਦੇ ਪੰਜਾਬੀਆਂ ਵਾਰੇ ਗ਼ਲਤ ਧਾਰਨਾ ਜਾਂ ਇਮੇਜ ਲੈ ਕੇ ਪਰਤਦੇ ਹਨ। ਕਈਆਂ ਦੇ ਖ਼ਿਆਲ ਸਿਰਫ ਇਕ ਦੋ ਬੰਦਿਆਂ ਨਾਲ ਗੱਲਾਂ ਕਰਕੇ ਹੀ ਬਣੇ ਹੋਏ ਹੁੰਦੇ ਹਨ। ਪਿਛੇ ਜਿਹੇ ਪੰਜਾਬੋਂ ਆਏ ਇਕ ਲੇਖਕ ਨੇ ਵਾਪਸ ਜਾ ਕੇ ਲਿਖਿਆ ਕਿ ਇੰਗਲਿਸਤਾਨ ਵਿਚ ਰਹਿੰਦੇ ਪੰਜਾਬੀ ਦਿਨੇ ਰਾਤ ਦੇਸ ਨੂੰ ਤੇ ਪਿਛੋਕੜ ਨੂੰ ਯਾਦ ਕਰਕੇ ਰੋਂਦੇ ਰਹਿੰਦੇ ਹਨ। ਇਕ ਨੇ ਇਹ ਵੀ ਲਿਖਿਆ ਕਿ ਇਨ੍ਹਾਂ ਦੇ ਧੀਆਂ ਪੁੱਤਰ ਨਸ਼ਿਆਂ ਦੇ ਆਦੀ ਹੋ ਗਏ ਹਨ। ਇਨ੍ਹਾਂ ਦੀਆਂ ਬੇਟੀਆਂ ਮੁਸਮਲਾਨਾਂ ਦੇ ਕਾਲ਼ਿਆਂ ਨਾਲ ਦੌੜ ਰਹੀਆਂ ਹਨ।ਇਕ ਨੇ ਇਹ ਵੀ ਲਿਖ਼ਿਆ ਕਿ ਯੂ ਕੇ ਵਿਚ ਰਹਿੰਦੇ ਪੰਜਾਬੀ ਆਪਣੇ ਬਜ਼ੁਰਗਾਂ ਨਾਲ ਦੁਰ ਵਿਵਹਾਰ ਕਰਦੇ ਹਨ ਤੇ ਉਨ੍ਹਾਂ ਨੂੰ ਬੁੱਢਿਆਂ ਦੇ ਘਰਾਂ ਵਿਚ ਭੇਜ ਦਿੰਦੇ ਹਨ। ਉਨ੍ਹਾਂ ਨੂੰ ਉਨ੍ਹਾਂ ਦੀਆਂ ਨੂੰਹਾਂ ਤੰਗ ਕਰਦੀਆਂ ਹਨ ਆਦਿ ਆਦਿ।

ਹਰ ਦੇਸ਼ ਵਿਚ ਤੇ ਹਰ ਸੁਸਾਇਟੀ ਵਿਚ ਹੀ ਇੱਕਾ ਦੁੱਕਾ ਗਲਤ ਲੋਕ ਹੁੰਦੇ ਹਨ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਸਮੁੱਚੀ ਕੌਮ ਹੀ ਇਹੋ ਜਿਹੀ ਹੁੰਦੀ ਹੈ। ਭਾਰਤੋਂ ਆਂਦੇ ਇਹ ਵਿਜ਼ਟਰ ਪਰ ਖਾਸ ਕਰਕੇ 'ਲਿਖਾਰੀ' ਆਪਣੇ ਆਪ ਨੂੰ ਪਰੋਗਰੈਸ਼ਿਵ ਦਸਦੇ ਹਨ ਪਰ ਕਈਆਂ ਦੀ ਸੋਚ ਦੀ ਸੀਮਾ ਹੈਰਾਨੀਜਨਕ ਹੁੰਦੀ ਹੈ। ਉਹ ਪੱਛਮੀ ਦੇਸਾਂ ਨੂੰ ਗਾਲ੍ਹਾਂ ਵੀ ਕੱਢਦੇ ਹਨ, ਇਥੋਂ ਕਿਸੇ ਨਾ ਕਿਸੇ ਪੱਜ ਉਗਰਾਹੀ ਵੀ ਕਰ ਲੈਂਦੇ ਹਨ ਤੇ ਇਨ੍ਹਾਂ ਦੇਸਾਂ ਨੂਮ ਸਰਮਾਏਦਾਰ ਵੀ ਇਸ ਢੰਗ ਨਾਲ਼ ਕਹਿੰਦੇ ਹਨ ਜਿਵੇਂ ਗਾਲ੍ਹ ਕੱਢ ਰਹੇ ਹੋਣ। ਪ੍ਰਾਈਵੇਟ ਤੌਰ ਤੇ ਉਹ ਆਪਣਿਆਂ ਧੀਆਂ ਪੁੱਤਰਾਂ ਲਈ ਇਨ੍ਹੀਂ ਦੇਸੀਂ ਰਿਸ਼ਤੇ ਵੀ ਲੱਭ ਰਹੇ ਹੁੰਦੇ ਹਨ। ਇਹ ਦੋਗਲੀ ਨੀਤੀ ਸ਼ਾਇਦ ਸਾਡੇ ਖ਼ੂਨ ਵਿਚ ਹੀ ਰਚੀ ਹੋਈ ਹੈ। ਇਨ੍ਹਾਂ ਲੇਖਾਂ ਰਾਹੀਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਇਥੇ ਰਹਿੰਦੇ ਪਚਾਨਵੇਂ ਫ਼ੀਸਦੀ ਪੰਜਾਬੀ ਪੂਰੀ ਤਰ੍ਹਾਂ ਖੁਸ਼ ਹਨ। ਬਾਕੀ ਦੇ ਪੰਜ ਫੀਸਦੀ ਨਾਖੁਸ਼ ਹਨ ਤਾਂ ਸਿਰਫ ਇਸ ਕਰਕੇ ਹੋਣਗੇ ਕਿ ਆਪਣੇ ਜੀਵਨ ਵਿਚ ਉਹ ਕਿਸੇ ਨਾ ਕਿਸੇ ਤਰ੍ਹਾਂ ਜ਼ਰੂਰ ਅਸਫਲ ਰਹੇ ਹੋਣਗੇ। ਇਸ ਦੇਸ ਦੀਆਂ ਵਧੀਆਂ ਗੱਲਾਂ ਮੈਂ ਉਪਰ ਦੱਸ ਹੀ ਆਇਆ ਹਾਂ। ਇਥੇ ਨਸਲਵਾਦ ਵੀ ਹੈ ਜਿਸ ਨੂੰ ਲਿਬਰਲ ਕਿਸਮ ਦੇ ਗੋਰੇ ਅਤੇ ਸੰਘਰਸ਼ਸ਼ੀਲ ਕਾਲੇ ਹੌਲੀ ਹੌਲੀ ਭਾਂਪ ਰਹੇ ਹਨ ਤੇ ਇਸ ਤੋਂ ਖਹਿੜਾ ਛੁਡਾਉਣ ਵਾਸਤੇ ਜੱਦੋ ਜਹਿਦ ਵੀ ਕਰ ਰਹੇ ਹਨ। ਪੰਜਾਬੀਆਂ ਦੇ ਧੀਆਂ ਪੁੱਤਰ ਪੜ੍ਹ ਲਿਖ ਕੇ ਵਕੀਲ,ਅਕਾਊਂਟੈਂਟ,ਕੰਪਿਊਟਿਰ ਐਕਸਪਰਟ, ਡਾਕਟਰ, ਬਿਜ਼ਨੈਸਮੈਨ ਤੇ ਆਹਲਾ ਕਿਸਮ ਦੇ ਸ਼ਹਿਰੀ ਬਣ ਰਹੇ ਹਨ। ਵੀਕਐਂਡ ਤੇ ਛੁੱਟੀਆਂ ਤੀਆਂ ਵਾਂਗ ਗੁਜ਼ਰਦੀਆਂ ਹਨ। ਮੈਨੂੰ ਤਾਂ ਕਦੇ ਕੋਈ ਅਜਿਹਾ ਬੰਦਾ ਨਹੀਂ ਮਿਲਿਆ ਜਿਹੜਾ ਆਪਣੇ ਜੱਦੀ ਦੇਸ ਨੂੰ ਯਾਦ ਕਰਕੇ ਹੰਝੂ ਕੇਰ ਰਿਹਾ ਹੋਵੇ। ਸ਼ਾਇਦ ਉਸ ਨੂੰ ਪਤਾ ਹੈ ਕਿ ਤਕਰੀਬਨ ਚਾਰ ਸੌ ਪੌਂਡ ਦਾ ਰੀਟਰਨ ਟਿਕਟ ਖਰੀਦ ਕੇ ਉਹ ਆਪਣੇ ਪਿੰਡ ਦੇ ਖੇਤਾਂ ਤੇ ਖ਼ੂਹਾਂ ਨੂੰ ਵੇਖ ਕੇ ਵਾਪਸ ਆ ਸਕਦਾ ਹੈ। ਇਥੇ ਸਰਮਾਏਦਾਰ ਕਾਮਿਆਂ ਨੂੰ ਨਹੀਂ ਲੁੱਟਦਾ ਤੇ ਨਾ ਹੀ ਕਾਮੇ ਆਪਣੇ ਆਪ ਨੂੰ ਲੁੱਟਣ ਹੀ ਦਿੰਦੇ ਹਨ। ਇੰਗਲਿਸਤਾਨ ਵਿਚ ਮਜ਼ਬੂਤ ਯੁਨੀਅਨ ਮੂਵਮੈਂਟ ਹੈ ਜਿਸ ਨੇ ਸਰਕਾਰੀ ਤੌਰ ਤੇ ਮਿਨੀਮਨ ਵੇਜ ਫਿਕਸ ਕਰਵਾ ਲਈ ਹੈ। ਹਾਂ, ਇਹ ਜ਼ਰੂਰ ਹੈ ਕਿ ਕਈ ਇੱਲੀਗਲ ਇਮੀਗਰਾਂਟ ਅਤੇ ਸੋ ਕਾਲਡ ਪੁਲੀਟੀਕਲ ਅਸਾਇਲਮ ਸੀਕਰ ਸਰਕਾਰੀ ਭੱਤਿਆਂ ਦੇ ਨਾਲ ਨਾਲ ਘਟ ਵੇਤਨ ਉਤੇ ਲੁਕ ਛਿਪ ਕੇ ਕੰਮ ਵੀ ਕਰ ਰਹੇ ਹਨ। ਪਰ ਮਜ਼ੇ ਦੀ ਗੱਲ ਇਹ ਹੈ ਕਿ ਇਨ੍ਹਾਂ ਤੋਂ ਕੰਮ ਕਰਾਉਣ

ਵਾਲੇ ਫੈਕਟਰੀਆਂ ਅਤੇ ਰੈਸਟੋਰੈਂਟਾਂ ਦੇ ਮਾਲਕ ਵੀ ਆਮ ਤੌਰ ’ਤੇ ਆਪਣੇ ਹੀ ਲੋਕ ਹੁੰਦੇ ਹਨ। ਸਾਡੇ ਧੀਆਂ ਪੁੱਤਰ ਅਤਿ ਇਮਾਨਦਾਰ ਅਤੇ ਮਿਹਨਤੀ ਹਨ। ਹਾਂ, ਉਹ ਆਪਣੀ ਮਰਜ਼ੀ ਨਾਲ ਵਿਆਹ ਕਰਾਉਣ ਦੀ ਜ਼ਿਦ ਕਰ ਲੈਂਦੇ ਹਨ ਕਈ ਵੇਰ। ਪਰ ਇਸ ਵਿਚ ਬੁਰਾ ਵੀ ਕੀ ਹੈ? ਸਾਡੀਆਂ ਔਰਤਾਂ ਨੂੰ ਆਰਥਿਕ ਆਜ਼ਾਦੀ ਹੈ।ਪਰ ਤਦ ਕੀ ਹੋਇਆ? ਇਹ ਮਰਦ ਪਰਧਾਨ ਸਮਾਜ ਹੀ ਹੈ ਜਿਹੜਾ ਪੰਜਾਬੀ ਔਰਤ ਦੀ ਆਜ਼ਾਦੀ ਉਤੇ ਕੁੜ੍ਹਦਾ ਹੈ। ਪਰ ਇਹ ਸਭ ਕੁਝ ਪਹਿਲੀ ਪੀੜ੍ਹੀ ਦੇ ਲੋਕ ਹੀ ਕਰਦੇ ਹਨ। ਨਵੀਂ ਪੀੜ੍ਹੀ ਦੀ ਵਿਚਾਰਧਾਰਾ ਬਿਲਕੁਲ ਵੱਖਰੀ ਹੈ।

ਬਜ਼ੁਰਗਾਂ ਦੇ ਵਿਵਹਾਰ ਵਾਰੇ ਮੈਂ ਜਦੋਂ ਇਕ ਰੇਡੀਓ ਡੀਬੇਟ ਕਰਵਾਈ ਸੀ ਤਾਂ ਸਿਰਫ ਦੋ ਹੀ ਕਾਲਰਾਂ ਨੇ ਕਿਹਾ ਸੀ ਕਿ ਬਜ਼ੁਰਗਾਂ ਨੂੰ ਓਲਡ ਪੀਪਲਜ਼ ਹੋਮ ਵਿਚ ਭੇਜ ਦੇਣਾ ਚਾਹੀਦਾ ਹੈ ਤਾਂ ਜੁ ਉਨ੍ਹਾਂ ਦੀ ਠੀਕ ਤਰ੍ਹਾਂ ਦੇਖ ਭਾਲ ਹੋ ਸਕੇ। ਬਾਕੀ ਦੇ ਸਭਨਾਂ ਕਾਲਰਾਂ ਨੇ ਕਿਹਾ ਸੀ ਕਿ ਉਹ ਆਪਣੇ ਬਜ਼ੁਰਗ ਮਾਂ ਬਾਪ ਵੀ ਖੁਦ ਹੀ ਦੇਖਭਾਲ ਕਰਦੇ ਹਨ। ਨੂੰਹਾਂ ਦਾ ਆਪਣੇ ਸੱਸ ਸੁਹਰੇ ਨਾਲ ਕਥਿਤ ਤੌਰ ’ਤੇ ਹੁੰਦਾ ਦੁਰਵਿਵਹਾਰ ਵੀ ਦਰਅਸਲ ਦੁਰ ਵਿਵਹਾਰ ਨਹੀਂ ਹੈ।ਨੂੰਹ ਦੀ ਆਰਥਿਕ ਆਜ਼ਾਦੀ ਸ਼ਾਇਦ ਸਹੁਰੇ ਤੇ ਸੱਸ ਨੂੰ ਚੰਗੀ ਨਹੀਂ ਲੱਗਦੀ ਹੋਵੇਗੀ। ਧੀਆਂ ਨੂੰ ਚੰਗਾ ਨਾ ਸਮਝਣ ਵਾਲੇ ਲੋਕਾਂ ਦੀ ਸੋਚ ਫਿਲਹਾਲ ਪਿਛਲੀ ਹੈ ਪਰ ਇਹ ਹੌਲੀ ਹੌਲੀ ਬਦਲ ਰਹੀ ਹੈ। ਬਾਹਰ ਰਹਿੰਦੇ ਪੰਜਾਬੀ ਲੋਕ ਇਕ ਲੰਮੇ ਸੰਘਰਸ਼ ਵਿਚੀਂ ਗੁਜ਼ਰੇ ਹਨ ਤੇ ਕਈ ਅਜੇ ਵੀ ਗੁਜ਼ਰ ਰਹੇ ਹਨ। ਇਨ੍ਹਾਂ ਨੇ ਤਕੜੀਆਂ ਆਰਥਕ ਮੱਲਾਂ ਹੀ ਨਹੀਂ ਮਾਰੀਆਂ, ਇਸ ਸਮਾਜ ਵਿਚ ਆਪਣਾ ਇਕ ਤਕੜਾ ਥਾਂ ਵੀ ਬਣਾ ਲਿਆ ਹੈ। ਇਨ੍ਹਾਂ ਨੇ ਆਪਣੇ ਕਲਚਰ, ਜ਼ਬਾਨ ਤੇ ਧਰਮ ਨੂੰ ਸਾਂਭਿਆ ਹੈ। ਕਈ ਭਰਤੋਂ ਆਂਦੇ ਦੋਸਤ ਤਾਂ ਇਹ ਵੀ ਆਖ ਕੇ ਜਾਂਦੇ ਹਨ ਕਿ ਇਥੇ ਵਰਗੀ ਪੰਜਾਬੀਅਤ ਤਾਂ ਪੰਜਾਬ ਵਿਚ ਵੀ ਨਹੀਂ ਲੱਭਦੀ। ਇਥੇ ਕਈਆਂ ਪੰਜਾਬੀਆਂ ਦੇ ਨਾਮ ਪਹਿਲੇ 500 ਅਤੀ ਅਮੀਰ ਲੋਕਾਂ ਵਿਚ ਸ਼ਾਮਲ ਹੋ ਗਏ ਹਨ। ਕਈਆਂ ਨੂੰ ਮਹਾਰਾਣੀ ਅਲਿਜ਼ਬੈੱਥ ਨੇ ਆਨਰੇਰੀ ਟਾਈਟਲ ਬਖਸ਼ੇ ਹਨ। ਹੁਣ ਹੁਣੇ ਇਕ ਸਹਿਜਧਾਰੀ ਸਿੱਖ ਹਾਊਸ ਔਫ ਲੌਰਡਜ਼ ਵਿਚ ਵੀ ਸ਼ਾਮਲ ਕਰ ਲਿਆ ਗਿਆ ਹੈ। ਭਾਰਤੀ ਲੋਕ ਅਕਸਰ ਹੀ ਵੈਸਟਰਨ ਪਰੈਸ ਤੋਂ ਇਸ ਗੱਲੋਂ ਦੁਖੀ ਰਹਿੰਦੇ ਹਨ ਕਿ ਇਹ ਭਾਰਤ ਦਾ ਮਨਫੀ ਪੱਖ ਹੀ ਦਿਖਾਉਂਦੇ ਹਨ। ਇੰਝ ਹੀ ਇਥੇ ਰਹਿੰਦੇ ਪੰਜਾਬੀ ਕੁਝ ਕੁ ਕੱਚਘਰੜ ਉਨ੍ਹਾਂ ਪੰਜਾਬੀ ਲਿਖਾਰੀਆਂ ਵਾਰੇ ਸੋਚਦੇ ਹਨ ਜਿਹੜੇ ਇਥੇ ਚਾਰ ਕੁ ਦਿਨ ਰਹਿ ਕੇ ਪੰਜਾਬ ਜਾ ਕੇ ਝੂਠ ਦੇ ਪੁਲੰਦੇ ਛਾਪ ਦਿੰਦੇ ਹਨ।

(1989)

# ਮੋਹ ਇੰਗਲੈਂਡ ਨਾਲ

ਅਮਰੀਕਾ ਤੋਂ ਇਕ ਮਿੱਤਰ ਆਇਆ ਹੋਇਆ ਸੀ। ਉੱਥੇ ਕੱਲੇ ਕਾਰੇ ਜਿਹੇ ਇਲਾਕੇ 'ਚ ਰਹਿੰਦਾ ਸੀ। ਲੰਡਨ ਵਿਚਲੇ ਤੀਜੇ ਪੰਜਾਬ ਨੂੰ ਦੇਖ ਕੇ ਉਹ ਵਾਪਸੀ ਦੀ ਫਲਾਈਟ ਬਾਰੇ ਸੋਚ ਕੇ ਹੀ ਉਦਾਸ ਹੋ ਜਾਂਦਾ ਸੀ। ਉਂਝ ਵੀ ਅਮਰੀਕਾ ਅਤੇ ਕੈਨੇਡਾ ਵਿਚਲੀਆਂ ਅਖਬਾਰਾਂ ਅਤੇ ਟੈਲੀਵੀਜ਼ਨਾਂ ਦੇ ਪ੍ਰੋਗਰਾਮ ਇੰਗਲੈਂਡ ਵਰਗੇ ਕੁਆਲਿਟੀ ਦੇ ਨਹੀਂ ਹੁੰਦੇ। ਜਿਹੜੇ ਲੋਕ ਇੰਡੀਆ ਤੋਂ ਸਿੱਧੇ ਅਮਰੀਕਾ ਜਾਂ ਕੈਨੇਡਾ ਚਲੇ ਗਏ ਹਨ, ਉਨ੍ਹਾਂ ਨੂੰ ਤਾਂ ਇਸ ਗੱਲ ਦਾ ਅਹਿਸਾਸ ਨਹੀਂ ਹੁੰਦਾ, ਪਰ ਜਿਹੜੇ ਇੰਗਲਿਸਤਾਨ ਤੋਂ ਉਥੇ ਜਾਂਦੇ ਹਨ, ਉਹ ਝੱਟ ਹੀ ਇਹ ਫਰਕ ਮਹਿਸੂਸ ਕਰਨ ਲੱਗ ਪੈਂਦੇ ਹਨ। ਇਸੇ ਲਈ ਬਹੁਤੀ ਵੇਰ ਇੰਗਲੈਂਡ ਤੋਂ ਗਿਆ ਬੰਦਾ ਜਦੋਂ ਉਥੇ ਦਾ ਗਰੀਨ ਕਾਰਡ ਜਾਂ ਇਮੀਗਰੇਸ਼ਨ ਵੀ ਹਾਸਲ ਕਰ ਲੈਂਦਾ ਹੈ ਤਾਂ ਤਦ ਵੀ ਉਹ ਉਥੇ ਟਿਕਦਾ ਨਹੀਂ ਤੇ ਵਾਪਸ ਇੰਗਲੈਂਡ ਆ ਜਾਂਦਾ ਹੈ। ਇਕ ਵੇਰ ਮੇਰੇ ਇਕ ਮਿੱਤਰ ਨੇ ਅਮਰੀਕਾ ਦੀ ਇਮੀਗਰੇਸ਼ਨ ਲੈ ਲਈ। ਜਦੋਂ ਉਹ ਪਹਿਲੀ ਵੇਰ ਨਿਊਯਾਰਕ ਦੇ ਜੌਨ ਐਫ ਕੈਨੇਡੀ ਹਵਾਈ ਅੱਡੇ ਉੱਤੇ ਉੱਤਰ ਕੇ ਅਮਰੀਕਨ ਇਮੀਗਰੇਸ਼ਨ ਅਫਸਰ ਦੇ ਸਾਹਮਣੇ ਪੇਸ਼ ਹੋਇਆ ਤਾਂ ਉਸ ਅਫਸਰ ਨੇ ਮੁਸਕਰਾਉਂਦਿਆਂ ਹੋਇਆਂ ਤੇ ਉਹਦੇ ਬ੍ਰਿਟਿਸ਼ ਪਾਸਪੋਰਟ ਉੱਤੇ ਇਮੀਗਰੇਸ਼ਨ ਦੀ ਪੱਕੀ ਮੋਹਰ ਲਗਾਉਂਦਿਆਂ ਕਿਹਾ, 'ਤੁਸੀਂ ਇੰਗਲੈਂਡ ਵਾਲੇ ਅਮਰੀਕਾ ਦੀ ਇਮੀਗਰੇਸ਼ਨ ਲੈ ਕੇ ਆਪਣੀ ਟੋਪੀ ਵਿਚ ਇਕ ਹੋਰ ਖੰਭ ਹੀ ਟੰਗਣਾ ਚਾਹੁੰਦੇ ਹੋ। ਤੁਸੀਂ ਇਥੇ ਪੱਕਿਆਂ ਤੌਰ 'ਤੇ ਕਦੇ ਵੀ ਰਿਹਾਇਸ਼ ਨਹੀਂ ਕਰਨੀ।' ਮੇਰੇ ਮਿੱਤਰ ਨੇ ਗੰਭੀਰ ਹੋ ਕੇ ਕਿਹਾ, 'ਤੁਹਾਨੂੰ ਭੁਲੇਖਾ ਲੱਗ ਰਿਹਾ ਹੈ ਮੈਂ ਤਾਂ ਇਥੇ ਪੱਕੇ ਟਿਕਾਣੇ ਕਰਨ ਹੀ ਆਇਆ ਹਾਂ।'

'ਬਿਜ਼ਨੈਸ ਹੈ ਨਾ ਪਿਛੇ', ਮੇਰੇ ਮਿੱਤਰ ਨੇ ਕਿਹਾ, 'ਸਾਰਾ ਕੁਝ ਵੇਚ ਵੱਟ ਕੇ ਹੀ ਤਾਂ ਪਰਿਵਾਰ ਸਮੇਤ ਆਵਾਂਗਾ।'

'ਮੈਨੂੰ ਨਹੀਂ ਲਗਦਾ ਕਿ ਤੁਸੀਂ ਇਥੇ ਪੱਕਿਆਂ ਤੌਰ 'ਤੇ ਰਹੋਗੇ।' ਇਮੀਗਰੇਸ਼ਨ ਅਫਸਰ ਨੇ ਉਹਦੀਆਂ ਅੱਖਾਂ ਵਿਚ ਸਿੱਧਾ ਤੱਕ ਕੇ ਕਿਹਾ, 'ਕਿਉਂਕਿ ਤੁਸੀਂ ਕਿਸ਼ਤੀਆਂ ਸਾੜ ਕੇ ਨਹੀਂ ਅਉਂਦੇ। ਬਿਗਾਨੇ ਮੁਲਕੀਂ ਉਹੀ ਲੋਕ ਟਿਕਦੇ ਹਨ ਜਿਹੜੇ ਕਿਸ਼ਤੀਆਂ ਸਾੜ ਕੇ ਆਉਂਦੇ ਹਨ।'

1962 ਵਿਚ ਜਦੋਂ ਮੈਂ ਇੰਗਲੈਂਡ ਆਇਆ ਸਾਂ ਤਾਂ ਇਥੋਂ ਦੀ ਜ਼ਿੰਦਗੀ ਮੈਨੂੰ ਅਤੀ ਕਠੋਰ, ਤਨਹਾਈ ਭਰਪੂਰ ਅਤੇ ਓਪਰੀ ਲੱਗੀ ਸੀ। ਮੈਨੂੰ ਮੇਰੀ ਲਿਆਕਤ ਮੁਤਾਬਕ ਨੌਕਰੀ ਵੀ ਨਹੀਂ ਸੀ ਮਿਲੀ ਹੋਈ। ਇੰਡੀਅਨ ਖਾਣਾ ਬਣਾਉਣਾ ਆਉਂਦਾ ਹੀ ਨਹੀਂ ਸੀ ਤੇ ਅੰਗਰੇਜ਼ੀ ਖਾਣੇ ਚੰਗੇ ਨਹੀਂ ਸੀ ਲੱਗਦੇ ਹੁੰਦੇ। ਮੇਰੀ ਜਾਚੇ ਜੇ ਬੰਦੇ ਨੂੰ ਕੋਈ ਚੀਜ਼ ਬਹੁਤ ਬੁਰੀ ਤਰ੍ਹਾਂ

ਘਾਇਲ ਕਰਦੀ ਹੈ ਤਾਂ ਉਹ ਹੈ ਜ਼ਿਹਨੀ ਇਕੱਲਤਾ। ਮੈਂ ਬਹੁਤ ਹੀ ਪੀੜਤ ਸਮੇਂ ਵਿਚੀਂ ਗੁਜ਼ਰ ਰਿਹਾ ਸਾਂ। ਨੀਂਦਰ ਨਹੀਂ ਸੀ ਆਉਂਦੀ। ਪਰਿਵਾਰ ਦੀ ਵੀ ਬੜੀ ਯਾਦ ਆਉਂਦੀ ਸੀ। ਦੇਸ਼ ਵੀ ਯਾਦ ਆਉਂਦਾ ਸੀ। ਹਮਖਿਆਲ ਵੀ ਕੋਈ ਨਹੀਂ ਸੀ ਮਿਲਦਾ। ਮੈਂ ਘਬਰਾ ਕੇ ਇਕ ਦਿਨ ਘਰ ਚਿੱਠੀ ਲਿਖੀ। ਆਪਣੀ ਨੌਕਰੀ ਬਾਰੇ ਵੀ ਦੱਸਿਆ ਤੇ ਦੁੱਖਾਂ ਤਕਲੀਫਾਂ ਬਾਰੇ ਵੀ ਵਿਸਥਾਰ ਦਿੱਤਾ। ਮੇਰੇ ਬਿਜ਼ਨੈਸਮੈਨ ਭਰਾ ਨੇ ਫੌਰਨ ਖਤ ਲਿਖਿਆ। 'ਘਬਰਾਉਣ ਵਾਲੀ ਕੋਈ ਗੱਲ ਨਹੀਂ ਹੈ। ਬਥੇਰਾ ਕੰਮ ਹੈ ਇਥੇ। ਫੌਰਨ ਵਾਪਸ ਆ ਜਾ। ਹੈਥੇ ਕਾਮਯਾਬੀ ਨਹੀਂ ਮਿਲੀ ਤਾਂ ਕੋਈ ਗੱਲ ਨਹੀਂ ਹੈ। ਮਨ 'ਤੇ ਨਾ ਲਾ।'

ਪ੍ਰੰਤੂ ਉਦੋਂ ਤੀਕ ਮੈਂ ਅਰਨੈਸਟ ਹੈਮਿੰਗਵੇ ਦੀ ਉਹ ਕਿਤਾਬ ਪੜ੍ਹ ਲਈ ਸੀ ਜਿਸ ਵਿਚ ਇਕ ਬਾਬਾ ਆਪਣੇ ਪੋਤਰੇ ਨੂੰ ਹਜ਼ਾਰ ਡਾਲਰ ਦਿੰਦਾ ਹੈ ਤੇ ਕਹਿੰਦਾ ਹੈ ਕਿ ਜਾਹ ਸਮੁੰਦਰ ਦੇ ਉਸ ਪਾਰ ਜਿਹੜਾ ਜਜ਼ੀਰਾ ਦਿਸਦਾ ਹੈ ਉਥੇ ਜਾ ਕੇ ਆਪਣੀ ਕਿਸਮਤ ਅਜ਼ਮਾਅ। ਮਿਹਨਤ ਕਰੀਂ। ਬੜੇ ਹੀਰਿਆਂ ਤੇ ਜਵਾਹਰਾਤਾਂ ਦੇ ਜ਼ਖੀਰੇ ਹਨ ਉਥੇ। ਮਾਲਾ-ਮਾਲ ਹੋ ਜਾਏਂਗਾ -ਪ੍ਰੰਤੂ ਤਦੇ ਜੇਕਰ ਹਿੰਮਤ ਦਾ ਪੱਲਾ ਨਹੀਂ ਛੱਡੇਂਗਾ ਤਾਂ। ਪਰ ਮੁੰਡਾ ਉਸ ਜਜ਼ੀਰੇ ਦੀ ਸਖ਼ਤ ਤੇ ਖੁਰ੍ਹਦਰੀ ਜ਼ਿੰਦਗੀ ਦਾ ਮੁਕਾਬਲਾ ਨਾ ਕਰ ਸਕਿਆ। ਹਜ਼ਾਰ ਡਾਲਰ ਖਰਚ ਆਇਆ ਤੇ ਜਿਹੜੀ ਕਿਸ਼ਤੀ ਬਾਬੇ ਨੇ ਦਿੱਤੀ ਸੀ ਉਸੇ ਵਿਚ ਹੀ ਵਾਪਸ ਆ ਗਿਆ। ਦੂਜੀ ਵੇਰ ਕੁਝ ਸਮੇਂ ਬਾਅਦ ਬਾਬੇ ਨੇ ਦੋ ਹਜ਼ਾਰ ਡਾਲਰ ਦੇ ਕੇ ਉਹਨੂੰ ਫੇਰ ਉਸੇ ਜਜ਼ੀਰੇ ਵੱਲ ਤੋਰਿਆ ਤੇ ਪਹਿਲਾਂ ਨਾਲੋਂ ਵੀ ਵੱਧ ਜ਼ੋਰਦਾਰ ਸ਼ਬਦਾਂ ਨਾਲ ਮਿਹਨਤ ਮੁਸ਼ੱਕਤ ਕਰਨ ਤੇ ਦ੍ਰਿੜ੍ਹਤਾ ਪੈਦਾ ਕਰਨ ਦਾ ਉਪਦੇਸ਼ ਦਿੱਤਾ। ਪੋਤਾ ਫੇਰ ਛੇਤੀ ਹੀ ਵਾਪਸ ਆ ਗਿਆ। ਪੈਸੇ ਵੀ ਖਰਚ ਆਇਆ ਤੇ ਆ ਕੇ ਫਿਰ ਉਸ ਨੇ ਕਿਹਾ ਕਿ ਬਾਬਾ ਜੀ ਉਥੇ ਬਹੁਤ ਹੱਡ-ਭੰਨਵੀਂ ਮਿਹਨਤ ਕਰਨੀ ਪੈਂਦੀ ਹੈ। ਖੁਰ੍ਹਦਰੀ ਤੇ ਸਖ਼ਤ ਹੈ ਜ਼ਿੰਦਗੀ ਉਥੇ। ਮੈਥੋਂ ਨ੍ਹੀ ਉਥੇ ਰਿਹਾ ਜਾਣਾ। ਤੀਜੀ ਵੇਰ ਬਜ਼ੁਰਗ ਆਪ ਉਹਦੇ ਨਾਲ ਗਿਆ। ਜਦੋਂ ਕਿਸ਼ਤੀ ਜਜ਼ੀਰੇ ਦੇ ਤੱਟ ਉੱਤੇ ਲੱਗੀ ਤਾਂ ਬਾਬੇ ਨੇ ਤੀਲਾਂ ਦੀ ਡੱਬੀ ਜੇਬ 'ਚੋਂ ਕੱਢ ਕੇ ਉਹ ਨੂੰ ਅੱਗ ਲਗਾ ਦਿੱਤੀ। ਮਿੰਟਾਂ ਵਿਚ ਹੀ ਕਿਸ਼ਤੀ ਸੜ ਕੇ ਸੁਆਹ ਹੋ ਗਈ। ਫਿਰ ਉਸ ਨੇ ਪੋਤੇ ਨੂੰ ਕਿਹਾ, 'ਲੈ ਪੁੱਤਰਾਂ ਨਾ ਹੁਣ ਬਾਂਸ ਰਿਹਾ ਹੈ ਤੇ ਨਾ ਹੀ ਹੁਣ ਬਾਂਸਰੀ ਵੱਜੇਗੀ। ਕਿਸ਼ਤੀ ਸਾੜ ਦਿੱਤੀ ਗਈ ਹੈ। ਕਿਸ਼ਤੀ ਬਣਾਉਣ ਲਈ ਮਿਹਨਤ ਕਰਨੀ ਪਵੇਗੀ ਤੇ ਜੇਕਰ ਤਰ ਕੇ ਉਸ ਪਾਰ ਜਾਣ ਦੀ ਕੋਸ਼ਿਸ਼ ਕਰੇਂਗਾ ਤਾਂ ਰਾਹ ਵਿਚ ਹੀ ਜਾਂ ਥੱਕ ਕੇ ਮਰ ਜਾਏਂਗਾ ਤੇ ਜਾਂ ਫਿਰ ਤੈਨੂੰ ਮਗਰਮੱਛ ਖਾ ਜਾਣਗੇ।

ਅਖ਼ੀਰ ਨੂੰ ਇਹ ਲੜਕਾ ਆਪਣੀ ਮਿਹਨਤ ਅਤੇ ਦ੍ਰਿੜ੍ਹਤਾ ਕਾਰਨ ਉਸ ਜਜ਼ੀਰੇ ਦਾ ਬਾਦਸਾਹ ਬਣਿਆ।

ਸੋ ਜਦੋਂ ਮੈਂ ਆਪਣੇ ਬਿਜ਼ਨੈਸਮੈਨ ਭਰਾ ਦੀ ਚਿੱਠੀ ਦਾ ਉੱਤਰ ਦਿੱਤਾ ਤਾਂ ਇਹੋ ਲਿਖਿਆ, 'ਕਿਸ਼ਤੀਆਂ ਸਾੜ ਦਿੱਤੀਆਂ ਹਨ ਮੈਂ।'

ਇਹੋ ਹੀ ਮਤਲਬ ਸੀ ਅਮਰੀਕਨ ਇਮੀਗਰੇਸ਼ਨ ਅਫਸਰ ਦੀ ਗੱਲ ਦਾ। ਤੁਸੀਂ ਕਿਸੇ ਓਪਰੇ ਦੇਸ਼ ਵਿਚ ਦ੍ਰਿੜ੍ਹਤਾ ਬਿਨਾਂ ਟਿਕ ਵੀ ਨਹੀਂ ਸਕਦੇ ਤੇ ਕਾਮਯਾਬ ਵੀ ਨਹੀਂ ਹੋ ਸਕਦੇ।

ਜਿਹੜੇ ਲੋਕ ਇੰਗਲੈਂਡ ਵਿਚ ਅਤੀ ਕਠਿਨ ਜ਼ਿੰਦਗੀ ਵਿਚੀਂ ਲੰਘ ਕੇ ਕਾਮਯਾਬ ਹੋਏ ਹੋਣ, ਉਨ੍ਹਾਂ ਤੋਂ ਇੱਥੋਂ ਪੱਟ ਹੋ ਕੇ ਕਿਸੇ ਹੋਰ ਮੁਲਕ ਵਿਚ ਮੁੜ ਤੋਂ ਫੇਰ ਉਹ ਕੁਝ ਨਹੀਂ ਹੁੰਦਾ ਜੋ

ਇਥੇ ਕਰ ਲਿਆ ਹੁੰਦਾ ਹੈ।। ਇਸੇ ਲਈ ਜਦੋਂ ਇੰਗਲੈਂਡ ਵਾਲੇ ਇੰਡੀਅਨ ਲੋਕ ਅਮਰੀਕਾ ਅਤੇ ਕੈਨੇਡਾ ਵਿਚ ਜਾਂਦੇ ਹਨ ਤਾਂ ਉਨ੍ਹਾਂ ਨੂੰ ਅੱਗੇ ਔਖੀਆਂ ਘਾਟੀਆਂ ਨਜ਼ਰ ਆਉਣ ਲੱਗ ਪੈਂਦੀਆਂ ਹਨ। ਇਨ੍ਹਾਂ ਔਖੀਆਂ ਘਾਟੀਆਂ ਨੂੰ ਪਾਰ ਕਰਨ ਵਾਸਤੇ ਵੀ ਇਕ ਸਮਾਂ ਹੁੰਦਾ ਹੈ, ਇਕ ਉਮਰ ਹੁੰਦੀ ਹੈ ਪਰ ਇੰਗਲੈਂਡ ਤੋਂ ਅਮਰੀਕਾ ਜਾਣ ਵਾਲਿਆਂ ਕੋਲ ਨਾ ਉਹ ਸਮਾਂ ਹੈ ਤੇ ਨਾ ਉਹ ਜੁਆਨ ਉਮਰ ਹੈ।

ਜਿਹੜੇ ਲੋਕ ਭਾਰਤ ਤੋਂ ਇੰਗਲੈਂਡ ਵਿਚ ਆ ਵਸੇ ਹਨ, ਉਨ੍ਹਾਂ ਦੀਆਂ ਜੜ੍ਹਾਂ ਇਸ ਮੁਲਕ ਵਿਚ ਮਸਾਂ ਹੀ ਲੱਗੀਆਂ ਹਨ। ਪਹਿਲੇ ਕਈ ਸਾਲ ਤਾਂ ਉਹ ਦੇਸ ਦੇ ਹੇਰਵੇ ਦਾ ਹੀ ਸ਼ਿਕਾਰ ਰਹੇ। ਉਹ ਇਹੋ ਹੀ ਸੋਚਦੇ ਰਹੇ ਕਿ ਉਹ ਪੈਸੇ ਕਮਾ ਕੇ ਇਕ ਨਾ ਇਕ ਦਿਨ ਵਾਪਸ ਆਪਣੇ ਦੇਸ਼ ਪਰਤ ਜਾਣਗੇ। ਫੇਰ ਉਨ੍ਹਾਂ ਦੇ ਬੱਚੇ ਹੋ ਗਏ ਤੇ ਕਈਆਂ ਦੇ ਬੱਚਿਆਂ ਦੇ ਵੀ ਬੱਚੇ ਹੋ ਗਏ। ਇੰਗਲੈਂਡ ਵਿਚ ਜੰਮੇ ਤੇ ਪਲੇ ਬੱਚਿਆਂ ਲਈ ਭਾਰਤ ਓਨਾ ਹੀ ਓਪਰਾ ਮੁਲਕ ਹੈ ਜਿੰਨਾ ਸਾਡੇ ਲਈ ਕਦੇ ਇੰਗਲੈਂਡ ਸੀ। ਇਹ ਬੱਚੇ ਸਾਡੇ ਵਾਂਗ ਟਰਾਂਸਪਲਾਂਟ ਕੀਤੇ ਹੋਏ ਨਹੀਂ ਹਨ। ਟਰਾਂਸਪਲਾਂਟ ਕੀਤੇ ਹੋਏ ਪੌਦੇ ਦੀਆਂ ਜੜ੍ਹਾਂ ਹੌਲੀ ਹੌਲੀ ਹੀ ਲੱਗਦੀਆਂ ਹਨ ਪਰ ਜਿਹੜਾ ਜੰਮਿਆਂ ਹੀ ਇੰਗਲੈਂਡ ਦੀ ਭੋਂਅ ਉਤੇ ਹੋਵੇ ਉਹਨੇ ਕੀ ਓਪਰਾ ਮਹਿਸੂਸ ਕਰਨੈ ਭਲਾ?। ਇਕ ਗੱਲ ਹੋਰ ਵੀ ਹੈ ਕਿ ਅਗਰ ਸਾਡੇ ਬੱਚੇ ਸਾਡੇ ਨਾਲ ਅਮਰੀਕਾ ਜਾਂ ਕੈਨੇਡਾ ਨਹੀਂ ਤੁਰਦੇ ਤਾਂ ਅਸੀਂ ਉਥੇ ਜਾ ਕੇ ਇਨ੍ਹਾਂ ਬਾਝੋਂ ਕਰਨਾ ਵੀ ਕੀ ਹੈ? ਅਸੀਂ ਪਹਿਲਾਂ ਮਾਂ ਬਾਪ ਪਿੱਛੇ ਛੱਡ ਕੇ ਆਏ ਸਾਂ। ਸਾਡੇ 'ਚੋਂ ਕਈ ਮੇਰੇ ਵਰਗੇ ਮਾਂ ਬਾਪ ਦੀ ਅਰਥੀ ਨੂੰ ਮੋਢਾ ਵੀ ਨਹੀਂ ਸੀ ਦੇ ਸਕੇ। ਖਾਸ ਕਰਕੇ ਮਾਂ ਦੀ ਅਰਥੀ ਨੂੰ ਮੋਢਾ ਨਾ ਦੇ ਸਕਣਾ ਸਿਰਫ ਨਿਕਰਮੇ ਪੁੱਤਰਾਂ ਦੇ ਹਿੱਸੇ ਹੀ ਆਉਂਦਾ ਹੈ ਪਰ ਸੁਰਜੀਤ ਪਾਤਰ ਦੇ ਕਹਿਣ ਵਾਂਗ ਕਿ 'ਜੋ ਵਿਦੇਸਾਂ 'ਚ ਰੁਲਦੇ ਨੇ ਰੋਜ਼ੀ ਲਈ/ ਉਹ ਜਦੋਂ ਦੇਸ ਪਰਤਣਗੇ ਕਦੀ/ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ/ਬਾਕੀ ਕਬਰਾਂ ਦੇ ਰੁੱਖ ਹੇਠ ਜਾ ਬਹਿਣਗੇ।' ਬੱਸ ਇਹੋ ਹਾਲ ਹੋਇਆ ਹੈ ਕਈਆਂ ਨਾਲ। ਸੋ ਇਸੇ ਲਈ ਜਦੋਂ ਕੋਈ ਕਹਿੰਦਾ ਹੈ ਕਿ ਮੈਂ ਅਮਰੀਕਾ 'ਚ ਸੈਟਲ ਹੋਣ ਚੱਲਿਆ ਹਾਂ ਤਾਂ ਮੈਨੂੰ ਇਹੋ ਖਿਆਲ ਆਉਂਦੈ ਕਿ ਪਹਿਲਾਂ ਮਾਂ ਪਿਓ ਛੱਡੇ। ਹੁਣ ਬੱਚਿਆਂ ਨੂੰ ਛੱਡ ਕੇ ਕਾਹਦੇ ਲਈ ਇਹ ਕਿਸੇ ਹੋਰ ਟਾਪੂ ਨੂੰ ਚੱਲੇ ਨੇ? ਇਕ ਹੋਰ ਸੁਆਲ ਕਿ ਭਲਾ ਸਾਡੇ ਬੱਚੇ ਇੰਗਲੈਂਡ ਨੂੰ ਕਿਉਂ ਨਹੀਂ ਛੱਡ ਕੇ (ਕੁਝ ਕੁ ਚੰਗੀਆਂ ਅਮਰੀਕਨ ਕੰਪਨੀਆਂ ਨਾਲ ਉਥੇ ਚਲੇ ਵੀ ਗਏ ਹਨ) ਜਾਂਦੇ? ਇਸ ਦਾ ਜਵਾਬ ਤਾਂ ਇਹੋ ਹੈ ਕਿ ਇੰਗਲੈਂਡ ਵਿਚ ਜੰਮੇ ਪਲੇ ਲੋਕ ਆਪਣਾ ਦੇਸ (ਇੰਗਲੈਂਡ) ਕਿਉਂ ਛੱਡਣ? ਅਸੀਂ ਤਾਂ ਦੇਸ 'ਚੋਂ ਆਪਣੇ ਜੀਵਨ ਦੀ ਬਿਹਤਰੀ ਲਈ ਤੇ ਚੰਗੀ ਰੋਟੀ ਕਮਾਉਣ ਲਈ ਆਏ ਸਾਂ। ਇੰਗਲੈਂਡ 'ਚ ਜੰਮਿਆ ਪਲ਼ਿਆ ਬੱਚਾ ਕਾਹਦੇ ਲਈ ਅਮਰੀਕਾ ਜਾਵੇ? ਇੰਗਲੈਂਡ ਖ਼ੁਦ ਹੀ ਕਾਫੀ ਅਮੀਰ ਦੇਸ਼ ਹੈ।

ਜਦੋਂ ਅਸੀਂ ਅਮਰੀਕਾ ਜਾਂ ਕੈਨੇਡਾ ਜਾਂਦੇ ਹਾਂ ਤਾਂ ਸਾਡੇ ਲਈ ਉਹ ਦੇਸ ਓਪਰੇ ਨਹੀਂ ਲੱਗਦੇ। ਬੱਸ ਪੌਂਡ ਤੇ ਪੈਂਸ ਦੀ ਥਾਂ ਡਾਲਰ ਅਤੇ ਸੈਂਟ ਹੁੰਦੇ ਹਨ। ਖੱਬੇ ਪਾਸੇ ਟਰੈਫਿਕ ਚੱਲਣ ਦੀ ਥਾਂ ਉਥੇ ਸੱਜੇ ਪਾਸੇ ਟਰੈਫਿਕ ਚਲਦਾ ਹੈ। ਇੰਗਲੈਂਡ ਵਾਂਗ ਉਥੇ ਇਕ ਬੱਝਾ ਹੋਇਆ ਕਲਚਰ ਨਹੀਂ ਹੈ। ਅਨੇਕਾਂ ਦੇਸਾਂ ਤੋਂ ਆਏ ਹੋਏ ਲੋਕਾਂ ਦਾ ਸਤਰੰਗੇ ਆਕਾਰ ਵਰਗਾ ਕਲਚਰ ਹੈ। ਜੀਵਨ ਦੀ ਸੇਧ ਉਹੋ ਹੀ ਹੈ ਜਿਹੜੀ ਕਿਸੇ ਨੇ ਆਪਣੇ ਬਾਪ ਤੇ ਦਾਦੇ ਤੋਂ ਸਿੱਖੀ ਹੈ। ਅਗਰ ਕੁਝ ਲੋਕ

ਇਸ ਜੀਵਨ ਜਾਂਚ ਨੂੰ ਅਗਾਂਹ ਆਪਣੇ ਬੱਚਿਆਂ ਨੂੰ ਚੰਗੀ ਤਰ੍ਹਾਂ ਨਹੀਂ ਪਹੁੰਚਾ ਸਕਦੇ ਤਾਂ ਉਨ੍ਹਾਂ ਦੇ ਬੱਚੇ ਟੀ ਵੀ ਕਲਚਰ ਵਾਲੇ ਬਣ ਜਾਂਦੇ ਹਨ। ਟੀ ਵੀ ਕਲਚਰ ਵਾਲੇ ਬੱਚੇ ਜੰਕ ਫੂਡ ਖਾ ਕੇ ਜੰਕ ਕਿਸਮ ਦੀ ਜ਼ਿੰਦਗੀ ਜਿਉਣ ਲੱਗ ਪੈਂਦੇ ਹਨ। ਮੈਂ ਇਥੇ ਜਨਰੇਲਾਈਜ਼ ਨਹੀਂ ਕਰ ਰਿਹਾ- ਅਮਰੀਕਾ ਤੇ ਕੈਨੇਡਾ ਵਿਚ ਬਥੇਰੇ ਲੋਕ ਹਨ (ਮੇਰੇ ਤਾਂ ਯਾਰ ਦੋਸਤ ਤੇ ਰਿਸ਼ਤੇਦਾਰ ਵੀ ਉਥੇ ਬਹੁਤ ਹਨ) ਜਿਨ੍ਹਾਂ ਨੇ ਆਪਣੀ ਔਲਾਦ ਨੂੰ ਬੜੀ ਵਧੀਆ ਸੇਧ ਦਿੱਤੀ ਹੈ ਤੇ ਵਧੀਆ ਜੀਵਨ ਜਾਂਚ ਦੱਸੀ ਹੈ। ਗੱਲ ਮੈਂ ਉਨ੍ਹਾਂ ਲੋਕਾਂ ਦੀ ਕਰ ਰਿਹਾ ਹਾਂ ਜਿਨ੍ਹਾਂ ਕੋਲ ਇਹ ਜੀਵਨ-ਸੇਧ ਦੇਣ ਦਾ ਵਕਤ ਹੀ ਨਹੀਂ ਹੈ। ਇਹੋ ਜਿਹੇ ਲੋਕ ਵੈਸੇ ਕਿਤੇ ਵੀ ਹੋ ਸਕਦੇ ਹਨ।

ਅਮਰੀਕਾ ਵਿਚ ਬਹੁਤ ਵੱਡੇ ਵੱਡੇ ਘਰ ਹਨ, ਜਿਹੜੇ ਮੈਨੂੰ ਚੰਗੇ ਲੱਗਦੇ ਹਨ। ਉਸ ਦੇਸ ਕੋਲ਼ ਬੇਸ਼ੁਮਾਰ ਜ਼ਮੀਨ ਹੈ ਤੇ ਖੁੱਲ੍ਹੇ ਮੈਦਾਨ ਹਨ-ਜਿਹੜੇ ਮੈਨੂੰ ਚੰਗੇ ਲੱਗਦੇ ਹਨ। ਅਮਰੀਕਾ ਤੇ ਕੈਨੇਡਾ ਵਿਚ ਇੰਗਲੈਂਡ ਨਾਲੋਂ ਘੱਟ ਨਸਲੀ ਵਿਤਕਰੇ ਹਨ, ਜਿਹੜੀ ਚੰਗੀ ਗੱਲ ਹੈ। ਪਰ ਅਮਰੀਕਾ ਵਿਚ ਨਸਲਵਾਦ ਵਿਰੁੱਧ ਕਾਨੂੰਨ ਵੀ ਕੋਈ ਨਹੀਂ ਹੈ। ਇੰਗਲੈਂਡ ਵਿਚ ਨਸਲੀ ਵਿਤਕਰੇ ਨੂੰ ਕ੍ਰਿਮਨਲ ਉਫੈਂਸ ਕਬੂਲ ਕਰ ਲਿਆ ਗਿਆ ਹੈ। ਇੰਗਲੈਂਡ ਵਿਚ ਇਕ ਵੇਰ ਅਗਰ ਤੁਸੀਂ ਕੰਮ ਉਤੇ ਲੱਗ ਜਾਓ ਤਾਂ ਥੋੜ੍ਹੇ ਕੀਤਿਆਂ ਤੁਹਾਨੂੰ ਕੱਢਿਆ ਨਹੀਂ ਜਾ ਸਕਦਾ। ਅਮਰੀਕਾ ਤੇ ਕੈਨੇਡਾ ਵਿਚ ਨੌਕਰੀ ਦੀ ਸਕਿਉਰਟੀ ਇਥੋਂ ਵਰਗੀ ਨਹੀਂ ਹੈ। ਇੰਗਲੈਂਡ ਵਿੱਚ ਮੈਡੀਕਲ ਸਿਸਟਮ ਮੁਫਤ ਵਿਚ ਹੈ ਜਦਕਿ ਅਮਰੀਕਾ ਵਿੱਚ ਅਗਰ ਤੁਹਾਡੀ ਮੈਡੀਕਲ ਇਨਸ਼ੋਰੈਂਸ ਨਾ ਹੋਈ ਹੋਵੇ ਤਾਂ ਤੁਸੀਂ ਇਕਦਮ ਕੰਗਾਲ ਹੋ ਸਕਦੇ ਹੋ। ਇੰਗਲੈਂਡ ਵਿੱਚ ਅਗਰ ਤੁਸੀਂ ਆਪਣੇ ਬੱਚੇ ਨੂੰ ਆਹਲਾ ਕਿਸਮ ਦਾ ਇੰਜੀਨੀਅਰ, ਡਾਕਟਰ, ਅਕਾਊਂਟੈਂਟ ਜਾਂ ਸਾਇੰਸਦਾਨ ਬਣਾਉਣਾ ਹੈ ਤਾਂ ਤਾਲੀਮ ਮੁਫਤ ਵਿੱਚ ਹੈ। ਅਮਰੀਕਾ ਵਿੱਚ ਤੁਸੀਂ ਆਪਣੀ ਔਲਾਦ ਨੂੰ ਡਾਕਟਰ ਜਾਂ ਕੁਝ ਹੋਰ ਬਣਾਉਣ ਵਿਚ ਓਨੀ ਦੇਰ ਤੀਕ ਸਫਲ ਨਹੀਂ ਹੋ ਸਕਦੇ ਜਿੰਨੀ ਤੇਰ ਤੀਕ ਕਿ ਤੁਸੀਂ ਦਿਹਾੜੀ ਵਿਚ ਇਕ ਤੋਂ ਵੱਧ ਨੌਕਰੀਆਂ ਨਹੀਂ ਕਰਦੇ। ਇੰਗਲੈਂਡ ਇਕ ਇਤਿਹਾਸਕ, ਸਭਿਆਚਾਰਕ, ਸਾਹਿਤਕ ਤੇ ਬੱਝਵੇਂ ਨੇਮਾਂ ਵਾ ਦੇਸ਼ ਹੈ। ਅਮਰੀਕਾ ਤੇ ਕਨੈਡਾ ਵੱਖ ਵੱਖ ਦੇਸ਼ਾਂ ਤੋਂ ਆਏ ਹੋਏ ਅਨੇਕਾਂ ਲੋਕਾਂ ਦੀ ਸਭਿਆਚਾਰਕ ਖਿਚੜੀ ਵਾਲੇ ਦੇਸ ਹਨ ਜਿਥੇ ਅਗਰ ਤੁਸੀਂ ਆਪਣੇ ਪਰਿਵਾਰ ਨੂੰ ਕੰਟਰੋਲ ਕਰ ਸਕਣ ਤੋਂ ਅਸਮਰੱਥ ਹੋ ਤਾਂ ਤਬਾਹ ਹੋ ਸਕਦੇ ਹੋ ਅਮਰੀਕਾ ਤੇ ਕੈਨੇਡਾ ਵਿੱਚ ਇੰਗਲੈਂਡ ਨਾਲੋਂ ਪੈਟਰੋਲ ਵੀ ਸਸਤਾ ਹੈ ਤੇ ਖਾਣ ਪੀਣ ਦੀਆਂ ਵਸਤਾਂ ਵੀ ਸਸਤੀਆਂ ਹਨ। ਪ੍ਰੋਫੈਸ਼ਨਲ ਲੋਕਾਂ ਦੀਆਂ ਤਨਖਾਹਾਂ ਇੰਗਲੈਂਡ ਨਾਲੋਂ ਵੱਧ ਹਨ। ਫੈਕਟਰੀਆਂ ਆਦਿ ਵਿਚ ਕੰਮ ਕਰਨ ਵਾਲੇ ਲੋਕੀਂ ਇੰਗਲੈਂਡ ਨਾਲੋਂ ਕਿਤੇ ਘੱਟ ਪੈਸੇ ਕਮਾਉਂਦੇ ਹਨ। ਕੈਨੇਡਾ ਤੇ ਅਮਰੀਕਾ ਦੇ ਮੈਡੀਕਲ ਅਤੇ ਸਿੱਖਿਆ ਦੇ ਖਰਚਾਂ ਦਾ ਅਗਰ ਲੇਖਾ ਜੋਖਾ ਕਰੀਏ ਤਾਂ ਇੰਗਲੈਂਡ ਤੋਂ ਆਏ ਹੋਏ ਬੰਦੇ ਨੂੰ ਉਥੇ ਕੋਈ ਫਾਇਦਾ ਨਹੀਂ ਹੈ।

ਭਾਰਤ ਤੋਂ ਸਿੱਧੇ ਜਾਣ ਵਾਲੇ ਬੰਦੇ ਲਈ ਤਾਂ ਬਾਹਰਲਾ ਕੋਈ ਵੀ ਪੱਛਮੀ ਦੇਸ਼ ਚੰਗਾ ਹੈ ਪਰ ਇੰਗਲੈਂਡ 'ਚ ਰਹਿਣ ਵਾਲੇ ਲੋਕੀਂ ਏਸ ਫਰਕ ਨੂੰ ਬਾਖੂਬੀ ਸਮਝਦੇ ਹਨ।

ਇੰਗਲੈਂਡ ਵਿਚ ਭਾਰਤੀਆਂ ਅਤੇ ਪਾਕਿਸਤਾਨੀਆਂ ਨੇ ਆਪਣੇ ਪੈਰ ਏਨੀ ਮਜ਼ਬੂਤੀ ਨਾਲ ਜਮਾ ਲਏ ਹਨ ਕਿ ਉਹ ਦਿਨ ਦੂਰ ਨਹੀਂ ਜਦੋਂ ਉਹ ਇਥੋਂ ਦੀ ਸਿਆਸਤ ਉਤੇ ਵੀ ਵਾਹਵਾ ਛਾ ਜਾਣਗੇ। ਇੰਡੀਅਨ ਮਿਊਜ਼ਿਕ, ਇੰਡੀਅਨ ਫਿਲਮਾਂ, ਇੰਡੀਅਨ ਰੇਡੀਓ,

ਇੰਡੀਅਨ ਅਖਬਾਰਾਂ ਤੇ ਇੰਡੀਅਨ ਖਾਣੇ ਇੰਗਲੈਂਡ ਵਿਚ ਛਾਏ ਪਏ ਹਨ। ਬਲਕਿ ਇਕ ਸਰਵੇਖਣ ਤੋਂ ਇਹ ਵੀ ਪਤਾ ਚਲਦਾ ਹੈ ਕਿ ਇੰਡੀਅਨ ਖਾਣਿਆਂ ਦੀ ਲੋਕਪ੍ਰੀਅਤਾ ਅੰਗਰੇਜ਼ੀ ਖਾਣਿਆਂ ਤੋਂ ਉੱਪਰ ਚਲੇ ਗਈ ਹੈ। ਇਥੇ ਈਦ, ਵੈਸਾਖੀ, ਦੀਵਾਲੀ ਤੇ ਹੋਰ ਤਿਉਹਾਰਾਂ ਉੱਤੇ ਵਾਹਵਾ ਰੌਣਕਾਂ ਲਗਦੀਆਂ ਹਨ। ਸ਼ਾਇਦ ਹੀ ਕੋਈ ਐਸਾ ਵੀਕ ਐਂਡ ਹੋਵੇਗਾ ਜਦੋਂ ਤੁਸੀਂ ਕਿਸੇ ਮਹਿਫਲ, ਵਿਆਹ-ਸ਼ਾਦੀ ਜਾਂ ਜਸ਼ਨ ਵਿਚ ਸ਼ਾਮਲ ਨਾ ਹੋਵੋ। ਛੱਜੂ ਦਾ ਚੁਬਾਰਾ ਛੱਡ ਕੇ ਇੰਗਲੈਂਡ ਆਏ ਸਾਂ। ਹੁਣ ਛੱਜੂ ਦਾ ਚੁਬਾਰਾ ਇਥੇ ਹੀ ਬਣਦਾ ਜਾ ਰਿਹਾ ਹੈ। ਇਸ ਨਵੇਂ ਚੁਬਾਰੇ ਨੂੰ ਮੁੜ ਛੱਡਣਾ ਸੌਖਾ ਨਹੀਂ ਹੈ।ਪਰ ਫ਼ਿਰ ਸੋਚੀਦਾ ਹੈ ਕਿ ਇਹਨੂੰ ਛੱਡਣਾ ਵੀ ਕਾਹਦੇ ਲਈ ਹੈ ਭਲਾ?

(1999)

# ਪੰਜਾਬੀ ਭਾਸ਼ਾ ਦਾ ਭੱਠਾ ਗੁੱਲ ਕਿਉਂ

ਸ਼ਾਇਦ ਓਸ ਵੇਲੇ ਜਦੋਂ ਕਿ ਹਰ ਕੋਈ ਸੋਚਦਾ ਹੈ ਕਿ ਪੰਜਾਬੀ ਭਾਸ਼ਾ ਦਾ ਕੁਝ ਲੋਕਲ ਕੌਂਸਲਾਂ ਵਿਚ ਯਥਾਯੋਗ ਬੋਲਬਾਲਾ ਹੈ ਤੇ ਕਈਆਂ ਕੌਂਸਲਾਂ ਦੇ ਸਕੂਲਾਂ ਵਿਚ ਪੰਜਾਬੀ ਜ਼ੁਬਾਨ ਪੜ੍ਹਾਈ ਜਾਣ ਲੱਗ ਪਈ ਹੈ ਤਾਂ ਇਹ ਗੱਲ ਕਹਿਣੀ ਕਿ ਪੰਜਾਬੀ ਭਾਸ਼ਾ ਦਾ ਭੱਠਾ ਗੁੱਲ ਹੋ ਰਿਹਾ ਹੈ, ਅਨੁਚਿਤ ਲਗਦੀ ਹੈ। ਫਿਰ ਇਸ ਦਾ ਭੱਠਾ ਗੁੱਲ ਕਰਨ ਵਾਲਿਆਂ ਵਿਚ ਅੰਗਰੇਜ਼ਾਂ ਦਾ ਨਹੀਂ ਬਲਕਿ ਸਾਡੇ ਹੀ ਪੰਜਾਬੀ ਦੇ ਘੜੰਮ ਚੌਧਰੀਆਂ ਦਾ ਹੱਥ ਹੈ। ਪਿਆਰੇ ਦੋਸਤੋ ਤੇ ਪਿਆਰੇ ਪਾਠਕੋ ਇਹ ਸ਼ਰਾਰਤ ਨਹੀਂ ਹਕੀਕਤ ਹੈ ਕਿ ਪੰਜਾਬੀ ਭਾਸ਼ਾ ਦਾ ਵਾਕਈ ਭੱਠਾ ਬਿਠਾਇਆ ਜਾ ਰਿਹਾ ਹੈ।

ਮੈਨੂੰ ਇਕ ਦਿਨ ਕਿਸੇ ਓਪਰੇ ਬੰਦੇ ਦਾ ਟੈਲੀਫੂਨ ਆਇਆ ਕਿ ਜੀ ਤੁਹਾਡੀ ਕਹਾਣੀ 'ਆਤਿਸ਼ਬਾਜ਼ੀ' ਮੇਰੀ ਬੱਚੀ ਨੇ ਪੜ੍ਹੀ ਹੈ। ਕਿਉਂਕਿ ਇਹ ਕਹਾਣੀ 'ਦੋ ਕਿਨਾਰੇ' ਨਾਮੀ ਕਿਤਾਬ ਵਿਚ ਅੰਕਿਤ ਹੈ ਤੇ ਮੇਰੀ ਬੱਚੀ ਪੰਜਾਬੀ ਭਾਸ਼ਾ ਦੀ 'ਏ ਲੈਵਲ' ਕਰ ਰਹੀ ਹੈ, ਜਿਸ ਲਈ ਇਹ ਉਸਨੂੰ ਪੜ੍ਹਨੀ ਪਈ। ਫ਼ੋਨ ਕਰਨ ਵਾਲੇ ਨੇ ਕਿਹਾ ਕਿ ਇਹ ਕਹਾਣੀ ਏਨੀ ਅਸ਼ਲੀਲ ਹੈ ਕਿ ਮੈਨੂੰ ਖ਼ੁਦ ਸ਼ਰਮ ਆ ਗਈ ਹੈ। ਮੈਨੂੰ ਇਹ ਇਤਰਾਜ਼ ਵੀ ਹੈ ਕਿ ਤੁਹਾਡੀ ਕਹਾਣੀ 'ਆਤਿਸ਼ਬਾਜ਼ੀ' 'ਏ ਲੈਵਲ' ਵਿਚ ਕਿਉਂ ਲਾਈ ਗਈ? ਮੈਂ ਬੜੀ ਨਿਮਰਤਾ ਸਹਿਤ ਕਿਹਾ ਕਿ ਭਾਈ ਸਾਹਿਬ ਮੈਨੂੰ ਬੜਾ ਅਫ਼ਸੋਸ ਹੈ ਕਿ ਤੁਹਾਨੂੰ ਮੇਰੀ ਕਹਾਣੀ ਪੜ੍ਹ ਕੇ ਏਨੀ ਤਕਲੀਫ਼ ਹੋਈ ਹੈ ਤੇ ਤੁਹਾਡੀ ਬੱਚੀ ਨੇ ਚੂੰਕਿ ਇਹ ਕਹਾਣੀ ਪੜ੍ਹੀ ਹੈ ਤੇ ਇਸਦਾ ਵੀ ਤੁਹਾਨੂੰ ਦੁੱਖ ਹੈ ਪਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਇਹ ਤੁਹਾਡੇ ਫ਼ੋਨ ਤੋਂ ਹੀ ਇਲਮ ਹੋਇਆ ਹੈ ਕਿ ਮੇਰੀ ਕਹਾਣੀ 'ਏ ਲੈਵਲ' ਵਿਚ ਲੱਗੀ ਹੋਈ ਹੈ ਤੇ ਤੁਹਾਡੇ ਫੋਨ ਤੋਂ ਹੀ ਇਹ ਪਤਾ ਲੱਗਾ ਕਿ ਇਹ ਕਹਾਣੀ ਹੈ ਵੀ ਅਸ਼ਲੀਲ। ਇਹ ਕਹਾਣੀ ਪੰਜਾਬੀ ਦੇ ਸਿਰਮੌਰ ਪੱਤਰ 'ਪ੍ਰੀਤਲੜੀ' ਵਿਚ ਦਾਰ ਜੀ ਦੇ ਜਿਉਂਦਿਆਂ ਹੀ ਛਪ ਚੁੱਕੀ ਹੈ। ਇਸ ਤੋਂ ਇਲਾਵਾ 'ਦੇਸ ਪ੍ਰਦੇਸ' ਤੇ ਅਨੇਕਾਂ ਹੋਰ ਪੱਤਰਾਂ ਵਿਚ ਵੀ ਛਪ ਚੁੱਕੀ ਹੈ। ਇਹ ਕਹਾਣੀ ਮੇਰੀ ਪੁਸਤਕ 'ਉੱਡਦੀਆਂ ਤਿਤਲੀਆਂ ਮਗਰ' ਤੇ 'ਮੌਸਮ ਖ਼ਰਾਬ ਹੈ' ਵਿਚ ਵੀ ਸੰਕਲਤ ਹੈ। ਪਹਿਲਾਂ ਕਦੇ ਕਿਸੇ ਨੇ ਕੋਈ ਇਤਰਾਜ਼ ਨਹੀਂ ਕੀਤਾ।

ਹਾਂ, ਇਹ ਕਹਾਣੀ ਸਾਡੇ ਇਕ ਮਾਰਕਸਵਾਦੀ ਲੇਖਕ ਅਮਰਜੀਤ ਚੰਦਨ ਨੇ ਆਪਣੀ ਸੰਪਾਦਤ ਪੁਸਤਕ 'ਦੋ ਕਿਨਾਰੇ' ਵਿਚ ਜ਼ਰੂਰ ਸ਼ਾਮਲ ਕੀਤੀ ਹੋਈ ਹੈ। ਕਿਸੇ ਦੇਸੀ ਸਿਆਸਤ ਰਾਹੀਂ ਇਹ ਕਿਤਾਬ 'ਏ ਲੈਵਲ' ਵਿਚ ਲੱਗ ਗਈ ਹੋਵੇਗੀ ਜ੍ਹਿਦੇ ਪ੍ਰਤੀਕਰਮ ਵਜੋਂ ਅੱਜ ਇਹ ਗੱਲ ਸਾਹਮਣੇ ਆਈ ਹੈ ਕਿ ਮੇਰੀ ਇਹ ਕਹਾਣੀ ਅਸ਼ਲੀਲ ਹੈ ਤੇ ਇਹ 'ਏ ਲੈਵਲ' 'ਚ ਪੜ੍ਹਾਉਣ ਦੇ ਕਾਬਲ ਨਹੀਂ ਹੈ। ਯਾਦ ਰਹੇ ਕਿ ਏਸ ਮੁਲਕ ਵਿਚ 'ਏ ਲੈਵਲ' ਦੇ ਵਿਦਿਆਥੀ ਲਗਭਗ

ਬਾਲਗ ਹੀ ਹੁੰਦੇ ਹਨ ਤੇ ਉਹ ਸਭ ਕੁਝ ਜਾਣਦੇ ਹੁੰਦੇ ਹਨ।

ਹੁਣ ਇਹ ਸੁਆਲ ਮੈਂ ਪੰਜਾਬੀ ਦੇ ਚੇਅਰਮੈਨ ਆਫ਼ ਐਗਜ਼ਾਮੀਨਿੰਗ ਬੋਰਡ ਨੂੰ ਪੁੱਛਿਆ ਕਿ ਜੀ ਤੁਸੀਂ 'ਦੋ ਕਿਨਾਰੇ' ਕਿਤਾਬ ਪੜ੍ਹੀ ਹੈ?

ਉਨ੍ਹਾਂ ਕਿਹਾ ਕਿ ਮੈਂ ਕਦੇ ਕੋਈ ਪੰਜਾਬੀ ਦੀ ਕਿਤਾਬ ਨਹੀਂ ਪੜ੍ਹੀ। ਮੈਂ ਕਿਹਾ ਕਿ ਅਮਰਜੀਤ ਚੰਦਨ ਦੀ ਇਹ ਕਿਤਾਬ ਕੋਰਸ ਵਿਚ ਲੱਗੀ ਕਿਵੇਂ? ਉਹਨਾਂ ਨੇ ਕਿਹਾ ਕਿ ਕਿਸੇ ਨੇ ਰੀਕੁਮੈਂਡ ਕੀਤੀ ਸੀ। ਇਸ ਗੱਲ ਦੀ ਪੁਸ਼ਟੀ ਉਸਦੇ ਹੋਰ ਸਾਥੀਆਂ ਨੇ ਵੀ ਕੀਤੀ ਕਿ ਬੋਰਡ ਵਿਚ ਬੈਠੇ ਕਈ ਬੰਦੇ ਪੰਜਾਬੀ ਸਾਹਿਤ ਤੇ ਪੰਜਾਬੀ ਲੇਖਕਾਂ ਤੇ ਉਹਨਾਂ ਦੀਆਂ ਲਿਖਤਾਂ ਤੋਂ ਉੱਕਾ ਚੁੱਕਾ ਨਾਵਾਕਫ਼ ਹਨ ਤੇ ਉਹ ਕਿਸੇ ਦੀ ਰਚਨਾ ਨਹੀਂ ਪੜ੍ਹਦੇ। ਐਗਜ਼ਾਮਨਿੰਗ ਬੋਰਡ ਦੇ ਇਕ ਮੈਂਬਰ ਨੇ ਕਿਹਾ ਕਿ ਜੀ ਮੇਰੀ ਪਤਨੀ ਪੜ੍ਹ ਲੈਂਦੀ ਹੈ ਤੇ ਉਹ ਜਿਵੇਂ ਸਲਾਹ ਦਿੰਦੀ ਹੈ ਤਿਵੇਂ ਹੀ ਮੈਂ ਬੋਰਡ ਮੀਟਿੰਗ ਵਿਚ ਗੱਲ ਕਹਿ ਦਿੰਦਾ ਹਾਂ। ਮੈਂ ਕਿ ਭਾਈ ਤੂੰ ਖ਼ੁਦ ਕਿਤਾਬ ਕਿਉਂ ਨਹੀਂ ਪੜ੍ਹਦਾ? ਉਸਨੇ ਕਿਹਾ ਕਿ ਅਸੀਂ ਬਹੁਤ ਬਿਜ਼ੀ ਹਾਂ ਤੇ ਕਿਤਾਬਾਂ ਪੜ੍ਹਣ ਦੇ ਸਾਨੂੰ ਪੈਸੇ ਵੀ ਨਹੀਂ ਮਿਲਦੇ। ਮੈਂ ਕਿਹਾ ਕਿ ਜੇਕਰ ਤੁਸੀਂ ਬਹੁਤ ਬਿਜ਼ੀ ਹੋ ਤੇ ਤੁਹਾਨੂੰ ਇਹ ਜੌਬ ਕਰਨ ਦਾ ਮਿਹਨਤਾਨਾ ਵੀ ਨਹੀਂ ਮਿਲਦਾ ਤਾਂ ਤੁਹਾਨੂੰ ਇਹ ਕੰਮ ਨਹੀਂ ਕਰਨਾ ਚਾਹੀਦਾ। ਕਿਸੇ ਹੋਰ ਬੰਦੇ ਨੂੰ ਇਹ ਕੰਮ ਕਰਨ ਦਿਓ ਜਿਸ ਕੋਲ ਵਕਤ ਵੀ ਹੋਵੇ ਤੇ ਉਹ ਸਾਹਿਤਕ ਰੁਚੀਆਂ ਦਾ ਵੀ ਹੋਵੇ। ਉਸਨੇ ਕਿਹਾ ਕਿ ਜਿੰਨੀ ਦੇਰ ਤੱਕ 'ਉਪਰੋਂ' ਰੀਕੁਮੈਂਡਸ਼ਨ ਨਹੀਂ ਹੁੰਦੀ ਕੋਈ ਬੰਦਾ ਇਸ ਬੋਰਡ ਦਾ ਮੈਂਬਰ ਨਹੀਂ ਬਣ ਸਕਦਾ। ਹੁਣ ਇਹ ਸੁਆਲ ਪੈਦਾ ਹੁੰਦਾ ਹੈ ਕਿ 'ਉਪਰ' ਵਾਲੇ ਇਥੇ ਪੰਝੀ-ਪੰਝੀ, ਤੀਹ-ਤੀਹ ਸਾਲ ਤੋਂ ਲਿਖਣ ਵਾਲਿਆਂ ਬਾਰੇ ਕਿਉਂ ਨਹੀਂ ਜਾਣਦੇ? ਬੋਰਡ ਉੱਤੇ ਬੈਠੇ ਅਧਪੜ੍ਹ ਬੰਦੇ ਇਸ ਅਹੁਦੇ ਦੇ ਹੱਕਦਾਰ ਕਿਵੇਂ ਹਨ, ਕਿਹੜੀ ਤੇ ਕੀਹਦੀ ਕਿਤਾਬ ਇਹ ਕੋਰਸਾਂ ਵਿਚ ਲਾਉਂਦੇ ਹਨ, ਇਸ ਦਾ ਫੈਸਲਾ ਇਹ ਕਿਵੇਂ ਕਰਦੇ ਹਨ?

ਪਾਠਕਾਂ ਦੇ ਗਿਆਨ ਲਈ ਦੱਸਣਾ ਇਹ ਜ਼ਰੂਰੀ ਹੈ ਕਿ 'ਏ ਲੈਵਲ' ਵਿਚ ਸਵਰਨ ਚੰਦਨ ਦੀ ਕਿਤਾਬ 'ਕਦਰਾਂ ਕੀਮਤਾਂ' ਲੱਗੀ ਹੋਈ ਹੈ।

ਇਸ ਤੋਂ ਇਲਾਵਾ ਅਮਰਜੀਤ ਚੰਦਨ ਦੀ ਕਿਤਾਬ 'ਦੋ ਕਿਨਾਰੇ' ਲੱਗੀ ਹੋਈ ਹੈ। ਕੀ ਕੋਈ ਦੱਸ ਸਕਦਾ ਹੈ ਕਿ ਇਥੋਂ ਦੇ ਬੱਚਿਆਂ ਦੀ ਸਾਇਕੀ ਏਸ ਕਿਸਮ ਦੀ ਕਿਤਾਬ ਦੇ ਕਿਵੇਂ ਮੇਚ ਆਉਂਦੀ ਹੈ? ਆਈ.ਸੀ.ਨੰਦਾ ਦਾ ਇਕ ਨਾਟਕ 'ਝਲਕਾਰੇ' ਵੀ ਲੱਗਾ ਹੋਇਆ ਹੈ। ਗੁਰਬਖ਼ਸ਼ ਸਿੰਘ ਦੀ 'ਮੇਰੀ ਜੀਵਨ ਕਹਾਣੀ' ਵੀ 'ਏ ਲੈਵਲ' ਵਿਚ ਲੱਗੀ ਹੋਈ ਹੈ। ਮੈਨੂੰ ਕੋਈ ਹੈਰਾਨੀ ਨਹੀਂ ਹੈ ਜੇਕਰ ਸਾਡੇ ਬੱਚੇ ਪੰਜਾਬੀ ਤੋਂ ਮੂੰਹ ਮੋੜ ਰਹੇ ਹਨ। ਬੋਰਡ ਦਾ ਇਕ ਮੈਂਬਰ ਮੈਨੂੰ ਘੜੀ ਮੁੜੀ ਫ਼ੋਨ ਕਰੇ ਕਿ ਜੀ ਆਪਣੀ ਕੋਈ ਕਿਤਾਬ ਭੇਜੋ। ਫਿਰ ਜੀ.ਸੀ.ਐਸ.ਈ. ਜਾਂ ਏ ਲੈਵਲ ਲਈ ਲਾਉਣੀ ਹੈ ਪਰ ਇਕ ਮਹੀਨੇ ਬਾਅਦ ਜਦੋਂ ਉਹਦਾ ਫ਼ੋਨ ਆਇਆ ਤਾਂ ਪਤਾ ਲੱਗਾ ਕਿ ਉਹਨੇ ਕਿਤਾਬ ਦਾ ਇਕ ਸਫ਼ਾ ਵੀ ਪਰਤ ਕੇ ਨਹੀਂ ਸੀ ਵੇਖਿਆ। ਬਲਕਿ ਕਿਹਾ ਕਿ ਜੀ ਰਘਬੀਰ ਢੰਡ ਦੀ ਕਿਤਾਬ ਵੀ ਆਈ ਪਈ ਹੈ ਤੇ ਕੈਲਾਸ਼ਪੁਰੀ ਦੀ ਵੀ। ਭਲਾ ਜੀ ਬਿਨ੍ਹਾਂ ਪੈਸਿਆਂ ਤੋਂ ਇਹ ਕਿਤਾਬਾਂ ਅਸੀਂ ਕਿਉਂ ਪੜ੍ਹੀਏ? ਮੈਂ ਕਿਹਾ ਕਿ ਕੀ ਤੁਹਾਨੂੰ ਕਿਸੇ ਕਾਲੇ ਕੁੱਤੇ ਨੇ ਕੱਟਿਆ ਹੋਇਆ ਹੈ ਕਿ ਤੁਸੀਂ ਬੋਰਡ ਦੇ ਮੈਂਬਰ ਬਣੇ ਰਹੋ।

ਮੈਂ ਕਿਸੇ ਸਸਤੇ ਬਹਿਸ ਮੁਬਾਸੇ ਵਿਚ ਪੈਣ ਨਾਲੋਂ ਇਹ ਪੁੱਛਦਾ ਹਾਂ ਕਿ 1. ਕਿਤਾਬਾਂ

ਲਾਉਣ ਤੇ ਹਟਾਉਣ ਵਾਲੇ ਇਹ ਬੰਦੇ ਕੌਣ ਹਨ? 2. ਇਹਨਾਂ ਨੂੰ ਕੌਣ ਐਪੁਆਇੰਟ ਕਰਦਾ ਹੈ? 3. ਸਆਦਨ ਹਸਨ ਮੰਟੋ ਦੀ ਕਹਾਣੀ 'ਖੋਲ੍ਹ ਦੋ' ਜਿਸ ਵਿਚ ਇਕ ਉਸ ਅਬਲਾ ਦਾ ਜ਼ਿਕਰ ਸੀ ਜਿਹੜੀ ਸੰਤਾਲੀ ਦੇ ਹੱਲਿਆਂ ਵੇਲੇ ਏਨੀ ਵੇਰ ਰੇਪ ਕੀਤੀ ਗਈ ਸੀ ਕਿ ਉਸ ਲਈ 'ਖੋਲ੍ਹ ਦੋ' ਦੇ ਮਾਅਨੇ ਸਿਰਫ਼ ਨਾਲਾ ਖੋਲ੍ਹਣਾ ਹੀ ਰਹਿ ਗਿਆ ਸੀ ਤੇ ਜਿਹੜੀ ਬੇਹੋਸ਼ੀ ਦੀ ਹਾਲਤ ਵਿਚ ਜਦੋਂ ਹਸਪਤਾਲ ਲਿਆਂਦੀ ਗਈ ਤਾਂ ਡਾਕਟਰ ਦੇ ਇਹ ਕਹਿਣ 'ਤੇ ਕਿ 'ਖੋਲ੍ਹ ਦੋ' ਭਾਵ ਖਿੜਕੀ ਖੋਲ੍ਹ ਦੋ ਸੁਣਦਿਆਂ ਹੀ ਉਸ ਨੇ ਅਧਹੋਸ਼ੀ ਵਿਚ ਨਾਲਾ ਖੋਲ੍ਹ ਦਿੱਤਾ ਸੀ, ਵੀ ਕਿਸੇ ਵੇਲੇ ਵਿਵਰਜਿਤ ਫਲ਼ ਵਾਂਗ ਸਾਡੇ ਸਮਾਜਕ ਚੌਧਰੀਆਂ ਨੇ ਬੈਨ ਕਰ ਦਿੱਤੀ ਸੀ ਪਰ ਅੱਜ ਉਹ ਕਹਾਣੀ ਆਮ ਪੜ੍ਹੀ ਜਾਂਦੀ ਹੈ। ਡੀ.ਐਚ. ਲਾਰੰਸ ਦੀ ਕਿਤਾਬ 'ਲੇਡੀ ਚੈਟਰਲੇਜ਼ ਲਵਰ' ਦਾ ਮੁਕੱਦਮਾ ਹਾਊਸ ਆਫ ਲਾਰਡਜ਼ ਤੱਕ ਗਿਆ ਸੀ। ਕਿਤਾਬ ਪੈਂਗੁਅਨ ਵਾਲੇ ਲੱਖਾਂ ਦੀ ਗਿਣਤੀ ਵਿਚ ਵੇਚਦੇ ਹਨ ਤੇ ਲੋਕਾਂ ਦੀਆਂ ਸ਼ੈਲਫਾਂ ਦੀ ਜ਼ੀਨਤ ਹੈ। ਹੁਣ ਇਸ ਵਿਚਲੀ ਅਸ਼ਲੀਲਤਾ ਕਿਥੇ ਗਈ?

ਏਸੇ ਤਰ੍ਹਾਂ ਇੰਗਲੈਂਡ ਦੇ ਪੰਜਾਬੀ ਜ਼ੁਬਾਨ ਦੇ ਇਹ ਵੱਡੇ ਮੁਦਈ ਮੇਰੀ ਕਹਾਣੀ 'ਆਤਿਸ਼ਬਾਜ਼ੀ' ਨੂੰ 'ਦੋ ਕਿਨਾਰੇ' ਵਿਚੋਂ ਕੱਢ ਰਹੇ ਹਨ। 'ਆਤਿਸ਼ਬਾਜ਼ੀ' ਵਿਚ ਉਸ ਪੰਜਾਬੀ ਔਰਤ ਦੀ ਕਹਾਣੀ ਹੈ ਜਿਹੜੀ ਸਾਰਾ ਦਿਨ ਘਰ ਰਹਿੰਦੀ ਹੈ ਤੇ ਬੋਰੀਅਤ ਦੀ ਸ਼ਿਕਾਰ ਹੈ ਤੇ ਮਰਦ ਉਹਦਾ ਸਾਰਾ ਦਿਨ ਵਪਾਰਕ ਧੰਦਿਆਂ ਵਿਚ ਗ਼ਲਤਾਨ ਰਹਿੰਦਾ ਹੈ ਤੇ ਪੌਂਡਾਂ ਦੀ ਲਾਲਚ ਵਿਚ ਉਹਦੀ ਸਰੀਰਕ ਲੋੜ ਵੱਲ ਵੀ ਤਵੱਜੋਂ ਨਹੀਂ ਦੇ ਸਕਦਾ। ਸਿੱਟੇ ਵਜੋਂ ਉਹ ਆਪਣੀ ਭੁੱਖ ਕਿਸੇ ਹੋਰ ਤੋਂ ਪੂਰੀ ਕਰ ਲੈਂਦੀ ਹੈ। ਮੈਂ ਪੁੱਛਦਾ ਹਾਂ ਕਿ ਕੀ ਇਹ ਸਮੱਸਿਆ ਸਾਡੇ ਸਮਾਜ ਵਿਚ ਹੈ ਨਹੀਂ? ਕੀ ਇਹ ਗੱਲਾਂ ਅਸੀਂ ਜਾਂ ਸਾਡੇ ਬੱਚੇ ਨਿਤ ਦਿਨ ਟੀ.ਵੀ. ਉੱਤੇ ਨਹੀਂ ਵੇਖਦੇ? ਕੀ ਸਕੂਲਾਂ ਵਿਚ ਸੈਕਸ ਐਜੂਕੇਸ਼ਨ ਨਹੀਂ ਦਿੱਤੀ ਜਾਂਦੀ? ਕੀ ਅੰਗਰੇਜ਼ੀ ਅਖ਼ਬਾਰਾਂ ਵਿਚ ਇਹ ਗੱਲਾਂ ਨਹੀਂ ਛਪਦੀਆਂ? ਕੀ ਪੰਜਾਬੀ ਜ਼ੁਬਾਨ ਇਹ ਗੱਲਾਂ ਕਰਨ ਦੇ ਸਮਰੱਥ ਨਹੀਂ? ਅਮਰਜੀਤ ਚੰਦਨ ਦੀ ਇਹ ਕਿਤਾਬ ਜਦੋਂ ਲਾਈ ਗਈ ਸੀ ਤਾਂ ਇਹ ਕਹਾਣੀ ਕਿਉਂ ਬੋਰਡ ਦੇ ਧਿਆਨ ਵਿਚ ਨਹੀਂ ਆਈ? ਵੈਸੇ ਤਾਂ ਉਪਰ ਦੱਸ ਹੀ ਆਇਆ ਹਾਂ ਕਿ ਇਹ ਲੋਕ ਪੜ੍ਹਦੇ ਹੀ ਨਹੀਂ। ਜੇਕਰ ਇਹ ਕਹਾਣੀ ਇਤਰਾਜ਼ਯੋਗ ਹੈ ਵੀ ਤਾਂ ਇਸ ਨੂੰ ਹੀ ਕਿਤਾਬ 'ਚੋਂ ਕੱਢਣ ਦੀ ਥਾਂ ਸਮੁੱਚੀ ਕਿਤਾਬ ਨੂੰ ਹੀ ਕਿਉਂ ਬੈਨ ਨਹੀਂ ਕੀਤਾ ਗਿਆ? ਜੇਕਰ ਇਹ ਕਹਾਣੀ ਇਤਰਾਜ਼ਯੋਗ ਪਾਈ ਗਈ ਸੀ ਤਾਂ ਇਸ ਦੀ ਇੰਟਰਪਟੇਸ਼ਨ ਲੇਖਕ ਤੋਂ ਕਿਉਂ ਨਹੀਂ ਲਈ ਗਈ? ਜਾਂ ਘੱਟੋ-ਘੱਟ ਉਹਨੂੰ ਲਿਖਤੀ ਤੌਰ 'ਤੇ ਕਿਉਂ ਨਹੀਂ ਦੱਸਿਆ ਗਿਆ? ਕਿਉਂ ਸਿਰਫ਼ ਸਕੂਲ ਦੇ ਅਧਿਆਪਕਾਂ ਨੂੰ ਹੀ ਦੱਸਿਆ ਗਿਆ? ਅਧਿਆਪਕ ਦੋਸਤਾਂ ਨਾਲ ਗੱਲਬਾਤ ਕਰਨ ਤੋਂ ਇਹ ਵੀ ਪਤਾ ਲੱਗਾ ਹੈ ਕਿ ਇਮਤਿਹਾਨਾਂ ਦੇ ਪੇਪਰ ਸੈਟ ਕਰਨ ਵਾਲੇ ਵੀ ਵਿਸ਼ੇ ਤੋਂ ਅਗਿਆਤ ਹਨ। ਕਈ ਅਜਿਹੇ ਸਵਾਲ ਅੰਕਤ ਕੀਤੇ ਜਾਂਦੇ ਹਨ ਜਿਹੜੇ ਕਿ ਵਿਦਿਆਰਥੀਆਂ ਨੂੰ ਭੰਬਲਭੂਸਿਆਂ ਵਿਚ ਪਾ ਦਿੰਦੇ ਹਨ ਤੇ ਉਹਨਾਂ ਦੀ ਪੰਜਾਬੀ ਪੜ੍ਹਨ ਦੀ ਰੁਚੀ ਵਿਚ ਵਾਧਾ ਨਹੀਂ ਹੁੰਦਾ।

ਪੰਜਾਬੀ ਦਾ ਸਿਲੇਬਸ ਬਣਾਉਣ ਵਾਲੇ ਸੱਜਣ ਵੀ ਇੰਝ ਲੱਗਦੇ ਹਨ ਜਿਵੇਂ ਕਿ ਉਹਨਾਂ ਨੂੰ ਸਿਲੇਬਸ ਬਣਾਉਣ ਦੀ ਜਾਂਚ ਨਾ ਹੋਵੇ। ਸ਼ਾਇਦ ਉਹਨਾਂ ਨੇ ਪੰਜਾਬੀ ਨੂੰ ਵਿਸ਼ੇ ਦੇ ਤੌਰ 'ਤੇ ਡਿਗਰੀ ਪੱਧਰ ਤੀਕ ਵੀ ਨਾ ਪੜ੍ਹਿਆ ਹੋਵੇ। ਇਹੋ ਜਿਹਾ ਕੰਮ ਕਰਨ ਲਈ ਢੁਕਵੀਂ ਵਿਦਿਆ ਜ਼ਰੂਰੀ ਹੈ।

ਸਾਨੂੰ ਅੰਗਰੇਜ਼ੀ ਸਿਆਸਤ ਦੀ ਇਹ ਗੱਲ ਭੁੱਲਣੀ ਨਹੀਂ ਚਾਹੀਦੀ ਕਿ ਕਈ ਵੇਰ ਇਹ ਇਹੋ ਜਿਹੀ ਪਾਲਸੀ ਵੀ ਵਰਤਦੇ ਹਨ ਕਿ ਜੀ ਇਹ ਜੋ ਮੰਗਦੇ ਹਨ ਦੇਈ ਜਾਓ ਤਾਂ ਕਿ ਇਹ ਆਪੋ ਵਿਚ ਮਸ਼ਰੂਫ਼ ਰਹਿਣ ਤੇ ਮੁੱਖ ਧਾਰਾ ਦੀ ਸਿਆਸਤ ਸਾਡੇ ਹੱਥ ਵਿਚ ਹੀ ਰਹੇ। ਸਾਊਥਾਲ ਤੇ ਆਸ ਪਾਸ ਦੇ ਇਲਾਕਿਆਂ ਦਾ ਹੁਣ ਇਹ ਹਾਲ ਹੈ ਕਿ ਕਈਆਂ ਸਕੂਲਾਂ ਵਿਚ ਸੌ ਫੀਸਦੀ ਸਾਡੇ ਹੀ ਬੱਚੇ ਹਨ। ਚਿੱਟੇ ਅਧਿਆਪਕ ਇਨ੍ਹੀਂ ਸਕੂਲੀਂ ਟਿਕਦੇ ਵੀ ਨਹੀਂ ਤੇ ਕਈਆਂ ਨੂੰ ਸਾਡੇ ਸਿਆਸੀ ਲੰਬੜਦਾਰਾਂ ਨੇ ਟਿਕਣ ਵੀ ਨਹੀਂ ਦਿੱਤਾ। ਸਰਕਾਰ ਵੱਲੋਂ ਸਾਰੇ ਸਕੂਲਾਂ ਦੇ ਗਵਰਨਰਾਂ ਨੂੰ ਏਨੀਆਂ ਪਾਵਰਜ਼ ਦੇ ਦਿੱਤੀਆਂ ਗਈਆਂ ਹਨ ਕਿ ਅਧਿਆਪਕਾਂ ਤੇ ਮੁੱਖ ਅਧਿਆਪਕ ਦੀ ਕੋਈ ਪੁੱਛ ਪ੍ਰਤੀਤ ਹੀ ਨਹੀਂ ਰਹਿ ਗਈ। ਇਹ ਕਈ ਵੇਰ ਇੰਝ ਵੀ ਹੁੰਦਾ ਹੈ ਕਿ ਮੁੱਖ ਅਧਿਆਪਕ ਸਕੂਲ ਦਾ ਵਿਦਿਅਕ ਕੰਮ ਕਰਨ ਨਾਲੋਂ ਏਸ ਚਿੰਤਾ 'ਚ ਗੜੁੱਚ ਰਹਿੰਦਾ ਹੈ ਕਿ ਗਵਰਨਰ ਨੂੰ ਕਿਵੇਂ ਰਾਜ਼ੀ ਰੱਖਣਾ ਹੈ।

ਬਤੌਰ ਪ੍ਰਗਤੀਵਾਦੀ ਤੇ ਸੁਹਿਰਦ ਲੇਖਕ ਦੇ ਮੈਂ ਅੰਤਮ ਬੰਦਾ ਹੋਵਾਂਗਾ ਜਿਹੜਾ ਕਹੇ ਕਿ ਪੰਜਾਬੀ ਨੂੰ ਬੜ੍ਹਾਵਾ ਨਹੀਂ ਮਿਲਣਾ ਚਾਹੀਦਾ ਤੇ ਸਾਡੇ ਕਲਚਰ ਨੂੰ ਹੱਲਾਸ਼ੇਰੀ ਨਹੀਂ ਮਿਲਣੀ ਚਾਹੀਦੀ। ਪਰ ਹਰ ਚੀਜ਼ ਦੀ ਪ੍ਰਫੁੱਲਤਾ ਲਈ ਇਕ ਅਨੁਸ਼ਾਸਨ, ਇਕ ਫਾਰਮੂਲੇ ਨੂੰ ਅਪਣਾਉਣਾ ਪੈਂਦਾ ਹੈ। ਇੰਝ ਕਰਨ ਵਾਸਤੇ ਤੁਹਾਨੂੰ ਉਹ ਲੋਕ ਮੂਹਰੇ ਕਰਨੇ ਪੈਣਗੇ ਜਿਹੜੇ ਕੁਰਸੀ ਦੇ ਭੁੱਖੇ ਨਾ ਹੋਣ ਸਗੋਂ ਸੁਹਿਰਦ ਕਿਸਮ ਦੇ ਪੜ੍ਹੇ ਲਿਖੇ ਵਿਅਕਤੀ ਹੋਣ।

ਮੇਰੀ ਬੇਨਤੀ ਹੈ ਕਿ ਪੰਜਾਬੀ ਪ੍ਰੇਮੀ ਏਸ ਗੱਲ ਬਾਰੇ ਵੀ ਸੋਚਣ ਕਿ ਪੰਜਾਬੀ ਪੜ੍ਹਾਉਣ ਲਈ ਲਾਏ ਜਾਂਦੇ ਅਧਿਆਪਕ ਕਈਆਂ ਕੇਸਾਂ ਵਿਚ ਨਾਕਾਬਲ ਕਿਉਂ ਹਨ? ਲੋਕਲ ਕੌਂਸਲਾਂ ਵਿਚ ਪੰਜਾਬੀ ਦੇ ਨਾਂ ਉੱਤੇ ਸਿਰਜੀਆਂ ਗਈਆਂ ਨੌਕਰੀਆਂ ਦਾ ਮੁਲਾਂਕਣ ਕੀ ਹੈ? ਇਹ ਸ਼ਖ਼ਸ ਕਿੱਦਾਂ ਐਪੁਆਇੰਟ ਹੋਏ ਤੇ ਇਹ ਕੀ ਕਰਦੇ ਹਨ? ਜੀ.ਸੀ.ਐਸ.ਈ. ਤੇ ਏ ਲੈਵਲ ਆਦਿ ਵਿਚ ਲੱਗੀਆਂ ਜਾ ਰਹੀਆਂ ਪੁਸਤਕਾਂ ਦਾ ਵਿਸ਼ਾ ਵਸਤੂ ਇਹ ਲੋਕ ਐਨਾਲਾਈਜ਼ ਕਰਨ ਦੇ ਹੱਕਦਾਰ ਵੀ ਹਨ ਜਾਂ ਨਹੀਂ? ਕਈ ਅਜਿਹੇ ਕੇਸਾਂ ਦਾ ਵੀ ਪਤਾ ਲੱਗਾ ਹੈ ਕਿ ਸਕੂਲਾਂ ਦੀ ਕੈਪੀਟੇਸ਼ਨ ਨੂੰ ਵੀ ਆਪਣੀਆਂ ਹੀ ਕੰਪਨੀਆਂ ਬਣਾ ਕੇ ਆਪ ਹੀ ਆਰਡਰ ਲਏ ਜਾ ਰਹੇ ਹਨ। ਇਹ ਗੱਲ ਏਸ਼ੀਅਨ ਮਿਊਜ਼ਿਕ ਲਾਇਬਰੇਰੀ ਤੇ ਹੋਰ ਵਿਦਿਅਕ ਮਹਿਕਮਿਆਂ ਤੇ ਵੀ ਢੁੱਕਦੀ ਹੈ।

ਆਓ ਮੰਗ ਕਰੀਏ ਕਿ ਦੇਸੀ ਸਿਆਸਤ ਪ੍ਰਦੇਸਾਂ ਵਿਚ ਖ਼ਤਮ ਕੀਤੀ ਜਾਵੇ। ਨਹੀਂ ਤਾਂ ਯਾਦ ਰੱਖੋ ਕਿ ਸਾਡਾ ਵਿਸ਼ਵਾਸ ਗੋਰੇ ਲੋਕ ਹੀ ਨਹੀਂ ਖੋਹ ਬੈਠਣਗੇ ਸਗੋਂ ਸਾਡੀ ਆਪਣੀ ਔਲਾਦ ਦਾ ਵਿਸ਼ਵਾਸ ਵੀ ਸਾਡੇ ਤੋਂ ਜਾਂਦਾ ਰਹੇਗਾ। ਪੰਜਾਬੀ ਜ਼ੁਬਾਨ ਦੀ ਮੁੱਖ ਸਮੱਸਿਆ ਪਾਠਕਾਂ ਦੀ ਆਪਣੀ ਹੈ। ਨਵੇਂ ਪਾਠਕ ਤਦ ਪੈਦਾ ਹੋ ਹੋਣਗੇ ਜੇਕਰ ਉਹ ਲੋਕ ਜਿਹੜੇ ਪੰਜਾਬੀ ਦੀ ਪੜ੍ਹਾਈ ਨਾਲ ਬਗਲਗੀਰ ਹਨ, ਏਸ ਕੰਮ ਨੂੰ ਸੁਹਿਰਦਤਾ ਅਤੇ ਜ਼ਿੰਮੇਵਾਰੀ ਨਾਲ ਹਥਿਆਉਣ। ਮੇਰਾ ਯਕੀਨ ਹੈ ਕਿ ਬਹੁਗਿਣਤੀ ਅਜਿਹੇ ਹੀ ਸੁਹਿਰਦ ਅਧਿਆਪਕਾਂ/ਪੰਜਾਬੀ ਪ੍ਰੇਮੀਆਂ ਦੀ ਹੈ ਪਰ ਥੋੜ੍ਹੇ ਜਿਹੇ ਚੌਧਰੀਆਂ ਤੇ ਦੇਸੀ ਸਿਆਸਤ ਦੇ ਪਿੱਠੂਆਂ ਪਿੱਛੇ ਲੱਗ ਕੇ ਅਸੀਂ ਪੰਜਾਬੀ ਭਾਸ਼ਾ ਦਾ ਭਵਿੱਖ ਹਨੇਰਾ ਕਿਉਂ ਕਰੀਏ? ਇੰਗਲੈਂਡ ਵਸਦੇ ਪੰਜਾਬੀ ਅੱਛੀਆਂ ਨੌਕਰੀਆਂ ਤੇ ਵਪਾਰਕ ਤਰੱਕੀਆਂ ਦੇ ਝੰਡਾ ਬਰਦਾਰ ਰਹੇ ਹਨ ਫਿਰ ਉਹਨਾਂ ਦੀ ਜ਼ੁਬਾਨ ਇਥੇ ਪਿੱਛੇ ਕਿਉਂ ਰਹੇ?

(1990)

# ਬਿੱਲ ਕਲਿੰਟਨ ਸੈਕਸ ਖੇਡਾਂ ਅਤੇ ਅਮਰੀਕਾ

ਮੈਂ ਚਾਰ ਹਫਤੇ ਅਮਰੀਕਾ 'ਚ ਰਿਹਾ ਤਾਂ ਅਖਬਾਰਾਂ ਦੀਆਂ ਸੁਰਖੀਆਂ ਦੋ ਗੱਲਾਂ ਨਾਲ ਅਕਸਰ ਹੀ ਭਰੀਆਂ ਰਹਿੰਦੀਆਂ ਸਨ। ਵਿਆਗਰਾ (ਮਰਦਾਵੀਂ ਤਾਕਤ ਵਾਲੀ ਹੁਣੇ-ਹੁਣੇ ਈਜਾਦ ਹੋਈ ਗੋਲੀ) ਅਤੇ ਪ੍ਰਧਾਨ ਬਿਲ ਕਲਿੰਟਨ ਤੇ ਮੋਨਿਕਾ ਲੇਵਿੰਸਕੀ ਦੀ ਕਥਿਤ ਦੋਸਤੀ।

ਜਦੋਂ ਤੋਂ ਬਿਲ ਕਲਿੰਟਨ ਅਮਰੀਕਾ ਦੇ ਰਾਸ਼ਟਰਪਤੀ ਬਣੇ ਹਨ, ਉਨ੍ਹਾਂ ਉੱਤੇ ਅਨੇਕਾਂ ਔਰਤਾਂ ਵੱਲੋਂ ਦੋਸ਼ ਲਗਾਏ ਜਾਂਦੇ ਰਹੇ ਹਨ ਕਿ ਉਸ ਨੇ ਉਨ੍ਹਾਂ ਨਾਲ ਛੇੜਖਾਨੀ ਕਰਨ ਤੋਂ ਲੈ ਕੇ ਉਨ੍ਹਾਂ ਨਾਲ ਲਗਾਤਾਰ ਹਮਬਿਸਤਰੀ ਕੀਤੀ ਸੀ। ਇਲੈਕਸ਼ਨਾਂ ਤੋਂ ਪਹਿਲਾਂ ਜੈਨੀਫਰ ਫਲਾਵਰ ਨਾਂਅ ਦੀ ਇਕ ਔਰਤ ਨੇ ਤਾਂ ਏਨਾ ਰੌਲਾ ਪਾਇਆ ਕਿ ਛੇਕੜ ਨੂੰ ਬਿਲ ਕਲਿੰਟਨ ਨੂੰ ਇਹ ਗੱਲ ਮੰਨਣੀ ਪਈ ਕਿ ਜੈਨੀਫਰ ਫਲਾਵਰ ਨਾਲ ਉਸ ਦੇ ਜਿਸਮਾਨੀ ਸਬੰਧ ਰਹੇ ਸਨ। ਅਮਰੀਕਨ ਲੋਕਾਂ ਨੇ ਇਸ ਗੱਲ ਨੂੰ ਇਕ ਬੀਤ ਗਈ ਘਟਨਾ ਆਖ ਕੇ ਆਈ-ਗਈ ਕਰ ਛੱਡਿਆ ਸੀ ਪ੍ਰੰਤੂ ਫਿਰ ਇਕ ਹੋਰ ਔਰਤ ਪੌਲਾ ਜੋਨਜ਼ ਨੇ ਕਹਿਣਾ ਸ਼ੁਰੂ ਕਰ ਦਿੱਤਾ ਸੀ ਕਿ ਬਿਲ ਕਲਿੰਟਨ ਨੇ ਇਕ ਹੋਟਲ ਵਿਚ ਉਸ ਨੂੰ ਇਕ ਬੇਸ਼ਰਮੀ ਵਾਲੀ ਹਰਕਤ ਕਰਨ ਲਈ ਪ੍ਰੇਰਿਆ ਸੀ। ਪਰ ਪੌਲਾ ਜੋਨਜ ਦਾ ਕੇਸ ਸਾਬਤ ਨਾ ਹੋ ਸਕਿਆ। ਲੇਕਿਨ ਮੋਨਿਕਾ ਲੇਵਿੰਸਕੀ ਵੱਲੋਂ ਲਗਾਇਆ ਗਿਆ ਦੋਸ਼ ਅਤੀ ਗੰਭੀਰ ਹੈ। ਲੋਕੀ ਕਹਿੰਦੇ ਹਨ ਕਿ ਸੁਆਲ ਇਹ ਨਹੀਂ ਕਿ ਬਿਲ ਕਲਿੰਟਨ ਅਤੇ ਮੋਨਿਕਾ ਲੇਵਿੰਸਕੀ ਨੇ ਆਪਸ ਵਿਚ ਜਿਸਮਾਨੀ ਸਬੰਧ ਕਾਇਮ ਕੀਤੇ ਜਾਂ ਨਹੀਂ ਪਰ ਲੋਕੀ ਇਹ ਗੱਲ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਹਨ ਕਿ ਅਮਰੀਕਾ ਦੇ ਪ੍ਰਧਾਨ ਨੇ ਇਸ ਔਰਤ ਨੂੰ ਇਹ ਗੱਲ ਛੁਪਾਉਣ ਲਈ ਆਖਿਆ ਸੀ ਤੇ ਖੁਦ ਇਸ ਨੂੰ ਛੁਪਾਉਣ ਲਈ ਝੂਠ ਬੋਲਿਆ ਸੀ। ਲੋਕਾਂ ਦਾ ਕਹਿਣਾ ਹੈ ਕਿ ਅਗਰ ਦੇਸ਼ ਦਾ ਪ੍ਰਧਾਨ ਹੀ ਇਨਸਾਫ ਦੇ ਰਾਹ ਵਿਚ ਰੋੜਾ ਅਟਕਾਉਣ ਦੀ ਕੋਸ਼ਿਸ਼ ਕਰੇ ਤਾਂ ਆਮ ਲੋਕਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ? ਆਜ਼ਾਦ ਪੜਤਾਲਕਾਰ ਮਿਸਟਰ ਕੈਨਥ ਸਟਾਰ ਨੇ ਇਨ੍ਹਾਂ ਗੱਲਾਂ ਦਾ ਸਹਾਰਾ ਲੈ ਕੇ ਬਿਲ ਕਲਿੰਟਨ ਨੂੰ ਮਜਬੂਰ ਕਰ ਦਿੱਤਾ ਹੈ ਕਿ ਉਹ ਕੋਰਟ ਵਿਚ ਹਾਜ਼ਰ ਹੋ ਕੇ ਇਸ ਦੋਸ਼ ਦਾ ਇਕਬਾਲ ਕਰੇ ਜਾਂ ਇਨਕਾਰ ਕਰੇ। ਹੁਣ ਬਿਲ ਕਲਿੰਟਨ ਨੇ ਇਕ ਪ੍ਰੈਸ ਕਾਨਫਰੰਸ ਬੁਲਾ ਕੇ ਕਹਿ ਦਿੱਤਾ ਹੈ ਕਿ ਉਹ ਕੋਰਟ 'ਚ ਹਾਜ਼ਰ ਹੋਣ ਲਈ ਤਿਆਰ ਹੈ ਭਾਵੇਂ ਕਿ ਉਨ੍ਹਾਂ ਦਾ ਬਿਆਨ ਵੀਡੀਓ ਟੇਪ ਉੱਤੇ ਹੀ ਹੋਵੇਗਾ।

ਬਰਤਾਨੀਆ ਦੇ ਇਕ ਕੈਬਨਿਟ ਮਨਿਸਟਰ ਮਿਸਟਰ ਪਾਰਕਿੰਨਸਨ ਨੇ ਆਪਣੀ ਸੈਕਟਰੀ ਨੂੰ ਬੱਚਾ ਪੈਦਾ ਕਰ ਦਿੱਤਾ ਸੀ। ਮੌਕੇ ਦੀ ਪ੍ਰਾਈਮ ਮਨਿਸਟਰ ਮਾਰਗੇਟ ਥੈਚਰ ਨੇ ਉਸ ਵੇਲੇ ਤਾਂ ਨੌਰਮਨ ਪਾਰਕਿੰਨਸਨ ਦਾ ਅਸਤੀਫਾ ਸਵੀਕਾਰ ਕਰ ਲਿਆ ਸੀ ਪਰ ਜਾਣ ਲੱਗੀ ਨੇ ਉਹਨੂੰ

ਲੌਰਡਸ਼ਿਪ (ਪੀਅਰੇਜ) ਦਾ ਖਿਤਾਬ ਦੇ ਦਿੱਤਾ। ਇਸ ਕਿਸਮ ਦੀ ਇੱਜ਼ਤ ਦੀ ਬਖਸ਼ਿਸ਼ ਆਮ ਲੋਕਾਂ ਵਿਚ ਸਦਾਚਾਰਕ ਕੀਮਤਾਂ ਦੀ ਮੁੱਲ ਘਟਾਈ ਕਰਦੀ ਹੈ। ਕਿਸੇ ਵੇਲੇ ਸਮਲਿੰਗੀ ਰਿਸ਼ਤੇ ਨਫਰਤ ਦੀ ਨਿਗਾਹ ਨਾਲ ਵੇਖੇ ਜਾਂਦੇ ਸਨ ਪਰ ਅੱਜ ਕੱਲ੍ਹ ਕੁਝ ਲੋਕਾਂ ਨੂੰ ਛੱਡ ਕੇ ਅਜਿਹਾ ਸਭ ਕੁਝ ਸਵੀਕਾਰ ਕੀਤਾ ਜਾ ਰਿਹਾ ਹੈ। ਪ੍ਰਸਿੱਧ ਸੀਰੀਅਲ ਈਸਟ ਐਂਡਰਜ਼ ਵਿਚ ਸਮਲਿੰਗੀ ਰਿਸ਼ਤਿਆਂ ਨੂੰ ਇੰਜ ਦਿਖਾਇਆ ਜਾਂਦਾ ਹੈ ਜਿਵੇਂ ਇਹ ਕੋਈ ਆਮ ਜਿਹੀ ਹੀ ਗੱਲ ਹੋਵੇ। ਸੋ ਕਹਿਣ ਦਾ ਭਾਵ ਇਹ ਹੈ ਕਿ ਪੱਛਮੀ ਸਮਾਜ ਦੀਆਂ ਸਦਾਚਾਰਕ ਕੀਮਤਾਂ ਦੀ ਸਥਿਤੀ ਏਨੀ ਤੇਜ਼ੀ ਨਾਲ ਬਦਲ ਰਹੀ ਹੈ ਕਿ ਕਿਸੇ ਗੱਲ ਦਾ ਕੋਈ ਅਚੰਭਾ ਨਹੀਂ ਰਿਹਾ। ਇਸ ਲਈ ਬਿਲ ਕਲਿੰਟਨ ਦੀਆਂ ਸੱਚੀਆਂ ਝੂਠੀਆਂ ਕਾਰਗੁਜ਼ਾਰੀਆਂ ਵੱਲ ਏਨੀ ਸੰਜੀਦਗੀ ਨਾਲ ਧਿਆਨ ਨਹੀਂ ਦਿੱਤਾ ਜਾ ਰਿਹਾ। ਸਗੋਂ ਇਨ੍ਹਾਂ ਨੂੰ ਮਹਿਜ਼ ਇਕ ਮਨੋਰੰਜਨ ਵਜੋਂ ਲਿਆ ਜਾਂਦਾ ਹੈ। ਅਮਰੀਕਾ ਵਿੱਚ ਨਿਕਸਨ ਵੇਲੇ ਵਾਟਰਗੇਟ ਸਕੈਂਡਲ ਬੜਾ ਮਸ਼ਹੂਰ ਹੋਇਆ ਸੀ ਤੇ ਛੇਕੜ ਨੂੰ ਰਿਚਰਡ ਨਿਕਸਨ ਨੂੰ ਪ੍ਰਧਾਨਗੀ ਤਿਆਗਣੀ ਪਈ ਸੀ। ਅੱਜ ਕੱਲ੍ਹ ਬਿਲ ਕਲਿੰਟਨ ਦੀਆਂ ਕਾਰਗੁਜ਼ਾਰੀਆਂ (ਮੇਰਾ ਭਾਵ ਸੈਕਸੁਅਲ ਕਾਰਗੁਜ਼ਾਰੀਆਂ ਤੋਂ ਹੈ) ਦਾ ਨਾਮ 'ਜ਼ਿਪਰਗੇਟ' ਰੱਖ ਦਿੱਤਾ ਗਿਆ ਹੈ। 'ਜ਼ਿਪਰਗੇਟ' ਉਦੋਂ ਹੀ ਗੰਭੀਰ ਸਥਿਤੀ ਧਾਰਨ ਕਰੇਗਾ ਜਦੋਂ ਇਹ ਗੱਲ ਸਾਬਤ ਹੋ ਗਈ ਕਿ ਬਿਲ ਕਲਿੰਟਨ ਨੇ ਝੂਠ ਬੋਲਿਆ ਸੀ ਤੇ ਉਸ ਨੇ ਮੋਨਿਕਾ ਲੇਵਿੰਸਕੀ ਨੂੰ ਝੂਠ ਬੋਲਣ ਲਈ ਪ੍ਰੇਰਿਆ ਸੀ ਤੇ ਇਹ ਵੀ ਕਿ ਰਾਸ਼ਟਰਪਤੀ ਨੇ ਇਨਸਾਫ਼ ਦੇ ਰਾਹ ਵਿਚ ਰੋੜ੍ਹਾ ਬਣਨ ਜਾਂ ਇਸ ਦਾ ਰੁਖ ਬਦਲਣ ਦੀ ਕੋਸ਼ਿਸ਼ ਕੀਤੀ ਸੀ।

ਬਿਲ ਕਲਿੰਟਨ ਦੇ ਹਮਦਰਦ ਸਿਰਫ਼ ਅਮਰੀਕਾ ਵਿਚ ਹੀ ਨਹੀਂ ਹਨ। ਇਧਰ ਇੰਗਲਿਸਤਾਨ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਨੇ ਵੀ ਹੁਣੇ ਹੁਣੇ ਰੇਡੀਓ ਫੋਰ ਉੱਤੇ ਕਿਹਾ ਕਿ ਮੈਂ ਅਮਰੀਕਨ ਲੋਕਾਂ ਨੂੰ ਬੇਨਤੀ ਕਰਦਾ ਹਾਂ ਕਿ ਉਹ ਬਿਲ ਕਲਿੰਟਨ ਦੀਆਂ ਰਾਜਨੀਤਕ ਅਤੇ ਆਰਥਿਕ ਪ੍ਰਾਪਤੀਆਂ ਵੱਲ ਧਿਆਨ ਦੇਣ ਤੇ ਉਹ ਇਸ ਗੱਲ ਦੀ ਘੋਖ ਕਰਨ ਕਿ ਉਸ ਨੇ ਅਮਰੀਕਾ ਨੂੰ ਕਿਹੜੀਆਂ ਬੁਲੰਦੀਆਂ ਉੱਤੇ ਪੁਚਾ ਦਿੱਤਾ ਹੈ ਨਾ ਕਿ ਮੋਨਿਕਾ ਲੇਵਿੰਸਕੀ ਨਾਲ ਸੰਬੰਧਿਤ ਕਥਿਤ ਸਕੈਂਡਲ ਨਾਲ। ਟੋਨੀ ਬਲੇਅਰ ਨੇ ਤਾਂ ਇਹ ਵੀ ਕਿਹਾ ਕਿ ਉਨ੍ਹਾਂ ਦੇ ਮਨ ਵਿਚ ਪ੍ਰਧਾਨ ਕਲਿੰਟਨ ਦੀ ਬੜੀ ਇੱਜ਼ਤ ਹੈ ਤੇ ਉਨ੍ਹਾਂ ਦੀਆਂ ਨਜ਼ਰਾਂ ਵਿਚ ਕਲਿੰਟਨ ਇਕ ਵਧੀਆ ਇਨਸਾਨ ਅਤੇ ਮਾਣਯੋਗ ਸ਼ਹਿਰੀ ਹੈ।

ਪੱਛਮੀ ਸੁਸਾਇਟੀ ਵਿਚ ਵਿਆਹ ਤੋਂ ਬਾਹਰਲੇ ਜਿਸਮਾਨੀ ਰਿਸ਼ਤੇ ਅੱਜ ਕੱਲ੍ਹ ਏਨੀ ਗੰਭੀਰਤਾ ਨਾਲ ਨਹੀਂ ਲਏ ਜਾਂਦੇ। ਬਹੁ ਗਿਣਤੀ ਲੋਕਾਂ ਦੇ ਅਜਿਹੇ ਗੁਪਤ ਕਿੱਸੇ ਹਨ ਜਿਹੜੇ ਪਬਲਿਕ ਵਿਚ ਨਹੀਂ ਆਉਂਦੇ। ਰਾਜਸੀ ਹਲਕਿਆਂ ਵਿਚ ਵੀ ਇਹ ਗੱਲਾਂ ਆਮ ਹੀ ਹੋ ਰਹੀਆਂ ਹਨ। ਅਮਰੀਕਾ ਅਤੇ ਪੱਛਮੀ ਦੇਸ਼ਾਂ ਦਾ ਸਮਾਜ ਇਕ ਸੈਕੁਅਲ ਰੈਵੋਲੀਸ਼ਨ ਵਿੱਚੀਂ ਗੁਜ਼ਰ ਰਿਹਾ ਹੈ। ਇਹ ਅਜਿਹਾ ਸਮਾਜ ਹੈ ਜਿਸ ਵਿਚ ਸੈਕਸ ਨਾਲ ਸੰਬੰਧਿਤ ਗੱਲਾਂ ਨੂੰ ਕਿਸੇ ਪਰਦੇ ਹੇਠ ਰੱਖਣ ਤੋਂ ਗੁਰੇਜ਼ ਕੀਤਾ ਜਾਣ ਲੱਗ ਪਿਆ ਹੈ। ਇਸੇ ਲਈ ਅੱਜ ਵੀ ਪ੍ਰਧਾਨ ਕਲਿੰਟਨ ਦੀ ਲੋਕਪ੍ਰਿਅਤਾ ਚੌਂਹਠ ਫੀਸਦੀ ਤੀਕ ਹੈ। ਲੋਕਾਂ ਦਾ ਕਹਿਣਾ ਹੈ ਕਿ ਬਿਲ ਕਲਿੰਟਨ ਨੇ ਆਪਣੀ ਪ੍ਰਧਾਨਗੀ ਦੌਰਾਨ ਦੇਸ਼ ਦੀ ਆਰਥਿਕਤਾ ਨੂੰ ਸਿਖਰਾਂ ਉਤੇ ਪਹੁੰਚਾ ਦਿੱਤਾ ਹੈ। ਅਮਰੀਕਾ ਦੁਨੀਆਂ ਦਾ ਅਸਲੀ ਪੁਲੀਸਮੈਨ ਹੋ ਗੁਜ਼ਰਿਆ ਹੈ ਤੇ ਇਸ ਦੀ ਧਾਂਕ ਅਸਮਾਨ ਛੂਹ ਰਹੀ ਹੈ।

ਬਿਲ ਕਲਿੰਟਨ ਦੇ ਹੱਕ ਵਿਚ ਬੋਲਣ ਵਾਲੇ ਲੋਕ ਤਾਂ ਇਹ ਵੀ ਕਹਿ ਰਹੇ ਹਨ ਕਿ ਅਗਰ ਬਿਲ ਕਲਿੰਟਨ ਨੇ ਮੋਨਿਕਾ ਲੇਵਿੰਸਕੀ ਨਾਲ ਸੈਕਸ ਸੰਬੰਧ ਕਾਇਮ ਕੀਤੇ ਵੀ ਹਨ ਤਾਂ ਇਹ ਇਕ ਪ੍ਰਾਈਵੇਟ ਗੱਲ ਹੈ। ਇਸ ਨਾਲ ਅਮਰੀਕਾ ਦਾ ਰਾਜ ਪ੍ਰਬੰਧ ਚਲਾਉਣ ਵਿਚ ਤਾਂ ਵਿਘਨ ਨਹੀਂ ਨਾ ਪਿਆ? ਬਿਲ ਕਲਿੰਟਨ ਦੇ ਸਮਰਥਕ ਕਹਿ ਰਹੇ ਹਨ ਕਿ ਇਹੋ ਜਿਹੀ ਪੁਜੀਸ਼ਨ ਵਿਚ ਝੂਠੇ ਸੱਚੇ ਇਲਜ਼ਾਮ ਲੱਗ ਜਾਣੇ ਕੋਈ ਅਣਹੋਣੀ ਗੱਲ ਨਹੀਂ ਹੈ। ਕੁਝ ਇਸ ਤੋਂ ਵੀ ਅੱਗੇ ਸੋਚਣ ਵਾਲੇ ਲੋਕ ਇਹ ਵੀ ਕਹਿ ਰਹੇ ਹਨ ਕਿ ਏਨੀ ਟੈਨਸ਼ਨ ਤੇ ਕਸ਼ੀਦਗੀ ਵਾਲੀ ਜੌਬ ਵਿਚ ਇਹ ਕੁਝ ਹੀ ਜਾਂਦਾ ਹੈ। ਫੈਮਿਲੀ ਲਾਈਫ ਦੇ ਸਮਰਥਕ ਇਹ ਕਹਿ ਰਹੇ ਹਨ ਕਿ ਵਿਆਹੇ ਵਰ੍ਹੇ ਤੇ ਇਕ ਜੁਆਨ ਧੀ ਦੇ ਪਿਓ ਨੇ ਇਹ ਕਿਉਂ ਕੀਤਾ? ਤਾਂ ਇਸ ਦਾ ਜੁਆਬ ਵੀ ਕੁਝ ਅਮਰੀਕਨਾਂ ਕੋਲ ਮੌਜੂਦ ਹੈ ਕਿ ਦੇਸ਼ ਦੇ ਬਹੁ ਗਿਣਤੀ ਲੋਕ ਅਕਸਰ ਹੀ ਇਹੋ ਜਿਹੀ ਸਥਿਤੀ ਵਿਚ ਅਜਿਹਾ ਕੁਝ ਕਰਦੇ ਹਨ। ਸੋ ਅਗਰ ਬਿਲ ਕਲਿੰਟਨ ਨੇ ਇਹ ਕੁਝ ਕਰ ਲਿਆ ਤਾਂ ਕੀ ਹੋਇਆ? ਕੁਝ ਲੋਕ ਇਸ ਦੇ ਉੱਤਰ ਵਿਚ ਕਹਿੰਦੇ ਹਨ ਕਿ ਆਮ ਲੋਕਾਂ ਦੀ ਗੱਲ ਹੋਰ ਹੈ-ਇਹ ਤਾਂ ਦੇਸ਼ ਦਾ ਰਾਸ਼ਟਰਪਤੀ ਹੈ ਤੇ ਇਹ ਕੁਝ ਤਾਂ ਦੇਸ਼ ਦੇ ਮੌਡਲ (First Citizen) ਨੇ ਕੀਤਾ ਹੈ। ਇਸ ਗੱਲ ਦਾ ਜੁਆਬ ਵੀ ਬਿਲ ਕਲਿੰਟਨ ਅਤੇ ਸੈਕਸੁਅਲ ਲਿਬਰੇਸ਼ਨ ਦੇ ਸਮਰਥਕ ਇਕਦਮ ਦੇ ਦਿੰਦੇ ਨੇ। ਉਹ ਇਹ ਹੈ ਕਿ ਬਈ ਜ਼ਮਾਨੇ ਦੀ ਹਵਾ ਹੀ ਅਗਰ ਅਜਿਹੀ ਹੈ ਤਾਂ ਦੇਸ਼ ਦਾ ਰਾਸ਼ਟਰਪਤੀ ਵੀ ਤਾਂ ਇਸ ਹਵਾ ਦਾ ਇਕ ਹਿੱਸਾ ਹੀ ਤਾਂ ਹੈ। ਇਧਰ ਇੰਗਲੈਂਡ ਵਿਚ ਸ਼ਾਹੀ ਪਰਿਵਾਰ ਦੇ ਅਨੇਕਾਂ ਮੈਂਬਰਾਂ ਨੇ ਕਈ ਅਜਿਹੀਆਂ ਉਦਾਹਰਣਾਂ ਪੇਸ਼ ਕੀਤੀਆਂ ਹਨ ਕਿ ਅੰਗਰੇਜ਼ੀ ਸਮਾਜ ਹੱਕਾ-ਬੱਕਾ ਰਹਿ ਗਿਆ ਹੈ। ਮਰਹੂਮ ਡਿਆਨਾ, ਪਰਿੰਸੈਸ ਆਫ ਵੇਲਜ਼ ਨੇ ਬੀ.ਬੀ.ਸੀ. ਦੇ ਮੋਨੋਰਾਮਾ ਪ੍ਰੋਗਰਾਮ ਵਿਚ ਰਿਪੋਰਟਰ ਮਾਰਟਿਨ ਬਸ਼ੀਰ ਕੋਲ ਇਹ ਗੱਲ ਮੰਨ ਲਈ ਸੀ ਕਿ ਉਸ ਨੇ ਮੇਜਰ ਜੇਮਜ਼ ਹਿਊਟ ਨਾਲ ਉਦੋਂ ਸਰੀਰਕ ਸੰਬੰਧ ਕਾਇਮ ਕਰ ਲਏ ਸੀ। ਉਹ ਪ੍ਰਿੰਸੈਸ ਆਫ ਵੇਲਜ਼ ਪ੍ਰਿੰਸ ਚਾਰਲਸ ਨਾਲ ਰੁੱਸੀ ਹੋਈ ਸੀ ਪਰ ਉਸ ਨੇ ਉਸ ਤੋਂ ਤਲਾਕ ਨਹੀਂ ਸੀ ਲਿਆ ਹੋਇਆ। ਪ੍ਰੰਤੂ ਸਹਿਜ਼ਾਦੀ ਡਿਆਨਾ ਤੋਂ ਵੀ ਪਹਿਲਾਂ ਪ੍ਰਿੰਸ ਚਾਰਲਸ ਨੇ ਮੰਨ ਲਿਆ ਸੀ ਕਿ ਖਿਚਾਓ ਵਾਲੇ ਵਿਆਹੁਤਾ ਜੀਵਨ ਦੌਰਾਨ ਉਸ ਨੇ ਆਪਣੀ ਮਹਿਬੂਬਾ ਕਮੀਲਾ ਪਾਰਕਰ ਬਊਲਜ਼ ਨਾਲ ਸਰੀਰਕ ਸੰਬੰਧ ਬਣਾਈ ਰੱਖੇ ਸਨ। ਸ਼ਾਹੀ ਘਰਾਣੇ ਤੋਂ ਬਿਨਾਂ ਰਾਜਸੀ ਵਿਅਕਤੀਆਂ ਬਾਰੇ ਵੀ ਅਜਿਹੇ ਹੀ ਭੇਦ ਖੁੱਲ੍ਹਦੇ ਰਹਿੰਦੇ ਨੇ। ਫੈਡਰਲ ਮਨਿਸਟਰ ਨੌਰਮਨ ਪਾਰਕਿੰਨਸਨ ਦੀ ਮਿਸਾਲ ਸਾਡੇ ਸਾਹਮਣੇ ਹੈ। ਦੇਖਣਾ ਹੁਣ ਇਹ ਹੈ ਕਿ ਸਤਾਰਾਂ ਅਗਸਤ ਵਾਲੇ ਦਿਨ ਪ੍ਰਧਾਨ ਕਲਿੰਟਨ ਵੀਡੀਓ ਟੇਪ ਉਤੇ ਕੀ ਕਹਿੰਦੇ ਹਨ? ਭਵਿੱਖ ਵਿਚ ਇਹ ਵੀ ਦੇਖਣਾ ਹੈ ਕਿ ਪੱਛਮ ਦੀਆਂ ਸਦਾਚਾਰਕ ਕੀਮਤਾਂ ਕਿਸ ਮਾਤਰ ਤੀਕ ਹੇਠਾਂ ਡਿਗਦੀਆਂ ਹਨ ਕਿਉਂਕਿ ਜਿਸ ਸਥਿਤੀ ਵਿਚ ਇਹ ਹੁਣ ਹਨ। ਉਥੋਂ ਇਹ ਉਤਾਂਹ ਤਾਂ ਉੱਠਣੀਆਂ ਨਹੀਂ। ਅਮਰੀਕਨ ਲੋਕਾਂ ਨੂੰ ਇਹ ਪਤਾ ਹੈ ਕਿ ਦੇਸ਼ ਦੇ ਅਨੇਕਾਂ ਰਾਸ਼ਟਰਪਤੀਆਂ ਨੇ ਆਪਣੇ ਰਾਜ ਕਾਲ ਦੌਰਾਨ ਕਈ ਅਜਿਹੀਆਂ ਗੱਲਾਂ ਕੀਤੀਆਂ ਸਨ ਜਿਹੜੀਆਂ ਆਮ ਲੋਕੀ ਸੋਚ ਵੀ ਨਹੀਂ ਸਨ ਸਕਦੇ ਕਿ ਇਹ ਕੁਝ ਵਾਈਟ ਹਾਊਸ ਵਿਚ ਹੋ ਵੀ ਸਕਦਾ ਸੀ। ਮਸਲਨ ਪ੍ਰਧਾਨ ਕੈਨੇਡੀ ਇਸ਼ਕ ਬਾਰੇ ਅਨੇਕਾਂ ਦਸਤਾਵੇਜ਼ ਅਤੇ ਅਨੇਕਾਂ ਅਜੇ ਵੀ ਜਿਊਂਦੇ ਲੋਕ ਦੱਸਦੇ ਹਨ ਕਿ ਕਿੰਝ ਪ੍ਰਧਾਨ ਕੈਨੇਡੀ ਵਾਈਟ ਹਾਊਸ ਦੇ ਅੰਦਰ ਅਤੇ ਬਾਹਰ ਅਨੇਕਾਂ ਔਰਤਾਂ ਨਾਲ ਸੰਬੰਧ ਬਣਾਈ ਰੱਖਦੇ ਸਨ।

ਕਿਂਝ ਉਹ ਆਪਣੀ ਬੀਵੀ ਜੈਕਲੀਨ ਕੈਨੇਡੀ ਨਾਲ ਬੇਵਫਾਈ ਕਰਕੇ ਪਰਾਈਆਂ ਔਰਤਾਂ ਦਾ ਸੰਗ ਕਰਿਆ ਕਰਦੇ ਸਨ। ਇਕ ਔਰਤ ਅਜਿਹੀ ਸੀ ਜਿਹੜੀ ਉਸ ਵੇਲੇ ਇਕ ਗੈਂਗਸਟਰ ਅਤੇ ਸਮੱਗਲਰ ਨਾਲ ਵੀ ਸੰਬੰਧ ਰਖਿਆ ਕਰਦੀ ਸੀ। ਪ੍ਰਧਾਨ ਕੈਨੇਡੀ ਉਸ ਵੇਲੇ ਦੀ ਪ੍ਰਸਿੱਧ ਐਕਟਰੈੱਸ ਅਤੇ ਸੁੰਦਰੀ ਮਾਰਲਿਨ ਮੁਨਰੋ ਨਾਲ ਵੀ ਇਸ਼ਕ ਫੁਰਮਾਇਆ ਕਰਦੇ ਸਨ। ਇਸੇ ਸੁੰਦਰੀ ਨੂੰ ਕੈਨੇਡੀ ਨੇ ਬਾਅਦ ਵਿਚ ਆਪਣੇ ਛੋਟੇ ਭਰਾ ਰੌਬਰਟ ਕੈਨੇਡੀ ਦੇ ਸਪੁਰਦ ਕਰ ਦਿੱਤਾ ਸੀ। ਮਾਰਲਿਨ ਮੁਨਰੋ ਦੀ ਖੁਦਕੁਸ਼ੀ ਪਿੱਛੇ ਕਈਆਂ ਕਿਆਫਿਆਂ ਅਨੁਸਾਰ ਕੈਨੇਡੀ ਭਰਾਵਾਂ ਦੀਆਂ ਬੇਵਫਾਈਆਂ ਵੀ ਦੱਸੀਆਂ ਜਾਂਦੀਆਂ ਹਨ। ਪਰ ਫਿਰ ਵੀ ਅੱਜ ਪ੍ਰਧਾਨ ਕੈਨੇਡੀ ਨੂੰ ਨਿਹਾਇਤ ਇੱਜ਼ਤ ਨਾਲ ਯਾਦ ਕੀਤਾ ਜਾਂਦਾ ਹੈ। ਉਸ ਦੀਆਂ ਸਿਆਸੀ ਪ੍ਰਾਪਤੀਆਂ ਹੀ ਲੋਕਾਂ ਨੂੰ ਯਾਦ ਹਨ ਨਾ ਕਿ ਉਸ ਦੀਆਂ ਪ੍ਰਾਈਵੇਟ ਆਸ਼ਕੀਆਂ। ਬਿਲ ਕਲਿੰਟਨ ਦੇ ਸਮਰਥਕ ਕੈਨੇਡੀ ਦੀ ਮਿਸਾਲ ਦੇ ਕੇ ਕਹਿੰਦੇ ਹਨ ਕਿ ਛੇਕੜ ਨੂੰ ਬਿਲ ਕਲਿੰਟਨ ਨੂੰ ਲੋਕਾਂ ਨੇ ਇਸ ਲਈ ਯਾਦ ਰੱਖਣਾ ਹੈ ਕਿ ਉਸ ਨੇ ਦੇਸ਼ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਸੀ ਨਾ ਕਿ ਉਸ ਨੇ ਮੋਨਿਕਾ ਲੇਵਿੰਸਕੀ ਨਾਲ ਕੀ ਕੀਤਾ ਸੀ?

ਅਮਰੀਕਨ ਸੁਸਾਇਟੀ ਕਰੇਜੀਨੈੱਸ ਅਤੇ ਗੱਪਬਾਜ਼ੀ ਦੀ ਏਨੀ ਸ਼ੌਕੀਨ ਹੈ ਕਿ ਹਫਤੇ ਦੇ ਅੰਤ ਉਤੇ ਜਦੋਂ ਬਿਲ ਕਲਿੰਟਨ ਅਤੇ ਮੋਨਿਕਾ ਲੇਵਿੰਸਕੀ ਦੀ ਕਥਿਤ ਆਸ਼ਕੀ ਦਾ ਇਕ ਸਬੂਤ (ਲੇਵਿੰਸਕੀ ਦੀ ਇਕ ਪੁਸ਼ਾਕ) ਡੀ.ਐਨ.ਏ. ਟੈਸਟਾਂ ਲਈ ਦਿੱਤੀ ਗਈ ਤਾਂ ਪੱਤਰਕਾਰਾਂ ਨੇ ਬਹੁਤਾ ਧਿਆਨ ਇਸ ਗੱਲ ਵੱਲ ਦਿੱਤਾ ਕਿ ਲੇਵਿੰਸਕੀ ਦੀ ਇਹ ਡਰੈੱਸ ਕਿਹੜੀ ਦੁਕਾਨ ਤੋਂ ਖਰੀਦੀ ਗਈ ਸੀ ਤੇ ਇਸ ਨੂੰ ਡੀਜ਼ਾਇਨ ਕੀਹਨੇ ਕੀਤਾ ਸੀ? ਵਿਉਪਾਰਕ ਤੌਰ ਤੇ ਮੌਕਾਪ੍ਰਸਤ ਬੰਦਿਆਂ ਨੇ ਕਈਆ ਪੱਤਰਕਾਰਾਂ ਨੂੰ ਇਸ ਡਰੈਸ ਬਾਰੇ ਪਤਾ ਕਰਨ ਲਈ ਭਾਰੀ ਇਨਾਮਾਂ ਦੀ ਪੇਸ਼ਕਸ਼ ਕੀਤੀ ਹੋਈ ਹੈ ਕਿਉਂਕਿ ਉਨ੍ਹਾਂ ਦਾ ਵਿਸ਼ਵਾਸ ਹੈ ਕਿ ਉਹ ਦਿਨ ਛੇਤੀ ਹੀ ਆਉਣ ਵਾਲਾ ਹੈ ਜਦੋਂ ਦੇਸ਼ ਦੀ ਹਰ ਮਨਚਲੀ ਤੇ ਆਜ਼ਾਦ ਖਿਆਲਾਂ ਦੀ ਔਰਤ ਇਹੋ ਜਿਹੀ ਹੀ ਡਰੈੱਸ ਖਰੀਦਣਾ ਚਾਹੇਗੀ ਤੇ ਕਈ ਆਸ਼ਕ ਆਪਣੀਆਂ ਪ੍ਰੇਮਕਾਵਾਂ ਨੂੰ ਇਹੋ ਜਿਹੀ ਹੀ ਡਰੈੱਸ ਬਤੌਰ ਤੋਹਫ਼ੇ ਦੇ ਦੇਣਾ ਚਾਹੁੰਣਗੇ।

(1999)

# ਬਿੱਲ ਕਲਿੰਟਨ ਸੈਕਸ ਸਕੈਂਡਲ

ਗੱਲ ਉਹੋ ਹੀ ਹੋਈ ਜੀਹਦੀ ਮੈਨੂੰ ਆਸ ਹੀ ਸੀ। ਅਮਰੀਕਾ ਦੀ ਸੈਨੇਟ ਨੇ ਰਾਸ਼ਟਰਪਤੀ ਬਿੱਲ ਕਲਿੰਟਨ ਨੂੰ ਇਨਸਾਫ ਦੇ ਰਾਹ ਵਿਚ ਰੋੜਾ ਅਟਕਾਉਣ ਅਤੇ ਸਟੇਟ ਪਰਜਰੀ ਦੇ ਦੋਸ਼ ਤੋਂ ਸਾਫ ਬਰੀ ਕਰ ਦਿੱਤਾ ਹੈ। ਪਰਜਰੀ ਦੇ ਚਾਰਜ ਵਾਰੇ 45-50 ਦੇ ਫਰਕ ਨਾਲ ਕਲਿੰਟਨ ਦੇ ਹੱਕ ਵਿਚ ਵੋਟ ਪਈ ਤੇ ਇਨਸਾਫ ਦੇ ਰਾਹ ਵਿਚ ਰੋੜਾ ਅਟਕਾਉਣ ਦੇ ਦੋਸ਼ ਤੋਂ ਉਹ ਇਸ ਲਈ ਸੁਰਖਰੂ ਹੋ ਗਏ ਕਿ ਇਸ ਦੀ ਵੋਟਿੰਗ 50-50 ਦੀ ਹੋਈ ਸੀ। ਇਸ ਸਾਰੀ ਕੁੱਕੜ ਖੇਹ 'ਚੋਂ ਅਮਰੀਕਾ ਦਾ ਸਵੈਮਾਨ ਬੁਰੀ ਤਰ੍ਹਾਂ ਛਿੱਲ ਹੋ ਕੇ ਨਿਕਲਿਆ ਹੈ। ਅਮਰੀਕੀ ਦੀ ਪਰੈਜ਼ੀਡੈਂਸੀ ਦਾ ਅਹੁਦਾ ਬੁਰੀ ਤਰ੍ਹਾਂ ਵਲੂੰਧਰਿਆ ਗਿਆ ਹੈ। ਅਮਰੀਕਾ ਦੀ ਬੁਰੀ ਤਰ੍ਹਾਂ ਖਿੱਲੀ ਉੱਡੀ ਹੈ ਤੇ ਰਾਸ਼ਟਰਪਤੀ ਦਾ ਅਹੁਦਾ ਹਾਸੋਹੀਣਾ ਜਿਹਾ ਹੋ ਕੇ ਰਹਿ ਗਿਆ ਹੈ। ਪਾਠਕਾਂ ਨੂੰ ਯਾਦ ਹੋਵੇਗਾ ਕਿ ਕੁਝ ਹਫਤੇ ਪਹਿਲਾਂ ਮੈਂ 'ਅਜੀਤ' ਵਿਚ ਛਪਦੇ ਆਪਣੇ ਰੈਗੂਲਰ ਕੌਲਮ 'ਵਿਸ਼ਵਸਾਰ' ਵਿਚ ਲਿਖਿਆ ਸੀ ਕਿ ਦੁਨੀਆਂ ਦੇ ਏਨੇ ਸ਼ਕਤੀਸ਼ਾਲੀ ਮਨੁੱਖ ਤੋਂ ਏਦਾਂ ਗੋਡੇ ਟਿਕਾਉਣੇ ਸਿਆਣਪ ਵਾਲੀ ਗੱਲ ਨਹੀਂ ਹੈ। ਕੌਣ ਕਹਿੰਦਾ ਹੈ ਕਿ ਬਿੱਲ ਕਲਿੰਟਨ ਨੇ ਮੋਨਿਕਾ ਲਿਵਿੰਸਕੀ ਨਾਲ ਅਸ਼ਲੀਲ ਛੇੜਖਾਨੀਆਂ ਕਰਕੇ ਚੰਗੀ ਗੱਲ ਕੀਤੀ ਹੈ? ਬਿੱਲ ਕਲਿੰਟਨ ਤਾਂ ਖੁਦ ਪਸ਼ਚਤਾਪ ਦੀ ਭੱਠੀ ਵਿਚ ਝੁਲਸ ਰਿਹਾ ਹੈ ਤੇ ਇਸ ਗੱਲ ਦੇ ਬਾਹਰ ਨਿਕਲਣ ਤੋਂ ਛੇਤੀ ਹੀ ਬਾਅਦ ਉਨ੍ਹਾਂ ਨੇ ਆਪਣੀ ਗਲਤੀ ਦਾ ਇਕਬਾਲ ਕਰ ਲਿਆ ਸੀ। ਕਈ ਗੱਲਾਂ ਅਜਿਹੀਆਂ ਵੀ ਹੁੰਦੀਆਂ ਹਨ ਜਿਹੜੀਆਂ ਅੰਦਰੇ ਬਹਿ ਕੇ ਨਿਬੇੜ ਲਈਆਂ ਜਾਂਦੀਆਂ ਹਨ। ਅੰਦਰੇ ਬਹਿ ਕੇ ਨਿਬੇੜ ਲਈ ਗੱਲ ਬੇਸ਼ੱਕ ਨਿਗੂਣੀ ਨਹੀਂ ਹੁੰਦੀ ਪਰ ਸਾਰੇ ਪਿੰਡ ਵਿਚ ਰੌਲਾ ਪਾਉਣ ਦਾ ਕੀ ਫਾਇਦਾ ਹੈ? ਰੌਲਾ ਪਾਉਣ ਨਾਲ ਟੱਬਰ ਦੀ ਬਦਨਾਮੀ ਹੀ ਹੁੰਦੀ ਹੈ। ਫਿਰ ਇਹ ਗੱਲ ਅੰਦਰੇ ਬਹਿ ਕੇ ਨਿਬੇੜ ਲੈਣੀ ਉਦੋਂ ਦੀ ਜ਼ਰੂਰੀ ਹੋ ਜਾਂਦੀ ਹੈ ਜਦੋਂ ਕਥਿਤ ਅਪਰਾਧੀ ਘਰ ਦਾ ਮੁਖੀ ਖੁਦ ਹੀ ਹੋਵੇ।

ਅਮਰੀਕਾ ਦੇ 223 ਸਾਲਾ ਇਤਿਹਾਸ ਵਿਚ ਇਕ ਪ੍ਰਧਾਨ ਨੂੰ ਕੇਵਲ ਦੂਜੀ ਵੇਰ ਹੀ impeach ਕੀਤਾ ਗਿਆ ਹੈ। ਇਹ ਇਮਪੀਚਮੈਂਟ ਅਮਰੀਕਾ ਦੇ 'ਹਾਊਸ ਔਫ ਰੀਪਰੇਜ਼ੈਂਟੇਟਿਵਜ਼' ਨੇ ਕੀਤੀ ਸੀ। ਦੋ ਨੁਕਤਿਆਂ ਉਤੇ ਇਹ ਇਮਪੀਚਮੈਂਟ ਹੋਈ ਸੀ। ਇਕ ਪਰਜਰੀ ਵਾਰੇ ਤੇ ਦੂਜੀ ਇਨਸਾਫ ਦੇ ਰਾਹ ਵਿਚ ਰੋੜਾ ਅਟਕਾਉਣ ਵਾਰੇ। ਇਸ ਸਟੇਜ ਉਤੇ ਪਰੈਜ਼ੀਡੈਂਟ ਬਿੱਲ ਜੈਫਰਸਨ ਕਲਿੰਟਨ ਅਗਰ ਅਸਤੀਫਾ ਦੇ ਦਿੰਦੇ ਤਾਂ ਹੋਰ ਗੱਲ ਸੀ ਪਰ ਉਨ੍ਹਾਂ ਨੂੰ ਗੱਦੀਓਂ ਲਾਹੁਣ ਲਈ ਸੌ ਸੈਨੇਟਰਾਂ ਮੂਹਰੇ ਕੇਸ ਰੱਖਣਾ ਜ਼ਰੂਰੀ ਹੋ ਗਿਆ ਸੀ। ਮੋਨਿਕਾ ਲਿਵਿੰਸਕੀ ਸਮੇਤ ਕਈਆਂ ਗੁਆਹਾਂ ਨੂੰ ਸੈਨੇਟ ਸਾਹਮਣੇ ਪੇਸ਼ ਕੀਤਾ ਗਿਆ ਭਾਵੇਂ ਕਿ ਮੋਨਿਕਾ ਲਿਵਿੰਸਕੀ ਨੂੰ ਵੀਡੀਓ

ਰਾਹੀਂ ਹੀ ਇੰਟਰਵਿਊ ਕੀਤਾ ਗਿਆ। ਮੁੱਕਦੀ ਗੱਲ ਇਹ ਹੈ ਕਿ ਪ੍ਰਧਾਨ ਕਲਿੰਟਨ ਸਾਫ ਬਰੀ ਹੋ ਗਏ ਹਨ। ਮੋਨਿਕਾ ਲਿਵਿੰਸਕੀ ਆਪਣੀ ਕਹਾਣੀ ਅਤੇ ਇੰਟਰਵਿਊਜ਼ ਦੇ ਸਦਕੇ ਲਗਭਗ 50 ਲੱਖ ਡਾਲਰ ਕਮਾ ਲਵੇਗੀ। ਲਿੰਡਾ ਟਰਿੱਪ, ਜਿਹਨੇ ਚੋਰੀ ਛਿਪੀਂ ਲਿਵਿੰਸਕੀ ਦੀਆਂ ਟੈਲੀਫੋਨ ਕਾਲਾਂ ਟੇਪ ਕੀਤੀਆਂ ਸਨ, ਵੀ ਅਮੀਰ ਹੋ ਜਾਵੇਗੀ। ਸਰਕਾਰੀ ਪਰੌਸੀਕਿਊਟਰ ਕੈਨਥ ਸਟਾਰ ਵੀ ਇਸ ਕੇਸ ਵਿਚੋਂ ਖੱਟੀ ਖੱਟ ਜਾਵੇਗਾ। ਜੇਕਰ ਕੋਈ ਬੰਦਾ ਘਾਟੇ 'ਚ ਰਿਹਾ ਹੈ ਤਾਂ ਉਹ ਹੈ ਬਿੱਲ ਕਲਿੰਟਨ ਜਿਹੜਾ ਇਸ ਕੇਸ ਨੂੰ ਜਿੱਤ ਕੇ ਵੀ ਜਿੱਤਿਆ ਨਹੀਂ। ਉਸ ਦੀ ਅਥਮਰੀਕਾ ਹੀ ਨਹੀਂ ਸੰਸਾਰ ਭਰ ਵਿਚ ਤਕੜੀ ਬਦਨਾਮੀ ਹੋਈ ਹੈ। ਉਹ ਆਪਣੀ ਜੁਆਨ ਧੀ ਮੂਹਰੇ ਵੀ ਸਦਾ ਲਈ ਝੁਕ ਗਿਆ ਹੈ ਤੇ ਬੀਵੀ ਮੂਹਰੇ ਵੀ। ਕਈ ਲੋਕ ਕਹਿਣਗੇ ਕਿ ਅਗ਼ਰ ਕਲਿੰਟਨ ਨੂੰ ਇਨ੍ਹਾਂ ਗੱਲਾਂ ਦਾ ਡਰ ਸੀ ਤਾਂ ਉਹ ਨਾ ਇਹ ਲੱਛਣ ਕਰਦੇ? ਦੋਸਤੋ ਜਦੋਂ ਆਦਮ ਨੇ ਹਵਾ ਨੂੰ ਛੇੜਿਆ ਸੀ ਤਾਂ ਉਸ ਨੂੰ ਇਸ ਦੇ ਨਤੀਜਿਆਂ ਦਾ ਪਤਾ ਸੀ ਭਲਾ? ਬਿੱਲ ਕਲਿੰਟਨ ਇਕ ਆਦਮੀ ਹੈ। ਆਦਮੀ ਕਈ ਵੇਰ ਕਮਜ਼ੋਰ ਵੀ ਹੋ ਜਾਂਦੇ ਹਨ। ਪਰ ਇਥੇ ਨਿਤਾਰਾ ਅਸੀਂ ਬਿੱਲ ਕਲਿੰਟਨ ਦੇ ਪ੍ਰਧਾਨ ਹੋਣ ਦੀ ਅਥੌਰਟੀ ਕਾਰਨ ਹੈ ਨਾ ਕਿ ਉਸ ਦੇ ਬਤੌਰ ਖਾਵੰਦ, ਪਿਤਾ ਜਾਂ ਪੁੱਤ ਭਰਾ ਦੇ।

ਅਮਰੀਕਾ ਤੇ ਪੱਛਮ ਦੀ ਜਦੋਂ ਮੋਰੈਲਿਟੀ (MORALLITY) ਦੀ ਗੱਲ ਟੁਰਦੀ ਹੈ ਤਾਂ ਬਿੱਲ ਕਲਿੰਟਨ ਨੇ ਜੋ ਕੁਝ ਕੀਤਾ ਹੈ, ਉਹ ਸਧਾਰਨ ਗੱਲ ਨਾ ਸਹੀ ਪਰ ਇਹ ਏਨੀ ਸਨਸ਼ਨੀਖੇਜ਼ ਵੀ ਨਹੀਂ ਹੈ। ਹਾਂ, ਬਤੌਰ ਇਕ ਪ੍ਰਧਾਨ ਦੇ ਇਹ ਜ਼ਰੂਰ ਅਸਾਧਾਰਨ ਗੱਲ ਹੈ। ਵਰਨਾ ਅਮਰੀਕਾ ਤੇ ਪੱਛਮ ਵਿਚ ਤਾਂ ਅਜਿਹੀਆਂ ਗੱਲਾਂ ਹੁੰਦੀਆਂ ਹੀ ਰਹਿੰਦੀਆਂ ਹਨ। ਖੈਰ, ਹੁਣ ਇਸ ਗੱਲ ਤੋਂ ਰਾਹਤ ਮਿਲ ਜਾਣੀ ਚਾਹੀਦੀ ਹੈ ਕਿ ਅਮਰੀਕਾ ਦਾ ਪ੍ਰਧਾਨ ਇਸ ਸ਼ਿਕੰਜੇ ਚੋਂ ਨਿਕਲ ਆਇਆ ਹੈ ਤੇ ਹੁਣ ਉਹ ਅਮਰੀਕਾ ਹੀ ਨਹੀਂ ਦੁਨੀਆਂ ਦੇ ਵੱਖ ਵੱਖ ਹਿੱਸਿਆਂ ਦੀਆਂ ਸਮੱਸਿਆਵਾਂ ਵੱਲ ਗ਼ੌਰ ਵੀ ਕਰ ਸਕੇਗਾ। ਬਿੱਲ ਕਲਿੰਟਨ ਵਾਰੇ ਚੱਲੇ ਇਸ ਸਿਲਸਿਲੇ ਤੋਂ ਇਹ ਗੱਲ ਵੀ ਸਿੱਧ ਹੋ ਗਈ ਹੈ ਕਿ ਦਰਅਸਲ ਇਹ ਇਕ ਪੁਲੀਟੀਕਲ ਲੜਾਈ ਸੀ। ਰੀਪਬਲਿਕਨ ਪਾਰਟੀ ਹਰ ਹਾਲਤ ਵਿਚ ਡੈਮੋਕਰੈਟਿਕ ਪਾਰਟੀ ਦੇ ਪ੍ਰਧਾਨ ਦੀ ਹੇਠੀ ਕਰਨਾ ਚਾਹੁੰਦੀ ਸੀ। ਹੇਠੀ ਹੀ ਨਹੀਂ ਉਹਨੂੰ ਬੇਇੱਜ਼ਤ ਕਰਕੇ ਪ੍ਰਧਾਨਗੀ ਪਦ ਤੋਂ ਹਟਾਉਣਾ ਚਾਹੁੰਦੀ ਸੀ। ਅਗਰ ਪਾਰਟੀ ਪੌਲੇਟਿਕਸ ਤੋਂ ਉੱਪਰ ਉੱਠ ਕੇ ਦੇਖਿਆ ਜਾਵੇ ਤਾਂ ਇਹ ਗੱਲ ਬਿਨਾਂ ਕਿਸੇ ਸ਼ੱਕ ਤੋਂ ਸਿੱਧ ਹੋ ਗਈ ਹੈ ਕਿ ਪ੍ਰਧਾਨ ਕਲਿੰਟਨ ਆਮ ਲੋਕਾਂ ਵਿਚ ਅਤਿ ਹਰਮਨ ਪਿਆਰੇ ਸਨ। ਇਮਪੀਚਮੈਂਟ ਦੇ ਕੇਸ ਦੇ ਚੋਟੀ ਉਤੇ ਹੋਣ ਦੇ ਬਾਵਜੂਦ ਵੀ ਕਲਿੰਟਨ ਦੀ ਲੋਕਪ੍ਰੀਅਤਾ 63 ਪ੍ਰਤੀਸ਼ਤ ਤੋਂ ਹੇਠਾਂ ਨਹੀਂ ਡਿਗੀ। ਬਲਕਿ ਕਈ ਵੇਰ 74 ਫੀਸਦੀ ਤੋਂ ਵੀ ਉਤਾਂਹ ਚਲੇ ਗਈ ਸੀ। ਇਸ ਦੀ ਮੁੱਖ ਵਜਾਹ ਇਹ ਸੀ ਕਿ ਕਲਿੰਟਨ ਜ਼ਬਰਦਸਤ ਦਿਮਾਗੀ ਪਰੈਸ਼ਰ ਦੇ ਬਾਵਜੂਦ ਵੀ ਆਪਣੀ ਜੌਬ ਅਤੇ ਆਪਣੀ ਡਿਊਟੀ ਤੋਂ ਪਾਸੇ ਨਹੀਂ ਸੀ ਹਟਿਆ ਤੇ ਆਪਣੇ ਲੈਜਿਸਲੇਚਰ ਪ੍ਰੋਗਰਾਮ ਨਾਲ ਵਚਨਵੱਧ ਰਿਹਾ ਸੀ। ਸੋ ਹੁਣ ਜਦੋਂ ਕਿ ਇਹ ਕੇਸ ਲਾਂਭੇ ਹੋ ਗਿਆ ਹੈ ਤਾਂ ਬਿੱਲ ਕਲਿੰਟਨ ਦੇ ਹੋਰ ਵੀ ਹਰਮਨ ਪਿਆਰਾ ਹੋਣ ਦੀ ਆਸ ਹੈ। ਉਸ ਨੇ ਵੈਲਫੇਅਰ, ਮੈਡੀਕਲ ਤੇ ਬੇਕਾਰਾਂ ਦੀ ਮਦਦ ਕਰਨ ਵਾਲੇ ਅਨੇਕਾਂ ਸੁਝਾਵਾਂ ਨੇ ਡੂਮੈਸਟਿਕ ਤੌਰ ਤੇ ਉਹਨੂੰ ਲੋਕਾਂ ਦਾ ਮਿੱਤਰ ਬਣਾ ਦਿੱਤਾ ਸੀ। ਅਮਰੀਕਾ ਦੀ ਗੰਨ ਲੌਬੀ ਬੜੀ ਸ਼ਕਤੀਸ਼ਾਲੀ ਹੈ। ਫਿਰ ਵੀ ਬਿੱਲ ਕਲਿਟੰਨ ਚਾਹੁੰਦੇ

ਹਨ ਕਿ ਅਮਰੀਕਾ ਵਿਚ ਗੰਨ ਕੰਟਰੋਲ ਸਥਾਪਤ ਕੀਤਾ ਜਾਵੇ ਤਾਂ ਜੁ ਆਮ ਲੋਕੀਂ ਸੁਰੱਖਿਅਤ ਮਹਿਸੂਸ ਕਰਨ। ਬਿੱਲ ਕਲਿੰਟਨ ਦੇ ਰਾਜ ਪ੍ਰਬੰਧ ਨੇ ਅਮਰੀਕਾ ਦੀ ਆਰਥਿਕਤਾ ਨੂੰ ਵੀ ਅਤਿ ਸ਼ਕਤੀਸ਼ਾਲੀ ਬਣਾਇਆ ਹੈ ਤੇ ਤਕੜੀ ਇਕੌਨੌਮੀ ਹੋਰ ਵੀ ਤਕੜੀ ਹੋ ਗਈ ਹੈ। ਵਿਉਪਾਰੀ ਲੋਕ ਵਧੇਰੇ ਖੱਟੀ ਖੱਟ ਰਹੇ ਹਨ ਤੇ ਬੇਕਾਰਾਂ ਦੀ ਗਿਣਤੀ ਆਏ ਦਿਨ ਡਿਗ ਰਹੀ ਹੈ। ਬਿੱਲ ਕਲਿੰਟਨ ਨੇ ਵੈਲਫ਼ੇਅਰ ਸਿਸਟਮ ਵਿਚ ਵੀ ਸੁਧਾਰ ਕੀਤਾ ਹੈ ਜਿਸ ਦੇ ਸਿੱਟੇ ਵਜੋਂ ਡਾਲਰਾਂ ਦੀ ਵੀ ਬੱਚਤ ਹੋਈ ਹੈ ਤੇ ਵਿਹਲੜਾਂ ਨੇ ਕਮਮ ਉਤੇ ਜਾਣਾ ਵੀ ਸ਼ੁਰੂ ਕਰ ਦਿੱਤਾ ਹੈ ਭਾਵ ਕਲਿੰਟਨ ਨੇ ਵੈਲਫ਼ੇਅਰ ਡੈਪੈਂਡੈਂਸੀ ਨੂਮ ਖ਼ਤਮ ਕਰਨ ਦਾ ਭਰਪੂਰ ਯਤਨ ਕੀਤਾ ਹੈ। ਵਿਦੇਸ਼ਾਂ ਵਿਚ ਵੀ ਬਿੱਲ ਕਲਿੰਟਨ ਨੇ ਵਾਹਵਾ ਸ਼ੁਹਰਤ ਖੱਟੀ ਹੈ। ਆਇਰਲੈਂਡ ਤੋਂ ਲੈ ਕੇ ਮਿਡਲ ਈਸਟ ਤੀਕ ਉਨ੍ਹਾ ਨੇ ਬੜੀ ਸੂਝਵਾਨ ਡਿਪਲੋਮੇਸੀ ਤੋਂ ਕੰਮ ਲਿਆ ਹੈ। ਅਜਕਲ ਕੋਸੋਵੋ ਵਿਚ ਅਮਨ ਚੈਨ ਪੈਦਾ ਕਰਨ ਲਈ ਉਸ ਦਾ ਰਾਜ ਪ੍ਰਬੰਧ ਕਾਫੀ ਮਸਰੂਫ ਹੈ। ਉਹ ਛੇਤੀ ਹੀ ਭਾਰਤ ਅਤੇ ਪਾਕਿਸਤਾਨ ਦਾ ਦੌਰਾ ਵੀ ਕਰਨ ਵਾਲੇ ਹਨ ਤੇ ਆਸ ਹੈ ਕਿ ਉਹ ਕੋਈ ਵਧੀਆ ਸੁਝਾਅ ਪੇਸ਼ ਕਰਨਗੇ ਜਿਸ ਦੇ ਤਹਿਤ ਸਾਊਥ ਈਸਟ ਏਸ਼ੀਆ ਦੇ ਇਨ੍ਹਾਂ ਦੇਸਾਂ ਵਿਚ ਅਮਨ ਅਮਾਨ ਹੋ ਸਕੇਗਾ ਭਾਵੇਂ ਕਿ ਅਟਲ ਬਿਹਾਰੀ ਵਾਜਪਾਈ ਅਤੇ ਮੀਆਂ ਮੁਹੰਮਦ ਨਿਵਾਜ਼ ਸ਼ਰੀਫ ਹੁਰਾਂ ਨੂੰ ਵੀ ਇਸ ਪਾਸੇ ਵੱਲ ਪੱਕੇ ਅਤੇ ਸੁਹਿਰਦ ਕਦਮ ਚੁੱਕਣ ਦੀ ਲੋੜ ਹੈ।

ਕਲਿੰਟਨ-ਲਿਵਿੰਸਕੀ ਸਕੈਂਡਲ ਚੋਂ ਇਕ ਹਸਤਾਖਰ ਜਿਹੜਾ ਤਕੜੀ ਇੱਜ਼ਤ ਅਤੇ ਪਿਆਰ ਲੈ ਕੇ ਨਿਕਲਿਆ ਹੈ, ਉਹ ਹੈ ਰਾਸ਼ਟਰਵਤੀ ਦੀ ਬੀਵੀ ਹਿੱਲਰੀ ਕਲਿੰਟਨ। ਇਸ ਔਰਤ ਨੇ ਇਸ ਕੇਸ ਦੌਰਾਨ ਜਿਹੜਾ ਹੌਸਲਾ ਦਿਖਾਇਆ ਹੈ, ਉਹ ਬੇਮਿਸਾਲ ਹੈ । ਬਿੱਲ ਕਲਿੰਟਨ ਦੀ ਬੇਵਫਾਈ ਦੇ ਬਾਵਜੂਦ ਵੀ ਉਸ ਨੇ ਆਪਣਾ ਪਰਵਾਰਕ ਜੁਜ਼ ਤੋੜਿਆ ਨਹੀਂ ਤੇ ਆਪਣੀ ਗਰਦਨ ਜ਼ਬਰਦਸਤ ਮੀਡੀਆ ਪਰੈਸ਼ਰ ਦੇ ਬਾਵਜੂਦ ਵੀ ਝੁਕਾਈ ਨਹੀਂ। ਆਪਣੀ ਸੁਸਾਇਟੀ ਵਿਚ ਅਜਿਹੀਆਂ ਤੀਵੀਆਂ ਘੱਟ ਹੀ ਹੁੰਦੀਆਂ ਹਨ।

ਹਿੱਲਰੀ ਕਲਿੰਟਨ ਨੂੰ ਅਮਰੀਕਨ ਲੋਕ ਏਨਾ ਪਸੰਦ ਕਰਦੇ ਹਨ ਕਿ ਇਕ ਸਰਵੇਖਣ ਅਨੁਸਾਰ ਅਗਰ ਉਹ ਸਾਲ 2001 ਵਿਚ ਪ੍ਰਧਾਨਗੀ ਚੋਣਾਂ ਲਈ ਖਲੋਵੇ ਤਾਂ ਜਿੱਤ ਪ੍ਰਾਪਤ ਕਰ ਸਕਦੀ ਹੈ। ਕਿੱਤੇ ਵਜੋਂ ਇਕ ਆਹਲਾ ਵਕੀਲ ਅਤੇ ਨਿਹਾਇਤ ਪੜ੍ਹੀ ਲਿਖੀ ਤੇ ਚੁਸਤ ਔਰਤ ਹਿੱਲਰੀ ਕਲਿੰਟਨ ਨੂੰ ਐਪਰ ਪਹਿਲਾਂ ਸੈਨੇਟ ਦੀ ਚੋਣ ਲੜਨੀ ਪਵੇਗੀ। ਜਦੋਂ ਪਿਛੇ ਜਿਹੇ ਉਸ ਤੋਂ ਪੁੱਛਿਆ ਗਿਆ ਕਿ ਕੀ ਉਹ ਨਿਊਯੌਰਕ ਤੋਂ ਸੈਨੇਟਰ ਦੀ ਚੋਣ ਲੜਨਾ ਚਾਹੇਗੀ ਤਾਂ ਉਸ ਨੇ ਮੁਸਕਰਾ ਕੇ ਕਿਹਾ ਸੀ ਕਿ ਉਹ ਮਿੱਤਰਾਂ ਦੋਸਤਾਂ ਦੇ ਵਾਰ ਵਾਰ ਪੁੱਛਣ ਉਤੇ ਇਸ ਚੈਲੰਜ ਨੂੰ ਸਵੀਕਰ ਕਰਨ ਲਈ ਤਿਆਰ ਹੈ। ਇਹ ਗੱਲ ਵੀ ਨਿੱਖਰ ਕੇ ਸਾਹਮਣੇ ਆ ਗਈ ਹੈ ਕਿ ਇਨ੍ਹਾਂ ਇਲੈਕਸ਼ਨਾਂ ਉਤੇ 20 ਮਿਲੀਅਨ ਡਾਲਰ ਖਰਚ ਆਉਣਗੇ। ਯਾਦ ਰਹੇ ਅਮਰੀਕਾ ਵਿਚ ਸੈਨੇਟ ਅਤੇ ਪਰੈਜ਼ੀਡੈਂਸ਼ਅਲ ਇਲੈਕਸ਼ਨਾਂ ਉਤੇ ਏਨਾ ਖਰਚਾ ਆਉਂਦਾ ਹੈ ਕਿ ਮਾੜਾ ਬੰਦਾ ਇਹ ਇਲੈਕਸ਼ਨਾਂ ਲੜਨ ਦਾ ਹੌਸਲਾ ਹੀ ਨਹੀਂ ਕਰ ਸਕਦਾ।

ਹਿੱਲਰੀ ਕਲਿੰਟਨ ਦਾ ਦੁਖਾਂਤ ਇਹ ਹੈ ਕਿ ਉਸ ਦੇ ਖ਼ਾਵੰਦ ਦੇ ਅਨੇਕਾਂ ਸੈਕਸ਼ਅਲ ਕੇਸ ਲੜਦਿਆਂ ਏਨਾ ਲੀਗਲ ਖਰਚ ਆਇਆ ਹੈ ਕਿ ਪਰਵਾਰਕ ਤੌਰ 'ਤੇ ਮਿਸਟਰ ਐਂਡ ਮਿਸਜ਼ ਕਲਿੰਟਨ ਤਕੜੀ ਆਰਥਕ ਤੰਗੀ ਵਿਚੀਂ ਗੁਜ਼ਰ ਰਹੇ ਹਨ। ਪਾਓਲਾ ਜੋਨਜ਼ ਦਾ ਛੇੜ ਛਾੜ ਦਾ

ਕੇਸ ਜਦੋਂ ਕੋਰਟ ਵਿਚ ਜਾਣ ਲੱਗਿਆ ਸੀ ਤਾਂ ਮਿਸਜ਼ ਕਲਿੰਟਨ ਨੇ ਉਸ ਨਾਲ ਕੋਰਟ ਤੋਂ ਬਾਹਰ ਹੀ ਸਮਝੌਤਾ ਕਰ ਲਿਆ ਸੀ। ਇਸ ਸਮਝੌਤੇ ਤਹਿਤ ਕਲਿੰਟਨ ਪਰਵਾਰ ਨੇ ਉਹਨੂੰ ਤਿੰਨ ਲੱਖ ਡਾਲਰ ਦੇਣਾ ਕੀਤਾ ਸੀ ਜਿਹੜਾ ਹਿੱਲਰੀ ਕਲਿੰਟਨ ਨੇ ਆਪਣੀ ਜ਼ਾਤੀ ਸੇਵਿੰਗ ਵਿਚੋਂ ਅਦਾਅ ਕੀਤਾ ਸੀ। ਯਾਦ ਰਹੇ ਬਿੱਲ ਕਲਿੰਟਨ ਨੇ ਪਾਓਲਾ ਜੋਨਜ਼ ਨਾਲ ਅਰਕਾਂਸਜ਼ ਦੇ ਇਕ ਹੋਟਲ ਦੇ ਕਮਰੇ ਵਿਚ ਉਦੋਂ ਛੇੜਖਾਨੀ ਕੀਤੀ ਸੀ ਜਦੋਂ ਮਿਸਟਰ ਕਲਿੰਟਨ ਉਥੋਂ ਦੇ ਗਵਰਨਰ ਹੋਇਆ ਕਰਦੇ ਸਨ। ਪਾਓਲਾ ਜੋਨਜ਼ ਤੋਂ ਬਾਅਦ ਮੋਨਿਕਾ ਲਿਵਿੰਸਕੀ ਦੇ ਸਕੈਂਡਲ ਚੋਂ ਨਿਕਲਣ ਲਈ ਹਜ਼ਾਰਾਂ ਹੀ ਡਾਲਰ ਵਕੀਲਾਂ ਨੂੰ ਦੇਣੇ ਪਏ ਸਨ। ਇਨ੍ਹਾਂ ਹਾਲਾਤਾਂ ਕਰਕੇ ਕਲਿੰਟਨ ਪਰਵਾਰ ਬਹੁਤ ਵੱਡੀ ਕਰਜ਼ਿਆਂ ਦੀ ਪੰਡ ਚੁੱਕੀ ਫਿਰਦਾ ਹੈ। ਹੁਣ ਮੁਸੀਬਤ ਇਹ ਹੈ ਕਿ ਅਗਰ ਹਿੱਲਰੀ ਕਲਿੰਟਨ ਸੈਨੇਟ ਦੀਆਂ ਇਲੈਕਸ਼ਨਾਂ ਲੜਦੀ ਹੈ ਤਾਂ ਉਸ ਨੂੰ ਅਨੇਕਾਂ ਪਰੈਜ਼ੀਡੈਂਸ਼ਲ ਸਹੂਲਤਾਂ ਛੱਡਣੀਆਂ ਪੈਂਦੀਆਂ ਹਨ। ਸੈਨੇਟਰ ਬਨਣ ਉਪਰੰਤ ਉਹ ਆਪਣੀਆਂ ਯਾਦਾਂ ਦੀ ਕਿਤਾਬ ਵੀ ਨਹੀਂ ਲਿਖ ਸਕਦੀ ਕਿਉਂਕਿ ਵਿਧਾਨਕ ਤੌਰ 'ਤੇ ਪੁਲੀਟਕਿਲ ਸੈਨਸੇਟਿਵਿਟੀ ਕਰਕੇ ਵੀ ਇੰਝ ਕਰਨਾ ਠੀਕ ਨਹੀਂ ਹੋਵੇਗਾ। ਇਕ ਕਿਤਾਬ ਦਾ ਉਹਨੂੰ ਘੱਟੋ ਘੱਟ 30 ਲੱਖ ਡਾਲਰ ਮਿਲ ਸਕਦਾ ਸੀ। ਇਸੇ ਤਰ੍ਹਾਂ ਇਕ ਘੰਟੇ ਦੇ ਲੈਕਚਰ ਦਾ ਉਸ ਨੂੰ ਤੀਹ ਹਜ਼ਾਰ ਡਾਲਰ ਮਿਲ ਸਕਦਾ ਸੀ। ਬਰਤਾਨੀਆਂ ਦੀ ਸਾਬਕਾ ਪ੍ਰਧਾਨ ਮੰਤਰੀ ਸ੍ਰੀਮਤੀ ਮਾਰਗਰੇਟ ਥੈਚਰ ਨੂੰ ਪੰਝੀ ਹਜ਼ਾਰ ਪੌਂਡ ਪ੍ਰਤੀ ਲੈਕਚਰ ਮਿਲਦਾ ਹੈ।

ਅਗਰ ਹਿੱਲਰੀ ਕਲਿੰਟਨ ਨਿਊਯੌਰਕ ਤੋਂ ਸੈਨੇਟ ਦੀ ਸੀਟ ਲੜਦੀ ਹੈ ਤਾਂ ਉਸ ਦਾ ਟਾਕਰਾ ਇਟਾਲੀਅਨ ਮੂਲ ਦੇ ਤਕੜੇ ਮੇਅਰ ਰਿਊਡੌਲਫ ਜੁਲੀਆਨੀ ਨਾਲ ਹੋਵੇਗਾ। ਇਹ ਬੰਦਾ ਉਹ ਹੈ ਜਿਸ ਨੇ ਲਾਠੀ ਦੇ ਜ਼ੋਰ ਨਾਲ ਨਿਊਯੌਰਕ ਚੌਂ ਮਾਫੀਆ ਸਟਾਈਲ ਗੈਂਗ ਭਜਾ ਦਿੱਤੇ ਹਨ ਤੇ ਸ਼ਹਿਰ ਵਿਚੋਂ ਕਤਲਾਂ ਦਾ ਦਹਿਲ ਖਤਮ ਕਰ ਦਿਤਾ ਹੈ।

1964 ਵਿਚ ਮੇਨ ਸਾਊਥ ਹਾਈ ਸਕੂਲ ਦੇ ਇਕ ਮੈਗਜ਼ੀਨ ਨੇ ਜਦੋਂ ਅੱਲ੍ਹੜ ਉਮਰ ਦੀ ਹਿੱਲਰੀ ਰੋਡਹੈਮ ਨੂੰ ਪੁੱਛਿਆ ਸੀ ਕਿ ਉਸ ਦੇ ਜੀਵਨ ਦਾ ਨਿਸ਼ਾਨਾ ਕੀ ਹੈ ਤਾਂ ਉਸਨੇ ਕਿਹਾ ਸੀ ਕਿ ਉ ਇਕ ਸੈਨੇਟਰ ਨਾਲ਼ ਵਿਆਹ ਕਰਾ ਕੇ 'ਜੌਰਜ ਟਾਊਨ' ਵਿਚ ਸੈਟਲ ਹੋਣਾ ਚਾਹੇਗੀ। ਪਰ ਉਸ ਦੀ ਕਿਸਮਤ ਦਾ ਸਿਤਾਰਾ ਕੁਝ ਹੋਰ ਕਹਿ ਰਿਹਾ ਸੀ। ਉਹ ਅਮਰੀਕਾ ਦੇ ਵਾਈਟ ਹਾਊਸ ਵਿਚ ਬਤੌਰ ਫਸਟ ਲੇਡੀ ਦੇ ਰਹਿ ਰਹੀ ਹੈ ਤੇ ਇਕ ਤਾਕਤਵਰ ਪਰ ਵਿਵਾਦਗ੍ਰਸਤ ਰਾਸ਼ਟਰਪਤੀ ਦੀ ਬੀਵੀ ਹੈ ਪਰ ਹੁਣ ਖ਼ਬਰੇ ਉਹਦੀ ਕਿਸਮਤ ਵਿਚ ਇਹ ਵੀ ਲਿਖਿਆ ਹੋਇਆ ਹੋਵੇ ਕਿ ਉਹ ਖ਼ੁਦ ਵਾਈਟ ਹਾਊਸ ਵਿਚ ਬਤੌਰ ਪ੍ਰਧਾਨ ਦੇ ਰਿਹਾ ਕਰੇਗੀ ਤੇ ਹਿਸਟਰੀ ਵਿਚ ਉਹ ਪਹਿਲੀ ਅਮਰੀਕਨ ਔਰਤ ਪਰੈਜ਼ੀਡੈਂਟ ਹੋ ਬੈਠੇਗੀ। ਅਮਰੀਕਾ ਅਤੇ ਸੰਸਾਰ ਦੀ ਕਿਸਮਤ ਉਹ ਕਿਹੋ ਜਿਹੀ ਘੜੇਗੀ? ਬੜੀ ਦਿਲਚਸਪੀ ਨਾਲ ਲੋਕ ਇਸ ਗੱਲ ਦਾ ਇੰਤਜ਼ਾਰ ਕਰਨਗੇ। ਪਰ ਫ਼ਿਲਹਾਲ ਸਾਡੀਆਂ ਸ਼ੁੱਭ ਇਛਾਵਾਂ ਹਿੱਲਰੀ ਕਲਿੰਟਨ ਦੇ ਨਾਲ ਹਨ।

(1999)

# ਸ਼ਹਿਜ਼ਾਦੀ ਡਿਆਨਾ ਦੀ ਮੌਤ ਅਤੇ ਅਫ਼ਵਾਹਾਂ

ਮਲਿਕਾ ਅਲਿਜ਼ਬੈਥ ਦੀ ਸਾਬਕਾ ਨੂੰਹ ਡਿਆਨਾ ਪ੍ਰਿੰਸੈਸ ਔਫ ਵੇਲਜ਼ ਦੇ ਇਕ ਕਾਰ ਐਕਸੀਡੈਂਟ ਵਿਚ ਮਰਨ ਤੇ ਛੇਆਂ ਵਰ੍ਹਿਆਂ ਬਾਅਦ ਤੀਕ ਵੀ ਇਸ ਅਫਵਾਹ ਨੂੰ ਠੱਲ੍ਹ ਨਹੀਂ ਪਈ ਕਿ ਉਸ ਨੂੰ ਇਕ ਸਾਜਿਸ਼ ਅਧੀਨ ਕਤਲ ਕੀਤਾ ਗਿਆ ਸੀ। ਇਸ ਅਫਵਾਹ ਦੀ ਸਿਖਰ ਉਦੋਂ ਹੋਈ ਜਦੋਂ ਲੰਡਨ ਦੇ ਪ੍ਰਸਿੱਧ ਸੁਪਰ ਸਟੋਰ ਹੈਰਡਜ਼ (Harrods) ਦੇ ਮੁਸਲਿਮ ਮਾਲਕ ਮੁਹੰਮਦ ਅਲ ਫ਼ਾਇਦ ਦੀ ਇਹ ਗੱਲ ਮੰਨ ਲਈ ਗਈ ਕਿ ਡਿਆਨਾ ਅਤੇ ਉਸ ਦੇ ਪ੍ਰੇਮੀ ਡੋਡੀ ਫਾਇਦ ਦੀ ਪੈਰਿਸ ਵਿਚ ਹੋਈ ਮੌਤ ਦੀ ਛਾਣਬੀਣ ਕਰਾਈ ਜਾਣੀ ਚਾਹੀਦੀ ਹੈ। ਪੈਰਿਸ ਦੀ ਇਕ ਸੁਰੰਗ ਵਿਚ ਜਦੋਂ ਇਹ ਐਕਸੀਡੈਂਟ ਹੋਇਆ ਸੀ ਤਾਂ ਉਸ ਮਰਸੇਡੀਜ਼ ਕਾਰ ਵਿਚ ਡੋਡੀ ਫਾਇਦ ਤੇ ਡਿਆਨਾ ਤੋਂ ਇਲਾਵਾ ਉਹਨਾਂ ਦਾ ਡਰਾਈਵਰ ਹੈਨਰੀ ਪਾਲ ਅਤੇ ਇਕ ਸਿਕਿਉਰਿਟੀ ਅਫਸਰ ਵੀ ਸੀ। ਇਹਨਾਂ ਚੌਹਾਂ ਵਿਚੋਂ ਕੇਵਲ ਸਿਕਿਉਰਿਟੀ ਅਫ਼ਸਰ ਹੀ ਬਚਿਆ ਹੈ ਭਾਵੇਂ ਕਿ ਅਜੇ ਤੀਕ ਉਸ ਦੇ ਜ਼ਖਮਾਂ ਨੂੰ ਆਰਾਮ ਨਹੀਂ ਆਇਆ ਤੇ ਉਹ ਮਾਨਸਿਕ ਤੌਰ 'ਤੇ ਵੀ ਕਾਫੀ ਉਲਝਣ ਅਤੇ ਬੇਵਿਸ਼ਵਾਸੀ ਵਿਚ ਫਸਿਆ ਹੋਇਆ ਹੈ।

ਹੁਣ ਲੰਡਨ ਦੇ ਮੈਟਰੋਪੋਲਿਟਨ ਪੁਲੀਸ ਕਮਿਸ਼ਨਰ ਸਰ ਜੌਨ ਸਟੀਵਨਜ਼ ਦੀ ਨਿਗਰਾਨੀ ਹੇਠ ਕੀਤੀ ਜਾ ਰਹੀ ਇਸ ਜਾਂਚ ਨੂੰ ਰੌਇਲ ਕੋਰੋਨਰ ਮਾਈਕਲ ਬਰਜੈਸ ਨੇਪਰੇ ਚਾੜ੍ਹਣਗੇ। ਲੰਡਨ ਵਿਚ ਇਸ ਦੀ ਸ਼ੁਰੂਆਤ ਕਰਦਿਆਂ ਹੋਇਆਂ ਮਾਈਕਲ ਬਰਜੈਸ ਨੇ ਕਿਹਾ ਕਿ ਇਸ ਜਾਂਚ ਦੀ ਅਦਾਲਤੀ ਸੁਣਵਾਈ ਅਗਲੇ ਪੰਦਰਾਂ ਮਹੀਨਿਆਂ ਤੱਕ ਸੰਭਵ ਹੋ ਸਕਦੀ ਹੈ ਕਿਉਂਕਿ ਉਹਨਾਂ ਨੂੰ ਫਰਾਂਸੀਸੀ ਪੁਲੀਸ ਵਲੋਂ ਤਿਆਰ ਕੀਤੀ ਗਈ ਛੇ ਹਜ਼ਾਰ ਸਫਿਆਂ ਦੀ ਰੀਪੋਰਟ ਦਾ ਡੂੰਘਾ ਮੁਤਾਲਾ ਕਰਨ ਦੀ ਲੋੜ ਪੈਣੀ ਹੈ। ਪੈਂਦੀ ਸੱਟੇ ਹੀ ਮਾਈਕਲ ਬਰਜੈਸ ਨੇ ਸ਼ਹਿਜ਼ਾਦੀ ਡਿਆਨਾ ਦੇ ਬਟਲਰ ਪਾਲ ਬਰਲ ਤੋਂ ਉਹ ਖਤ ਵੀ ਮੰਗ ਲਿਆ ਹੈ ਜਿਹੜਾ ਡਿਆਨਾ ਨੇ ਆਪਣੀ ਮੌਤ ਤੋਂ ਦਸ ਮਹੀਨੇ ਪਹਿਲਾਂ ਉਸ ਨੂੰ ਲਿਖਿਆ ਸੀ। ਇਸ ਵਿਚ ਡਿਆਨਾ ਨੇ ਲਿਖਿਆ ਸੀ ਕਿ ਉਸ ਦੇ ਸਾਬਕਾ ਪਤੀ ਜਾਣੀ ਪ੍ਰਿੰਸ ਚਾਰਲਸ (ਇੰਗਲੈਂਡ ਦੇ ਤਖਤ ਦੇ ਅਗਲੇ ਵਾਰਸ) ਉਹਨਾਂ ਨੂੰ ਮਰਵਾਉਣਾ ਚਾਹੁੰਦੇ ਹਨ। ਇਸ ਵਿਚ ਇਹ ਗੱਲ ਵੀ ਸਪੱਸ਼ਟ ਲਿਖੀ ਗਈ ਹੈ ਕਿ ਇਹ ਕਤਲ ਇਕ ਕਾਰ ਕਰੈਸ਼ ਦੀ ਸ਼ਕਲ ਵਿਚ ਕਰਵਾਇਆ ਜਾਵੇਗਾ ਤੇ ਇਸ ਨੂੰ ਇਕ ਕਾਰ ਐਕਸੀਡੈਂਟ ਵਜੋਂ ਦਿਖਾ ਕੇ ਗੱਲ ਆਈ ਗਈ ਕਰ ਦਿੱਤੀ ਜਾਵੇਗੀ। ਇਹ ਖਤ ਜਦੋਂ ਪਾਲ ਬਰਲ ਨੇ ਆਪਣੀ ਜੀਵਨ ਕਥਾ ਵਾਲੀ ਕਿਤਾਬ 'ਦਾ ਰੌਇਲ ਡਿਊਟੀ' (The Royal Duty) ਵਿਚ ਪ੍ਰਕਾਸ਼ਿਤ ਕੀਤਾ ਸੀ ਤਾਂ ਉਸ ਨੇ ਪ੍ਰਿੰਸ ਚਾਰਲਸ ਦਾ ਨਾਂ ਬਲੈਕ ਆਊਟ ਕਰ ਦਿੱਤਾ ਸੀ ਪਰ ਹੁਣ ਲੰਡਨ ਦੇ ਪ੍ਰਸਿੱਧ ਅਖ਼ਬਾਰ 'ਡੇਲੀ ਮਿਰਰ' ਨੇ ਇਸ ਨੂੰ ਹੂ ਬ ਹੂ ਛਾਪ ਦਿੱਤਾ ਹੈ। ਇਸ

ਖਤ ਦੀ ਕਾਪੀ 'ਡੇਲੀ ਮਿਰਰ' ਦੇ ਹੱਥ ਉਦੋਂ ਲੱਗੀ ਜਦੋਂ ਪਾਲ ਬਰਲ ਨੇ ਆਪਣੀ ਪੁਸਤਕ ਨੂੰ ਲੜੀਵਾਰ (Serialise) ਕਰਨ ਦੇ ਅਧਿਕਾਰ ਉਹਨਾਂ ਨੂੰ ਵੇਚ ਦਿੱਤੇ ਸਨ। ਪਾਲ ਬਰਲ ਦਾ ਕਹਿਣਾ ਹੈ ਕਿ 'ਡੇਲੀ ਮਿਰਰ' ਨੂੰ ਇਸ ਗੱਲ ਦੇ ਲਿਖਤੀ ਅਧਿਕਾਰ ਬਿਲਕੁਲ ਹੀ ਨਹੀਂ ਦਿੱਤੇ ਗਏ ਸਨ ਕਿ ਬਲੈਕ ਆਊਟ ਕੀਤਾ ਗਿਆ ਨਾਮ ਛਾਪ ਦਿੱਤਾ ਜਾਵੇ। ਪਾਲ ਬਰਲ ਇਸ ਅਖ਼ਬਾਰ ਉਤੇ ਅਦਾਲਤੀ ਕਾਰਵਾਈ ਕਰ ਰਿਹਾ ਹੈ ਪਰ ਹੁਣ ਜਦੋਂ ਕਿ ਪ੍ਰਿੰਸ ਚਾਰਲਸ ਦਾ ਨਾਮ ਲੈ ਦਿੱਤਾ ਗਿਆ ਹੈ ਤਾਂ ਇਹ ਗੱਲ ਜ਼ਰੂਰੀ ਹੋ ਗਈ ਹੈ ਕਿ ਸ਼ਹਿਜ਼ਾਦਾ ਚਾਰਲਸ ਨੂੰ ਆਪਣੀ ਸਫਾਈ ਅਦਾਲਤੀ ਤੌਰ ਤੇ ਦੇਣੀ ਪੈਣੀ ਹੈ। ਰੇਡੀਓ ਫੋਰ ਦੇ ਪ੍ਰੋਗਰਾਮ 'ਵਰਲਡ ਐਟ ਵੰਨ' ਉਤੇ ਬੋਲਦਿਆਂ ਬੁਕਿੰਘਮ ਪੈਲੇਸ ਦੇ ਸਪੋਕਸਮੈਨ ਨੇ ਕਿਹਾ ਕਿ ਜਿਹੜੇ ਲੋਕ ਸ਼ਹਿਜ਼ਾਦਾ ਚਾਰਲਸ ਨੂੰ ਜਾਣਦੇ ਹਨ ਉਹ ਐਹੋ ਜਿਹੇ ਬੇਬੁਨਿਆਦ ਅਤੇ ਘਟੀਆਂ ਇਲਜ਼ਾਮਾਂ ਨੂੰ ਅਹਿਮਕਾਨਾ ਅਤੇ ਬੇਵਕੂਫਾਂ ਵਾਲੀ ਗੱਲ ਹੀ ਕਹਿਣਗੇ। ਕੋਲੀਨ ਹੈਰਿਸ ਨੇ ਕਿਹਾ ਕਿ ਜਿਸ ਵੇਲੇ ਡਿਆਨਾ ਨੇ ਇਹ ਖ਼ਤ ਲਿਖਿਆ ਸੀ, ਉਸ ਵੇਲੇ ਉਹ ਬੜੇ ਕਠਨ ਮਾਨਸਿਕ ਤਣਾਓ ਵਿਚੀਂ ਗੁਜ਼ਰ ਰਹੀ ਸੀ ਤੇ ਉਂਝ ਵੀ ਉਹ ਬੜੀ ਭਾਵੁਕ ਅਤੇ ਛੇਤੀ ਹੀ ਪ੍ਰਭਾਵਤ ਹੋਣ ਵਾਲੀ ਔਰਤ ਸੀ। ਇਨ੍ਹਾਂ ਸਤਰਾਂ ਦਾ ਲੇਖਕ ਜਾਣੀ ਕਿ ਸਾਥੀ ਲੁਧਿਆਣਵੀ ਪਿਛਲੇ ਸਾਲ ਪ੍ਰਿੰਸ ਚਾਰਲਸ ਨੂੰ ਮਿਲਿਆ ਸੀ। ਐਵੇਂ ਕੁਝ ਹੀ ਪਲ ਗੱਲਾਂ ਕਰਨ ਤੋਂ ਹੀ ਤੇ ਉਨ੍ਹਾਂ ਦਾ ਹਸਮੁਖ, ਦੋਸਤਾਨਾ ਤੇ ਸ਼ਰੀਫ ਸੁਭਾਅ ਤਕ ਕੇ ਮੈਨੂੰ ਪਤਾ ਲੱਗ ਗਿਆ ਸੀ ਕਿ ਇਹ ਵਿਅਕਤੀ ਇਕ ਵਧੀਆ ਇਨਸਾਨ ਹੈ। ਹੁਣ ਜਦੋਂ ਉਨ੍ਹਾਂ ਉੱਤੇ ਕਤਲ ਦਾ ਦੋਸ਼ ਲਗਾਏ ਜਾ ਰਹੇ ਹਨ ਤਾਂ ਸਹਿਜੇ ਹੀ ਕੋਲੀਨ ਹੈਰਿਸ ਨਾਲ ਸਹਿਮਤ ਹੋਣ ਨੂੰ ਜੀਅ ਕਰਦਾ ਹੈ। ਪ੍ਰਿੰਸ ਚਾਰਲਸ ਦੇ ਸਾਲੇ ਅਰਲ ਸਪੈਂਸਰ ਨੇ ਵੀ ਅਜਿਹੇ ਖ਼ਤ ਦੀ ਪ੍ਰਕਾਸ਼ਨਾ ਉੱਤੇ ਹੈਰਾਨੀ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਉਸ ਦੀ ਭੈਣ ਉਸ ਵੇਲੇ ਬੜੇ ਔਖੇ ਮਾਨਸਕ ਤੇ ਜਜ਼ਬਾਤੀ ਦੌਰ ਵਿਚੀਂ ਗੁਜ਼ਰ ਰਹੀ ਸੀ। ਪ੍ਰਿੰਸ ਚਾਰਲਸ ਨੇ ਉਂਝ ਇਕਦਮ ਇਸ ਖਤ ਵਿਚਲੀ ਇਬਾਰਤ ਦਾ ਖੰਡਨ ਕਰ ਦਿੱਤਾ ਹੈ। ਉਨ੍ਹਾਂ ਦੇ ਪ੍ਰੈਸ ਸਕੱਤਰ ਮਾਈਕਲ ਪੀਟ ਦਾ ਕਹਿਣਾ ਹੈ ਕਿ ਇਹ ਦੋਸ਼ ਸਿਰਫ ਨਿਰਮੂਲ ਹੀ ਨਹੀਂ ਹੈ ਸਗੋਂ ਨਿਹਾਇਤ ਘਟੀਆ ਕਿਸਮ ਦਾ ਹਮਲਾ ਵੀ ਹੈ ਪ੍ਰਿੰਸ ਚਾਰਲਸ ਉੱਤੇ। ਉਹਨਾਂ ਕਿਹਾ ਕਿ ਪ੍ਰਿੰਸ ਚਾਰਲਸ ਕੋਈ ਆਮ ਆਦਮੀ ਨਹੀਂ ਹੈ। ਇਸ ਦੇਸ਼ ਦਾ ਅਗਲਾ ਬਾਦਸ਼ਾਹ ਹੈ। ਉਹਨਾਂ ਦੀ ਕਰੈਡੇਬਿਲਿਟੀ (ਵੱਕਾਰ) ਨਿਹਾਇਤ ਕੀਮਤੀ ਹੈ।

ਇਹਨਾਂ ਸਤਰਾਂ ਦੇ ਲੇਖਕ ਨੇ ਪਾਲ ਬਰਲ ਦੀ ਪੁਸਤਕ 'ਦਾ ਰੌਇਲ ਡਿਊਟੀ' ਧਿਆਨ ਨਾਲ ਪੜ੍ਹੀ ਹੈ। ਰੌਇਲ ਬਟਲਰ (ਉੱਚੇ ਘਰਾਣਿਆਂ ਵਿਚ ਸਾਰੇ ਘਰ ਦੀ ਦੇਖਭਾਲ ਕਰਨ ਵਾਲੇ ਨੌਕਰ ਨੂੰ ਬਟਲਰ ਕਿਹਾ ਜਾਂਦਾ ਹੈ) ਪਾਲ ਬਰਲ ਪ੍ਰਿੰਸੈਸ ਡਿਆਨਾ ਦੇ ਏਨਾ ਨੇੜੇ ਸੀ ਕਿ ਉਸ ਨਾਲ ਉਹ ਆਪਣੇ ਦਿਲ ਦੀ ਸਾਰੀ ਗੱਲ ਕਰ ਲੈਂਦੀ ਸੀ ਤੇ ਆਪਣੀ ਆਦਤ ਅਨੁਸਾਰ ਉਸ ਨੂੰ ਚਿੱਠੀਆਂ ਅਤੇ ਮੈਮੋ ਵੀ ਲਿਖਦੀ ਰਹਿੰਦੀ ਸੀ। ਉਹ ਦਿਨ ਦੇ ਕਈ-ਕਈ ਘੰਟੇ ਉਹਦੇ ਕੋਲ ਹੀ ਉਹਦੀ ਦੇਖਭਾਲ ਵਿਚ ਗੁਜ਼ਾਰਦਾ ਹੁੰਦਾ ਸੀ। ਉਹ ਉਸ ਵਾਸਤੇ ਸ਼ੌਪਿੰਗ ਵੀ ਕਰਦਾ ਸੀ, ਉਸ ਦੇ ਚਿੱਠੀ ਪੱਤਰ ਦੀ ਵੀ ਸੰਭਾਲ ਕਰਦਾ ਸੀ, ਘਰ ਨੂੰ ਵੀ ਸਾਫ ਸੁਥਰਾ ਰੱਖਦਾ ਸੀ ਤੇ ਉਸ ਦੇ ਵੱਖ-ਵੱਖ ਆਸ਼ਕਾਂ ਨੂੰ ਆਪਣੀ ਕਾਰ ਵਿਚ ਬਿਠਾ ਕੇ ਉਸ ਦੇ ਬੈੱਡਰੂਮ ਤੀਕ ਵੀ ਛੱਡਿਆ ਕਰਦਾ ਸੀ। ਜਦੋਂ ਪ੍ਰਿੰਸੈਸ ਡਿਆਨਾ ਦੀ ਅਚਾਨਕ ਮ੍ਰਿਤੂ ਹੋਈ ਤਾਂ ਪਾਲ ਬਰਲ ਉੱਤੇ ਦੋਸ਼ ਲੱਗਾ

ਕਿ ਉਸ ਨੇ ਜਿਊਲਰੀ ਅਤੇ ਹੋਰ ਕਈ ਕੀਮਤੀ ਤੋਹਫੇ ਚੁਰਾ ਲਏ ਸਨ। ਲੰਡਨ ਦੀ ਪ੍ਰਸਿੱਧ ਕਚਹਿਰੀ ਓਲਡ ਬੇਲੀ ਵਿਚ ਮੁਕੱਦਮਾ ਚੱਲਿਆ ਤਾਂ ਸ਼ਹਿਜ਼ਾਦੀ ਡਿਆਨਾ ਦੀ ਆਸ਼ਕੀ ਦੇ ਕਿੱਸੇ ਫੋਲੇ ਗਏ। ਅਖੀਰ ਨੂੰ ਪਾਲ ਬਰਲ ਦਾ ਮੁਕੱਦਮਾ ਅੱਧ ਵਿਚਕਾਰ ਹੀ ਉਦੋਂ ਛੱਡ ਦਿੱਤਾ ਗਿਆ ਜਦੋਂ ਮਲਿਕਾ ਅਲਿਜ਼ਬੈਥ ਨੇ ਇਸ ਗੱਲ ਨੂੰ ਮੰਨ ਲਿਆ ਕਿ ਇਸ ਬਟਲਰ ਨੇ ਉਦੋਂ ਤੋਂ ਪੰਜ ਸਾਲ ਪਹਿਲਾਂ ਤੇ ਸ਼ਹਿਜ਼ਾਦੀ ਡਿਆਨਾ ਦੀ ਮੌਤ ਤੋਂ ਕੁਝ ਮਹੀਨਿਆਂ ਬਾਅਦ ਉਹਨਾਂ ਨੂੰ ਦੱਸਿਆ ਸੀ ਕਿ ਡਿਆਨਾ ਦੀਆਂ ਕੁਝ ਵਸਤਾਂ ਦੀ ਸਾਂਭ ਸੰਭਾਲ ਕਰਨ ਲਈ ਉਹ ਇਹਨਾਂ ਨੂੰ ਆਪਣੇ ਘਰ ਲਿਜਾ ਰਿਹਾ ਹੈ ਤੇ ਇਹ ਚੀਜ਼ਾਂ ਡਿਆਨਾ ਅਤੇ ਚਾਰਲਸ ਦੇ ਪੁੱਤਰਾਂ ਵਿਲੀਅਮ ਅਤੇ ਹੈਰੀ ਨੂੰ ਉਦੋਂ ਦੇ ਦਿੱਤੀਆਂ ਜਾਣਗੀਆਂ ਜਦੋਂ ਉਹ ਤਕੜੇ ਜਵਾਨ ਹੋ ਜਾਣਗੇ। ਇਸ ਫੇਲ੍ਹ ਹੋਏ ਮੁਕੱਦਮੇ ਉਤੇ ਇਕ ਮਿਲੀਅਨ ਪੌਂਡ ਖਰਚ ਆਇਆ ਸੀ। ਇਸ ਖਰਚੇ ਤੋਂ ਬਿਨਾਂ ਰੌਇਲ ਫੈਮਿਲੀ ਦੇ ਵੱਕਾਰ ਉਤੇ ਵੀ ਤਕੜੀ ਸੱਟ ਵੱਜੀ ਸੀ। ਪਾਲ ਬਰਲ ਦੀ ਕਿਤਾਬ 'ਦਾ ਰੌਇਲ ਡਿਊਟੀ' ਵਿਚ ਇਸ ਬਟਲਰ ਨੇ ਆਪਣੀ ਖੂਬ ਸਫਾਈ ਪੇਸ਼ ਕੀਤੀ ਹੈ ਤੇ ਸੋਲਾਂ ਪੌਂਡਾਂ ਦੀ ਕੀਮਤ ਵਾਲੀ ਇਸ ਕਿਤਾਬ 'ਚੋਂ ਖੂਬ ਕਮਾਈ ਕੀਤੀ ਹੈ। ਪਾਲ ਬਰਲ ਨੇ ਰੌਇਲ ਫੈਮਿਲੀ ਦੇ ਵੱਖ ਵੱਖ ਮਹੱਲਾਂ ਵਿਚ ਪੂਰੇ ਇੱਕੀ ਸਾਲ ਕੰਮ ਕੀਤਾ ਸੀ। ਇਸ ਸਮੇਂ ਦੌਰਾਨ ਉਹ ਮਹਾਰਾਣੀ ਐਲਿਜ਼ਬੈੱਥ ਨਾਲ ਉਸ ਦੇ ਜ਼ਾਤੀ ਨੌਕਰ ਵਜੋਂ ਕਈ ਸਾਲ ਜੁੜਿਆ ਰਿਹਾ। ਫਿਰ ਉਹ ਪ੍ਰਿੰਸ ਚਾਰਲਸ ਅਤੇ ਡਿਆਨਾ ਦੇ ਸਾਂਝੇ ਘਰ 'ਹਾਈਗਰੋਵ' ਵਿਚ ਵੀ ਕੰਮ ਕਰਦਾ ਰਿਹਾ। ਉਸ ਦੀ ਪਤਨੀ ਮਾਰੀਆ ਵੀ ਡਿਆਨਾ ਦੀ ਪਰਸਨਲ ਡਰੈਸਰ ਸੀ। ਚਾਰਲਸ ਅਤੇ ਡਿਆਨਾ ਦੇ ਵੱਖਰੇ ਘਰ ਕੈਨਸਿੰਗਟਨ ਪੈਲੇਸ ਵਿਚ ਬਤੌਰ ਬਟਲਰ ਦੇ ਉਸ ਦੀ ਮੌਤ ਤੀਕ ਕੰਮ ਕਰਦਾ ਰਿਹਾ ਸੀ। ਪਰ ਡਿਆਨਾ ਦੇ ਐਕਸੀਡੈਂਟ ਤੋਂ ਬਾਅਦ ਜਦੋਂ ਉਸ ਨੂੰ ਚੋਰੀ ਦਾ ਇਲਜ਼ਾਮ ਲਗਾ ਕੇ ਕਚਹਿਰੀਆਂ ਵਿਚ ਘੜੀਸਿਆ ਗਿਆ ਤਾਂ ਤਦ ਹੀ ਉਸ ਨੇ ਰੋਹ 'ਚ ਆ ਕੇ ਇਹ ਕਿਤਾਬ ਲਿਖ ਮਾਰੀ ਸੀ।

ਪ੍ਰਿੰਸ ਚਾਰਲਸ ਵਿਰੁੱਧ ਲਗਾਏ ਗਏ ਦੋਸ਼ਾਂ ਦਾ ਖੰਡਨ ਕਰਦਿਆਂ ਹੋਇਆ ਉਨ੍ਹਾਂ ਦੀ ਸਾਬਕਾ ਪ੍ਰੈਸ ਸਕੱਤਰ ਕੋਲੀਨ ਹੈਰਿਸ ਨੂੰ ਬੀ.ਬੀ.ਸੀ. ਦੇ ਕਤਲ ਦੀ ਇਸ ਥਿਊਰੀ ਪਿੱਛੇ ਸਭ ਤੋਂ ਵੱਡੀ ਤੇ ਅਚੰਭੇ ਵਾਲੀ ਗੱਲ ਇਹ ਕਹੀ ਜਾ ਰਹੀ ਹੈ ਕਿ ਪ੍ਰਿੰਸੈਸ ਡਿਆਨਾ ਇਸਲਾਮ ਧਾਰਨ ਕਰਨ ਵਾਲੀ ਸੀ ਤੇ ਡੋਡੀ ਫਾਇਦ ਨਾਲ ਵਿਆਹ ਕਰਾਉਣ ਵਾਲੀ ਸੀ। ਆਪਣੀ ਇਕ ਸਹੇਲੀ ਸਿਮੋਨ ਸਿਮਨਜ਼ ਨਾਲ ਗੱਲਾਂ ਕਰਦਿਆਂ ਹੋਇਆ ਉਸਨੇ ਇਕ ਹੋਰ ਮੁਸਲਿਮ ਪ੍ਰੇਮੀ ਬਾਰੇ ਵੀ ਖੁੱਲ੍ਹ ਕੇ ਦੱਸਿਆ ਸੀ। ਇਹ ਪ੍ਰੇਮੀ ਇਕ ਪਾਕਿਸਤਾਨੀ ਲੱਖਪਤੀ ਸਰਜਨ ਸੀ। ਹਸਨਤ ਖਾਨ ਲੰਡਨ ਦੇ ਇਕ ਹਸਪਤਾਲ ਵਿਚ ਕੰਮ ਕਰਦਾ ਸੀ ਤੇ ਨਿਹਾਇਤ ਸੁਨੱਖਾ ਸੀ। ਡੋਡੀ ਫਾਇਦ ਤੋਂ ਪਹਿਲਾਂ ਉਹ ਉਸ ਉਤੇ ਏਨੀ ਲੱਟੂ ਹੋਈ ਹੋਈ ਸੀ ਕਿ ਉਹ ਉਸ ਨੂੰ ਕਈ ਵੇਰ ਆਪਣੀ ਕਾਰ ਦੇ ਬੂਟ ਵਿਚ ਛੁਪਾ ਕੇ ਕੈਨਸਿੰਗਟਨ ਪੈਲੇਸ ਵਿਚ ਲੈ ਆਇਆ ਕਰਦੀ ਸੀ ਤੇ ਉਸ ਨਾਲ ਰਾਤਾਂ ਗੁਜ਼ਾਰਿਆਂ ਕਰਦੀ ਸੀ। ਸਿਮੋਨ ਸਿਮਨਜ਼ ਨੇ ਇਥੋਂ ਤੀਕ ਦੱਸਿਆ ਹੈ ਕਿ ਉਹ ਹਸਨਤ ਖਾਨ ਨਾਲ ਵਿਆਹ ਕਰਵਾ ਕੇ ਉਸ ਦੇ ਬੱਚੇ ਪੈਦਾ ਕਰਨਾ ਚਾਹੁੰਦੀ ਸੀ। ਉਸ ਦਾ ਕਹਿਣਾ ਹੈ ਕਿ ਅਗਰ ਉਹ ਬ੍ਰਾਊਨ (ਗੋਰੇ ਤੇ ਭੂਰੇ ਦੇ ਸੁਮੇਲ ਨਾਲ) ਬੱਚੇ ਪੈਦਾ ਕਰੇਗੀ ਤਾਂ ਰੇਸ ਰੀਲੇਸ਼ਨਜ਼ ਦੀਆਂ ਕੜੀਆਂ ਮਜ਼ਬੂਤ ਹੋਣਗੀਆਂ ਤੇ ਈਸਾਈਆਂ ਅਤੇ ਮੁਸਲਮਾਨਾਂ ਵਿਚਕਾਰ ਸਾਂਝਾਂ ਦੀ ਉਦਾਹਰਣ ਪੈਦਾ ਹੋਵੇਗੀ। ਡਿਆਨਾ ਦੀ ਇੱਛਾ ਸੀ ਕਿ ਹਸਨਤ ਖਾਨ ਕੋਲੋਂ ਉਹ ਇਕ ਬੱਚੀ

ਪੈਦਾ ਕਰਨੀ ਚਾਹੀਦੀ। ਸਿਮੋਨ ਸਿਮਨਜ਼ ਅਨੁਸਾਰ ਉਸ ਨੇ ਇਸ ਅਣਜੰਮੀ ਬੱਚੀ ਦਾ ਨਾਮ ਵੀ ਸੋਚ ਲਿਆ ਸੀ। ਹਸਨਤ ਖਾਨ ਨੂੰ ਪ੍ਰਭਾਵਿਤ ਕਰਨ ਲਈ ਪ੍ਰਿੰਸੈਸ ਡਿਆਨਾ ਨੇ ਕੁਰਾਨ ਮਜੀਦ ਵੀ ਪੜ੍ਹਨੀ ਸ਼ੁਰੂ ਕਰ ਦਿੱਤੀ ਸੀ ਤੇ ਉਸ ਨੂੰ ਕਈ ਆਇਤਾਂ ਮੂੰਹ ਜ਼ਬਾਨੀ ਯਾਦ ਹੋ ਗਈਆਂ ਸਨ। ਉਸ ਦਾ ਪ੍ਰੇਮੀ ਕਿਉਂਕਿ ਇਕ ਸਰਜਨ ਸੀ ਇਸ ਲਈ ਸ਼ਹਿਜ਼ਾਦੀ ਡਿਆਨਾ ਨੇ ਆਪਣੇ ਬਟਲਰ ਪਾਲ ਬਰਲ ਰਾਹੀਂ ਇਕ ਕਿਤਾਬ ਵੀ ਮੰਗਵਾਈ ਸੀ। ਕਿਹਾ ਜਾ ਰਿਹਾ ਹੈ ਕਿ ਇਸ ਕਿਤਾਬ ਦਾ ਨਾਮ ਗਰੇਜ਼ ਐਨੇਟੋਮੀ (GRAY's ANATOMY) ਸੀ। ਇਹ ਕਿਤਾਬ ਸਰਜਨ ਅਤੇ ਡਾਕਟਰ ਮਨੁੱਖੀ ਦੇਹ ਬਾਰੇ ਜਾਣਕਾਰੀ ਲਈ ਵਰਤਦੇ ਹਨ।

ਹਸਨਤ ਖਾਨ ਦੇ ਇਸ਼ਕ ਪਿੱਛੋਂ ਤੇ ਉਸ ਤੋਂ ਪਹਿਲਾਂ ਵੀ ਡਿਆਨਾ ਦੇ ਕਈ ਪ੍ਰੇਮੀ ਸਨ ਪਰ ਸਭ ਤੋਂ ਜ਼ਿਆਦਾ ਚਰਚਾ ਡੋਡੀ ਫਾਇਦ ਦੀ ਹੀ ਹੋਈ। ਇਕ ਤਾਂ ਇਸ ਕਰਕੇ ਕਿ ਉਹ ਇਕ ਅਮੀਰ ਇਜਿਪਸ਼ੀਅਨ ਪਿਓ ਦਾ ਅਮੀਰ ਫ਼ਿਲਮ ਪ੍ਰੋਡਿਊਸਰ ਪੁੱਤਰ ਸੀ ਤੇ ਉਸ ਦੇ 'ਪਲੇਅ ਬੁਆਏ' ਹੋਣ ਦੇ ਚਰਚੇ ਆਮ ਹੀ ਹੁੰਦੇ ਰਹਿੰਦੇ ਸਨ ਤੇ ਦੂਜਾ ਇਸ ਕਰਕੇ ਵੀ ਸੀ ਕਿ ਇਕ ਵੇਰ ਫੇਰ ਡਿਆਨਾ ਇਕ ਮੁਸਲਮਾਨ ਬੰਦੇ ਨਾਲ ਆਸ਼ਨਾਈ ਕਰਨ ਲੱਗ ਪਈ ਸੀ। ਮੌਤ ਤੋਂ ਬਾਅਦ ਇਹ ਚਰਚੇ ਆਮ ਹੀ ਸਨ ਕਿ ਕਾਰ ਐਕਸੀਡੈਂਟ ਵੇਲੇ ਸ਼ਹਿਜ਼ਾਦੀ ਡਿਆਨਾ ਡੋਡੀ ਫਾਇਦ ਦੇ ਬੱਚੇ ਦੀ ਮਾਂ ਬਣਨ ਵਾਲੀ ਸੀ। ਭਾਵੇਂ ਕਿ ਇਸ ਥਿਊਰੀ ਨੂੰ ਉਸ ਦੇ ਜ਼ਾਤੀ ਡਾਕਟਰ ਨੇ ਬੇਬੁਨਿਆਦ ਕਰਾਰ ਦਿੱਤਾ ਹੈ। ਇਕ ਹੋਰ ਥਿਊਰੀ ਇਹ ਵੀ ਦੱਸੀ ਜਾ ਰਹੀ ਹੈ ਕਿ ਇਸ ਐਕਸੀਡੈਂਟ ਤੋਂ ਕੁਝ ਹੀ ਦਿਨ ਪਹਿਲਾਂ ਉਹ ਗਰਭਪਾਤ ਕਰਵਾ ਕੇ ਆਈ ਸੀ। ਕਤਲ ਦੀ ਥਿਊਰੀ ਦਾ ਸਮਰਥਨ ਕਰਨ ਵਾਲੇ ਕਹਿੰਦੇ ਹਨ ਕਿ ਬ੍ਰਿਟਨ ਦੀ ਰੌਇਲ ਫੈਮਿਲੀ ਅਤੇ ਰਾਜਸੱਤਾ ਇਹ ਗੱਲ ਕਦੇ ਵੀ ਬਰਦਾਸ਼ਤ ਨਹੀਂ ਸੀ ਕਰ ਸਕਦੀ ਕਿ ਬ੍ਰਿਟਨ ਦੇ ਭਵਿੱਖ ਦੇ ਬਾਦਸ਼ਾਹ ਪ੍ਰਿੰਸ ਵਿਲੀਅਮ ਦੀ ਮਾਂ ਇਕ ਮੁਸਲਮਾਨ ਦੀ ਬੀਵੀ ਬਣ ਕੇ ਉਸ ਕੋਲੋਂ ਭੂਰੇ ਰੰਗੇ ਬੱਚੇ ਪੈਦਾ ਕਰਦੀ।

ਸ਼ਹਿਜ਼ਾਦੀ ਡਿਆਨਾ ਨੇ ਪ੍ਰਿੰਸ ਚਾਰਲਸ ਤੋਂ ਬਦਲਾ ਲੈਣ ਦੀ ਭਾਵਨਾ ਨਾਲ ਬਹੁਤੇ ਪ੍ਰੇਮ ਸਬੰਧ ਜੋੜੇ ਲੱਗਦੇ ਹਨ। ਪ੍ਰਿੰਸ ਚਾਰਲਸ ਆਪਣੇ ਵਿਆਹ ਤੋਂ ਪਹਿਲਾਂ ਹੀ ਪ੍ਰੇਮਿਕਾ ਕਮਿਲਾ ਪਾਰਕਰ ਬਾਊਲਜ਼ ਨੂੰ ਮਿਲਣੋ ਨਹੀਂ ਸੀ ਹਟ ਰਹੇ। ਸਿੱਟਾ ਇਹ ਵੀ ਨਿਕਲਿਆ ਕਿ ਚਾਰਲਸ ਤੇ ਡਿਆਨਾ ਦਾ ਹੀ ਤਲਾਕ ਨਹੀਂ ਸੀ ਹੋਇਆ ਸਗੋਂ ਕਮਿਲਾ ਪਾਰਕਰ ਬਾਊਲਜ਼ ਤੇ ਉਹਦੇ ਪਤੀ ਐਂਡਰਿਊ ਪਾਰਕਰ ਬਾਊਲਜ਼ ਦਾ ਵਿਆਹ ਵੀ ਟੁੱਟ ਗਿਆ ਸੀ। ਅੱਜਕੱਲ੍ਹ ਚਾਰਲਸ ਅਤੇ ਕਮਿਲਾ ਖੁੱਲ੍ਹਮ-ਖੁੱਲ੍ਹਿਆ ਮਿਲਦੇ ਹਨ ਤੇ ਉਨ੍ਹਾਂ ਦੇ ਵਿਆਹ ਦੇ ਚਰਚੇ ਵੀ ਹੋਣ ਲੱਗ ਪਏ ਹਨ।

ਕੁਝ ਵੀ ਹੋਵੇ ਛੇਤੀ ਹੀ ਡਿਆਨਾ, ਪ੍ਰਿੰਸੈਸ ਔਫ ਵੇਲਜ਼ ਦੀ ਮੌਤ ਦੀ ਜਾਂਚ ਅਖ਼ਬਾਰਾਂ ਦੀਆਂ ਮੋਟੀਆਂ ਤੇ ਦਿਲਚਸਪ ਸੁਰਖੀਆਂ ਬਣੇਗੀ ਤੇ ਇਹ ਗੱਲ ਛੇਕੜ ਨੂੰ ਨਿਖਰ ਕੇ ਸਾਹਮਣੇ ਆਵੇਗੀ ਕਿ ਉਸ ਦੀ ਮੌਤ ਇਕ ਕਤਲ ਹੈ ਕਿ ਮਹਿਜ਼ ਇਕ ਸੜਕ ਹਾਦਸਾ।

(2004)

# ਲਿਬੀਆ ਦੇ ਡਿਕਟੇਟਰ ਕਰਨਲ ਗੱਦਾਫੀ ਦਾ ਦਰਦਨਾਕ ਅੰਤ

ਅੱਜ ਦੇ ਤੇਜ਼ ਤਰਾਰ ਅਤੇ ਇੰਟਰਨੈੱਟ ਦੇ ਯੁੱਗ ਵਿਚ ਤਕਰੀਬਨ ਹਰ ਖਬਰ ਦਿਨਾਂ ਵਿਚ ਨਹੀਂ ਘੰਟਿਆਂ ਵਿਚ ਹੀ ਬੇਹੀ ਹੋ ਜਾਂਦੀ ਹੈ। ਲਿਬੀਆ ਦੇ ਡਿਕਟੇਟਰ ਮੁਹੱਮਰ ਗੱਦਾਫੀ ਨੂੰ ਬਾਗੀਆਂ ਨੇ ਇਕ ਡਰੇਨ ਪਾਈਪ 'ਚੋਂ ਉਦੋਂ ਕੱਢਿਆ ਜਦੋਂ ਉਹ ਚੂਹਿਆਂ ਵਾਂਗੂੰ ਡਰ ਕੇ ਉਥੇ ਬੈਠਾ ਸੀ। ਮਿੰਟਾਂ ਵਿਚ ਹੀ ਉਸ ਦੀ ਖਿੱਚ ਧੂਹ ਕੀਤੀ ਗਈ। ਕੁੱਟਿਆ ਮਾਰਿਆ ਗਿਆ ਤੇ ਛੇਕੜ ਨੂੰ ਇਕ ਪੇਟ ਵਿਚ ਤੇ ਇਕ ਸਿਰ ਵਿਚ ਵੱਜੀ ਗੋਲੀ ਨੇ ਉਸ ਦੀ ਜਾਨ ਲੈ ਲਈ। ਯਾਨੀ ਕਿ ਕੁਝ ਹੀ ਘੰਟਿਆਂ ਵਿਚ ਉਸ ਦੀ ਗ੍ਰਿਫਤਾਰੀ ਤੋਂ ਲੈ ਕੇ ਮੌਤ ਤੀਕ ਸਭ ਕੁਝ ਵਾਪਰ ਗਿਆ। ਜਿਸ ਬੰਦੇ ਨੇ ਜੁੱਤੀ ਦੇ ਜ਼ੋਰ ਨਾਲ ਪੂਰੇ ਬਤਾਲੀ ਵਰ੍ਹੇ ਹਕੂਮਤ ਚਲਾਈ ਸੀ, ਉਸ ਦਾ ਅੰਤ ਕੁਝ ਪਲਾਂ ਵਿਚ ਹੀ ਹੋ ਗਿਆ। ਜਿਸ ਤਰ੍ਹਾਂ ਕਰਨਲ ਗੱਦਾਫੀ ਚੂਹੇ ਵਾਂਗ ਇਕ ਡਰੇਨ ਪਾਈਪ ਵਿਚੋਂ ਮਿਲਿਆ ਸੀ, ਉਸੇ ਤਰ੍ਹਾਂ ਕੁਝ ਸਾਲ ਪਹਿਲਾਂ ਸੱਦਾਮ ਹੁਸੈਨ ਇਕ ਗੰਦੇ ਤੇ ਜ਼ਮੀਨਦੋਜ਼ ਦੇ ਕਮਰੇ ਵਿਚੋਂ ਮਿਲਿਆ ਸੀ। ਜਿਨ੍ਹਾਂ ਨੇ ਸ਼ਾਹੀ ਠਾਠ ਨਾਲ ਜੀਵਨ ਜੀਵਿਆ ਸੀ। ਜਿਨ੍ਹਾਂ ਦੇ ਇਕ ਇਸ਼ਾਰੇ ਉੱਤੇ ਲੋਕਾਂ ਦੀ ਜ਼ਿੰਦਗੀ ਤਬਾਹ ਕਰ ਦਿੱਤੀ ਜਾਂਦੀ ਸੀ, ਉਨ੍ਹਾਂ ਦਾ ਅੰਤ ਘਟੀਆ ਤਰੀਕੇ ਦਾ ਹੋਇਆ। ਜਿਹੜੇ ਲੋਕ ਤਲਵਾਰ ਦੇ ਸਹਾਰੇ ਜਿਉਂਦੇ ਹਨ-ਉਹ ਮਰਦੇ ਵੀ ਤਲਵਾਰ ਨਾਲ ਹੀ ਹਨ। ਸੱਦਾਮ ਹੁਸੈਨ ਨੇ ਆਪਣੇ ਅਨੇਕਾਂ ਦੇਸ਼ ਵਾਸੀਆਂ ਨੂੰ ਸਿਆਸੀ ਵਿਰੋਧਤਾ ਦੀ ਵਜ੍ਹਾ ਕਰਕੇ ਫਾਂਸੀ ਦੇ ਫੰਦੇ ਉੱਤੇ ਲਟਕਾਅ ਦਿੱਤਾ ਸੀ। ਉਸੇ ਤਰ੍ਹਾਂ ਦੇ ਫੰਦੇ ਉੱਤੇ ਹੀ ਉਹ ਖ਼ੁਦ ਲਟਕਿਆ। ਮੁਹੱਮਰ ਗੱਦਾਫੀ ਨੇ ਅਨੇਕਾਂ ਦੇਸ਼ ਵਾਸੀਆਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ ਸੀ। ਉਸੇ ਤਰ੍ਹਾਂ ਹੀ ਖੁਦ ਗੋਲੀ ਦਾ ਨਿਸ਼ਾਨਾ ਬਣਿਆ। ਕਈ ਲੋਕ ਕਹਿੰਦੇ ਹਨ ਕਿ ਇਕ ਨੌਜਵਾਨ ਫਰੀਡਮ ਫਾਈਟਰ ਨੇ ਗੱਦਾਫੀ ਦਾ ਪਿਸਤੌਲ ਖੋਹ ਕੇ ਉਹਦੇ ਨਾਲ ਹੀ ਉਹਦੀ ਪੁੜਪੁੜੀ ਵਿਚ ਗੋਲੀ ਜੜੀ ਸੀ। ਇਹ ਪਿਸਤੌਲ ਸੋਨੇ ਦਾ ਬਣਿਆ ਹੋਇਆ ਸੀ।

ਜਿਵੇਂ ਮੈਂ ਉੱਪਰ ਕਿਹਾ ਹੈ ਕਿ ਅੱਜ ਦੇ ਦੌਰ ਵਿਚ ਖ਼ਬਰਾਂ ਬੜੀ ਹੀ ਛੇਤੀ ਬੇਹੀਆਂ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਇਨ੍ਹਾਂ ਸਤਰਾਂ ਦੇ ਛਪਣ ਤੀਕ ਵੀ ਪਤਾ ਨਹੀਂ ਕੀ ਕੁਝ ਵਾਪਰ ਜਾਵੇਗਾ। ਫਿਲਹਾਲ ਆਓ ਲਿਬੀਆ ਦੀ ਅਜੋਕੀ ਬੀਤ ਗਈ ਤੇ ਭਵਿੱਖ ਦੀ ਗੱਲ ਕਰੀਏ। ਨਾਲ-ਨਾਲ ਇਹ ਵੀ ਗੱਲ ਕਰੀਏ ਕਿ ਆਖਰ ਲਿਬੀਆ ਦੇ ਨਾਲ ਸਮੁੱਚੇ ਮਿਡਲ ਈਸਟ ਦਾ ਕੀ ਬਣੇਗਾ? ਇਨ੍ਹਾਂ ਗੱਲਾਂ ਦਾ ਅਧਿਐਨ ਕਰਨ ਲਈ 'ਅਰਬ ਸਪਰਿੰਗ' ਦੇ ਆਗਾਜ਼ ਵੇਲੇ ਤੋਂ ਗੱਲ ਕਰਨੀ ਪਵੇਗੀ। 'ਅਰਬ ਸਪਰਿੰਗ' ਭਾਵ ਅਰਬੀ ਜਾਗਰਤੀ ਜਾਂ ਇਨਕਲਾਬ।

ਦਸੰਬਰ 2010 ਵਿਚ ਟੂਨੀਸ਼ੀਆ ਵਿਖੇ ਇਕ ਗਰੀਬ ਸਬਜ਼ੀ ਫਰੋਸ਼ ਨੇ ਪੁਲੀਸ ਦੀਆਂ ਧਾਂਦਲੀਆਂ ਤੋਂ ਦੁਖੀ ਹੋ ਕੇ ਆਪਣੇ ਆਪ ਨੂੰ ਅਗਨ ਭੇਂਟ ਕਰਕੇ ਪ੍ਰੋਟੈਸਟ ਕਰਦਿਆਂ ਆਪਣੀ

ਜਾਨ ਦੇ ਦਿੱਤੀ ਸੀ। ਸ਼ਹਿਰ ਦੀ ਪੁਲੀਸ ਉਹਨੂੰ (ਤੇ ਉਹਦੇ ਵਰਗਿਆਂ ਹੋਰਨਾਂ ਨੂੰ) ਸ਼ਹਿਰ ਦੀਆਂ ਗਲੀਆਂ ਬਾਜ਼ਾਰਾਂ ਵਿਚ ਰੇੜ੍ਹੀ ਲਾਉਣ ਦੀ ਇਜਾਜ਼ਤ ਨਹੀਂ ਸੀ ਦਿੰਦੀ। ਇਹ ਇਜਾਜ਼ਤ ਉਦੋਂ ਹੀ ਮਿਲਦੀ ਸੀ ਜਦੋਂ ਪੁਲਸੀਆਂ ਦੀ ਮੁੱਠੀ ਗਰਮ ਕੀਤੀ ਜਾਂਦੀ ਸੀ। ਖ਼ੈਰ ਇਸ ਸਬਜ਼ੀ-ਫਰੋਸ਼ ਦੀ ਆਤਮ ਹੱਤਿਆ ਪਿੱਛੋਂ ਲੋਕਾਂ ਵਿਚ ਰੋਹ ਤੇ ਵਿਦਰੋਹ ਦਾ ਤੂਫਾਨ ਉੱਠ ਖਲੋਇਆ। ਅਖ਼ਬਾਰਾਂ ਵਿਚ ਦੇਸ਼ ਦੇ ਡਿਕਟੇਟਰ ਬੈਨ ਅਲੀ ਤੇ ਉਸ ਦੇ ਟੱਬਰ ਦੀ ਬੇਥਾਹ ਦੌਲਤ ਦੇ ਵੇਰਵੇ ਛਪਣ ਲੱਗੇ ਤੇ ਇਹ ਗੱਲਾਂ ਵੀ ਛਪਣ ਲੱਗੀਆਂ ਕਿ ਕਿੰਝ ਬੈਨ ਅਲੀ ਨੇ ਪੁੱਤਰ, ਧੀਆਂ, ਜੁਆਈਆਂ ਤੇ ਰਿਸ਼ਤੇਦਾਰਾਂ ਨੂੰ ਸਰਕਾਰੀ ਠੇਕੇ ਅਤੇ ਨੌਕਰੀਆਂ ਦਿੱਤੀਆਂ ਹੋਈਆਂ ਸਨ। ਲੋਕ ਸ਼ਕਤੀ ਦੀ ਜਿੱਤ ਹੋਈ ਤੇ ਛੇਕੜ ਨੂੰ ਬੈਨ ਅਲੀ ਤੇ ਉਹਦੀ ਬੀਵੀ ਟੰਨਾਂ ਦੇ ਟੰਨ ਸੋਨਾ, ਚਾਂਦੀ, ਹੀਰੇ ਜਵਾਰਾਤ ਤੇ ਕੈਸ਼ ਲੈ ਕੇ ਸਾਊਦੀ ਅਰੇਬੀਆ ਨੂੰ ਭੱਜ ਗਏ। 1987 ਤੋਂ 2011 ਤੀਕ ਇਸ ਬੰਦੇ ਬੈਨ ਅਲੀ ਨੇ ਦੇਸ਼ ਨੂੰ ਖ਼ੂਬ ਲੁੱਟਿਆ।

ਲੋਕ ਸ਼ਕਤੀ ਫਿਰ ਈਜਿਪਟ (ਮਿਸਰ) ਵਿਚ ਆਣ ਵੜੀ। ਦੇਸ਼ ਦੇ ਪ੍ਰਧਾਨ ਹੋਜ਼ਨੀ ਮੁਬਾਰਕ ਨੇ 1981 ਵਿਚ ਉਦੋਂ ਦੇਸ਼ ਦੀ ਤਾਕਤ ਸੰਭਾਲ ਲਈ ਸੀ ਜਦੋਂ ਉਸ ਤੋਂ ਪਹਿਲਾਂ ਦੇ ਪ੍ਰਧਾਨ ਅਨਵਰ ਸਾਦਾਤ ਨੂੰ ਇਕ ਮਿਲਟਰੀ ਪੈਰੇਡ ਵੇਲੇ ਇਕ ਫੌਜੀ ਨੇ ਗੋਲੀ ਮਾਰ ਕੇ ਮਾਰ ਦਿੱਤਾ ਸੀ। ਤਾਕਤ ਦਾ ਨਸ਼ਾ ਬੰਦੇ ਨੂੰ ਇਕ ਵੇਰ ਚੜ੍ਹ ਜਾਵੇ ਤਾਂ ਥੋੜ੍ਹੇ ਕੀਤਿਆਂ ਲਹਿੰਦਾ ਨਹੀਂ। ਹੋਜ਼ਨੀ ਮੁਬਾਰਕ ਨੇ ਦੇਸ਼ ਵਿਚ ਐਮਰਜੈਂਸੀ ਲਗਾ ਦਿੱਤੀ। ਲੋਕਾਂ ਦੇ ਮੁੱਢਲੇ ਹੱਕਾਂ ਦਾ ਘਾਣ ਕਰ ਦਿੱਤਾ। ਫਰੀਡਮ ਔਫ ਸਪੀਚ, ਫਰੀਡਮ ਔਫ ਪ੍ਰੈਸ ਅਤੇ ਫਰੀਡਮ ਔਫ ਐਕਸਪਰੈਸ਼ਨ ਦਾ ਗਲਾ ਘੁੱਟ ਦਿੱਤਾ ਗਿਆ। ਹੋਜ਼ਨੀ ਮੁਬਾਰਕ, ਉਸ ਦੀ ਬੀਵੀ ਅਤੇ ਲੜਕਿਆਂ ਨੇ ਮਿਸਰ ਨੂੰ ਆਪਣੀ ਜ਼ਾਤੀ ਜਗੀਰ ਵਾਂਗੂੰ ਵਰਤਿਆ ਤੇ ਦੇਸ਼ ਵਿਦੇਸ਼ ਵਿਚ ਕਰੋੜਾਂ ਡਾਲਰ ਇਕੱਠ ਕਰ ਲਏ। ਵਿਰੋਧੀ ਧਿਰਾਂ ਨੂੰ ਜ਼ਾਲਮਾਨਾ ਢੰਗ ਨਾਲ ਦਬਾਇਆ ਗਿਆ। ਪਰ ਟੁਨੀਸ਼ੀਆ ਵਿਚ ਆਏ ਇਨਕਲਾਬ ਜਿਹਨੂੰ ਅਰਬ ਸਪਰਿੰਗ ਵੀ ਕਿਹਾ ਜਾਂਦਾ ਹੈ, ਨਾਲ ਇਜਿਪਸ਼ੀਅਨ ਲੋਕ ਵੀ ਜਾਗ ਪਏ ਤੇ ਰੋਜ਼ਾਨਾ ਹੀ ਤਹਿਰੀਰ ਸੁਕੇਅਰ, ਕਾਇਰੋ ਵਿਖੇ ਰੋਸ ਵਿਖਾਵੇ ਹੋਣ ਲੱਗੇ। ਹੋਜ਼ਨੀ ਮੁਬਾਰਕ ਦੇ ਫੌਜੀਆਂ ਨੇ ਕੁਝ ਹੀ ਹਫਤਿਆਂ ਵਿਚ 850 ਬੰਦੇ ਮਾਰ ਦਿੱਤੇ। ਲੋਕਾਂ ਦੀ ਭੜਕਾਹਟ ਅੱਗੇ ਅਖੀਰ ਵਿਚ ਉਸਨੂੰ ਝੁਕਣਾ ਪਿਆ ਤੇ ਅਖੀਰ ਉਸ ਨੇ ਅਸਤੀਫਾ ਦੇ ਦਿੱਤਾ। ਲੋਕਾਂ ਦੀ ਜ਼ਬਰਦਸਤ ਮੰਗ ਪਿੱਛੋਂ ਮੌਜੂਦਾ ਮਿਲਟਰੀ ਜੁੰਡਲੀ ਨੇ ਉਹਨੂੰ ਅਤੇ ਦੋ ਪੁੱਤਰਾਂ ਨੂੰ ਗ੍ਰਿਫਤਾਰ ਕਰ ਲਿਆ। ਹੁਣ ਉਹ ਤਿੰਨੇ ਅਦਾਲਤੀ ਕਾਰਵਾਈ ਦੀ ਉਡੀਕ ਕਰ ਰਹੇ ਹਨ। ਇਸੇ ਤਰ੍ਹਾਂ ਯਮਨ ਤੇ ਅਮਰੀਕਾ ਅਤੇ ਪੱਛਮੀ ਦੇਸ਼ਾਂ ਦੇ ਗੁੱਟ ਨੈਟੋ ਨੇ ਲਿਬੀਅਨ ਫਰੀਡਮ ਫਾਈਟਰਾਂ ਦੀ ਏਅਰ ਤੋਂ ਸਪੋਰਟ ਕੀਤੀ। ਈਰਾਕ ਵਿਚ ਵੀ ਇਨ੍ਹਾਂ ਨੇ ਏਅਰ ਤੋਂ ਸਪੋਰਟ ਕੀਤੀ। ਈਰਾਕ ਵਿਚ ਇਨ੍ਹਾਂ ਨੇ ਏਅਰ ਦੇ ਨਾਲ-ਨਾਲ ਗਰਾਊਂਡ ਉਤੇ ਵੀ ਐਕਸ਼ਨ ਲਿਆ ਸੀ। ਪਰ ਇਸ ਵੇਰ ਫੈਸਲਾ ਕੀਤਾ ਗਿਆ ਕਿ ਬਾਗੀਆਂ ਦੀ ਸਪੋਰਟ ਸਿਰਫ ਹਵਾਈ ਫਾਇਰਿੰਗ ਨਾਲ ਹੀ ਕੀਤੀ ਜਾਵੇ। ਇਹ ਫਾਇਰਿੰਗ ਕਰਨਲ ਗੱਦਾਫੀ ਦੇ ਕਤਲ ਤੀਕ ਜਾਰੀ ਰਹੀ। ਦਰਅਸਲ 20 ਅਕਤੂਬਰ ਨੂੰ 75 ਵਹੀਕਲਾਂ ਉੱਤੇ ਜਿਹੜਾ ਹਵਾਈ ਹਮਲਾ ਕੀਤਾ ਗਿਆ ਸੀ ਉਹ ਨੈਟੋ ਫੋਰਸਾਂ ਵਲੋਂ ਹੀ ਕੀਤਾ ਗਿਆ ਸੀ। ਇਹ ਕਾਫਲਾ ਸਰਤ ਸ਼ਹਿਰ ਤੋਂ ਬਾਹਰ ਨਿਕਲ ਕੇ ਨਾਇਜੇਰੀਆ ਵੱਲ ਜਾ ਰਿਹਾ ਸੀ। ਨੈਟੋ ਫੋਰਸਾ ਨੂੰ ਇਹ ਗਿਆਨ ਨਹੀਂ ਸੀ ਕਿ ਇਸ ਕਾਫਲੇ ਵਿਚ ਮੁਹੰਮਰ ਗੱਦਾਫੀ ਵੀ ਸੀ।

ਕਹਿੰਦੇ ਨੇ ਕਿ ਇਸ ਹਵਾਈ ਹਮਲੇ ਵੇਲੇ ਹੀ ਗੱਦਾਫੀ ਜ਼ਖਮੀ ਹੋ ਕੇ ਇਕ ਡਰੇਨ ਪਾਈਪ ਵਿਚ ਜਾ ਵੜਿਆ ਸੀ। ਬਾਗੀਆਂ ਨੂੰ ਵੀ ਇਸ ਗੱਲ ਦਾ ਇਲਮ ਨਹੀਂ ਸੀ ਕਿ ਗੱਦਾਫੀ ਅਤੇ ਉਹਦਾ ਛੋਟਾ ਪੁੱਤਰ ਮੁੱਜਸਿਮ ਗੱਦਾਫੀ ਵੀ ਉਥੇ ਹੀ ਸੀ। ਉਨ੍ਹਾਂ ਤੇ ਉਨ੍ਹਾਂ ਦੇ ਸਾਥੀਆਂ ਨੂੰ ਡਰੇਨ ਪਾਈਪ 'ਚੋਂ ਧੂਹ ਕੇ ਬਾਹਰ ਕੱਢਿਆ ਗਿਆ।

ਲਿਬੀਆ ਵਿਚ ਗੱਦਾਫੀ ਦੇ ਖਾਤਮੇ ਤੋਂ ਇਕ ਦਮ ਬਾਅਦ ਅਮਰੀਕਨ, ਫਰੈਂਚ, ਬ੍ਰਿਟਿਸ਼ ਅਤੇ ਜਰਮਨ ਕੰਪਨੀਆਂ ਦੇ ਨੁਮਾਇੰਦੇ ਪਹੁੰਚ ਗਏ ਹਨ। ਅੰਦਾਜ਼ਾ ਹੈ ਕਿ ਲਿਬੀਆ ਵਿਚ 128 ਬਿਲੀਅਨ ਪੌਂਡਾਂ ਦੀ ਤਬਾਹੀ ਹੋਈ ਹੈ। ਭਾਵ ਦੇਸ਼ ਦੇ ਇਨਫਰਾਸਟਰਕਚਰ ਦੀ ਮੁੜ ਉਸਾਰੀ ਉਤੇ ਏਨੇ ਕੁ ਹੀ ਪੈਸੇ ਲੱਗਣੇ ਹਨ। ਵਿਦੇਸ਼ੀ ਕੰਪਨੀਆਂ ਇਸ ਮੁੜ ਉਸਾਰੀ ਦਾ ਆਪਣਾ ਆਪਣਾ ਹਿੱਸਾ ਲੈਣੀਆਂ ਚਾਹੁੰਦੀਆਂ ਹਨ। ਡੇਵਿਡ ਕੈਮਰਾਨ ਨੇ ਵੀ ਆਪਣੇ ਅਹਿਲਕਾਰਾਂ ਨੂੰ ਹੁਕਮ ਦਿੱਤੇ ਹਨ ਕਿ ਉਹ ਠੇਕੇ ਦੁਆਉਣ ਲਈ ਇਕਦਮ ਬ੍ਰਿਟਿਸ਼ ਕੰਪਨੀਆਂ ਦੀ ਮਦਦ ਕਰਨ। ਜਿਸ ਤਰ੍ਹਾਂ ਇਕ ਜਾਨਵਰ ਦੇ ਮਰਨ ਉਪਰੰਤ ਅਸਮਾਨੋਂ ਗਿਰਝਾਂ ਉੱਤਰ ਆਉਂਦੀਆਂ ਹਨ। ਇਸੇ ਤਰ੍ਹਾਂ ਹੀ ਟਰਿਪਲੀ ਵਿਚ ਹੁਣ ਬਲੂ ਸੂਟਾਂ ਤੇ ਬਰੀਫ ਕੇਸਾਂ ਵਾਲੇ ਗੋਰੇ ਲੋਕ ਹਵਾਈ ਜਹਾਜ਼ ਰਾਹੀਂ ਧੜਾਧੜ ਉਤਰ ਰਹੇ ਹਨ। ਕਿਸੇ ਵੀ ਕੰਪਨੀ ਨੂੰ ਇਹ ਫਿਕਰ ਨਹੀਂ ਹੈ ਕਿ ਲਿਬੀਆ ਦੇ ਇਨਫਰਾਸਟਰਕਚਰ ਨੂੰ ਮੁੜ ਕੇ ਖੜ੍ਹਿਆ ਕਰਨ ਦਾ ਖਰਚਾ ਇਹ ਦੇਸ਼ ਕਿਥੋਂ ਦੇਵੇਗਾ ਕਿਉਂਕਿ ਇਨ੍ਹਾਂ ਕੰਪਨੀਆਂ ਨੂੰ ਲਿਬੀਆ ਦਾ ਕਰੋੜਾਂ ਬੈਰਲਾਂ ਵਾਲਾ ਤਰਲ ਸੋਨਾ ਦਿਖਾਈ ਦੇ ਰਿਹਾ ਹੈ। ਈਰਾਕ ਦੀ ਤਬਾਹੀ ਪਿਛੋਂ ਵੀ ਏਦਾਂ ਹੀ ਹੋਇਆ ਸੀ। ਬਹਿਰੀਨ ਤੇ ਯਮਨ ਦਾ ਵੀ ਇਹੋ ਹਸ਼ਰ ਹੋਣਾ ਹੈ। ਪਰ ਅੱਜਕੱਲ੍ਹ ਸਭ ਤੋਂ ਵੱਧ ਚਰਚਾ ਸੀਰੀਆ ਬਾਰੇ ਹੋ ਰਹੀ ਹੈ। ਲਿਬੀਆ ਦੀ ਆਜ਼ਾਦੀ ਤੋਂ ਇਕਦਮ ਬਾਅਦ ਲੈਬਨਾਨ ਵਿਚ ਰਹਿੰਦੇ ਸੀਰੀਅਨ ਬਾਗੀ ਪੱਛਮੀ ਦੇਸ਼ਾਂ ਨੂੰ ਅਰਜ਼ ਕਰਨ ਲੱਗ ਪਏ ਹਨ ਕਿ ਉਹ ਉਨ੍ਹਾਂ ਦੀ ਮਦਦ ਵੀ ਕਰਨ। ਅਮਰੀਕਾ ਦੀ ਸੈਕਟਰੀ ਔਫ ਸਟੇਟ ਹਿੱਲਰੀ ਕਲਿੰਟਨ ਤਾਂ ਕਈ ਵੇਰ ਕਹਿ ਚੁੱਕੀ ਹੈ ਕਿ ਸੀਰੀਆ ਦੇ ਪ੍ਰਧਾਨ ਤੇ ਤਾਨਾਸ਼ਾਹ ਹੁਕਮਰਾਨ ਬਸ਼ਰ ਅਲ ਅਸਦ ਸੀਰੀਆ ਦੇ ਲੋਕਾਂ ਦੀਆਂ ਮੰਗਾਂ ਪ੍ਰਵਾਨ ਕਰੇ ਤੇ ਉਨ੍ਹਾਂ ਨੂੰ ਜਮਹੂਰੀ ਹੱਕ ਦੇਵੇ। ਅਮਰੀਕਾ ਅਤੇ ਨੈਟੋ ਦੇਸ਼ ਹੁਣ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕਰਦੇ ਕਿ ਬਿਗਾਨੇ ਦੇਸ਼ਾਂ ਵਿਚ ਅਮਰੀਕਾ ਅਤੇ ਨੈਟੋ ਦੇਸ਼ ਕਿਉਂ ਦਖਲ ਦੇ ਰਹੇ ਹਨ? ਅਮਰੀਕਾ ਅਤੇ ਹੋਰ ਪੱਛਮੀ ਦੇਸ਼ਾਂ ਦੀ ਇਹ ਪਾਲਸੀ ਹੀ ਹੈ ਕਿ ਉਹ ਹੌਲੀ ਹੌਲੀ ਸਾਰੇ ਅਰਬੀ ਦੇਸ਼ਾਂ ਵਿਚ ਕਠਪੁਤਲੀ ਸਰਕਾਰਾਂ ਕਾਇਮ ਕਰ ਦੇਣਗੇ ਤਾਂ ਜੋ ਉੱਥੇ ਨਿਕਲਦੇ ਤੇਲ ਦੀਆਂ ਕੀਮਤਾਂ ਕੰਟਰੋਲ ਕੀਤੀਆਂ ਜਾ ਸਕਣ। ਇਹ ਨਿਸ਼ਾਨਾ ਪੂਰਾ ਕਰਨ ਵਾਸਤੇ ਉਹ ਇਨ੍ਹਾਂ ਦੇਸ਼ਾਂ ਦੇ ਬਾਗੀ ਤਬੀਅਤ ਵਾਲੇ ਲੋਕਾਂ ਦਾ ਸਹਾਰਾ ਲੈਂਦੇ ਹਨ। ਹੌਲੀ-ਹੌਲੀ ਇਹ ਲਹਿਰ ਆਮ ਲੋਕਾਂ ਦੀ ਲਹਿਰ ਬਣ ਜਾਂਦੀ ਹੈ। ਯਾਦ ਰਹੇ ਸੀਰੀਆ ਵਿਚ ਵਰਤਮਾਨ ਪ੍ਰਧਾਨ ਬਸਰ ਅਲ ਅਸਦ ਦਾ ਪਰਿਵਾਰ ਪਿਛਲੇ ਚਾਲੀਆਂ ਸਾਲਾਂ ਤੋਂ ਰਾਜ ਕਰ ਰਿਹਾ ਹੈ। ਬਸਰ ਅਲ ਅਸਦ ਤੋਂ ਪਹਿਲਾਂ ਉਹਦਾ ਬਾਪ ਵੀ ਦੇਸ਼ ਦਾ ਡਿਕਟੇਟਰ ਰਿਹਾ ਸੀ। ਇਹ ਪਰਿਵਾਰ ਵੀ ਗੱਦਾਫੀ ਵਾਂਗ ਹੁਣ ਸੀਰੀਆ ਨੂੰ ਜ਼ਾਤੀ ਜਗੀਰ ਹੀ ਸਮਝਦਾ ਹੈ। ਜਦੋਂ ਜੀਅ ਕਰਦਾ ਹੈ ਤਾਂ ਇਹ ਸਰਕਾਰੀ ਤਿਜੌਰੀ ਵਿਚ ਹੱਥ ਪਾ ਲੈਂਦੇ ਹਨ।

ਪੱਛਮੀ ਦੇਸ਼ਾਂ ਦੀ ਡਬਲ ਸਟੈਂਡਰਡ ਵਾਲੀ ਨੀਤੀ ਵਾਰੇ ਤਾਂ ਸਭ ਨੂੰ ਗਿਆਨ ਹੈ। ਜਦੋਂ

ਇਹ ਅਫਗਾਨਿਸਤਾਨ, ਈਰਾਕ, ਲਿਬੀਆ, ਸੀਰੀਆ, ਬਹਿਰੀਨ, ਯਮਨ ਤੇ ਈਜਿਪਟ ਆਦਿ ਵਿਚ ਜਮਹੂਰੀਅਤ ਕਾਇਮ ਕਰਨ ਦੀਆਂ ਗੱਲਾਂ ਕਰਦੇ ਹਨ ਤਾਂ ਸਾਊਦੀ ਅਰੇਬੀਆ ਨੂੰ ਤਾਂ ਭੁੱਲ ਹੀ ਜਾਂਦੇ ਹਨ ਜਿਥੇ ਕਿ ਆਏ ਦਿਨ ਮਨੁੱਖੀ ਅਧਿਕਾਰਾਂ ਦਾ ਘਾਣ ਹੁੰਦਾ ਹੈ। ਔਰਤਾਂ ਨੂੰ ਕਾਰਾਂ ਚਲਾਉਣ ਦੀ ਇਜਾਜ਼ਤ ਨਹੀਂ ਹੈ। ਇਕ ਪੁਰਸ਼ ਦੇ ਸਾਥ ਬਾਝੋਂ ਉਹ ਬਾਹਰ ਅੰਦਰ ਵੀ ਨਹੀਂ ਜਾ ਸਕਦੀਆਂ। ਸਿਰ ਮੂੰਹ ਨੰਗਾ ਰੱਖਣਾ ਜੁਰਮ ਕਰਾਰ ਦਿੱਤਾ ਹੋਇਆ ਹੈ। ਟੋਨੀ ਬਲੇਅਰ ਜਦੋਂ ਪ੍ਰਧਾਨ ਮੰਤਰੀ ਸਨ ਤਾਂ ਇਕ ਪੱਤਰਕਾਰ ਨੇ ਸਾਊਦੀ ਅਰੇਬੀਆ ਵਿਚ ਜਮਹੂਰੀ ਕਦਰਾਂ ਕੀਮਤਾਂ ਦੀ ਅਣਹੋਂਦ ਦਾ ਸੁਆਲ ਉਠਾਇਆ ਸੀ। ਟੋਨੀ ਬਲੇਅਰ ਨੇ ਇੱਦਾਂ ਕਹਿ ਕੇ ਹੀ ਗੱਲ ਟਾਲ ਦਿੱਤੀ ਸੀ ਕਿ ਉਹ ਉਨ੍ਹਾਂ ਦਾ ਅੰਦਰੂਨੀ ਮਾਮਲਾ ਹੈ। ਕੀ ਈਰਾਕ, ਲਿਬੀਆ ਤੇ ਹੋਰ ਮੱਧ ਪੂਰਬੀ ਦੇਸ਼ਾਂ ਦਾ ਅੰਦਰੂਨੀ ਮਾਮਲਾ ਨਹੀਂ ਹੈ?

ਜਦੋਂ ਅਸੀਂ 'ਅਰਬ ਸਪਰਿੰਗ' ਦੀ ਗੱਲ ਕਰਦੇ ਹਾਂ ਤਾਂ ਸਾਊਦੀ ਅਰੇਬੀਆ ਵਿਚ ਤਬਦੀਲੀ ਆ ਜਾਣ ਜਾਂ ਨਾ ਆ ਜਾਣ ਦੀ ਗੱਲ ਵੀ ਕਰਨੀ ਪਵੇਗੀ। ਸਾਊਦੀ ਅਰੇਬੀਆ ਦੇ ਬਾਦਸ਼ਾਹ ਅਬਦੁੱਲਾ ਦੀ ਉਮਰ 87 ਵਰ੍ਹਿਆਂ ਦੀ ਹੈ। ਉਸ ਦਾ ਜਾਨਸ਼ੀਨ ਯਾਨੀ ਕਿ ਕਰਾਊਨ ਪਰਿੰਸ ਸੁਲਤਾਨ ਬਿਨ ਅਬਦੁੱਲ ਅਜ਼ੀਜ 83 ਵਰ੍ਹਿਆਂ ਦਾ ਸੀ ਜਿਸ ਦੀ ਨਿਊਯਾਰਕ ਦੇ ਇਕ ਹਸਪਤਾਲ ਵਿਚ ਏਸੇ ਹਫਤੇ ਮੌਤ ਹੋਈ ਹੈ। ਬਹਾਬੀ ਮੁਸਲਿਮ ਫਿਰਕੇ ਦੇ ਪੈਰੋਕਾਰ ਸਾਊਦੀ ਅਰੇਬੀਆ ਦਾ ਸ਼ਾਹੀ ਖਾਨਦਾਨ ਜਦੋਂ ਕਰਾਊਨ ਪਰਿੰਸ ਚੁਣਦਾ ਹੈ ਜਾਂ ਵਰਤਮਾਨ ਕਿੰਗ ਦੇ ਪੁੱਤਰ ਨੂੰ ਪਹਿਲ ਨਹੀਂ ਦਿੱਤੀ ਜਾਂਦੀ ਸਗੋਂ ਉਸ ਦੇ ਛੋਟੇ ਭਰਾ ਨੂੰ ਦਿੱਤੀ ਜਾਂਦੀ ਹੈ। ਕਰਾਊਨ ਪਰਿੰਸ ਸੁਲਤਾਨ ਬਿਨ ਅਬਦੁਲ ਅਜ਼ੀਜ਼ ਵਰਤਮਾਨ ਕਿੰਗ ਅਬਦੁੱਲਾਹ ਦਾ ਛੋਟਾ ਭਾਈ ਸੀ। ਹੁਣ ਉਸ ਦੀ ਥਾਂ ਤੇ ਅਠੱਤਰਾ ਸਾਲਾਂ ਦੇ ਪ੍ਰਿੰਸ ਨਾਇਫ ਨੂੰ ਕਰਾਊਨ ਪ੍ਰਿੰਸ ਥਾਪਿਆ ਜਾ ਰਿਹਾ ਹੈ। ਟੁਨੀਸ਼ੀਆ ਵਿਚ ਤੇ ਬਾਅਦ ਵਿਚ ਈਜਿਪਟ ਵਿਚ ਆਏ ਇਨਕਲਾਬ ਤੋਂ ਬਾਅਦ ਸਾਊਦੀ ਅਰੇਬੀਆ ਦੇ ਕਿੰਗ ਅਬਦੁੱਲਾਹ ਨੇ ਵੀ ਕੁਝ ਰਿਆਇਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ। ਉਸ ਨੇ ਐਲਾਨ ਕੀਤਾ ਹੈ ਕਿ ਦੇਸ਼ ਦੀਆਂ ਔਰਤਾਂ ਮਿਉਂਸਪਲ ਇਲੈਕਸ਼ਨਾਂ ਵਿਚ ਵੋਟ ਪਾ ਸਕਣਗੀਆਂ। ਇਹ ਵੋਟਾਂ 2015 ਤੋਂ ਸ਼ੁਰੂ ਹੋਣਗੀਆਂ ਹਨ। ਪ੍ਰੰਤੂ ਐਨਾਲਿਸਟਾਂ ਦਾ ਕਹਿਣਾ ਹੈ ਕਿ ਅਗਰ ਕਿੰਗ ਅਬਦੁੱਲਾਹ ਇਸ ਤਾਰੀਖ ਤੋਂ ਪਹਿਲਾਂ ਮਰ ਗਿਆ ਤੇ ਪ੍ਰਿੰਸ ਨਾਇਫ ਬਾਦਸ਼ਾਹ ਬਣ ਗਿਆ ਤਾਂ ਉਹ ਮੁੜ ਫੇਰ ਔਰਤਾਂ ਦੇ ਵੋਟ ਤੇ ਹੱਕ ਖੋਹ ਲਵੇਗਾ ਕਿਉਂਕਿ ਉਹ ਤਾਂ ਔਰਤਾਂ ਦੀ ਆਜ਼ਾਦੀ ਦੇ ਬਿਲਕੁਲ ਹੀ ਹੱਕ ਵਿਚ ਨਹੀਂ ਹੈ। ਸ਼ਾਇਦ ਫਿਰ ਔਰਤਾਂ ਵਿਚ ਵਿਦਰੋਹ ਜਾਗੇਗਾ। ਸ਼ਾਇਦ ਕੁਝ ਸਾਊਦੀ ਅਰੇਬੀਅਨ ਮਰਦ ਵੀ ਉਨ੍ਹਾਂ ਦਾ ਸਾਥ ਦੇਣਗੇ ਤੇ ਸ਼ਾਇਦ ਫੇਰ ਉਥੇ ਵੀ ਇਨਕਲਾਬ ਆਵੇਗਾ। ਵੈਸੇ ਵੀ ਕੁਝ ਪੱਛਮੀ ਦੇਸ਼ਾਂ ਤੋਂ ਪੜ੍ਹੇ ਲਿਖੇ ਸਾਊਦੀ ਅਰੇਬੀਅਨ ਨੌਜਵਾਨ ਇਸ ਕਿਸਮ ਦੀ ਇਸਾਲਮੀ ਕੱਟੜਤਾ ਦੇ ਖਿਲਾਫ ਹਨ।

ਇਹ ਅਰਬ ਸਪਰਿੰਗ ਭਾਵ ਅਰਬੀ ਜਾਗਰਤੀ ਹੋਰ ਕਿਹੜੇ ਕਿਹੜੇ ਦੇਸ਼ ਨੂੰ ਮੁੱਤਾਸਰ ਕਰੇਗੀ? ਇਹ ਤਾਂ ਸਮਾਂ ਹੀ ਦੱਸੇਗਾ। ਪਰ ਇਕ ਗੱਲ ਯਕੀਨੀ ਹੈ ਕਿ ਕਲੌਕ ਨੂੰ ਹੁਣ ਪਿਛਾਂਹ ਨੂੰ ਗੇੜਾ ਨਹੀਂ ਦਿੱਤਾ ਜਾ ਸਕਦਾ। ਜਦੋਂ ਲੋਕਾਂ ਵਿਚ ਆਜ਼ਾਦੀ ਦੀ ਭੁੱਖ ਜਾਗ ਪੈਂਦੀ ਹੈ ਤਾਂ ਇਨ੍ਹਾਂ ਦੀ ਸੰਤੁਸ਼ਟੀ ਅੰਬਾਕੜੀਆਂ ਨਾਲ ਨਹੀਂ ਸਗੋਂ ਅੰਬਾਂ ਨਾਲ ਹੀ ਹੁੰਦੀ ਹੈ। ਸ਼ਾਇਦ ਇਹ ਜਾਗਰਤੀ ਇਕ ਦਿਨ ਈਰਾਨ ਵਿਚ ਵੀ ਜੜ੍ਹਾਂ ਫੜ ਲਵੇ ਤੇ ਮੌਲਾਣਿਆਂ ਦੇ ਟੋਲੇ ਨੂੰ ਲਾਹ ਦੇਵੇ। ਅਰਬੀ

ਦੇਸ਼ਾਂ ਦੇ ਲੋਕਾਂ ਨੂੰ ਹੁਣ ਸੋਝੀ ਹੋ ਗਈ ਹੈ ਕਿ ਉਨ੍ਹਾਂ ਦੇ ਦੇਸ਼ਾਂ ਵਿਚ ਤੇਲ ਦੇ ਭੰਡਾਰ ਇਸ ਕਦਰ ਜਮ੍ਹਾਂ ਪਏ ਹਨ ਕਿ ਇਹ ਹਰ ਸ਼ਹਿਰੀ ਨੂੰ ਵਧੀਆ ਤੇ ਅਮੀਰਰਾਨਾ ਜੀਵਨ ਦੇ ਸਕਦੇ ਹਨ। ਇਨ੍ਹਾਂ ਦੇਸ਼ਾਂ ਦੇ ਲੋਕ ਹੁਣ ਇਹ ਗੱਲ ਬਰਦਾਸ਼ਤ ਨਹੀਂ ਕਰ ਸਕਦੇ ਕਿ ਕਿਸੇ ਇਕ ਘਰਾਣੇ ਦੇ ਲੋਕ ਹੀ ਸਭ ਕੁਝ ਆਪਣੀਆਂ ਜੇਬਾਂ ਵਿਚ ਪਾਈ ਜਾਣ। ਪੱਛਮੀ ਦੇਸ਼ਾਂ ਨੂੰ ਚਾਹੀਦਾ ਹੈ ਕਿ ਉਹ ਜਮਹੂਰੀਅਤ ਦੀ ਪ੍ਰੀਭਾਸ਼ਾ ਸਰਬ ਵਿਆਪਕ ਤੇ ਸਰਬ ਪਰਵਾਨਤ ਬਣਾਉਣ ਵੱਲ ਤਵੱਜੋਂ ਦੇਣ। ਜਮਹੂਰੀਅਤ ਸਾਊਦੀ ਅਰੇਬੀਆ ਵਿਚ ਵੀ ਓਨੀ ਹੀ ਜ਼ਰੂਰੀ ਹੈ ਜਿੰਨੀ ਕਿ ਲਿਬੀਆ ਅਤੇ ਈਰਾਕ ਆਦਿ ਵਿਚ।

(2011)

# ਅੰਗਰੇਜ਼ੀ ਸਾਹਿਤ ਰਸੀਆਂ ਦੇ ਮੱਕੇ ਦੀ ਦੂਜੀ ਜ਼ਿਆਰਤ

ਮੈਂ ਅਤੇ ਮੇਰੀ ਬੀਵੀ ਪਹਿਲੀ ਵੇਰ 1968 ਵਿਚ ਸਟਰੈਟਫੋਰਡ-ਅਪਾਨ-ਐਵਨ ਵਿਖੇ ਆਲਮੀ ਪ੍ਰਸਿੱਧੀ ਦੇ ਮਾਲਕ ਵਿਲੀਅਮ ਸ਼ੈਕਸਪੀਅਰ ਦਾ ਘਰ ਵੇਖਣ ਗਏ ਸਾਂ ਤੇ ਇਸ ਸਾਲ ਯਾਨੀ ਕਿ 2011 ਵਿਚ ਜਦੋਂ ਮੇਰੇ ਪੋਤੇ-ਪੋਤੀਆਂ ਨੇ ਇੱਛਾ ਜ਼ਾਹਿਰ ਕੀਤੀ ਕਿ ਉਹ ਵੀ ਉਸ ਦਾ ਘਰ ਵੇਖਣਾ ਚਾਹੁਣਗੇ ਤਾਂ ਇਕ ਅਜਬ ਕਿਸਮ ਦੀ ਖੁਸ਼ੀ ਹੋਈ। ਇਹ ਉਨ੍ਹਾਂ ਨੇ ਉਦੋਂ ਕਿਹਾ ਜਦੋਂ ਮੈਂ 1968 ਦੇ ਵਿਜ਼ਿਟ ਦਾ ਜ਼ਿਕਰ ਕਰਨ ਲਗ ਪਿਆ ਸਾਂ। ਮੈਨੂੰ ਖੁਸ਼ੀ ਇਸ ਗੱਲ ਦੀ ਹੋਈ ਕਿ ਇਨ੍ਹਾਂ ਬ'ਚਿਆਂ ਵਿਚ ਵੀ ਸਾਹਿਤ ਪੜ੍ਹਨ ਦਾ ਸ਼ੌਕ ਸੀ ਤੇ ਉਹ ਵੀ ਲੇਖਕਾਂ ਦੇ ਘਰਾਂ ਦੀ ਜ਼ਿਆਰਤ ਕਰਨ ਵਿਚ ਦਿਲਚਸਪੀ ਰੱਖਦੇ ਹਨ। ਉਨ੍ਹਾਂ ਨੂੰ ਇਸ ਗੱਲ ਦਾ ਵੀ ਪਤਾ ਸੀ ਕਿ ਉਨ੍ਹਾਂ ਦੇ ਦਾਦਾ ਜੀ ਪੰਜਾਬੀ ਵਿਚ ਲਿਖਦੇ ਹਨ ਤੇ ਉਨ੍ਹਾਂ ਨੂੰ ਬਹੁਤ ਸਾਰੇ ਲੋਕ ਜਾਣਦੇ ਵੀ ਹਨ। ਪਰ ਮੈਨੂੰ ਆਪਣੇ ਆਪ ਉਤੇ ਇਸ ਗੱਲੋਂ ਗੁੱਸਾ ਆ ਰਿਹਾ ਸੀ ਕਿ ਅਸੀਂ ਸ਼ੈਕਸਪੀਅਰ ਦਾ ਘਰ ਦੁਬਾਰਾ ਵੇਖਣ ਵਿਚ ਏਨੀ ਦੇਰ ਕਿਉਂ ਲਾਈ? ਕਿਸੇ ਫਿਲਾਸਫਰ ਨੇ ਇਕ ਵੇਰ ਕਿਹਾ ਸੀ ਕਿ ਅਸੀਂ ਆਲੇ ਦੁਆਲੇ ਦੀਆਂ ਚੀਜ਼ਾਂ ਨੂੰ ਕਈ ਵੇਰ ਉਸ ਨੀਝ ਨਾਲ ਨਹੀਂ ਵੇਖਦੇ ਜਿਸ ਨੀਝ ਨਾਲ ਦੁਰਾਡੀਆਂ ਚੀਜ਼ਾਂ ਨੂੰ ਵੇਖਦੇ ਹਾਂ। ਕਈਆਂ ਦੇਸ਼ਾਂ ਦਾ ਭਰਮਣ ਕਰਨ ਦੇ ਬਾਵਜੂਦ ਵੀ ਅਸੀਂ ਲੰਡਨ ਅਤੇ ਸਮੁੱਚੇ ਬ੍ਰਿਟੇਨ ਦੀਆਂ ਅਨੇਕਾਂ ਥਾਵਾਂ ਹਾਲੀ ਵੀ ਨਹੀਂ ਵੇਖੀਆਂ। ਮੇਰੇ ਇਸ ਪਛਤਾਵੇ ਨੂੰ ਭਾਂਪਦਿਆਂ ਮੇਰੀ ਬੀਵੀ ਨੇ ਕਿਹਾ, "ਚਲੋ ਕੋਈ ਗੱਲ ਨਹੀਂ। ਕਿਹੜਾ ਪਹਿਲੀ ਵੇਰ ਸ਼ੈਕਸਪੀਅਰ ਦਾ ਘਰ ਵੇਖਣ ਚੱਲੇ ਹਾਂ, ਦੂਜੀ ਵੇਰ ਹੀ ਚੱਲੇ ਹੋ ਨਾ ? ਦੂਜੀ ਵੇਰ ਦੇਰੀ ਕਰਨ ਲਈ ਆਪਣੇ ਆਪ ਨੂੰ ਤਸੱਲੀ ਦੇਣ ਲਈ ਇਹੋ ਕਹਿ ਛੱਡੋ ਕਿ ਦੇਰ ਆਇ ਦਰੁਸਤ ਆਇ। ਬਸ ਖੁਸ਼ੀ-ਖੁਸ਼ੀ ਬੱਚਿਆਂ ਨੂੰ ਲੈ ਕੇ ਟੁਰੋ।" ਇਹੋ ਜਿਹੀਆਂ ਤਸੱਲੀ ਵਾਲੀਆਂ ਗੱਲਾਂ ਕਰ ਕਰਕੇ ਹੀ ਮੇਰੀ ਪਤਨੀ ਮੇਰੀ ਜ਼ਿੰਦਗੀ ਨੂੰ ਅੱਗੇ ਹੀ ਅੱਗੇ ਟੋਰੀ ਜਾ ਰਹੀ ਹੈ। ਮੈਂ ਉਸ ਦਾ ਧੰਨਵਾਦ ਕੀਤਾ ਤੇ ਚਾਲੇ ਪਾ ਲਏ ਸਟਰੈਟਫੋਰਡ ਅਪਾਨ-ਐਵਨ (Stratford-Upon-Avon) ਵੱਲ।

ਜਦੋਂ ਅਸੀਂ 1962 ਵਿਚ ਦੇਸੋਂ ਟੁਰੇ ਸਾਂ ਤਾਂ ਸੋਚਦੇ ਸਾਂ ਕਿ ਵਲਾਇਤ ਅੱਪੜਦਿਆਂ ਹੀ ਅਸੀਂ ਕਵੀਆਂ, ਚਿੱਤਰਕਾਰਾਂ, ਡਰਾਮਾਟਿਸਟਾਂ, ਨਾਵਲਕਾਰਾਂ, ਬੁੱਤ-ਘਾੜਿਆਂ ਅਤੇ ਅਨੇਕ ਭਾਂਤੇ ਕਲਾਕਾਰਾਂ ਨੂੰ ਹਰ ਸਮੇਂ, ਹਰ ਥਾਂ ਮਿਲਿਆ ਕਰਾਂਗੇ ਤੇ ਸ਼ੈਕਸਪੀਅਰ ਵਰਗੇ ਗੁਜ਼ਰ ਚੁੱਕੇ ਲੇਖਕਾਂ ਦੀਆਂ ਸਮਾਧਾਂ ਅਤੇ ਯਾਦਗਾਰਾਂ ਅੱਗੇ ਸਿਰ ਝੁਕਾਇਆ ਕਰਾਂਗੇ। ਅਸੀਂ ਸੋਚਦੇ ਸਾਂ ਕਿ ਸ਼ੈਲੇ ਦਾ ਸਕਾਈਲਾਰਕ ਸਾਡੇ ਬਨੇਰਿਆਂ ਤੋਂ ਉਡ ਕੇ ਉਪਰ ਅੰਬਰਾਂ ਵੱਲ ਉੱਡ ਜਾਇਆ ਕਰੇਗਾ, ਜਿਥੇ ਉਹ ਆਪਣੇ ਰਸੀਲੇ ਗੀਤਾਂ ਨਾਲ ਸ਼ਾਮ ਵੇਲੇ ਸਾਨੂੰ ਸੁਪਨ-ਸੇਜ ਉਤੇ ਸੁਲਾਇਆ

ਕਰੇਗਾ ਤੇ ਪ੍ਰਭਾਤ ਵੇਲੇ ਉਹੋ ਜਿਹੇ ਹੀ ਗੀਤਾਂ ਨਾਲ ਜਗਾਇਆ ਕਰੇਗਾ। ਅਸੀਂ ਸੋਚਦੇ ਸਾਂ ਕਿ ਸਾਨੂੰ ਵਰਡਜ਼ਵਰਥ ਦੇ ਡੈਫੋਡਿਲ ਕਦੇ ਵੀ ਉਦਾਸ ਨਹੀਂ ਹੋਣ ਦੇਣਗੇ ਤੇ ਸਾਡੇ ਜੀਵਨ ਵਿਚ ਮਹਿਕਾਂ ਵੰਡਦੇ ਰਹਿਣਗੇ। ਪ੍ਰੰਤੂ ਇਥੇ ਆ ਕੇ ਪਤਾ ਲੱਗਾ ਕਿ ਇਥੇ ਸ਼ੈਕਸਪੀਅਰ, ਬਰਾਇਨ, ਸ਼ੈਲੇ, ਕੀਟਸ, ਮਿਲਟਨ, ਹਾਰਡੀ ਤੇ ਡਿਕਨਜ਼ ਨੂੰ ਬਹੁਤੇ ਲੋਕ ਜਾਣਦੇ ਤਾਂ ਹਨ ਪਰ ਸਾਡੇ ਵਾਂਗ ਉਨ੍ਹਾਂ ਲਈ ਕਰੇਜ਼ੀ ਨਹੀਂ ਹਨ। ਵਰਡਜ਼ਵਰਥ ਵਾਲੇ ਡੈਫੋਡਿਲ ਤਾਂ ਇਥੇ ਬਥੇਰੇ ਹਨ ਪਰ ਇਥੋਂ ਦਿਆਂ ਲੋਕਾਂ ਨੂੰ ਇਹ ਨਹੀਂ ਪਤਾ ਸਾਨੂੰ ਇਨ੍ਹਾਂ ਫੁੱਲਾਂ ਨਾਲ ਪਹਿਲੀ ਵੇਰ ਮੁਹੱਬਤ ਕਦੋਂ ਜਾਗੀ ਸੀ। ਸਤਵਰਗ ਤੇ ਗੇਂਦੇ ਦੇ ਫੁੱਲਾਂ ਨਾਲ ਇੰਨ੍ਹਾਂ ਨੂੰ ਅਸੀਂ ਕਦੋਂ ਜੋੜਿਆ ਸੀ ? ਜ਼ਿੰਦਗੀ ਦੀਆਂ ਖ਼ੁਰਦਰੀਆਂ ਪਗਡੰਡੀਆਂ ਨੂੰ ਅਸੀਂ ਪਹਿਲਾਂ ਵਾਂਗੂੰ ਹੀ ਪੜ੍ਹ ਕੇ ਹੀ ਸਰ ਕਰਦੇ ਰਹੇ। ਮੈਨੂੰ ਖ਼ੁਸ਼ੀ ਹੈ ਕਿ ਅੰਗਰੇਜ਼ੀ ਸਾਹਿਤ ਨੂੰ ਪੜ੍ਹਨ ਦਾ ਸ਼ੌਕ ਸਾਡਾ ਘਟਿਆ ਨਹੀਂ ਸਗੋਂ ਵਧਿਆ ਹੀ ਹੈ। ਇਸੇ ਕਰਕੇ ਕਦੇ ਕਦਾਈ ਅੰਗਰੇਜ਼ੀ ਭਾਸ਼ਾ ਵਿਚ ਵੀ ਲਿਖ਼ ਲਈਦਾ ਹੈ। ਅੰਗਰੇਜ਼ੀ ਭਾਸ਼ਾ ਏਨੇ ਦੇਸ਼ਾਂ ਵਿਚ ਸਮਝੀ ਤੇ ਬੋਲੀ ਜਾਂਦੀ ਹੈ ਕਿ ਇਸ ਨੂੰ ਪੜ੍ਹਨ ਵਾਲੇ ਲੋਕ ਵਿਚਾਰਾਂ ਦੇ ਇਕ ਵਸੀਹ ਮਹੌਲ ਵਿਚ ਵਿਚਰਨ ਲਗਦੇ ਹਨ। ਉਨ੍ਹਾਂ ਦੇ ਮਨ ਦੀਆਂ ਕਈ ਖਿੜਕੀਆਂ ਖੁੱਲ ਜਾਂਦੀਆਂ ਹਨ।

ਸਟਰੈਟਫੋਰਡ-ਅਪਾਨ-ਐਵਨ ਲੰਡਨ ਤੋਂ ਮਸਾਂ ਸਵਾ ਕੁ ਸੌ ਮੀਲਾਂ ਦੀ ਵਿੱਥ ਉਤੇ ਹੈ। ਜਿਥੇ 1968 ਵਿਚ ਅਸੀਂ ਇਕਹਿਰੀਆਂ ਪੇਂਡੂ ਸੜਕਾਂ ਤੋਂ ਗੁਜ਼ਰੇ ਸਾਂ, ਉਥੇ ਹੁਣ ਮੋਟਰਵੇਅ ਰਾਹੀਂ ਦੌੜੇ ਜਾ ਰਹੇ ਸਾਂ। ਸਟਰੈਟਫੋਰਡ ਦੇ ਸ਼ਹਿਰ ਵਿਚ ਅੱਜਕਲ ਪੀਜ਼ਾ ਹੱਟ, ਟੈਸਕੋ, ਸੇਨਜ਼ਬਰੀ ਤੇ ਨਵੀਆਂ ਲੋਗੋ ਵਾਲੀਆਂ ਕਾਰਾਂ ਦੇ ਸ਼ੋਅ-ਰੂਮ ਹਨ। ਉਸ ਵੇਲੇ ਯਾਨੀ ਕਿ 1968 ਵਿਚ ਤਾਂ ਇਹ ਇਸ ਦੇਸ਼ ਵਿਚ ਹੈ ਹੀ ਨਹੀਂ ਸਨ। ਫਿਰ ਸਾਡੀ ਸੋਚ ਸਟਰੈਟਫੋਰਡ ਦੇ ਆਲੇ-ਦੁਆਲੇ ਦੀਆਂ ਦੇਹਾਤੀ ਸੜਕਾਂ ਵੱਲ ਚਲੇ ਗਈ। ਇਸ ਪੇਂਡੂ ਇਲਾਕੇ ਵਿਚ ਅਜੇ ਵੀ ਸਾਫ-ਸੁਥਰੇ ਤੇ ਰੰਗ-ਬਰੰਗੇ ਬਗੀਚਿਆਂ ਵਾਲੇ ਘਰ ਹਨ। ਇਨ੍ਹਾਂ ਰਾਹਾਂ ਬਾਰੇ ਮੈਂ ਸੋਚ ਰਿਹਾ ਸਾਂ ਕਿ ਅੱਜ ਜਿਹੜੀਆਂ ਪੱਕੀਆਂ ਸੜਕਾਂ ਉਤੋਂ ਦੀ ਸਾਡੀ ਕਾਰ ਗੁਜ਼ਰ ਰਹੀ ਸੀ, ਉਥੇ ਸ਼ੈਕਸਪੀਅਰ ਦੇਵੇਲਿਆਂ 'ਚ ਮਿੱਟੀ-ਘੱਟੇ ਨਾਲ ਅੱਟੇ ਰਸਤੇ ਹੋਣਗੇ ਜਿਥੇ ਘੋੜਾ-ਗੱਡੀਆਂ ਰਾਹੀਂ ਉਹ ਲੰਡਨ ਦੇ ਆਪਣੇ ਗਲੋਬ ਥੀਏਟਰ ਨੂੰ ਜਾਂਦਾ ਹੋਵੇਗਾ। ਜਿਥੇ ਅੱਜ ਪੱਕੀਆਂ ਇੱਟਾਂ ਵਾਲੇ ਪੱਬ ਹਨ, ਉਥੇ ਕਾਨੇ ਅਤੇ ਘਾਹ-ਫੂਸ ਦੀਆਂ ਛੱਤਾਂ ਵਾਲੇ ਤੇ ਖੁਰਦਰੇ ਪੱਥਰਾਂ ਨਾਲ ਉਸਾਰੇ ਸ਼ਰਾਬਖਾਨੇ ਹੋਣਗੇ ਜਿਨ੍ਹਾਂ ਮੂਹਰੇ ਘੋੜਿਆਂ ਨਾਲ ਖਿੱਚੇ ਜਾਣ ਵਾਲੇ ਠੇਲ੍ਹੇ ਰੁਕਦੇ ਹੋਣਗੇ ਤੇ ਫੀਨੀਆਂ ਟੋਪੀਆਂ, ਮੈਲੀਆਂ-ਕੁਚੈਲੀਆਂ ਜੈਕਟਾਂ ਅਤੇ ਪੈਂਟਾਂ ਵਾਲੇ ਉਨ੍ਹਾਂ ਦੇ ਚਾਲਕ ਬੀਅਰ ਦੇ ਭਰੇ ਲੱਕੜ ਦੇ ਡਰੰਮ ਉਤਾਰ ਜਾਇਆ ਕਰਦੇ ਹੋਣਗੇ। ਜਿਥੇ ਅੱਜ ਇਥੇ ਇਹ ਮਾਡਰਨ ਕਿਸਮ ਦੇ ਘਰ ਅਤੇ ਕੰਟਰੀ ਕਾਟੇਜਜ਼ ਹਨ ਉਥੇ ਸਾਦੇ ਕੱਚੇ ਜਾਂ ਪੱਥਰਾਂ ਦੇ ਘਰ ਹੋਇਆ ਕਰਦੇ ਹੋਣਗੇ। ਜਿਥੇ ਅੱਜ ਫਸਲਾਂ ਭਰੇ ਖੇਤ ਹਨ ਉਥੇ ਜ਼ਰੂਰ ਜੰਗਲਾਤ ਅਤੇ ਭਿਆਨਕ ਸੁੰਨਸਾਨ ਹੋਵੇਗੀ ਜੀਹਦੇ ਜੰਡ-ਕਰੀਰਾਂ ਵਿਚੋਂ ਤਿੰਨ ਚੁੜੇਲਾਂ ਬਾਹਰ ਨਿਕਲ ਮੈਕਬੈਥ ਦੇ ਟ੍ਰੈਜਿਕ ਭਵਿੱਖ ਬਾਰੇ ਪੇਸ਼ੀਨਗੋਈ ਕਰਦੀਆਂ ਹੋਣਗੀਆਂ। ਇਨ੍ਹਾਂ ਜੰਗਲਾਂ ਵਿਚ ਹੀ ਕਿਤੇ ਬਾਦਸ਼ਾਹ ਲੀਅਰ ਭਟਕਦਾ ਫਿਰਦਾ ਰਿਹਾ ਹੋਵੇਗਾ ਤੇ ਉਹਦੀ ਧੀ ਕਾਰਡੇਲੀਆ ਕਦੇ ਇਥੇ ਉਹਦੇ ਨਾਲ ਬਗਲਗੀਰ ਹੋਈ ਹੋਵੇਗੀ ਤੇ ਆਪਣੇ ਬਾਬਲ ਦੀ ਛਾਤੀ ਨਾਲ ਲੱਗ ਕੇ ਰੋਈ ਹੋਵੇਗੀ। ਸ਼ੈਕਸਪੀਅਰ ਦੇ ਇਹ

ਪਾਤਰ ਸੈਂਕੜੇ ਵਰ੍ਹਿਆਂ ਪਿੱਛੋਂ ਸੱਚ ਵਰਗੇ ਲੱਗਦੇ ਹਨ। ਸਟਰੈਟਫੋਰਡ ਅਪਾਨ-ਐਵਨ ਨੂੰ ਜਾਂਦੇ ਅਸੀਂ ਇੰਝ ਚਾਅ ਕਰਦੇ ਸਾਂ ਜਿਵੇਂ ਅਸੀਂ ਸੱਚੀ-ਮੁੱਚੀਂ ਹੀ ਕਿਸੇ ਮਿਰਾਂਡਾ ਨੂੰ ਮਿਲਣਾ ਸੀ। ਕਿਸੇ ਰੋਮੀਓ ਅਤੇ ਜੂਲੀਅਟ ਦੀ ਕਬਰ ਉਤੇ ਫੁੱਲ ਧਰਨਾ ਸੀ। ਕਿਸੇ ਐਂਥਨੀ ਦੀ ਕਿਸਮਤ ਉਤੇ ਰੋਣਾ ਸੀ ਤੇ ਕਿਸੇ ਕਿਲਿਓਪੈਟਰਾ ਦਾ ਤਾਜ ਵੇਖਣਾ ਸੀ। ਅਸੀਂ ਉਸ ਸ਼ੈਕਸਪੀਅਰ ਨੂੰ ਵੇਖਣ ਜਾ ਰਹੇ ਸਾਂ ਜਿਹਨੂੰ ਪ੍ਰਸਿੱਧ ਕਵੀ ਅਤੇ ਚਿੰਤਕ ਮੈਥਿਊ ਆਰਨਲਡ ਨੇ ਆਪਣੀ ਇਕ ਕਵਿਤਾ ਵਿਚ ਅਮਰ ਕਲਾਕਾਰ ਅਤੇ ਅਕਲ ਲਤੀਫ਼ ਦਾ ਪਿਤਾਮਾ ਆਖਿਆ ਸੀ। ਜਿਸ ਦੀ ਵਿਦਵਤਾ ਚੰਨ-ਤਾਰਿਆਂ ਜਿੱਡੀ ਬੁਲੰਦ ਸੀ ਤੇ ਜੀਹਦੇ ਮੱਥੇ 'ਚੋਂ ਨਿਕਲਿਆ ਹਰ ਸ਼ਬਦ ਰਹਿੰਦੀ ਦੁਨੀਆ ਤੀਕ ਫਿਲਾਸਫੀ ਦੀ ਇੰਤਹਾ ਦੇ ਤੌਰ 'ਤੇ ਜਾਣਿਆ ਜਾਂਦਾ ਰਹੇਗਾ।

1968 ਵਿਚ ਸ਼ੈਕਸਪੀਅਰ ਦੇ ਘਰ ਦੇ ਆਲੇ ਦੁਆਲੇ ਉਂਜ ਵਰਗੀਆਂ ਦੁਕਾਨਾਂ ਅਤੇ ਕੈਫੇ ਨਹੀਂ ਸਨ। ਇਸ ਘਰ ਮੂਹਰਿਓਂ ਬੇਸ਼ੁਮਾਰ ਟ੍ਰੈਫਿਕ ਵੀ ਗੁਜ਼ਰਿਆ ਕਰਦਾ ਸੀ ਪਰ ਹੁਣ 2011 ਵਿਚ ਇਸ ਥਾਂ ਨੂੰ ਟ੍ਰੈਫਿਕ ਫਰੀ ਬਣਾ ਦਿੱਤਾ ਗਿਆ ਹੈ। ਸੈਲਾਨੀਆਂ ਦੀਆਂ ਕਾਰਾਂ ਅਤੇ ਕੋਚਾਂ ਦੁਰੇਡੇ ਕਾਰ ਅਤੇ ਲਾਰੀ ਪਾਰਕਾਂ ਵਿਚ ਪਾਰਕ ਕਰਨ ਦੀ ਸੁਵਿਧਾ ਹੈ। ਬਾਕੀ ਸ਼ਹਿਰਾਂ ਵਾਂਗ ਕਾਰ ਪਾਰਕ ਚਾਰਜਜ਼ ਕਾਫੀ ਜ਼ਿਆਦਾ ਹਨ। ਪਰ ਸ਼ੇਕਸਪੀਅਰ ਦੇ ਫ਼ੈਨ ਕੋਈ ਵੀ ਕੀਮਤ ਅਦਾ ਕਰਨ ਲਈ ਤਿਆਰ ਹਨ।

ਸ਼ੈਕਸਪੀਅਰ ਦਾ ਘਰ ਸ਼ੈਕਸਪੀਅਰ ਬਰਥਪਲੇਸ ਟਰੱਸਟ ਨੇ 1847 ਵਿਚ ਉਦੋਂ ਦੇ ਮਾਲਕਾਂ ਤੋਂ ਖ਼ੀਦਿਆ ਸੀ। ਅੱਜ ਕੱਲ੍ਹ ਇਸ ਦੇ ਆਲੇ ਦੁਆਲੇ ਬੇਹੱਦ ਸਫਾਈ ਹੈ। ਇਥੇ ਘੁੰਮਦਿਆਂ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਕੰਪਲੈਕਸ ਦੇ ਆਲੇ ਦੁਆਲੇ ਦੀ ਗੰਦਗੀ ਦਾ ਖਿਆਲ ਆਇਆ। ਕਿਉਂ ਨਹੀਂ ਉਹ ਸਾਰੇ ਇਲਾਕੇ ਨੂੰ ਪੱਧਰਾ ਕਰਕੇ ਸੁੰਦਰ ਸੁਰੱਖਿਅਤ ਅਤੇ ਸਾਫ-ਸੁਥਰਾ ਬਣਾ ਸਕਦੇ ? ਕਿਉਂ ਨਹੀਂ ਉਥੋਂ ਦੇ ਪ੍ਰਬੰਧਕ, ਸਰਕਾਰੀ ਵਜ਼ੀਰ ਅਤੇ ਸਰਕਾਰੀ ਅਹਿਲਕਾਰ ਸ਼ੈਕਸਪੀਅਰ ਦੇ ਘਰ ਦੀ ਸਾਂਭ-ਸੰਭਾਲ ਦੀ ਨਕਲ ਕਰਦੇ? ਫ਼ੈਸ਼ਨ ਤੇ ਫ਼ਿਲਮਾਂ ਦੀ ਨਕਲ ਕਰਨ ਲਈ ਤਾਂ ਉਹ ਬੜੇ ਸ਼ੇਰ ਹਨ। ਫ਼ਿਰ ਇਹ ਕਿਓਂ ਨਹੀਂ ਹੋ ਰਿਹਾ? ਕਹਿੰਦੇ ਨੇ ਕਿ ਤਾਜ ਮਹਲ ਵੀ ਪ੍ਰਦੂਸ਼ਣ ਖਾਤਰ ਗਰਕਦਾ ਜਾ ਰਿਹਾ ਹੈ। ਲੰਡਨ ਦੀ "ਸੰਡੇ ਮੇਲ" ਅਖ਼ਬਾਰ ਨੇ ਤਾਂ ਇਥੋਂ ਤੀਕ ਕਹਿ ਦਿੱਤਾ ਹੈ ਕਿ ਜਿਸ ਕਦਰ ਤਾਜ ਮਹਲ ਦੇ ਆਲੇ ਦੁਅਲੇ ਗੰਦਗੀ ਦੇ ਢੇਰ ਲੱਗੇ ਹੋਏ ਹਨ ਤੇ ਜਮੁਨਾ ਦਰਿਆ ਦਾ ਪਾਣੀ ਤੇ ਹੋਰ ਕੈਮੀਕਲ ਈਹਨੂੰ ਪ੍ਰਭਾਵਤ ਕਰ ਰਹੇ ਹਨ, ਉਸ ਤੋਂ ਤਾਂ ਇਹੋ ਜਾਪਦਾ ਹੈ ਕਿ ਸ਼ਾਇਦ ਤਾਜ ਮਹਲ, ਜੋ ਕਿ ਦੁਨੀਆਂ ਦੇ ਸੱਤਾਂ ਅਜੂਬਿਆਂ ਵਿਚ ਸ਼ਾਮਲ ਹੈ' ਸ਼ਾਇਦ ਕੁਝ ਹੀ ਵਰ੍ਹਿਆਂ ਵਿਚ ਢਹਿ ਢੇਰੀ ਹੀ ਹੋ ਜਾਵੇ ਕਿਉਂਕਿ ਇਸ ਦੀਆਂ ਨੀਹਾਂ ਖ਼ੋਖ਼ਲ਼ੀਆਂ ਹੋ ਰਹੀਆਂ ਹਨ। ਕਿੰਨੀਆਂ ਹੀ ਇਤਿਹਾਸਕ ਥਾਵਾਂ ਭਾਰਤ ਨੇ ਬਿਲਕੁਲ ਹੀ ਗਵਾ ਲਈਆਂ ਹਨ। ਦੇਸ ਦੀ ਰਾਜਧਾਨੀ ਦਿੱਲੀ ਵਿਚ ਹੀ ਆਏ ਦਿਨ ਇਨ੍ਹਾਂ ਇਤਿਹਾਸਕ ਇਮਾਰਤਾਂ ਉੱਤੇ ਘਾਤਕ ਹਮਲੇ ਹੋ ਰਹੇ ਹਨ। ਅੰਗਰੇਜ਼ ਲੋਕ ਆਪਣੀਆਂ ਇਤਿਹਾਸਕ ਥਾਵਾਂ ਨੂੰ ਇਸ ਕਦਰ ਸਾਂਭਦੇ ਹਨ ਕਿ 1891 ਵਿਚ ਬਰਤਾਨਵੀ ਪਾਰਲੀਮੈਂਟ ਵਿਚ ਇਕ ਕਾਨੂੰਨ ਪਾਸ ਕੀਤਾ ਗਿਆ ਸੀ ਕਿ ਦੇਸ਼ ਦੀ ਕਿਸੇ ਵੀ ਇਤਿਹਾਸਕ ਥਾਂ ਨੂੰ ਢਾਹੁਣਾ ਤੇ ਉਸ ਦੀ ਬਣਤਰ ਵਿਚ ਤਬਦੀਲੀ ਕਰਨੀ ਇਕ ਮੁਜਰਮਾਨਾ ਹਰਕਤ ਹੋਵੇਗੀ। ਸ਼ੈਕਸਪੀਅਰ ਬਰਥਪਲੇਸ ਟਰੱਸਟ ਬਾਰੇ ਪਾਰਲੀਮੈਂਟ ਵਿਚ ਕਿਹਾ ਗਿਆ ਕਿ ਇਹ ਥਾਂ ਕੌਮ ਦਾ

ਸਰਮਾਇਆ ਹੈ ਤੇ ਇਹ ਸਰਮਾਇਆ ਕੌਮਾਂਤਰੀ ਪੱਧਰ 'ਤੇ ਸੈਲਾਨੀਆਂ ਲਈ ਸਾਂਭ ਕੇ ਰੱਖਿਆ ਜਾਵੇਗਾ। ਅੱਜ ਕੱਲ੍ਹ ਦੁਨੀਆ ਭਰ ਦੇ ਲੋਕ ਅੰਗਰੇਜ਼ੀ ਸਾਹਿਤ ਰਸੀਆਂ ਦੇ ਇਸ ਮੱਕੇ ਦੀ ਜ਼ਿਆਰਤ ਕਰਨ ਆਉਂਦੇ ਹਨ ਤੇ ਇਸ ਟਰੱਸਟ ਤੋਂ ਛੇਕੜ ਨੂੰ ਇੰਗਲੈਂਡ ਦੀ ਸਰਕਾਰ ਨੂੰ ਕਰੋੜਾਂ ਦੀ ਇਨਕਮ ਹੁੰਦੀ ਹੈ। ਇਸ ਘਰ ਅਤੇ ਸ਼ੈਕਸਪੀਅਰ ਨਾਲ ਜੁੜੇ ਹੋਰ ਚਾਰ ਘਰਾਂ ਅਤੇ ਅਜਾਇਬ ਘਰਾਂ ਨੂੰ ਦੇਖਣ ਦੀ ਦਾਖਲਾ ਫੀਸ 50 ਪੌਂਡ ਹੈ।

ਸ਼ੈਕਸਪੀਅਰ ਖੁਦ ਆਪਣੀ ਸੌਨਟ ਨੰਬਰ ਸੱਠ ਵਿਚ ਕਹਿੰਦਾ ਹੈ –

Yet to times in hope my verse shall stand/praising thy worth despite his cruel hand.

ਅਗਰ ਅੱਜ ਸ਼ੈਕਸਪੀਅਰ ਵਾਪਸ ਆਵੇ ਤਾਂ ਇਹ ਦੇਖ ਕੇ ਖੁਸ਼ ਹੋਵੇਗਾ ਕਿ ਵਕਤ ਦੇ ਕਹਿਰ ਤੋਂ ਬਚਦਿਆਂ ਅੱਜ ਵੀ ਉਸ ਦਾ ਘਰ ਉਸ ਦੇ ਦੇਸ਼ ਵਾਸੀਆਂ ਦੇ ਪ੍ਰੇਮ ਸਦਕਾ ਅੱਜ ਵੀ ਸਾਂਭ ਕੇ ਰੱਖ਼ਿਆ ਹੋਇਆ ਹੈ। ਇਨ੍ਹਾਂ ਸ਼ੈਕਸਪੀਅਰ ਨਾਲ ਸਬੰਧਤ ਘਰਾਂ ਨੂੰ ਸਰਕਾਰੀ ਫੰਡ ਨਹੀਂ ਮਿਲਦੇ। ਇਸ ਨੂੰ ਦੇਖਣ ਆਉਂਦੇ ਲੋਕਾਂ ਕੋਲੋਂ ਹੀ ਏਨੀ ਇਨਕਮ ਹੁੰਦੀ ਹੈ ਕਿ ਇਹ ਬੜੇ ਵਧੀਆ ਢੰਗ ਨਾਲ ਚਲਾਏ ਜਾ ਰਹੇ ਹਨ। ਇਨ੍ਹਾਂ ਥਾਵਾਂ 'ਚੋਂ ਸ਼ੈਕਸਪੀਅਰ ਦੇ ਜਨਮ ਵਾਲਾ ਘਰ ਹੀ ਵਧੇਰੇ ਦਿਲਚਸਪੀ ਦਾ ਕੇਂਦਰ ਹੈ। ਇਸ ਟਰੱਸਟ ਦੀ ਇਕ ਟਰੱਸਟੀ ਡੇਮ ਜੂਡੀ ਡੈਂਚ ਵੀ ਹੈ ਜਿਸ ਨੂੰ ਮਿਲਣ ਦਾ ਸੁਭਾਗ ਉਦੋਂ ਪ੍ਰਾਪਤ ਹੋਇਆ ਜਦੋਂ ਵੀਹ ਕੁ ਸਾਲ ਪਹਿਲਾਂ ਉਹ ਸਾਡੇ ਬਿਜ਼ਨੈਸ 'ਤੇ ਆਈ ਸੀ। ਉੱਥੇ ਉਸ ਨੇ ਇਕ ਫ਼ਿਲਮ ਦੀ ਸ਼ੂਟਿੰਗ ਵਿਚ ਹਿੱਸਾ ਲੈਣਾ ਸੀ। ਅਸੀਂ ਗੱਲਾਂ ਵੀ ਕੀਤੀਆਂ ਸਨ ਉਸ ਨਾਲ। ਜੂਡੀ ਡੈਂਚ ਇਕ ਪ੍ਰਮੁੱਖ ਬ੍ਰਿਟਿਸ਼ ਐਕਟਰੈਸ ਹੈ ਜਿਹੜੀ ਸ਼ੈਕਸਪੀਅਰ ਦੇ ਪਲੇਅ ਅਕਸਰ ਹੀ ਲੰਡਨ ਦੇ ਵੈਸਟ ਐਂਡ ਤੋਂ ਖੇਡਦੀ ਰਹਿੰਦੀ ਹੈ। ਉਸ ਦੀ ਪ੍ਰਬੀਨਤਾ ਦਾ ਇਹ ਆਲਮ ਹੈ ਕਿ ਉਸ ਨੂੰ ਮਹਾਰਾਣੀ ਐਲਿਜ਼ਬੈਥ ਨੇ ਡੇਮ (Dame of The British Empire) ਦਾ ਖਿਤਾਬ ਦਿੱਤਾ ਹੋਇਆ ਹੈ। ਇਹ ਅਤੀ ਸਤਿਕਾਰਤ ਖ਼ਿਤਾਬ ਹੈ।

ਜਿਵੇਂ ਮੈਂ ਉਪਰ ਕਿਹਾ ਹੈ ਕਿ ਸ਼ੈਕਸਪੀਅਰ ਦਾ ਹੈਨਲੇ ਸਟਰੀਟ ਵਾਲਾ ਘਰ ਬਿਲਕੁਲ ਉਸੇ ਤਰ੍ਹਾਂ ਸਾਂਭਿਆ ਹੋਇਆ ਹੈ ਜਿਸ ਤਰ੍ਹਾਂ ਇਹ ਉਸ ਦੇ ਵੇਲਿਆਂ ਵਿਚ ਹੋਇਆ ਕਰਦਾ ਸੀ। ਬਲਕਿ ਸਾਰੇ ਸ਼ਹਿਰ ਅਤੇ ਆਲੇ-ਦੁਆਲੇ ਦੇ ਪਿੰਡਾਂ ਵਿਚ ਅਜੇ ਵੀ ਅਜਿਹੇ ਨਿਸ਼ਾਨ ਸਾਂਭੇ ਹੋਏ ਹਨ ਕਿ ਅਗਰ ਉਹ ਅੱਜ ਇਨ੍ਹੀਂ ਥਾਈਂ ਆਵੇ ਤਾਂ ਥੋੜ੍ਹੀ ਜਿਹੀ ਖੇਚਲ ਤੋਂ ਬਾਅਦ ਹੀ ਆਪਣਾ ਘਰ ਲੱਭ ਸਕਦਾ ਹੋਵੇਗਾ।

ਸ਼ੈਕਸਪੀਅਰ ਦਾ ਜਨਮ 23 ਅਪ੍ਰੈਲ 1564 ਵਿਚ ਹੋਇਆ ਸੀ। ਵਿਆਹ (ਐਨ ਹੈਥਾਵੇਅ ਨਾਲ) 27 ਨਵੰਬਰ, 1582 ਤੇ ਮੌਤ 23 ਅਪ੍ਰੈਲ 1616 ਵਿਚ ਹੋਈ ਸੀ। ਤੁਸੀਂ ਨੋਟ ਕਰੋਗੇ ਕਿ ਸ਼ੈਕਸਪੀਅਰ ਦੀ ਉਮਰ ਵਿਆਹ ਹੋਣ ਵੇਲੇ ਕੇਵਲ 18 ਵਰ੍ਹਿਆਂ ਦੀ ਸੀ ਜਦ ਕਿ ਐਨ ਹੈਥਾਵੇ ਛੱਬੀਆਂ ਸਾਲਾਂ ਦੀ ਸੀ। ਸ਼ੈਕਸਪੀਅਰ ਕੇਵਲ 52 ਵਰ੍ਹੇ ਜੀਵਿਆ ਤੇ ਏਨਾ ਕੁਝ ਲਿਖ ਗਿਆ ਕਿ ਕਈ ਲੋਕ ਸ਼ੱਕ ਕਰਦੇ ਹਨ ਕਿ ਸ਼ਾਇਦ ਉਸ ਦੇ ਵਰਕ ਚੋਂ ਕੁਝ ਰਚਨਾਵਾਂ ਕਿਸੇ ਹੋਰ ਨੇ ਲਿਖੀਆਂ ਹੋਈਆਂ ਹੋਣਗੀਆਂ। ਪਰ ਉਸ ਵੇਲੇ ਦੇ ਟਰਿਨਿਟੀ ਚਰਚਾਂ ਦੇ ਰਿਕਾਰਡਾਂ ਅਤੇ ਉਸ ਵੇਲੇ ਦੇ ਲੇਖਕਾਂ ਦੀਆਂ ਡਾਇਰੀਆਂ ਅਤੇ ਲਿਖਤਾਂ ਸਾਖ਼ੀ ਭਰਦੀਆਂ ਹਨ ਕਿ ਵਾਕਿਆ ਹੀ ਵਿਲੀਅਮ ਸ਼ੈਕਸਪੀਅਰ ਦੀਆਂ ਸਾਰੀਆਂ ਰਚਨਾਵਾਂ ਵਿਲੀਅਮ ਸ਼ੈਕਸਪੀਅਰ

ਦੀਆਂ ਹੀ ਹਨ। ਸ਼ੈਕਸਪੀਅਰ ਇਖ ਯੁਗ਼ ਪੁਰਸ਼ ਨਹੀਂ ਕਈਆਂ ਯੁਗਾਂ ਤੇ ਛਾਇਆ ਹੋਇਆ ਪੁਰਸ਼ ਸੀ ਤੇ ਹੈ।

ਹੈਨਲੇ ਸਟਰੀਟ ਵਾਲਾ ਸ਼ੈਕਸਪੀਅਰ ਦਾ ਘਰ ਉਸ ਦੇ ਬਾਪ ਜੌਨ ਨੇ ਖਰੀਦਿਆ ਸੀ। ਫਿਰ 1601 ਵਿਚ ਇਹ ਘਰ ਵਿਲੀਅਮ ਸ਼ੈਕਸਪੀਅਰ ਨੂੰ ਮਿਲ ਗਿਆ। ਉਸ ਦੀ ਮੌਤ ਪਿੱਛੋਂ ਸ਼ੈਕਸਪੀਅਰ ਨੇ ਇਹ ਘਰ ਆਪਣੀ ਧੀ ਸੁਜ਼ਾਨਾ ਨੂੰ ਦੇ ਦਿੱਤਾ ਸੀ। ਸੁਜ਼ਾਨਾ ਨੇ ਆਪਣੀ ਮੌਤ ਤੋਂ ਪਹਿਲਾਂ ਹੀ ਇਹ ਘਰ ਆਪਣੀ ਧੀ ਐਲਿਜ਼ਾਬੈਥ ਦੇ ਨਾਂ ਲਿਖ ਦਿੱਤਾ ਸੀ, ਜਿਸ ਨੇ ਫਿਰ ਇਹ ਘਰ ਆਪਣੀ ਮਾਸੀ ਜੋਨ ਨੂੰ ਦੇ ਦਿੱਤਾ ਸੀ। ਜੋਨ ਦੀਆਂ ਅਗਲੀਆਂ ਪੀੜ੍ਹੀਆਂ ਅਠ੍ਹਾਰਵੀਂ ਸਦੀ ਦੇ ਅਖੀਰ ਤੀਕ ਇਥੇ ਰਹੀਆਂ। ਸਟਰੈਟਫੋਰਡ ਦੇ ਹੋਲੀ ਟਰਿਨਿਟੀ ਚਰਚ ਵਿਚ ਹਾਲੀ ਵੀ ਉਹ ਰਜਿਸਟਰ ਪਿਆ ਹੈ ਜਿਸ ਵਿਚ 1564 ਵਿਚ ਸ਼ੈਕਸਪੀਅਰ ਨੂੰ ਬੈਪਟਾਈਜ਼ ਕੀਤਾ ਗਿਆ ਸੀ। ਇਸ ਰਜਿਸਟਰ ਤੋਂ ਪਤਾ ਚਲਦਾ ਹੈ ਕਿ ਸ਼ੈਕਸਪੀਅਰ ਦੀ ਅਸਲ ਜਨਮ ਤਾਰੀਕ 23 ਅਪ੍ਰੈਲ 1564 ਈਸਵੀ ਸੀ।

ਜਦੋਂ 1846 ਵਿਚ ਵਿਲੀਅਮ ਸ਼ੈਕਸਪੀਅਰ ਦੇ ਘਰ ਦੀ ਹਾਲਤ ਬਹੁਤ ਖਸਤਾ ਹੋ ਗਈ ਤਾਂ ਉਸ ਦੇ ਟੱਬਰ ਦੇ ਲੋਕਾਂ ਨੇ ਇਹਨੂੰ ਸੇਲ ਉਤੇ ਲਗਾ ਦਿੱਤਾ। ਉਸ ਵੇਲੇ ਦੇ ਲੇਖਕਾਂ ਅਤੇ ਸ਼ੈਕਸਪੀਅਰ ਦੇ ਪ੍ਰੇਮੀਆਂ ਨੇ ਇਕ ਮੁਹਿੰਮ ਚਲਾਈ ਤੇ ਤਿੰਨ ਹਜ਼ਾਰ ਪੌਂਡ ਇਕੱਠਾ ਕਰਕੇ ਇਸ ਘਰ ਨੂੰ ਕੌਮ ਵਾਸਤੇ ਖਰੀਦ ਲਿਆ। ਪੈਸੇ ਇਕੱਠੇ ਕਰਨ ਅਤੇ ਸ਼ੈਕਸਪੀਅਰ ਦੀ ਜੱਦੀ ਜਾਇਦਾਦ ਨੂੰ ਸਾਂਭਣ ਵਾਲੀ ਮੁਹਿੰਮ ਵਿਚ ਪ੍ਰਸਿੱਧ ਲੇਖਕ ਚਾਰਲਸ ਡਿਕਨਜ਼ ਨੇ ਵਿਸ਼ੇਸ਼ ਰੋਲ ਅਦਾਅ ਕੀਤਾ। ਉਸ ਨੇ ਲੰਡਨ, ਮਾਨਚੈਸਟਰ ਤੇ ਬਰਮਿੰਘਮ ਵਿਚ ਸ਼ੈਕਸਪੀਅਰ ਦੇ ਡਰਾਮੇ ਖਿਡਵਾਏ ਤੇ ਟਿਕਟਾਂ ਦੀ ਇਨਕਮ ਸ਼ੈਕਸਪੀਅਰ ਬਰਥਪਲੇਸ ਟਰੱਸਟ ਨੂੰ ਦੇ ਦਿੱਤੀ।

ਸ਼ੈਕਸਪੀਅਰ ਦੇ ਗਾਰਡਨ ਵਿਚ ਭਾਰਤੀ ਕਵੀ ਅਤੇ ਬੁੱਧੀਜੀਵੀ ਰਾਬਿੰਦਰਾ ਨਾਥ ਟੈਗੋਰ ਦਾ ਬੁੱਤ ਲੱਗਾ ਹੋਇਆ ਹੈ। ਇਹ ਬੁੱਤ 1995 ਵਿਚ ਉਸ ਵੇਲੇ ਦੇ ਭਾਰਤੀ ਹਾਈ ਕਮਿਸ਼ਨਰ ਮਿਸਟਰ ਐਲ ਐਮ ਸਿੰਘਵੀ ਦੇ ਯਤਨਾਂ ਨਾਲ ਲਗਵਾਇਆ ਗਿਆ ਸੀ। ਸ਼ੈਕਸਪੀਅਰ ਬਰਥਪਲੇਸ ਟਰਸਟ ਨੂੰ ਦੱਸਿਆ ਗਿਆ ਸੀ ਕਿ ਨੋਬਲ ਇਨਾਮ ਵਿਜੇਤਾ ਟੈਗੋਰ ਸ਼ੈਕਸਪੀਅਰ ਦੇ ਸਾਹਿਤ ਤੋਂ ਬਹੁਤ ਮੁਤਾਅਸਰ ਹੋਇਆ ਸੀ। ਲੇਕਿਨ ਅਫਸੋਸ ਕਿ ਇਸ ਦੇ ਪਲਿੰਥ (plynth) ਦਾ ਪੱਥਰ ਏਨਾ ਘਟੀਆ ਹੈ ਕਿ ਮੀਹਾਂ ਦੀ ਮਾਰ ਨਾਲ ਇਸ 'ਤੇ ਉਕਰੇ ਹੋਏ ਸ਼ਬਦ ਪੜ੍ਹੇ ਨਹੀਂ ਜਾ ਰਹੇ ਤੇ ਇਸ ਪਲਿੰਥ ਦੀ ਰੇਤ ਨਿਕਲਦੀ ਜਾ ਰਹੀ ਹੈ। ਮਿਸਟਰ ਸਿੰਘਵੀ ਦੀ ਡੀਜ਼ਾਈਨ ਕੀਤੀ ਹੋਈ ਟਾਈ ਵੀ ਇਕ ਪਾਰਦਰਸ਼ੀ ਕੈਬਿਨੈਟ ਵਿਚ ਸਾਂਭੀ ਪਈ ਹੈ। ਇਸ ਟਾਈ ਦੇ ਕੋਲ ਹੀ ਇਕ ਪਰਚੀ ਪਈ ਹੈ ਜਿਸ ਉਤੇ ਲਿਖਿਆ ਹੋਇਆ ਹੈ ਕਿ ਰਾਬਿੰਦਰਾ ਨਾਥ ਟੈਗੋਰ ਬੰਗਲਾਦੇਸ਼ ਵਿਚ ਜੰਮਿਆ ਸੀ। ਜਦ ਕਿ ਸੱਚਾਈ ਇਹ ਹੈ ਕਿ 1861 ਵਿਚ ਬੰਗਲਾਦੇਸ਼ ਤਾਂ ਕੀ ਪਾਕਿਸਤਾਨ ਵੀ ਨਹੀਂ ਸੀ ਹੁੰਦਾ। ਇਸ ਘਰ ਦੇ ਮਿਊਜ਼ਮ ਵਿਚ ਡਾਕਟਰ ਸਰ ਮੁਹੰਮਦ ਇਕਬਾਲ ਦੀ ਲਿਖੀ ਹੋਈ ਅੰਗਰੇਜ਼ੀ ਅਤੇ ਉਰਦੂ ਦੀ ਉਹ ਨਜ਼ਮ ਵੀ ਪਈ ਹੈ ਜਿਹੜੀ ਉਸ ਨੇ ਸ਼ੈਕਸਪੀਅਰ ਬਾਰੇ ਲਿਖੀ ਸੀ। ਇਸ ਨਜ਼ਮ ਵਾਲਾ ਯਾਦਗਾਰੀ ਪੱਥਰ ਤੇ ਪਲਾਕ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੇ ਡੂਨੇਟ ਕੀਤਾ ਸੀ। ਇਸ ਮਿਊਜ਼ਮ ਵਿਚ ਤਕਰੀਬਨ ਸੱਤਰ ਜ਼ੁਬਾਨਾਂ ਦੇ ਸ਼ੈਕਸਪੀਅਰੀਅਨ ਤਰਜ਼ਮੇ ਪਏ ਹਨ। ਜਿਸ ਤੋਂ  ਸਪੱਸ਼ਟ ਹੁੰਦਾ ਹੈ ਕਿ ਵਿਲੀਅਮ ਸ਼ੈਕਸਪੀਅਰ

ਇਕ ਕੌਮਾਂਤਰੀ ਲੇਖਕ ਵਜੋਂ ਜਾਣਿਆ ਜਾਂਦਾ ਹੈ ਤੇ ਇਹ ਘਰ ਵੀ ਜਿਵੇਂ ਸਿਰਫ ਅੰਗਰੇਜ਼ਾਂ ਦੇ ਚਹੇਤੇ ਲੇਖਕ ਦਾ ਹੀ ਨਾ ਹੋਵੇ ਸਗੋਂ ਸਾਰੇ ਸੰਸਾਰ ਦੇ ਲੋਕਾਂ ਦੇ ਹਰਮਨ ਪਿਆਰੇ ਹਸਤਾਖ਼ਰ/ਲੇਖ਼ਕ/ਕਵੀ/ਡਰਾਮਾਟਿਸਟ ਦਾ ਹੋਵੇ। ਇਸੇ ਲਈ ਤਾਂ ਮੈਂ ਸਟਰਇਟਫ਼ੋਰਡ ਨੂੰ ਅੰਗਰੇਜ਼ੀ ਸਾਹਿਤ ਰਸੀਆਂ ਦਾ ਮੱਕਾ ਆਖਿਆ ਹੈ। ਅਸੀਂ ਆਪਣੇ ਨਾਲ ਦੇ ਹੋਰਨਾਂ ਲੋਕਾਂ ਨੂੰ ਧਿਆਨ ਨਾਲ ਦੇਖਿਆ ਤਾਂ ਉਨ੍ਹਾਂ ਵਿਚ ਅੰਗਰੇਜ਼ ਘੱਟ ਤੇ ਸੈਲਾਨੀ ਬਹੁਤੇ ਸਨ। ਉਹ ਸਭੋ ਖ਼ਬਰੇ ਕਿਹੜੇ ਕਿਹੜੇ ਦੇਸ਼ੋਂ ਇਸ ਮੱਕੇ ਦੀ ਜ਼ਿਆਰਤ ਕਰਨ ਆਏ ਸਨ।

ਇਥੇ ਮੈਂ ਇਹ ਗੱਲ ਵੀ ਲਿਖਣੀ ਚਾਹੁੰਦਾ ਹਾਂ ਕਿ ਸ਼ੈਕਸਪੀਅਰ ਦਾ ਘਰ ਵੇਖਣ ਉਪਰੰਤ ਆਪਣੇ ਘਰ ਆ ਕੇ ਮੇਰੀ ਪਤਨੀ ਯਸ਼ ਨੇ ਸ਼ੈਕਸਪੀਅਰ ਟਰੱਸਟ ਨੂੰ ਇਕ ਸ਼ਿਕਾਇਤੀ ਚਿੱਠੀ ਲਿਖੀ ਤੇ ਕਿਹਾ ਕਿ ਗਲਾਸ ਕੈਬਿਨੈਟ ਵਿਚ ਉਸ ਪਰਚੀ ਵਿਚ ਸੋਧ ਕੀਤੀ ਜਾਵੇ ਜਿਸ ਉਤੇ ਲਿਖਿਆ ਹੋਇਆ ਹੈ ਕਿ ਰਾਬਿੰਦਰਾ ਨਾਥ ਟੈਗੋਰ 1861 ਵਿਚ ਬੰਗਲਾਦੇਸ਼ ਵਿਚ ਜਨਮੇ ਸਨ। ਯਸ਼ ਨੇ ਕਿਹਾ ਕਿ ਇਹ ਹੈਰਾਨੀ ਵਾਲ਼ੀ ਗੱਲ ਹੈ ਕਿ ਏਨਿਆਂ ਸਾਲਾਂ ਵਿਚ ਕਿਸੇ ਨੇ ਵੀ ਇਸ ਦੀ ਸੁਧਾਈ ਲਈ ਨਹੀਂ ਸੀ ਲਿਖ਼ਿਆ। ਸ਼ੈਕਸਪੀਅਰ ਟਰੱਸਟ ਦੇ ਟਰੱਸਟੀਆਂ ਨੇ ਯਸ਼ ਦੀ ਸ਼ਿਕਾਇਤ ਦਾ ਇਕਦਮ ਨੋਟਿਸ ਲਿਆ ਤੇ ਈ-ਮੇਲ ਰਾਹੀਂ ਉਤਰ ਦਿੰਦਿਆਂ ਇਸ ਗਲਤੀ ਦੀ ਮੁਆਫੀ ਵੀ ਮੰਗੀ, ਧੰਨਵਾਦ ਕੀ ਕੀਤਾ ਤੇ ਉਸ ਪਰਚੀ ਦੀ ਸੋਧ ਕਰਨ ਲਈ ਵੀ ਤੁਰੰਤ ਕਦਮ ਚੁੱਕੇ। ਉਨ੍ਹਾਂ ਨੂੰ ਇਹ ਵੀ ਹੈਰਾਨੀ ਹੋਈ ਕਿ ਕਿਸੇ ਨੇ ਵੀ 1995 ਤੋਂ ਇਸ ਗਲਤੀ ਵਲ ਉਨ੍ਹਾਂ ਦੀ ਤਵੱਜੋਂ ਨਹੀਂ ਸੀ ਦੁਆਈ। ਯਾਦ ਰਹੇ ਗੁਰੂਦੇਵ ਟੈਗੋਰ ਇਕੋ ਇਕ ਭਾਰਤੀ ਸਾਹਿਤਕਾਰ ਸਨ ਜਿਨ੍ਹਾਂ ਨੂੰ 1911 ਵਿਚ ਨੋਬਲ ਪੁਰਸਕਾਰ ਮਿਲਿਆ ਸੀ। ਆਪ ਜੀ ਵਿਲੀਅਮ ਸ਼ੈਕਸਪੀਅਰ ਦੇ ਬਹੁਤ ਬੜੇ ਪ੍ਰਸ਼ੰਸਕ ਸਨ ਤੇ ਆਪ ਨੇ ਉਨ੍ਹਾਂ ਦੀਆਂ ਕਈ ਰਚਨਾਵਾਂ ਬੰਗਾਲੀ ਵਿਚ ਤਰਜ਼ਮਾ ਵੀ ਕੀਤੀਆਂ ਸਨ। ਡਾਕਟਰ ਮੁਹੰਮਦ ਇਕਬਾਲ ਇਕ ਹੋਰ ਭਾਰਤੀ/ਪਾਕਿਸਤਾਨੀ ਸਾਹਿਤਕਾਰ ਸਨ ਜਿਹੜੇ ਸ਼ੈਕਸਪੀਅਰ ਦੇ ਤਕੜੇ ਪ੍ਰਸ਼ੰਸਕਾਂ ਵਿਚੋਂ ਇਕ ਸਨ। ਸ਼ੈਕਸਪੀਅਰ ਬਾਰੇ ਪ੍ਰੋ. ਸਟੈਨਲੇ ਵੈਲਜ਼ ਓ.ਬੀ.ਈ. ਕਹਿੰਦੇ ਹਨ ਕਿ ਸ਼ੈਕਸਪੀਅਰ ਦੀ ਪੋਇਟਰੀ ਅਤੇ ਉਨ੍ਹਾਂ ਦੀ ਮਨੁੱਖੀ ਮਨ ਦੀ ਸਮਝ ਏਨੀ ਗਹਿਰੀ ਸੀ ਕਿ ਉਹ ਜ਼ੁਬਾਨਾਂ ਦੇ ਬੰਧਨ ਤੋਂ ਆਜ਼ਾਦ ਹੋ ਕੇ ਵੀ ਸਮਝੀ ਜਾ ਸਕਦੀ ਸੀ। ਸ਼ੈਕਸਪੀਅਰ ਆਪਣੇ ਜੀਵਨ ਫਲਸਫੇ ਬਾਰੇ ਆਪਣੇ ਡਰਾਮੇ ਐਜ਼ ਯੂ ਲਾਈਕ ਇਟ (As You Like It) ਦੇ ਇਕ ਪਾਤਰ ਦੇ ਮੂੰਹੋਂ ਕਹਾਉਂਦੇ ਹਨ, "ਮੈਂ ਤੁਹਾਨੂੰ ਜ਼ਿੰਦਗੀ ਦੀ ਸ਼ੁਰੂਆਤ, ਮੱਧ ਅਤੇ ਅੰਤ ਬਾਰੇ ਤਾਂ ਦੱਸ ਦਿੱਤਾ ਹੈ ਪਰ ਅੰਤ ਤੋਂ ਬਾਅਦ ਤਾਂ ਤੁਸੀਂ ਹੀ ਦੱਸ ਸਕਦੇ.ਹੋ ਕਿ ਤੁਸੀਂ ਮੇਰੇ ਜੀਵਨ ਬਾਰੇ ਕੀ ਸੋਚਦੇ ਹੋ?"

ਸ਼ੈਕਸਪੀਅਰ ਦੇ ਘਰ ਦੇ ਕੋਲ ਹੀ ਨੈਸ਼ ਹਾਊਸ ਹੈ। ਇਹ ਘਰ ਸ਼ੈਕਸਪੀਅਰ ਦੀ ਦੋਹਤੀ ਦਾ ਸੀ। ਐਲਿਜ਼ਬੈਥ ਹਾਲ ਸ਼ੈਕਸਪੀਅਰ ਦੀ ਮੌਤ ਵੇਲੇ ਕੇਵਲ ਅੱਠਾਂ ਵਰ੍ਹਿਆਂ ਦੀ ਸੀ। ਵੱਡੀ ਹੋ ਕੇ ਉਸ ਨੇ ਥੌਮਸ ਨੈਸ਼ ਨਾਲ ਵਿਆਹ ਕਰਵਾਇਆ ਸੀ। ਇਸੇ ਲਈ ਇਸ ਘਰ ਦਾ ਨਾਮ ਨੈਸ਼ ਹਾਊਸ ਹੈ। ਆਪਣੇ ਘਰ ਦੇ ਕੋਲ ਹੀ ਵਿਲੀਅਮ ਸ਼ੈਕਸਪੀਅਰ ਨੇ ਨਿਊ ਪਲੇਸ ਨਾਂ ਦਾ ਗਾਰਡਨ ਬਣਵਾਇਆ ਸੀ ਜਿਹੜਾ ਅੱਜ ਵੀ ਉਸੇ ਸਟਾਈਲ ਵਿਚ ਕਾਇਮ ਹੈ ਜਿਹੋ ਜਿਹਾ ਕੁਈਨ ਐਲਿਜ਼ਬੈਥ ਪਹਿਲੀ ਦੇ ਵੇਲਿਆਂ ਵਿਚ ਹੋਇਆ ਹੀ ਕਰਦੇ ਸਨ। ਇਸ ਗਾਰਡਨ ਦੇ ਪਿਛਵਾੜੇ ਇਕ ਚਰਚ ਹੈ ਜਿਸ ਨੂੰ ਗਿਲਡ ਚੈਪਲ ਆਖਦੇ ਹਨ। ਇਸ ਚੈਪਲ ਦੀ ਇਕ ਕੰਧ

ਉਤੇ "ਥੌਮਸ ਬੈਕਟ ਦਾ ਕਤਲ" ਅਤੇ "ਡੇਅ ਔਫ ਦਾ ਜੱਜਮੈਂਟ" ਨੂੰ ਦ੍ਰਿਸ਼ਟਾਂਦੇ ਹੱਥ-ਚਿੱਤਰ ਹਨ। ਇਹ ਸ਼ੈਕਸਪੀਅਰ ਨੇ ਕਿਸੇ ਪੇਂਟਰ ਤੋਂ ਦੋ ਸ਼ਲਿੰਗ ਦੇ ਕੇ ਬਣਵਾਏ ਸਨ। ਇਹ ਦੋਵੇਂ ਪੇਂਟਿੰਗਜ਼ ਅਜੇ ਵੀ ਕਾਇਮ ਹਨ। ਸ਼ੈਕਸਪੀਅਰ ਨੇ ਹਮੇਸ਼ਾਂ ਜ਼ਿੰਦਗੀ ਦੇ ਦੁੱਖਾਂ-ਦਰਦਾਂ ਤੇ ਖੁਸ਼ੀਆਂ ਦਾ ਜ਼ਿਕਰ ਕੀਤਾ ਸੀ। ਜਦੋਂ ਉਸ ਦਾ ਗਿਆਰਾਂ ਵਰ੍ਹਿਆਂ ਦੀ ਉਮਰ ਦਾ ਬੇਟਾ ਹੈਮਨੈਟ ਮਰ ਗਿਆ ਤਾਂ ਉਸ ਵੇਲੇ ਸ਼ੈਕਸਪੀਅਰ ਕਿੰਗ ਜੌਨ ਨਾਂ ਦਾ ਪਲੇਅ ਲਿਖ ਰਿਹਾ ਸੀ। ਇਸ ਪਲੇਅ ਵਿਚ ਉਸ ਨੇ ਇਕ ਬੇਟੇ ਦੀ ਮੌਤ ਨੂੰ ਸਹਿ ਰਹੀ ਮਾਂ ਦਾ ਕਲਮੀ-ਚਿੱਤਰ ਖਿੱਚਿਆ ਸੀ। ਸਟਰੈਟਫੋਰਡ ਦੇ ਵਾਤਾਵਰਣ ਵਿਚ ਸ਼ੈਕਸਪੀਅਰ ਹੀ ਸ਼ੈਕਸਪੀਅਰ ਘੁਲਿਆ ਹੋਇਆ ਹੈ। ਸ਼ੈਕਸਪੀਅਰ ਦੀ ਬੀਵੀ ਐਨ ਹੈਥਾਵੇ ਦਾ ਘਰ ਜਿਸ ਨੂੰ ਐਨ ਹੈਥਾਵੇਜ਼ ਕੌਟੇਜ ਕਿਹਾ ਜਾਂਦਾ ਹੈ, ਵੀ ਵੇਖਣਯੋਗ ਹੈ। ਇਹ ਘਰ ਐਨ ਹੈਥਾਵੇ ਦੇ ਮਾਪਿਆਂ ਨੇ ਐਨ ਹੈਥਾਵੇ ਦੇ ਭਰਾ ਬਾਰਥੋਲੋਮਿਊ ਹੈਥਾਵੇ ਤੇ ਐਨ ਹੈਥਾਵੇਅ ਨੂੰ ਅੱਧਾ-ਅੱਧਾ ਦੇ ਦਿੱਤਾ ਸੀ। ਪਰ ਐਨ ਨੇ ਆਪਣੇ ਭਰਾ ਤੇ ਉਸ ਦੇ ਬੱਚਿਆਂ ਨੂੰ ਹੀ ਉਥੇ ਰਹਿਣ ਦਿੱਤਾ। ਪ੍ਰੰਤੂ ਐਨ ਹੈਥਾਵੇ ਵੀ ਅਕਸਰ ਉਥੇ ਆਉਂਦੀ ਜਾਂਦੀ ਰਹਿੰਦੀ ਸੀ। ਵਿਲੀਅਮ ਸ਼ੈਕਸਪੀਅਰ ਦੀ ਮੌਤ ਪਿੱਛੋਂ ਤਾਂ ਉਸ ਦਾ ਉਥੇ ਆਉਣਾ-ਜਾਣਾ ਹੋਰ ਵੀ ਵੱਧ ਗਿਆ ਸੀ।

ਸ਼ੈਕਸਪੀਅਰ ਸਾਹਿਤਕ ਲੋਕਾਂ ਵਾਸਤੇ ਇਕ ਉਚਤਮ ਸ਼ਖਸੀਅਤ ਸੀ। ਸਾਹਿਤਕ ਲੋਕ ਇਸੇ ਲਈ ਤਾਂ ਸ਼ੈਕਸਪੀਅਰ ਦੇ ਘਰ ਨੂੰ ਸਾਹਿਤ ਰਸੀਆਂ ਦਾ ਮੱਕਾ ਆਖਦੇ ਹਨ। ਮੈਂ ਖੁਸ਼ ਸਾਂ ਕਿ ਅਸੀਂ ਇਸ ਦੀ ਜ਼ਿਆਰਤ ਦੁਬਾਰਾ ਕਰ ਸਕੇ ਸਾਂ। ਮੇਰੇ ਪੋਤੇ-ਪੋਤੀਆਂ ਸਾਹਿਤਕ ਇਤਿਹਾਸ ਨੂੰ ਅੱਗੇ ਟੋਰਨਗੇ। ਸ਼ੈਕਸਪੀਅਰ ਇੰਝ ਹਮੇਸ਼ਾ ਹੀ ਜਿਉਂਦਾ ਰਹੇਗਾ।

(2012)

# ਸੀਆਟਲ ਦੀ ਬੋਇੰਗ ਫੈਕਟਰੀ

ਸੀਆਟਲ ਅਮਰੀਕਨ ਇੰਡਸਟਰੀ ਦਾ ਪ੍ਰਮੁੱਖ ਸ਼ਹਿਰ ਹੈ। ਏਸ ਮੰਦੇ ਦੇ ਦੌਰ ਵਿਚ ਵੀ ਇਸ ਸ਼ਹਿਰ ਵਿਚ ਕਰੋੜਾਂ ਦਾ ਵਿਉਪਾਰ ਹੁੰਦਾ ਹੈ।ਆਈ. ਟੀ. ਇੰਡਸਟਰੀ ਇਥੇ ਜਿੰਨੀ ਕਿਧਰੇ ਵੀ ਪ੍ਰਫੁੱਲਤ ਨਹੀਂ ਹੈ। ਹਜ਼ਾਰਾਂ ਹੀ ਕਾਮੇ ਇਸ ਇੰਡਸਟਰੀ ਭਾਵ ਕੰਪਿਊਟਰ ਇੰਡਸਟਰੀ ਵਿਚ ਕੰਮ ਕਰਦੇ ਹਨ। ਹਜ਼ਾਰਾਂ ਹੀ ਪੜ੍ਹੇ ਲਿਖੇ ਲੋਕ ਪਰ ਖਾਸ ਕਰਕੇ ਜਵਾਨ ਉਮਰ ਦੇ ਮੁੰਡੇ-ਕੁੜੀਆਂ ਇੰਡੀਆ ਤੋਂ ਆ ਕੇ ਸੀਆਟਲ ਵਿਚ ਸੈਟਲ ਹੋਏ ਹੋਏ ਹਨ। ਸਾਡੇ ਬੇਟੇ ਦਾ ਘਰ ਸੀਆਟਲ ਦੇ ਇਸਾਕੁਆਹ ਨਾਮ ਦੇ ਇਲਾਕੇ ਵਿਚ ਹੈ। ਮੈਨੂੰ ਖੁਸ਼ੀ ਹੋਈ ਕਿ ਇੰਗਲੈਂਡ ਵਿਚ ਜੰਮੇ ਪਲੇ ਮੇਰੇ ਬੇਟੇ ਵਰਗੇ ਯੰਗਸਟਰ ਹੋਰ ਦੇਸਾਂ ਤੋਂ ਆਏ ਹੋਏ ਯੰਗਸਟਰਜ਼ ਦੇ ਨਾਲ਼ ਨਾਲ਼ ਇੰਡੀਆ ਤੋਂ ਆਏ ਹੋਏ ਪੜ੍ਹੇ-ਲਿਖੇ ਯੰਗਸਟਰਜ਼ ਦੇ ਦੋਸਤ ਵੀ ਬਣ ਰਹੇ ਹਨ। ਇੰਡੀਆ ਤੋਂ ਸਿੱਧੇ ਆਏ ਇਹ ਬਹੁਤੇ ਕਾਮੇ (ਜਿਹੜੇ ਕਿ ਹਾਈਲੀ ਕੁਅਲੀਡਾਈਡ ਹਨ) ਸਾਊਥ ਇੰਡੀਆ ਤੋਂ ਆਏ ਹੋਏ ਹਨ। ਉਨ੍ਹਾਂ ਦੀਆਂ ਚੁਸਤ ਬੀਵੀਆਂ ਆਪਣੇ ਬੱਚਿਆਂ ਨੂੰ ਵੀ ਪਾਲ ਰਹੀਆਂ ਹਨ ਤੇ ਘਰੋਂ ਹੀ ਕੰਪਿਊਟਰ ਰੀਲੇਟਡ ਕੰਮ ਵੀ ਕਰ ਰਹੀਆਂ ਹਨ ਤੇ ਡਾਲਰ ਕਮਾ ਰਹੀਆਂ ਹਨ। ਆਪਣੀ ਕੰਪਨੀ ਦੇ ਬਤੌਰ ਗਲੋਬਲ ਡਾਇਰੈਕਟਰ ਦੇ ਮੇਰੇ ਬੇਟੇ ਹੇਠ ਹਰ ਪ੍ਰਮੁੱਖ ਮੁਲਕ ਦੇ ਅਨੇਕਾਂ ਇਹੋ ਜਿਹੇ ਕਾਮੇ ਕੰਮ ਕਰਦੇ ਹਨ। ਉਹ ਅਕਸਰ ਹੀ ਜਾਪਾਨ, ਚੀਨ, ਸਿੰਗਾਪੁਰ, ਹੌਂਗਕੌਂਗ, ਅਸਟਰੇਲੀਆ, ਯੂ. ਕੇ. ਅਤੇ ਯੂਰਪੀਨ ਦੇਸਾਂ ਦੇ ਦੌਰੇ ਉੱਤੇ ਰਹਿੰਦਾ ਹੈ।ਅਸੀਂ ਜਦੋਂ ਉਹਦੇ ਕੋਲ ਜਾਂਦੇ ਹਾਂ ਤਾਂ ਆਪਣਾ ਵਿਜ਼ਿਟ ਸਕੈਡਿਊਲ ਇਹੋ ਜਿਹਾ ਹੀ ਬਣਾਉਂਦੇ ਹਾਂ ਕਿ ਉਹ ਸੀਆਟਲ ਵਿਚ ਹੀ ਹੋਵੇ। ਇਸ ਵੇਰ ਵੀ ਅਸੀਂ ਇੰਝ ਹੀ ਕੀਤਾ। ਨਵੀਨ ਤੇ ਸਾਡੀ ਨੂੰਹ ਸ਼ਰਨ ਸਾਡੀ ਪਸੰਦ ਨੂੰ ਜਾਣਦੇ ਹਨ। ਉਹ ਸਾਨੂੰ ਆਰਟ ਗੈਲਰੀਆਂ, ਥੀਏਟਰਾਂ ਕੁਦਰਤ ਨਾਲ਼ ਲਬਰੇਜ਼ ਥਾਵਾਂ ਤੇ ਮੀਜ਼ਿਊਮਾਂ ਵੱਲ ਲਿਜਾਣ ਦੇ ਪ੍ਰੋਗਰਾਮ ਉਲੀਕੀ ਰੱਖਦੇ ਹਨ। ਇਸ ਵੇਰ ਉਨ੍ਹਾਂ ਨੇ ਸਾਨੂੰ ਬੋਇੰਗ ਫੈਕਟਰੀ ਕੰਪਲੈਕਸ ਦਿਖਾਉਣ ਦਾ ਪ੍ਰੋਗਰਾਮ ਉਲੀਕਿਆ ਹੋਇਆ ਸੀ। ਉਨ੍ਹਾਂ ਨੂੰ ਪਤਾ ਸੀ ਕਿ ਅਸੀਂ ਇਹ ਫੈਕਟਰੀ ਦੇਖ ਕੇ ਬਹੁਤ ਖੁਸ਼ ਹੋਵਾਂਗੇ।

ਬੋਇੰਗ ਬਰਾਂਡ ਦੇ ਜਹਾਜ਼ ਦੁਨੀਆਂ ਦੇ ਪ੍ਰਮੁੱਖ ਜਹਾਜ਼ਾਂ ਵਿਚੋਂ ਹਨ। ਸਾਡੇ ਅਸਮਾਨਾਂ ਵਿਚ ਸਭ ਤੋਂ ਵੱਧ ਜਹਾਜ਼ ਇਸੇ ਬਰਾਂਡ ਦੇ ਹੀ ਉੱਡਦੇ ਫਿਰਦੇ ਹਨ। ਇਸ ਫ਼ੈਕਟਰੀ ਵਿਚ ਇਹ ਜਹਾਜ਼ ਡਰਾਇੰਗ ਬੋਰਡਾਂ ਤੋਂ ਉਠ ਕੇ ਸੰਪੂਰਨ ਜਹਾਜ਼ ਦੀ ਸ਼ਕਲ ਅਖ਼ਤਿਆਰ ਕਰਦੇ ਹਨ ਬੋਇੰਗ ਜਹਾਜ਼ਾਂ ਦੇ ਸਾਰੇ ਸਪੇਅਰ ਇਥੇ ਹੀ ਬਣਦੇ ਹਨ। ਇਸ ਬੋਇੰਗ ਫ਼ੈਕਟਰੀ ਕੰਪਲੈਕਸ ਦਾ ਨਾਮ ਗ਼ਿਊਨੈਸ ਬੁੱਕ ਔਫ ਵਰਲਡ ਰਿਕਾਰਡਜ਼ ਵਿਚ ਇਸ ਗੱਲੋਂ ਸ਼ਾਮਲ ਹੈ ਕਿ ਇਹ ਫੈਕਟਰੀ ਕੰਪਲੈਕਸ ਦੁਨੀਆਂ ਭਰ ਵਿਚੋਂ ਸਭ ਤੋਂ ਵੱਡੇ ਆਕਾਰ ਵਾਲਾ ਹੈ। ਇਹ ਕੰਪਲੈਕਸ ਇਕ ਸੌ

ਏਕੜ ਵਿਚ ਦੇ ਰਕਬੇ ਵਿਚ ਵਾਕਿਆ ਹੈ ਤੇ ਇਸ ਦਾ ਕਿਊਬਕ ਫੁੱਟ ਰਕਬਾ 472 ਮਿਲੀਅਨ ਕਿਊਬਕ ਫੁੱਟ ਬਣਦਾ ਹੈ। ਭਾਵ ਛੱਤੀ ਹੋਈ ਬਿਲਡਿੰਗ ਏਨੇ ਵੌਲੀਅਮ ਵਾਲੀ ਹੈ। ਅਗਰ ਇਹ ਏਡੀ ਲੰਮੀ ਚੌੜੀ ਤੇ ਉੱਚੀ ਨਾ ਹੋਵੇ ਤਾਂ ਚੌੜੇ ਜੁੱਸਿਆਂ ਵਾਲੇ ਬੋਇੰਗ ਜੈੱਟ 747, 767, 777 ਅਤੇ ਡਰੀਮਲਾਈਨਰ 787 ਇਥੇ ਬਣ ਹੀ ਨਹੀਂ ਸਕਦੇ। ਇਹ ਬੋਇੰਗ ਫੈਕਟਰੀ ਕੰਪਲੈਕਸ ਈਸਾਕੁਆਹ ਤੋਂ ਕੇਵਲ ਇਕ ਘੰਟੇ ਦੇ ਫਾਸਲੇ ਉੱਤੇ ਹੈ। ਇਸ ਨੂੰ ਦੇਖ਼ਣ ਲਈ ਨਵੀਨ ਨੇ ਸਾਡੀਆਂ ਤੇ ਆਪਣੀਆਂ ਟਿਕਟਾਂ ਪਹਿਲਾਂ ਹੀ ਲੈ ਰੱਖੀਆਂ ਸਨ। ਸਾਨੂੰ ਹੈਰਾਨੀ ਹੋਈ ਕਿ ਸਾਡੀ ਨੂੰਹ ਰਾਣੀ ਸ਼ਰਨਜੀਤ ਨਹੀਂ ਸੀ ਜਾ ਰਹੀ ਤੇ ਛੋਟੇ ਦੋ ਬੱਚੇ ਅਕਾਸ਼ ਅਤੇ ਜਯਾ ਵੀ ਨਹੀਂ। ਵਜਾਹ ਇਹ ਦੱਸੀ ਗਈ ਕਿ ਬੋਇੰਗ ਫੈਕਟਰੀ ਕੰਪਲੈਕਸ ਵਿਚ ਛੋਟੇ-ਛੋਟੇ ਬੱਚੇ ਨਹੀਂ ਸੀ ਲਿਜਾਏ ਜਾ ਸਕਦੇ। ਚਾਰ ਫੁੱਟ ਦੀ ਉਚਾਈ ਤੋਂ ਵੱਧ ਵਾਲੇ ਬੱਚੇ ਹੀ ਜਾ ਸਕਦੇ ਸਨ। ਜਿਸ ਦਾ ਮਤਲਬ ਇਹ ਸੀ ਕਿ ਵੱਡਾ ਨਿਹਾਲ ਤਾਂ ਜਾ ਸਕਦਾ ਸੀ ਪਰ ਦੋ ਛੋਟੇ ਬੱਚੇ ਨਹੀਂ। ਛੋਟੇ ਦੋਹਾਂ ਦੀ ਦੇਖਭਾਲ ਲਈ ਉਨ੍ਹਾਂ ਦੀ ਮਾਂ ਦਾ ਘਰ ਚ ਰਹਿਣਾ ਜ਼ਰੂਰੀ ਹੋ ਗਿਆ ਸੀ। ਸਾਨੂੰ ਨਿਰਾਸ਼ਾ ਤਾਂ ਹੋਈ ਪਰ ਫੈਕਟਰੀ ਕੰਪਲੈਕਸ ਦੇ ਨਿਯਮਾਂ ਨੂੰ ਮੰਨਣਾ ਵੀ ਆਵਸ਼ੱਕ ਸੀ। ਨਿਹਾਲ ਖੁਸ਼ ਸੀ ਕਿ ਉਹ ਸਾਡੇ ਨਾਲ ਜਾ ਸਕੇਗਾ। ਉਹ ਲੁੱਡੀਆਂ ਪਾਉਂਦਾ ਫ਼ਿਰਦਾ ਸੀ। ਉਹ ਖ਼ੁਸ਼ ਸੀ ਕਿ ਉਹ ਚਾਰ ਫ਼ੁੱਟ ਤੋਂ ਉੱਪਰ ਦੇ ਕੱਦ ਵਾਲ਼ਾ ਸੀ। ਟੁਰਨ ਲੱਗੇ ਤਾਂ ਚਹੁੰ ਸਾਲਾਂ ਦੀ ਸਾਡੀ ਲਾਡਲੀ ਪੋਤੀ ਜਯਾ ਨੇ ਉਦਾਸ ਹੋ ਕੇ ਕਿਹਾ, "ਆਈ ਐਮ ਗੋਇੰਗ ਟੂ ਬੀ ਫੋਰ ਫੀਟ ਟੌਲ ਵੈਰੀ ਸੂਨ ਦਾਦਾ ਜੀ ਬੀਕੌਜ਼ ਆਈ ਵਾਂਟ ਟੂ ਸੀ ਬੋਇੰਗ ਫੈਕਟਰੀ ਵਿਦ ਯੂ ਐਂਡ ਦਾਦੀ ਜੀ। "ਉਸ ਤੋਂ ਵੱਡਾ ਆਕਾਸ਼ ਵੀ ਆਪਣਾ ਕੱਦ ਮਿਣਦਾ ਫ਼ਿਰਦਾ ਸੀ।

ਸਾਡੇ ਬੇਟੇ ਦੀ ਕਾਰ ਬੋਇੰਗ ਫੈਕਟਰੀ ਵੱਲ ਦੌੜੀ ਜਾ ਰਹੀ ਸੀ। ਸੀਆਟਲ ਸ਼ਹਿਰ ਬਹੁਤੀਆਂ ਵਿਸ਼ਾਲ ਸੜਕਾਂ ਵਾਲਾ ਸ਼ਹਿਰ ਨਹੀਂ ਭਾਵੇਂ ਕਿ ਤਿੰਨ ਤਿੰਨ ਲੇਨਾਂ ਦੋਹੀਂ ਪਾਸੀਂ ਤਾਂ ਹੈਨ ਹੀ। ਅਮਰੀਕਾ ਦੇ ਹੋਰ ਹਿੱਸਿਆਂ ਵਿਚ ਜ਼ਮੀਨ ਬੜੀ ਵਿਸ਼ਾਲ ਹੈ। ਸੜਕਾਂ ਦੀਆਂ ਚਾਰ ਚਾਰ ਛੇ ਛੇ ਲੇਨਾ ਆਮ ਹੀ ਹਨ ਪਰ ਸੀਆਟਲ ਜਿਹੜਾ ਕਿ ਅਮਰੀਕਾ ਦੀ ਵਾਸ਼ਿੰਗਟਨ ਸਟੇਟ (ਵਾਸ਼ਿੰਗਟਨ ਡੀ. ਸੀ. ਨਹੀਂ) ਵਿਚ ਵਸਿਆ ਹੋਇਆ ਹੈ, ਝੀਲਾਂ, ਪਹਾੜਾਂ 'ਤੇ ਸੰਘਣੀ ਆਬਾਦੀ ਵਾਲਾ ਸ਼ਹਿਰ ਹੈ। ਇਸੇ ਲਈ ਜਗ੍ਹਾਂ ਵੀ ਉਨੀ ਨਹੀਂ ਜਿੰਨੀ ਕਿ ਅਮਰੀਕਾ ਦੀਆਂ ਹੋਰ ਸਟੇਟਾਂ ਵਿਚ ਹੁੰਦੀ ਹੈ। ਕੰਮਾਂਕਾਰਾਂ ਦੀਆਂ ਫੈਕਟਰੀਆਂ ਅਤੇ ਦਫਤਰਾਂ ਕਾਰਨ ਅਮਰੀਕਾ ਦੇ ਹੋਰ ਹਿੱਸਿਆਂ ਚੋਂ ਇਸ ਸਟੇਟ ਵਿਚ ਬਹੁਤ ਲੋਕ ਆਉਂਦੇ ਹਨ। ਵਿਦੇਸ਼ਾਂ ਤੋਂ ਵੀ ਹਜ਼ਾਰਾਂ ਹੀ ਐਕਸਪਰਟ ਆਉਂਦੇ ਹਨ। ਇਸੇ ਲਈ ਇਥੇ ਘਰ ਵੀ ਬਹੁਤ ਮਹਿੰਗੇ ਹਨ। ਜਿਥੇ ਇਸ ਮੰਦੀ ਦੇ ਦੌਰ ਵਿਚ ਓਹਾਇਓ ਅਤੇ ਕੈਲੇਫੋਰਨੀਆਂ ਆਦਿ ਸਟੇਟਾਂ ਵਿਚ ਘਰਾਂ ਦੀਆਂ 2011 ਵਿਚ ਅੱਧੀਆਂ ਕੀਮਤਾਂ ਰਹਿ ਗਈਆਂ ਹਨ, ਉਥੇ ਸੀਆਟਲ ਵਿਚ ਉਥੋਂ ਦੇ ਰਿਹਾਇਸ਼ੀ ਘਰਾਂ ਦੀ ਕੀਮਤ ਪਹਿਲਾਂ ਜਿੰਨੀ ਹੀ ਹੈ ਬਲਕਿ ਵਧ ਗਈ ਹੈ। ਵਾਸ਼ਿੰਗਟਨ ਸਟੇਟ ਵਿਚਲੇ ਆਮ ਘਰ ਉਨੇ ਵੱਡੇ ਨਹੀਂ ਹਨ ਜਿੰਨੇ ਕਿ ਬਾਕੀ ਦੀਆਂ ਸਟੇਟਾਂ ਵਿਚ ਹਨ ਭਾਵੇਂ ਕਿ ਇਹ ਅਤੀ ਸੁੰਦਰ ਤੇ ਨਿੱਘੇ ਅਤੇ ਮੋਹਕਲ਼ੇ ਹਨ। ਤਕਰੀਬਨ ਇਕ ਘੰਟੇ ਪਿੱਛੋਂ ਅਸੀਂ ਬੋਇੰਗ ਦੇ ਫੈਕਟਰੀ ਕੰਪਲੈਕਸ ਵਿਚ ਪਹੁੰਚ ਗਏ। ਤਕਰੀਬਨ ਚਾਰ ਪੰਜ ਏਕੜਾਂ ਵਿਚ ਤਾਂ ਕਾਰਾਂ ਅਤੇ ਕੋਚਾਂ ਦੇ ਪਾਰਕਿੰਗ ਲੌਟ ਹੀ ਹਨ। ਇਥੇ ਕੰਮ ਕਰਦੇ ਹਜ਼ਾਰਾਂ ਹੀ ਕਾਮਿਆਂ ਦੀਆਂ ਕਾਰਾਂ ਪਾਰਕ ਕਰਨ ਲਈ ਵੱਖਰੇ

ਪਾਰਕਿੰਗ ਲੌਟ ਹਨ। ਇਹ ਫ਼ੈਕਟਰੀ ਸੀਆਟਲ ਦੀ ਟਰੈਂਟਨ ਸਟਰੀਟ ਵਿਖੇ ਹੈ। ਮੈਂ ਸੋਚਿਆ ਕਿ ਇਸ ਥਾਂ ਨੂੰ ਕਿਸੇ ਸਟਰੀਟ ਨਾਲ ਜੋੜਨਾ ਤਾਂ ਹਾਸੋਹੀਣੀ ਜਿਹੀ ਗੱਲ ਹੈ ਕਿਉਂਕਿ ਇਹ ਥਾਂ ਤਾਂ ਆਪਣੇ ਆਪ ਵਿਚ ਹੀ ਕਸਬੇ ਵਰਗੀ ਚੀਜ਼ ਹੈ। ਦਰਅਸਲ ਇਸ ਇਲਾਕੇ ਦਾ ਨਾਂ ਐਵਰਟ ਹੈ ਤੇ ਇਹ ਸੀਆਟਲ ਦੇ ਡਾਊਨ ਟਾਊਨ ਤੋਂ ਤੀਹਾਂ ਮੀਲਾਂ ਦੀ ਵਿੱਥ ਉੱਤੇ ਵਾਕਿਆ ਹੈ। ਇਸ ਫੈਕਟਰੀ ਦਾ ਅਫੀਸ਼ੀਅਲ ਟੂਰ ਪੰਝੀਆਂ ਡਾਲਰਾਂ ਵਿਚ ਲਿਆ ਜਾ ਸਕਦਾ ਹੈ ਤੇ ਇਸ ਨੂੰ ਦੇਖਣ ਵਾਸਤੇ ਦੋ ਘੰਟੇ ਲਗਦੇ ਹਨ। ਬਾਅਦ ਵਿਚ ਬੋਇੰਗ ਅਤੇ ਭਵਿੱਖ ਵਿਚ ਬਨਣ ਵਾਲੇ ਪਲੇਨਾਂ ਬਾਰੇ ੩ ਡੀ ਫਿਲਮਾਂ ਵੀ ਵੇਖੀਆਂ ਜਾ ਸਕਦੀਆਂ ਹਨ ਜਿਸ ਦੇ ਚਾਰਜ ਵੱਖਰੇ ਹਨ ਅਸੀਂ ਇਹ ਵੀ ਵੇਖ਼ੀਆਂ।

ਬੋਇੰਗ ਨਾਂ ਦੇ ਜਹਾਜ਼ ਇਸ ਦੇ ਮੁੱਖ ਤੇ ਮੁੱਢਲੇ ਇੰਜਨੀਅਰ ਅਤੇ ਮੈਨੂਫੈਕਚਰਰ ਵਿਲੀਅਮ ਬੋਇੰਗ ਨੇ 1916 ਵਿਚ ਬਣਾਉਣੇ ਸ਼ੁਰੂ ਕੀਤੇ ਸਨ। ਉਸ ਨੇ ਆਪਣੇ ਬਣਾਏ ਜਹਾਜ਼ਾਂ ਨੂੰ ਆਪਣਾ ਬੋਇੰਗ ਨਾਂ ਹੀ ਦੇ ਦਿੱਤਾ ਜੋ ਅੱਜ ਤੀਕ ਚਲਿਆ ਆ ਰਿਹਾ ਹੈ ਤੇ ਦੁਨੀਆਂ ਦੀ ਇਹ ਇਕ ਪ੍ਰਸਿੱਧ ਤੇ ਆਈਕੌਨਿਕ ਬਰਾਂਡ ਬਣ ਗਿਆ ਹੈ। ਬੋਇੰਗ ਦੇ ਪਹਿਲੇ ਜਹਾਜ਼ ਦੀ ਸਿਖਰਲੀ ਸਪੀਡ ਸਿਰਫ 320 ਮੀਲ ਪ੍ਰਤੀ ਘੰਟਾ ਸੀ। ਉਸ ਪਲੇਨ ਦੀ ਸਿਰਫ ਇਕ ਆਈਲ ਹੋਇਆ ਕਰਦੀ ਸੀ ਜਦਕਿ ਅੱਜ ਕੱਲ੍ਹ ਦੇ ਬੋਇੰਗ ਜਹਾਜ਼ਾਂ ਦੀਆਂ ਦੋ ਦੋ ਆਈਲਜ਼ ਹੁੰਦੀਆਂ ਹਨ ਤੇ ਇਹ ਜਹਾਜ਼ 9100 ਮੀਲ ਪ੍ਰਤੀ ਘੰਟਾ ਦੀ ਟੌਪ ਸਪੀਡ ਦੇ ਹਿਸਾਬ ਨਾਲ ਉਡ ਸਕਦੇ ਹਨ। ਸਭ ਤੋਂ ਵੱਡੇ ਬੋਇੰਗ ਜਹਾਜ਼ ਵਿਚ 500 ਲੋਕ ਬੈਠ ਸਕਦੇ ਹਨ। ਏਸ ਵੇਲੇ ਦੁਨੀਆਂ ਭਰ ਦੇ ਅਸਮਾਨਾਂ ਵਿਚ ਇਸ ਬੋਇੰਗ ਕੰਪਨੀ ਦੇ 12100 ਜਹਾਜ਼ ਉੱਡ ਰਹੇ ਹਨ। ਪਹਿਲੇ ਇੰਜਨੀਅਰ ਅਤੇ ਮੈਨੂਫੈਕਚਰਰ ਵਿਲੀਅਮ ਬੋਇੰਗ ਤੋਂ ਬਾਅਦ ਇਸ ਕੰਪਨੀ ਦੇ ਕਈ ਚੇਅਰਮੈਨ ਬਣੇ ਹਨ। ਅੱਜਕੱਲ੍ਹ ਦੇ ਚੇਅਰਮੈਨ/ਪ੍ਰੈਜ਼ੀਡੈਂਟ ਤੇ ਸੀ. ਓ. ਮਿਸਟਰ ਜੇਮਜ਼ ਐਲਬੌਫ ਹਨ। ਪਿਛਲੇ ਸਾਲ ਇਸ ਕੰਪਨੀ ਨੇ 34 ਬਿਲੀਅਨ (ਇਕ ਹਜ਼ਾਰ ਮਿਲੀਅਨ ਦਾ ਇਕ ਬਿਲੀਅਨ ਬਣਦਾ ਹੈ) ਡਾਲਰਾਂ ਦੀ ਸੇਲ ਕੀਤੀ ਸੀ। ਇਸ ਫੈਕਟਰੀ ਵਿਚ ਕੁੱਲ 60 ਹਜ਼ਾਰ ਕਾਮੇ ਕੰਮ ਕਰਦੇ ਹਨ ਜਿਨ੍ਹਾਂ ਵਿਚ ਸਧਾਰਨ ਕਲੀਨਰਾਂ ਤੇ ਮਜ਼ਦੂਰਾਂ ਤੋਂ ਲੈ ਕੇ ਆਹਲਾ ਕਿਸਮ ਦੇ ਇੰਜਨੀਅਰ ਸ਼ਾਮਲ ਹਨ। ਭਾਵੇਂ ਬੋਇੰਗ ਦੀ ਫੈਕਟਰੀ ਤਾਂ ਇਹੋ ਐਵਰਟ (ਸੀਆਟਲ) ਵਿਚ ਹੀ ਹੈ ਪਰ ਅਮਰੀਕਾ ਅਤੇ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਬੋਇੰਗ ਕੰਪਨੀ ਦੇ ਬਾਰਾਂ ਪ੍ਰਮੁੱਖ ਕੇਂਦਰ ਹਨ। ਸਾਨੂੰ ਦਿਖਾਇਆ ਗਿਆ ਕਿ ਕਿੰਝ ਬੋਇੰਗ ਕੰਪਨੀ ਭਵਿੱਖ ਵਿਚ ਹੋਰ ਵੀ ਵੱਡੇ ਅਤੇ ਤੇਜ਼ ਪਲੇਨਾਂ ਨੂੰ ਬਨਾਉਣ ਦੀ ਤਿਆਰੀ ਕਰ ਰਹੀ ਹੈ।

ਸਾਨੂੰ ਦੱਸਿਆ ਗਿਆ ਕਿ ਦੁਨੀਆਂ ਵਿਚ ਸਭ ਤੋਂ ਸੇਫ ਮੋਡ ਔਫ ਟਰਾਂਸਪੋਰਟ ਭਾਵ ਸਫ਼ਰ ਕਰਨ ਦਾ ਜ਼ਰੀਹਾ ਹਵਾਈ ਸਫ਼ਰ ਹੀ ਸਭ ਤੋਂ ਸੇਫ਼ ਹੈ। ਹਵਾਈ ਜਹਾਜ਼ਾਂ ਨਾਲੋਂ ਦੁਨੀਆਂ ਵਿਚ ਕਾਰਾਂ ਅਤੇ ਟਰੇਨਾਂ ਦੇ ਹਾਦਸਿਆਂ ਵਿਚ ਕਿਤੇ ਵੱਧ ਲੋਕੀਂ ਮਰਦੇ ਹਨ। ਦੁਨੀਆਂ ਵਿਚ ਹੋਰ ਵੀ ਬਥੇਰੀਆਂ ਪਲੇਨ ਮੈਨੂਫੈਕਚਰਿੰਗ ਕੰਪਨੀਆਂ ਹਨ ਪਰ ਬੋਇੰਗ ਦਾ ਰਿਕਾਰਡ ਇਹ ਕਹਿੰਦਾ ਹੈ ਕਿ ਇਨ੍ਹਾਂ ਦੇ ਪਲੇਨਾਂ ਵਿਚ ਹਰ ਰੋਜ਼ ਛੇ ਮਿਲੀਅਨ ਲੋਕ ਸਫਰ ਕਰਦੇ ਹਨ ਤੇ ਸੁਰੱਖ਼ਿਅਤ ਵੀ ਮਹਿਸੂਸ ਕਰਦੇ ਹਨ। ਸੇਫਟੀ ਦੇ ਲਿਹਾਜ਼ ਨਾਲ ਦੁਨੀਆਂ ਭਰ ਦੇ ਸਾਰੇ ਬਰਾਂਡਾਂ ਦੇ ਹਵਾਈ ਸਫ਼ਰਾਂ ਵਿਚ ਜਿਥੇ 1950 ਤੋਂ 1960 ਤੀਕ ਹਰ ਦੋ ਲੱਖ ਮੀਲਾਂ ਦੇ ਸਫਰ ਦੌਰਾਨ

ਇਕ ਹਾਦਸਾ ਹੁੰਦਾ ਸੀ ਉਥੇ ਹੁਣ ਹਰ ਵੀਹ ਲੱਖ ਮੀਲਾਂ ਦੀ ਉਡਾਨ ਪਿੱਛੋਂ ਇਕ ਹਾਦਸਾ ਹੁੰਦਾ ਹੈ। ਦੁਨੀਆਂ ਵਿਚ ੫੧% ਪਲੇਨ ਬੋਇੰਗ ਦੇ ਬਣੇ ਹੋਏ ਹੀ ਉਡਦੇ ਹਨ ਤੇ ਇਨ੍ਹਾਂ ਦਾ ਸੇਫ਼ਟੀ ਰੀਕਾਰਡ ਬਹੁਤ ਹੀ ਵਧੀਆ ਹੈ। ਵੈਸੇ ਕੋਈ ਵੀ ਪਲੇਨ ਚੜ੍ਹਨ ਅਤੇ ਉਤਰਨ ਵੇਲੇ ਹੀ ਰਿਸਕੀ ਹੁੰਦਾ ਹੈ ਵਰਨਾ ਕਰੂਜ਼ ਸਪੀਡ ਦੌਰਾਨ ਬਹੁਤ ਘੱਟ ਚਾਂਸ ਹੁੰਦੇ ਹਨ ਕਿਸੇ ਪਲੇਨ ਦੇ ਹਾਦਸਾ ਗ੍ਰਸਤ ਹੋਣ ਦੇ।

ਅਸੀਂ ਪੁੱਛਿਆ ਕਿ ਕੀ ਕੋਈ ਸਿਰ ਫਿਰਿਆ ਅੱਧ ਅਸਮਾਨੇ ਪਲੇਨ ਦਾ ਡੋਰ ਖੋਲ੍ਹ ਸਕਦਾ ਹੈ ? ਤਾਂ ਦੱਸਿਆ ਗਿਆ ਕਿ ਹੌਲੀਵੁੱਡ ਦੀਆਂ ਫਿਲਮਾਂ ਵਿਚ ਹੀ ਇੰਝ ਹੁੰਦਾ ਹੋਵੇਗਾ ਜਦਕਿ ਸੱਚਾਈ ਇਹ ਹੈ ਕਿ ਉਡਦੇ ਪਲੇਨ ਦਾ ਡੋਰ ਉੱਕਾ ਹੀ ਨਹੀਂ ਖੋਲ੍ਹਿਆ ਜਾ ਸਕਦਾ, ਕਿਉਂਕਿ ਪਲੇਨ ਪਰੈਸ਼ਰਾਈਜ਼ ਕੀਤਾ ਹੋਇਆ ਹੁੰਦਾ ਹੈ। ਇਹ ਵੀ ਦੱਸਿਆ ਗਿਆ ਕਿ ਪਲੇਨ ਦੀ ਕਿਸੇ ਵੀ ਸੀਟ ਨੂੰ ਸੇਫ ਜਾਂ ਅਨਸੇਫ ਨਹੀਂ ਆਖਿਆ ਜਾ ਸਕਦਾ। ਜਦ ਐਕਸੀਡੈਂਟ ਹੁੰਦਾ ਹੈ ਤਾਂ ਇਸ ਤੋਂ ਸਭ ਮੁਸਾਫਰ ਇਕੋ ਜਿੰਨੇ ਹੀ ਮੱਤਾਸਰ ਹੁੰਦੇ ਹਨ ਚਾਹੇ ਕੋਈ ਫਸਟ ਕਲਾਸ ਦੀ ਸੀਟ ਉਤੇ ਵੀ ਕਿਉਂ ਨਾ ਬੈਠਾ ਹੋਵੇ। ਇਹੋ ਜਿਹੀਆਂ ਕਿੰਨੀਆਂ ਹੀ ਦਿਲਚਸਪ ਗੱਲਾਂ ਸਾਨੂੰ ਅਤੀਰੌਚਿਕ, ਜਾਣਕਾਰੀ ਭਰਪੂਰ ਤੇ ਵਧੀਆ ਲੱਗੀਆਂ। ਮੇਰੀ ਪਤਨੀ ਨੂੰ ਇਹ ਗੱਲ ਵੀ ਵਧੀਆ ਲੱਗੀ ਕਿ ਪਲੇਨ ਵਿਚ ਸਫਰ ਕਰਨ ਲੱਗਿਆਂ ਇਹੋ ਜਿਹੇ ਕੱਪੜੇ ਪਾਉਣੇ ਚਾਹੀਦੇ ਹਨ ਜਿਹੜੇ ਆਰਾਮਦੇਹ ਵੀ ਹੋਣ ਤੇ ਸਾਰੇ ਅੰਗ ਢਕਣ ਵਾਲੇ ਵੀ ਹੋਣ ਕਿਉਂਕਿ ਜੇਕਰ ਅੱਗ ਲੱਗ ਜਾਵੇ ਤਾਂ ਤੁਹਾਡਾ ਜਿਸਮ ਕਾਫ਼ੀ ਹੱਦ ਤੀਕ ਸੜਨੋਂ ਬਚ ਸਕਦਾ ਹੈ। ਸਾੜ੍ਹੀ, ਮੈਕਸੀ ਸਕਰਟ ਤੇ ਉੱਚੀਆਂ ਅੱਡੀਆਂ ਵਾਲੇ ਸੈਂਡਲ ਐਕਸੀਡੈਂਟ ਵੇਲੇ ਜਹਾਜ਼ ਚੋਂ ਭੱਜਣ ਵੇਲੇ ਘਾਤਕ ਸਿੱਧ ਹੋ ਸਕਦੇ ਹਨ। ਮਰਦਾਂ ਨੂੰ ਵੀ ਬਹੁਤ ਸੁਖ਼ਾਵੇਂ ਕਪੜੇ ਅਤੇ ਸ਼ੂ ਪਾਉਣੇ ਚਾਹੀਦੇ ਹਨ।ਸਾਡੇ ਗਾਈਡ ਦੀਆਂ ਇਹ ਗੱਲਾਂ ਸੁਣ ਕੇ ਮੇਰਾ ਬੇਟਾ ਤੇ ਬੀਵੀ ਮੇਰੇ ਵੱਲ ਵੇਖ ਕੇ ਬੁੱਲ੍ਹਾਂ ਵਿਚ ਹੀ ਮੁਸਕਰਾਏ। ਉਨ੍ਹਾਂ ਨੂੰ ਪਤਾ ਸੀ ਕਿ ਮੈਂ ਹਮੇਸ਼ਾਂ ਸੂਟ, ਟਾਈ ਅਤੇ ਫੈਸ਼ਨਦਾਰ ਜੁੱਤੀ ਪਾ ਕੇ ਹੀ ਹਵਾਈ ਸਫਰ ਕਰਦਾ ਹਾਂ। ਹੁਣ ਮੈਨੂੰ ਇਸ ਗਾਈਡ ਦੀਆਂ ਗੱਲਾਂ ਸੁਣ ਕੇ ਆਪਣੇ ਹਵਾਈ ਸਫਰ ਦੇ ਡਰੈਸ ਕੋਡ ਬਾਰੇ ਦੁਬਾਰਾ ਸੋਚਣਾ ਪਵੇਗਾ। ਆਪਣੇ ਗਾਈਡ ਦੀਆਂ ਉਨ੍ਹਾਂ ਗੱਲਾਂ ਵੱਲ ਵੀ ਧਿਆਨ ਦੇਣ ਦੀ ਲੋੜ ਹੈ ਕਿ ਕਿਸੇ ਖ਼ਤਰੇ ਵੇਲੇ ਪੈਨਿਕ ਨਾ ਹੋਵੋ। ਕਰਿਊ ਦੀਆਂ ਹਿਦਾਇਤਾਂ ਨੂੰ ਧਿਆਨ ਨਾਲ ਸੁਣੋ। ਸਮਾਨ ਘੜੀਸਣ ਦੀ ਕੋਸ਼ਿਸ਼ ਨਾ ਕਰੋ। ਕਿਸੇ ਨੂੰ ਧੱਕੇ ਨਾ ਮਾਰੋ ਤੇ ਸ਼ਿਸ਼ਟਾਚਾਰ ਕਾਇਮ ਰੱਖੋ।

ਤਕਰੀਬਨ ਦੋ ਘੰਟੇ ਲੰਮੇ ਇਸ ਟੂਰ ਵੇਲੇ ਤੁਸੀਂ ਕਿਸੇ ਕਿਸਮ ਦੇ ਵੀ ਕੈਮਰੇ ਦੀ ਵਰਤੋਂ ਨਹੀਂ ਕਰ ਸਕਦੇ। ਅਸੀਂ ਵੀ ਬਾਹਰ ਆ ਕੇ ਹੀ ਨਿਮਾਇਸ਼ੀ ਪਲੇਨਾਂ ਦੀਆਂ ਤਸਵੀਰਾਂ ਲਈਆਂ। ਕੋਈ ਫੂਡ ਅਤੇ ਡਰਿੰਕ ਵੀ ਨਾਲ ਨਹੀਂ ਲਿਜਾ ਸਕਦੇ। ਇਸੇ ਲਈ ਲੋਕਾਂ ਨੂੰ ਵਾਰ-ਵਾਰ ਦੱਸਿਆ ਜਾ ਰਿਹਾ ਸੀ ਕਿ ਉਹ ਖਾ ਪੀ ਕੇ ਹੀ ਇਸ ਟੂਰ ਉਤੇ ਜਾਣ। ਮੇਨ ਟਰਮੀਨਲ ਤੋਂ ਬੋਇੰਗ ਦੀ ਬਿਲਡਿੰਗ ਤੀਕ ਇਕ ਬੱਸ ਵਿਚ ਲਿਜਾਇਆ ਜਾਂਦਾ ਹੈ ਤੇ ਅਨੇਕਾਂ ਗਾਈਡ ਤੁਹਾਨੂੰ ਥਾਂ-ਥਾਂ ਤੇ ਗਾਈਡ ਕਰਦੇ ਹਨ। ਕਿਸੇ ਕਿਸਮ ਦਾ ਵੀ ਸਾਮਾਨ (ਸੈਲ ਫੋਨ ਸਮੇਤ) ਤੁਸੀਂ ਟੂਰ 'ਤੇ ਨਹੀਂ ਲਿਜਾ ਸਕਦੇ। ਕੇਵਲ ਦੋ ਡਾਲਰ ਦੇ ਕੇ ਤੁਹਾਨੂੰ ਲੌਕਰ ਮਿਲ ਜਾਂਦੇ ਹਨ ਜਿਨ੍ਹਾਂ ਵਿਚ ਤਸੀਂ ਆਪਣਾ ਕੀਮਤੀ ਸਾਮਾਨ ਰੱਖ਼ ਸਕਦੇ ਹੋ।ਇਹ ਟੂਰ ਸੱਤੇ ਦਿਨ ਸਵੇਰੇ ਨੌਂ

ਵਜੇ ਤੋਂ ਲੈ ਕੇ ਸ਼ਾਮ ਦੇ ਪੰਜ ਵਜੇ ਤੱਕ ਬਹੁਤ ਮਸਰੂਫ ਰਹਿੰਦੇ ਹਨ। ਬੋਇੰਗ ਕੰਪਨੀ ਨੂੰ ਉਦੋਂ ਹੈਰਾਨੀ ਹੋਈ ਜਦੋਂ 1968 ਵਿਚ ਇਸ ਫੈਕਟਰੀ ਦੇ ਖੁੱਲ੍ਹਣ ਉਪਰੰਤ ਅਮਰੀਕਾ ਅਤੇ ਦੁਨੀਆਂ ਭਰ ਦੇ ਲੋਕਾਂ ਨੇ ਇਸ ਫੈਕਟਰੀ ਨੂੰ ਦੇਖਣ ਦੀ ਇੱਛਾ ਜ਼ਾਹਰ ਕਰਨੀ ਸ਼ੁਰੂ ਕਰ ਦਿੱਤੀ ਸੀ। ਉਹ ਦੇਖਣਾ ਚਾਹੁੰਦੇ ਸਨ ਕਿ ਇਹ ਪਲੇਨ ਸ਼ੁਰੂ ਤੋਂ ਲੈ ਕੇ ਅਖੀਰ ਤੀਕ ਕਿਵੇਂ ਬਣਦੇ ਹਨ? ਕਈ ਟੰਨ ਭਾਰੇ ਇਹ ਸੁੰਦਰ ਪੰਛੀ ਕਿਵੇਂ ਹਵਾ ਵਿਚ ਉਡਣ ਯੋਗ ਬਣਾਏ ਜਾਂਦੇ ਹਨ ਆਦਿ? ਇਹੋ ਹੀ ਤਾਂ ਸਭ ਕੁਝ ਇਸ ਟੂਰ ਵੇਲੇ ਦਿਖਾਇਆ ਜਾਂਦਾ ਹੈ। 1968 ਵਿਚ ਉਨਤਾਲੀ ਹਜ਼ਾਰ ਲੋਕਾਂ ਨੇ ਜਦੋਂ ਇਹ ਫੈਕਟਰੀ ਮੁਫਤ ਵਿਚ ਦੇਖੀ ਤਾਂ ਬੋਇੰਗ ਕੰਪਨੀ ਨੇ ਇਸ ਨੂੰ ਪੈਸੇ ਕਮਾਉਣ ਦਾ ਸਾਧਨ ਵੀ ਮੰਨ ਲਿਆ। ਅੱਜਕੱਲ੍ਹ ਇਸ ਨੂੰ ਦੇਖਣ ਦਾ ਤਕੜਾ ਟਿਕਟ ਹੈ। ਕਈ ਟੂਰਿਸਟ ਕੰਪਨੀਆਂ ਦੁਨੀਆਂ ਭਰ ਤੋਂ ਸੈਲਾਨੀਆਂ ਨੂੰ ਇਹ ਫੈਕਟਰੀ ਦੇਖਣ ਲਈ ਲਿਆਉਂਦੀਆਂ ਹਨ। 2009 ਤੀਕ ਇਸ ਫੈਕਟਰੀ ਨੂੰ ਟਿਕਟ ਖਰਚ ਕੇ ਤਿੰਨ ਮਿਲੀਅਨ ਲੋਕ ਦੇਖ ਚੁੱਕੇ ਸਨ। ਕਈ ਪ੍ਰਸਿੱਧ ਸ਼ਖ਼ਸੀਅਤਾਂ ਵੀ ਇਥੇ ਆ ਚੁੱਕੀਆਂ ਹਨ ਤੇ ਰੋਜ਼ਾਨਾ ਆਉਂਦੀਆਂ ਹੀ ਰਹਿੰਦੀਆਂ ਹਨ।ਅਤੀਤ ਵਿਚ ਅਮਰੀਕੀ ਪਰਧਾਨ ਬਿੱਲ ਕਲਿੰਟਨ, ਕਿੰਗ ਹੁਸੈਨ ਔਫ ਜੌਰਡਨ, ਵਾਈਸ ਪਰੈਜ਼ੀਡੈਂਟ ਅੱਲ ਗੌਰ, ਪਰਿੰਸ ਐਂਡਰਿਊ ਔਫ਼ ਯੂ.ਕੇ, ਰੂਸ ਦੇ ਪਰਧਾਨ ਬੌਰਿਸ ਯੈਲਤਸਿਨ, ਚੀਨੀ ਪਰਧਾਨ ਜਿਆਂਗ ਜ਼ਮੀਂ, ਪਰਧਾਨ ਸੁਹਾਰਤੋ ਔਫ਼ ਇੰਡੋਨੇਸ਼ੀਆ, ਪਰਾਈਮ ਮਨਿਸਟਰ ਪਾਲ ਕੀਟਿੰਗ ਔਫ ਅਸਟਰੇਲੀਆ, ਮਲੇਸ਼ੀਆ ਦੇ ਪ੍ਰਧਾਨ ਮੰਤਰੀ ਮੁਹਾਥਰ ਮੁਹੰਮਦ, ਪਰਿੰਸ ਫਿਲਿਪ ਔਫ ਸਪੇਨ ਅਤੇ ਅਨੇਕਾਂ ਹੋਰ ਮਸ਼ਹੂਰ ਹਸਤੀਆਂ।

ਤੇਲ ਦੀਆਂ ਵਧਦੀਆਂ ਕੀਮਤਾਂ ਕਾਰਨ ਬੋਇੰਗ ਦੀ ਪੂਰੀ ਕੋਸ਼ਿਸ਼ ਹੈ ਕਿ ਭਵਿੱਖ ਵਿਚ ਘੱਟ ਤੋਂ ਘੱਟ ਤੇਲ ਖਾਣ ਵਾਲੇ ਜਹਾਜ਼ ਬਣਾਏ ਜਾਣ। ਬੋਇੰਗ ਕੰਪਨੀ ਇਸ ਮੁਹਿੰਮ ਵਿਚ ਕਾਮਯਾਬ ਹੋਈ ਹੈ ਕਿਉਂਕਿ ਇਸ ਦੇ ਆਧੁਨਿਕ ਜਹਾਜ਼ ਪੁਰਾਣੇ ਪਲੇਨਾਂ ਨਾਲੋਂ 70% ਘੱਟ ਤੇਲ ਵਰਤਦੇ ਹਨ। ਭਾਵ ਇਸ ਵੇਲੇ ਇਕ ਪੈਸੰਜਰ ਕੇਵਲ ਸਾਢੇ ਤਿੰਨ ਲਿਟਰ ਵਿਚ 100 ਕਿਲੋਮੀਟਰ ਦੇ ਖਰਚੇ ਤੇ ਸਫਰ ਕਰਦੇ ਹਨ। ਇਸ ਵੇਲੇ ਇਸ ਫੈਕਟਰੀ ਵਿਚ ਸਾਲਾਨਾ 921 ਜਹਾਜ਼ ਬਣਦੇ ਹਨ। ਭਾਵ ਰੋਜ਼ਾਨਾ ਔਸਤਨ ਦੋ ਜਹਾਜ਼ ਮੁਕੰਮਲ ਹੋ ਕੇ ਤਿਆਰ ਹੋ ਜਾਂਦੇ ਹਨ ਤੇ ਦੁਨੀਆਂ ਦੀਆਂ ਵੱਖ-ਵੱਖ ਹਵਾਈ ਕੰਪਨੀਆਂ ਨੂੰ ਆਰਡਰ ਅਨੁਸਾਰ ਦੇ ਦਿੱਤੇ ਜਾਂਦੇ ਹਨ। ਏਸ ਵੇਲੇ ਬੋਇੰਗ ਕੰਪਨੀ ਸਿਰਫ ਪੈਸੰਜਰ, ਕਾਰਗੋ ਤੇ ਮਿਲਟਰੀ ਪਲੇਨ ਹੀ ਨਹੀਂ ਬਣਾਉਂਦੀ। ਇਹ ਨਾਸਾ ਸਪੇਸ ਸਟੇਸ਼ਨ ਲਈ ਵੀ ਇੰਜਣ ਅਤੇ ਹੋਰ ਪਾਰਟ ਬਣਾਉਂਦੀ ਹੈ। ਸਾਨੂੰ ਇਨ੍ਹਾਂ ਜਹਾਜ਼ਾਂ ਦੀਆਂ ਕੀਮਤਾਂ ਦੇਖ ਕੇ ਵੀ ਬੜੀ ਹੈਰਾਨੀ ਹੋਈ ਕਿ ਇਹ ਕਿੰਨੇ ਮਹਿੰਗੇ ਹਨ। ਮਸਲਨ ਬੋਇੰਗ 786-9 ਜਹਾਜ਼ ਦੀ ਕੀਮਤ 227 ਮਿਲੀਅਨ ਡਾਲਰ ਤੇ 727 ਫਰੇਟਰ ਪਲੇਨ 280 ਮਿਲੀਅਨ ਡਾਲਰਾਂ ਦਾ ਹੈ। ਬੋਇੰਗ 737 ਸੱਠ ਮਿਲੀਅਨ ਤੋਂ ਲੈ ਕੇ ਇਕ ਸੌ ਇਕ ਮਿਲੀਅਨ ਡਾਲਰਾਂ ਤੀਕ ਦਾ ਹੈ। ਬੋਇੰਗ 747 333 ਮਿਲੀਅਨ ਡਾਲਰਾਂ ਦਾ ਹੈ। ਸਾਨੂੰ ਦੱਸਿਆ ਗਿਆ ਕਿ ਬੋਇੰਗ ਕੰਪਨੀ ਇਸ ਕੋਸ਼ਿਸ਼ ਵਿਚ ਹੈ ਕਿ ਕੰਨਕੋਰਡ, ਜਿਹੜਾ ਕਿ ਬੋਇੰਗ ਨੇ ਨਹੀਂ ਸੀ ਬਣਾਇਆ, ਤੋਂ ਵੱਧ ਤੇਜ਼ ਰਫਤਾਰ ਵਾਲਾ ਜਹਾਜ਼ ਬਣਾਵੇ ਪਰ ਇਸ ਪ੍ਰੋਜੈਕਟ ਉਤੇ ਏਨਾ ਖਰਚਾ ਆਵੇਗਾ ਕਿ ਇਸ ਦੀ ਕਮਰਸ਼ੀਅਲ ਵਾਇਏਬਿਲਿਟੀ ਨੂੰ ਚੰਗੀ ਤਰ੍ਹਾਂ ਘੋਖਣਾ ਪਵੇਗਾ।ਯਾਦ ਰਹੇ ਕੰਨਕੋਰਡ ਜਹਾਜ਼ ਅੱਜ ਕੱਲ ਅਜਾਇਬ ਘਰਾਂ ਦੀ ਜ਼ੀਨਤ ਹੀ ਬਣ ਕੇ ਰਹਿ

ਗਿਆ ਹੈ। ਇਕ ਤਾਂ ਇਹ ਕਮੱਰਸ਼ੀਅਲ ਤੌਰ ਤੇ ਬੜਾ ਮਹਿੰਗਾ ਪੈ ਰਿਹਾ ਸੀ ਤੇ ਬਚਦੀ ਕਸਰ ਪੈਰਿਸ ਵਿਚ ਹੋਏ ਇਕ ਭਿਆਨਕ ਹਵਾਈ ਹਾਦਸੇ ਨੇ ਕੱਢ ਦਿੱਤੀ ਸੀ।

ਮੈਨੂੰ ਖ਼ੁਸ਼ੀ ਹੋਈ ਕਿ ਸਾਡੀ ਇਹ ਤਿੰਨ ਪੁਸ਼ਤਾਂ (ਅਸੀਂ, ਸਾਡਾ ਪੁੱਤਰ ਅਤੇ ਪੋਤਾ) ਦੀ ਟੋਲੀ ਇਹ ਫੈਕਟਰੀ ਵੇਖਣ ਆਏ ਸਾਂ। 1970 ਵਿਚ ਮੈਂ ਆਪਣੀ ਮਾਂ ਨੂੰ ਕੰਨਕੌਰਡ ਜਹਾਜ਼ ਵਿਖਾਇਆ ਸੀ-ਲੰਡਨ ਵਿਚ। ਮੈਂ ਵਾਅਦਾ ਕੀਤਾ ਸੀ ਕਿ ਕਦੇ ਫਰਾਂਸ ਵਿਚ ਇਸ ਦੀ ਫੈਕਟਰੀ ਵੀ ਦੇਖਾਂਗੇ ਪਰ ਅਜਿਹਾ ਨਹੀਂ ਸੀ ਹੋ ਸਕਿਆ। ਕੰਨਕੌਰਡ ਭਾਵੇਂ ਹੁਣ ਖਤਮ ਹੋ ਗਿਆ ਹੈ ਪਰ ਹਵਾਈ ਦੁਨੀਆਂ ਦੀ ਟੈਕਨੋਲੌਜੀ ਵਿਚ ਦਿਨੋ ਦਿਨ ਵਾਧਾ ਹੋ ਰਿਹਾ ਹੈ। ਸਾਇੰਸ ਦੀ ਸਮਰੱਥਾ ਅਥਾਹ ਹੈ। ਮੇਰੀ ਮਾਂ ਵੇਲੇ ਜਹਾਜ਼ ਇਕ ਸੁਪਨੇ ਵਰਗੀ ਚੀਜ਼ ਸੀ। ਉਹ ਆਦਮੀ ਨੂੰ ਚੰਨ ਉੱਤੇ ਪੁੱਜਦਾ ਵੀ ਟੀ. ਵੀ. ਤੇ ਦੇਖ ਗਈ ਹੈ। ਸਾਡਿਆਂ ਵੇਲਿਆਂ ਵਿਚ ਏਵੀਏਸ਼ਨ ਨੇ ਬੜੀ ਤਰੱਕੀ ਕੀਤੀ ਹੈ। ਸਾਡੇ ਬੇਟੇ ਦੇ ਵੇਲਿਆਂ ਵਿਚ ਇਹ ਹੋਰ ਵੀ ਅੱਗੇ ਵਧ ਰਹੀ ਹੈ। ਮੇਰੇ ਪੋਤੇ ਨਿਹਾਲ ਦੇ ਵੇਲਿਆਂ ਵਿਚ ਇਹ ਕਿਤੇ ਤੋਂ ਕਿਤੇ ਪੁੱਜ ਜਾਵੇਗੀ। ਮਨੁੱਖੀ ਦਿਮਾਗ ਦੀਆਂ ਕਿੰਨੀਆਂ ਸੰਭਾਵਨਾਵਾਂ ਹਨ। ਇਹ ਗੱਲ ਅਸੀਂ ਭਲੀਭਾਂਤ ਜਾਣਦੇ ਹਾਂ। ਮਨੁੱਖ਼ੀ ਇਤਿਹਾਸ ਪੜ੍ਹ ਕੇ ਤਾਂ ਵੇਖੋ ਕਿ ਇਸ ਦੀਆਂ ਕਿੰਨੀਆਂ ਪ੍ਰਾਪਤੀਆਂ ਹਨ?

(2012)

# ਬਰਤਾਨੀਆਂ ਦੇ ਬੇਕਾਬੂ ਹੋ ਗਏ ਭੱਤੇ ਦੇਸ਼ ਦੀ ਆਰਥਿਕਤਾ ਲਈ ਖ਼ਤਰਾ

ਜਦੋਂ ਅਸੀਂ ਸੱਠਵਿਆਂ ਵਿਚ ਇੰਗਲੈਂਡ ਆਏ ਸਾਂ ਤਾਂ ਇਹ ਦੇਸ਼ ਅੱਜ ਵਰਗਾ ਨਹੀਂ ਸੀ। ਯੂਰਪੀਅਨ ਯੂਨੀਅਨ ਵੀ ਨਹੀਂ ਸੀ ਤੇ ਵੈਲਫੇਅਰ ਨੂੰ ਚੂਨਾ ਲਾਉਣ ਦੀ ਰੁਚੀ ਵੀ ਲੋਕਾਂ ਵਿਚ ਨਹੀਂ ਸੀ। ਇਮੀਗਰਾਂਟਸ ਦੀ ਗਿਣਤੀ ਨਿਹਾਇਤ ਘੱਟ ਸੀ ਤੇ ਯੂਰਪੀਨ ਦੇਸ਼ਾਂ ਵਿਚੋਂ ਤਾਂ ਕੋਈ ਆਉਂਦਾ ਹੀ ਨਹੀਂ ਸੀ। ਸੋਵੀਅਤ ਯੂਨੀਅਨ ਦੇ ਬਹੁਤੇ ਦੇਸ਼ ਗਰੀਬ ਸਨ ਪਰ ਉਨ੍ਹਾਂ ਨੂੰ ਪੱਛਮੀ ਦੇਸ਼ਾਂ ਵਿਚ ਜਾਣ ਦੀ ਇਜਾਜ਼ਤ ਨਹੀਂ ਸੀ। ਪਰ 1989 ਦੀ ਬਰਲਿਨ ਦੀ ਦੀਵਾਰ ਢਾਹੁਣ ਤੋਂ ਬਾਅਦ ਸੋਵੀਅਤ ਯੂਨੀਅਨ ਟੁੱਟ-ਭੱਜ ਗਿਆ। ਨਵੇਂ-ਨਵੇਂ ਆਜ਼ਾਦ ਈਸਟਰਨ ਬਲੌਕ ਦੇ ਦੇਸ਼ ਆਪਣੀ ਨਿਜਾਤ ਲਈ ਪੱਛਮੀ ਯੂਰਪ ਦੇ ਖੁਸ਼ਹਾਲ ਦੇਸ਼ਾਂ ਵੱਲ ਦੇਖਣ ਲੱਗੇ। 1945 ਭਾਵ ਦੂਜੀ ਵੱਡੀ ਜੰਗ ਦੇ ਖਤਮ ਹੋਣ ਤੋਂ ਬਾਅਦ ਪੱਛਮੀ ਦੇਸ਼ ਇਕ ਨਵੀਂ ਗੁੱਟਬੰਦੀ ਬਾਰੇ ਸੋਚਣ ਲੱਗੇ। ਅਗਰ ਇਸ ਸਾਰੇ ਇਕੱਠੇ ਹੋ ਜਾਂਦੇ ਹਨ ਤਾਂ ਸੋਵੀਅਤ ਯੂਨੀਅਨ ਦੀ ਤਾਕਤ ਨੂੰ ਠੱਲ੍ਹ ਪਾਈ ਜਾ ਸਕਦੀ ਸੀ। ਇਸ ਗੱਲ ਵਿਚ ਫਰਾਂਸ ਸਭ ਤੋਂ ਅੱਗੇ ਸੀ। ਪ੍ਰੰਤੂ ਕਿਉਂਕਿ ਫਰਾਂਸ ਇੰਗਲੈਂਡ ਦਾ ਮੁੱਢਲਾ ਦੁਸ਼ਮਣ ਸੀ, ਇਸ ਲਈ ਇਸ ਦੇ ਉਸ ਵੇਲੇ ਦੇ ਪ੍ਰਧਾਨ ਜਨਰਲ ਚਾਰਲਸ ਡੀ ਗਾਲ ਨੇ ਇਹਨੂੰ ਬਤੌਰ ਮੈਂਬਰ ਲੈਣ ਤੋਂ ਇਨਕਾਰ ਕਰ ਦਿੱਤਾ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਐਡਵਰਡ ਹੀਥ ਦੀਆਂ ਕੋਸ਼ਿਸ਼ਾਂ ਤੋਂ ਬਾਅਦ ਮਿਸਿਜ਼ ਮਾਰਗਰੇਟ ਥੈਚਰ ਦੇ ਵੇਲਿਆਂ ਵਿਚ ਅਸੀਂ ਯੂਰਪੀਅਨ ਦੇ ਮੈਂਬਰ ਬਣ ਗਏ। ਜਦੋਂ ਸੋਵੀਅਤ ਯੂਨੀਅਨ ਦਾ ਭੋਗ ਪੈ ਗਿਆ ਤਾਂ ਇਸ ਗੁੱਟ ਦੇ ਪੰਦਰਾਂ ਮੈਂਬਰਾਂ ਨੇ ਇਸ ਨੂੰ ਹੋਰ ਵੀ ਵੱਡਾ ਕਰਨ ਵਾਸਤੇ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ। ਇਨ੍ਹਾਂ ਦੀ ਅੱਖ ਸੋਵੀਅਤ ਯੂਨੀਅਨ ਦੇ ਬਲੌਕ ਦੇ ਕਮਜ਼ੋਰ ਦੇਸ਼ਾਂ ਵੱਲ ਗਈ ਤੇ ਉਨ੍ਹਾਂ ਦੇਸ਼ਾਂ ਨੇ ਵੀ ਆਪਣੇ ਭਲੇ ਲਈ E.E.C. (ਈ.ਈ.ਸੀ.) ਜੋਇਨ ਕਰਨਾ ਠੀਕ ਸਮਝਿਆ। ਹੁਣ ਸੁਖ ਨਾਲ 27 ਦੇਸ਼ ਇਸ ਦੇ ਮੈਂਬਰ ਹਨ। ਇਸ ਗੁੱਟ ਨੇ ਇੰਗਲੈਂਡ ਨੂੰ ਫਾਇਦੇ ਘੱਟ ਦਿੱਤੇ ਤੇ ਖਰਚੇ ਵੱਧ ਦੇ ਦਿੱਤੇ। ਇਸ ਵੇਲੇਂ ਸਾਡੀ ਮੈਂਬਰਸ਼ਿਪ ਦਾ ਖਰਚ 65 ਬਿਲੀਅਨ ਪੌਂਡ ਹੈ। ਭਾਵ ਦੇਸ਼ ਦਾ ਹਰੇਕ ਬੱਚਾ, ਬੁੱਢਾ ਅਤੇ ਜੁਆਨ ਇਕ ਹਜ਼ਾਰ ਪੌਂਡ ਪ੍ਰਤੀ ਵਰਸ਼ ਈ.ਈ.ਸੀ. ਦੀ ਮੈਂਬਰਸ਼ਿਪ ਦੀ ਫੀਸ ਭਰਦਾ ਹੈ। ਪ੍ਰੰਤੂ ਇਸ ਦੀ ਰੀਟਰਨ ਵਿਚ ਘੱਟ ਫਾਇਦਾ ਹੁੰਦਾ ਹੈ। ਮਸਲਿਨ ਐਗਰੀਕਲਚਰ ਦੀ ਬਰੱਸਲਜ਼ ਤੋਂ ਮਿਲਦੀ ਸਬਸਿਡੀ ਉਹ ਦੇਸ਼ ਵਧੇਰੇ ਲੈ ਜਾਂਦੇ ਹਨ ਜਿੱਥੇ ਖੇਤੀਬਾੜੀ ਪ੍ਰਧਾਨ ਹੈ ਤੇ ਵਾਹੀਯੋਗ ਜ਼ਮੀਨ ਜ਼ਿਆਦਾ ਹੈ। ਇਸ ਤੋਂ ਇਲਾਵਾ ਇੰਗਲੈਂਡ ਉਤੇ ਹੋਰ ਵੀ ਵਧੇਰੇ ਕਾਨੂੰਨ ਉਹ ਠੋਸੇ ਜਾ ਰਹੇ ਹਨ ਜਿਨ੍ਹਾਂ ਕਰਕੇ ਸਾਨੂੰ ਹੋਰ ਵੀ

ਮੁਸੀਬਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੰਗਲੈਂਡ ਨੇ ਜਦੋਂ ਈ.ਈ.ਸੀ. ਨੂੰ ਜੋਇਨ ਕੀਤਾ ਸੀ ਤਾਂ ਇਹਨੂੰ ਆਸ ਸੀ ਕਿ ਇਹ ਯੂਰਪੀਨ ਦੇਸ਼ਾਂ ਨੂੰ 600 ਬਿਲੀਅਨ (ਇਕ ਹਜ਼ਾਰ ਮਿਲੀਅਨ ਦਾ ਇਕ ਬਿਲੀਅਨ ਬਣਦਾ ਹੈ) ਦਾ ਵਿਓਪਾਰ ਪ੍ਰਤੀ ਵਰਸ ਮਿਲ ਸਕੇਗਾ। ਪਰ ਇਸ ਹਿੰਦਸੇ ਤੀਕ ਆਪਾਂ ਅਜੇ ਤੀਕ ਤਾਂ ਪੱਜੇ ਹੀ ਨਹੀਂ। ਇਸੇ ਕਰਕੇ ਗਾਹੇ-ਵਗਾਹੇ ਬਰਤਾਨੀਆ ਦੇ ਲੋਕ ਇਹ ਕਹਿੰਦੇ ਹੀ ਰਹਿੰਦੇ ਹਨ ਕਿ ਆਪਾਂ ਨੂੰ ਈ.ਈ.ਸੀ. ਵਿਚੋਂ ਬਾਹਰ ਨਿਕਲ ਆਉਣਾ ਚਾਹੀਦਾ ਹੈ। ਖਾਸ ਕਰਕੇ ਉਦੋਂ ਤੋਂ ਜਦੋਂ ਤੋਂ ਗਰੀਸ, ਪੁਰਤਗਾਲ ਅਤੇ ਆਇਰਲੈਂਡ ਦੇ ਅਰਥਚਾਰੇ ਬਾਰੇ ਖਬਰਾਂ ਆਉਣ ਲੱਗੀਆਂ ਹਨ। ਇਨ੍ਹਾਂ ਦੇਸ਼ਾਂ ਨੂੰ ਮੰਦੇ ਆਰਥਿਕ ਦੌਰ 'ਚੋਂ ਬਾਹਰ ਕੱਢਣ ਲਈ ਬਰਤਾਨੀਆ ਨੂੰ ਵੀ ਬਰਾਬਰ ਦਾ ਹਿੱਸਾ ਦੇਣਾ ਪਿਆ ਸੀ।

ਜਦੋਂ ਕੰਜ਼ਰਵੇਟਿਵ ਪਾਰਟੀ ਨੇ ਇਲੈਕਸ਼ਨਾਂ ਲੜੀਆਂ ਸਨ ਤਾਂ ਡੇਵਿਡ ਕੈਮਰਾਨ ਨੇ ਵਾਅਦਾ ਕੀਤਾ ਸੀ ਕਿ ਉਨ੍ਹਾਂ ਦਾ ਪਹਿਲਾਂ ਕੰਮ ਯੂਰਪ ਦੀ ਸਾਂਝੀ ਮੰਡੀ ਦੀ ਮੈਂਬਰਸ਼ਿਪ ਬਾਰੇ ਰੀਫਰੈਂਡਮ ਕਰਾਉਣਾ ਹੋਵੇਗਾ ਪਰ ਉਹ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਅਜੇ ਤੀਕ ਅਜਿਹਾ ਨਹੀਂ ਕਰ ਸਕਿਆ। ਇਸ ਦੀ ਮੁੱਖ ਵਜ੍ਹਾ ਟੋਰੀ ਪਾਰਟੀ ਦੀ ਬਹੁ-ਸੰਮਤੀ ਨਾ ਹੋਣਾ ਹੈ। ਉਹ ਲਿਬਰਲ ਡੈਮੋਕਰੈਟ ਪਾਰਟੀ ਨਾਲ ਕੋਅਲੀਸ਼ਨ ਵਿਚ ਹਨ। ਉਂਝ ਵੀ ਕੁਝ ਟੋਰੀ ਪਾਰਲੀਮੈਂਟਰੀਅਨ ਯੂਰਪ ਦਾ ਖਹਿੜਾ ਨਹੀਂ ਛੱਡਣਾ ਚਾਹੁੰਦੇ। ਜਾਤੀ ਤੌਰ 'ਤੇ ਵੀ ਡੇਵਿਡ ਕੈਮਰਾਨ ਹਿਚਕਚਾਹਟ ਕਰਦੇ ਹਨ। ਜਦੋਂ ਉਨ੍ਹਾਂ ਨੂੰ ਹੁਣੇ ਹੁਣੇ ਪੁੱਛਿਆ ਗਿਆ ਕਿ ਬਰਤਾਨੀਆ ਦਾ ਯੂਰਪ ਵਿਚ ਕੀ ਭਵਿੱਖ ਹੈ ਤਾਂ ਡੇਵਿਡ ਕੈਮਰਾਨ ਨੇ ਕਿਹਾ ਕਿ ਚੰਗਾ ਇਹੋ ਹੈ ਕਿ ਅਸੀਂ ਰਹੀਏ ਏਸ ਮੰਡੀ ਵਿਚ ਹੀ ਪਰ ਅਸੀਂ ਬਰੱਸਲ (ਈ.ਈ.ਸੀ. ਦਾ ਹੈਡਕੁਆਟਰ) ਤੋਂ ਕਈ ਰਿਆਇਤ ਲੈ ਲਈਏ। ਪਰ ਫਿਰ ਉਨ੍ਹਾਂ ਕਿਹਾ ਕਿ ਅਗਰ ਅਸੀਂ ਇਹ ਰਿਆਇਤਾਂ ਨਾ ਲੈ ਸਕੀਏ ਤਾਂ ਬਿਹਤਰ ਹੈ ਕਿ ਅਸੀਂ ਇਸ ਗੁੱਟ ਨੂੰ ਜਿਸ ਨੂੰ ਅਸੀਂ 1973 ਵਿਚ ਜੋਇਨ ਕੀਤਾ ਸੀ, ਅਲਵਿਦਾ ਕਹਿ ਦੇਈਏ। ਕੁਝ ਟੋਰੀ ਐਮ.ਪੀ. ਕਹਿੰਦੇ ਹਨ ਕਿ ਰੀਫਰੈਂਡਮ (ਰਾਏ ਸ਼ੁਮਾਰੀ) ਕਰਾਉਣੀ ਜ਼ਰੂਰੀ ਹੈ ਜਿਸ ਵਿਚ ਦੋ ਸਵਾਲ ਪੁੱਛੇ ਜਾਣ- (1) ਕੀ ਸਾਨੂੰ ਯੂਰਪੀਨ ਮੰਡੀ 'ਚੋਂ ਉਕਾ ਚੁੱਕਾ ਬਾਹਰ ਨਿਕਲ ਆਉਣਾ ਚਾਹੀਦਾ ਹੈ? (2) ਕੀ ਸਾਨੂੰ ਯੂਰਪੀਨ ਮੰਡੀ ਵਿਚ ਹੀ ਰਹਿਣਾ ਚਾਹੀਦਾ ਹੈ ਤੇ ਇਸ ਕੋਲੋਂ ਹੋਰ ਰਿਆਇਤਾਂ ਲੈਣੀਆਂ ਚਾਹੀਦੀਆਂ ਹਨ ਤੇ ਚੰਦੇ ਦੀ ਕਟੌਤੀ ਦੀ ਮੰਗ ਕਰਨੀ ਚਾਹੀਦੀ ਹੈ? ਅਗਰ ਇੰਝ ਨਹੀਂ ਹੁੰਦਾ ਤਾਂ ਕੰਜ਼ਰਵੇਟਿਵ ਪਾਰਟੀ ਦੇ ਬਹੁਤ ਸਾਰੇ ਮੈਂਬਰ ਯੁਕਿੱਪ ਪਾਰਟੀ ਵਿਚ ਸ਼ਾਮਲ ਹੋ ਜਾਣਗੇ। ਯੂਕਿੱਪ ਇਕਦਮ ਬਰਤਾਨੀਆ ਨੂੰ ਯੂਰਪ 'ਚੋਂ ਬਾਹਰ ਕੱਢਣ ਦਾ ਵਾਅਦਾ ਕਰਦਾ ਹੈ। ਯੁਕੱਪ (UKIP) ਪਾਰਟੀ ਇਹ ਵੀ ਕਹਿੰਦੀ ਹੈ ਕਿ ਉਹ ਸਾਰੇ ਨਵੇਂ ਇਮੀਗਰਾਂਟਸ ਨੂੰ ਯੂ.ਕੇ. ਵਿਚ ਦਾਖਲ ਹੋਣ ਤੋਂ ਰੋਕ ਦੇਵੇਗੀ। ਕਈ ਟੋਰੀ ਮੈਂਬਰ ਇਹ ਮਹਿਸੂਸ ਕਰਦੇ ਹਨ ਕਿ ਕੰਜ਼ਰਵੇਟਿਵ ਪਾਰਟੀ ਏਨੀ ਰਾਈਟ੍ਹ ਵਿੰਗ ਨਹੀਂ ਰਹੀ। ਇਹ ਲਿਬਰਲ ਡੈਮੋਕਰੈਟ ਦੇ ਪ੍ਰਭਾਵ ਹੇਠ ਆ ਕੇ ਸੋਸ਼ਲਿਸਟ ਆਈਡੀਅਲਜ਼ ਨੂੰ ਅਪਣਾਉਂਦੀ ਜਾ ਰਹੀ ਹੈ।

ਇੰਗਲੈਂਡ ਦੀ ਆਰਥਿਕਤਾ ਦੀ ਸਾਰੀ ਬਹਿਸ ਵਿਚ ਇਮੀਗਰੇਸ਼ਨ ਦਾ ਬਹੁਤ ਬੜਾ ਰੋਲ ਹੈ। ਜਦੋਂ ਇਮੀਗਰੇਸ਼ਨ ਦੀ ਬਹਿਸ ਚੱਲਦੀ ਹੈ ਤਾਂ ਇਸ ਦਾ ਮੁੱਖ ਧੁਰਾ ਰੰਗਦਾਰ ਅਤੇ ਕਾਲੇ ਇਮੀਗਰਾਂਟਸ ਹਨ ਨਾ ਕਿ ਈਸਟਰਨ ਯੂਰੀਪਨ ਦੇਸ਼ਾਂ ਦੇ ਇਮੀਗਰਾਂਟਸ ਹਨ। ਹਾਲਾਂਕਿ ਮੌਜੂਦਾ ਹਾਲਤ ਇਹ ਹੈ ਕਿ ਈਸਟਰਨ ਯੂਰਪ ਤੋਂ ਆ ਰਹੇ ਲੋਕ ਇੰਗਲਿਸਤਾਨ ਦੇ ਅਰਥਚਾਰੇ

ਨੂੰ ਵਧੇਰੇ ਰਗੜਾ ਲਗਾ ਰਹੇ ਹਨ ਤੇ ਇਨ੍ਹਾਂ ਵਿਚ ਜਰਾਇਮ ਪੇਸ਼ਾ ਵੀ ਸ਼ਾਮਿਲ ਹਨ। ਈ.ਈ.ਸੀ. ਦੇ ਡਾਇਰੈਕਟਿਵ ਹੇਠ ਪੋਲੈਂਡ ਆਦਿ ਤੋਂ ਆਉਣ ਵਾਲੇ ਲੋਕ ਚਾਈਲਡ ਅਲਾਊਂਸ ਲੈਣ ਦੇ ਵੀ ਹੱਕਦਾਰ ਹਨ ਭਾਵੇਂ ਇਹ ਬੱਚੇ ਆਪਣੇ ਜੱਦੀ ਦੇਸ਼ ਵਿਚ ਵੀ ਕਿਉਂ ਨਾ ਰਹਿੰਦੇ ਹੋਣ। ਉਪਰੰਤ ਐਵੇਂ ਦੋ ਘੰਟਿਆਂ ਜਾਂ ਇਸ ਤੋਂ ਘੱਟ ਦੀ ਫਲਾਈਟ ਰਾਹੀਂ ਆਉਣ ਵਾਲੇ ਲੋਕ ਛੇਤੀ ਛੇਤੀ ਆਪਣੇ ਦੇਸ਼ਾਂ ਦਾ ਗੇੜਾ ਮਾਰਦੇ ਹਨ ਤੇ ਪੈਸੇ ਛੱਡ ਆਉਂਦੇ ਹਨ। ਕੁਝ ਅਰਥ ਸ਼ਾਸ਼ਤਰੀ ਕਹਿੰਦੇ ਹਨ ਕਿ ਇੰਗਲੈਂਡ ਦੀ ਆਰਥਿਕ ਹਾਲਤ ਵੀ ਪੁਰਤਗਾਲ ਅਤੇ ਗਰੀਸ ਵਰਗੀ ਹੋਣ ਹੀ ਵਾਲੀ ਹੈ ਕਿਉਂਕਿ ਈ.ਈ.ਸੀ. ਦੇ ਮੁਲਕਾਂ ਤੋਂ ਆਉਂਦੇ ਲੋਕਾਂ ਤੋਂ ਇਲਾਵਾ ਏਸੀਆ ਅਤੇ ਅਫਰੀਕਾ ਤੋਂ ਆਉਂਦੇ ਇੱਲੀਗਲ ਇਮੀਗਰਾਂਟਸ ਨਾ ਤਾਂ ਕੋਈ ਇਥੇ ਟੈਕਸ ਹੀ ਦਿੰਦੇ ਹਨ ਤੇ ਨਾ ਹੀ ਕਿਸੇ ਕਿਸਮ ਦਾ ਵੀ ਆਰਥਿਕ ਯੋਗਦਾਨ ਇਕ ਕੰਟਰੀ ਦੀ ਇਕੌਨੋਮੀ ਵਿਚ ਪਾਉਂਦੇ ਹਨ। ਇਸ ਤੋਂ ਉਲਟ ਉਹ ਇਕ ਇਕ ਪੈਨੀ ਵੀ ਇੰਡੀਆ, ਪਾਕਿਸਤਾਨ, ਬੰਗਲਾ ਦੇਸ਼, ਸ੍ਰੀ ਲੰਕਾ ਤੇ ਅਫਰੀਕਨ ਦੇਸ਼ਾਂ ਨੂੰ ਭੇਜ ਦਿੰਦੇ ਹਨ। ਏਨਾ ਸਰਮਾਇਆ ਏਸ ਦੇਸ਼ ਵਿੱਚੋਂ ਬਾਹਰ ਨਿਕਲਣ ਦਾ ਮਤਲਬ ਕੇਵਲ ਇਕੋ ਹੈ- ਦੀਵਾਲਾ। ਇਸ ਦਾ ਮਤਲਬ ਇਹ ਨਹੀਂ ਹੈ ਕਿ ਲੋਕਾਂ ਦੇ ਏਨੇ ਪੈਸੇ ਬਾਹਰ ਭੇਜਣ ਨਾਲ ਹੀ ਇਹ ਕੁਝ ਹੋ ਜਾਣਾ ਹੈ। ਇਥੇ ਹੋਰ ਵੀ ਕਈ ਵਜੂਹਾਤ ਹਨ ਇੰਝ ਹੋ ਜਾਣ ਦੇ ਜਿਨ੍ਹਾਂ ਬਾਰੇ ਅਸੀਂ ਅੱਗੇ ਜਾ ਕੇ ਗੱਲ ਕਰਾਂਗੇ।

ਮੌਜੂਦਾ ਕੋਅਲੀਸ਼ਨ ਸਰਕਾਰ ਦਾ ਟੀਚਾ ਸੀ ਕਿ ਗੈਰ ਈ.ਈ.ਸੀ. ਦੇਸ਼ਾਂ 'ਚੋਂ ਹੋ ਰਹੀ ਇਮੀਗਰੇਸ਼ਨ ਨੂੰ ਬਹੁਤ ਹੀ ਘਟਾ ਦਿੱਤਾ ਜਾਵੇਗਾ। ਤੀਹ ਦਸੰਬਰ 2012 ਵਾਲੇ ਦਿਨ ਛਾਇਆ ਕੀਤੀ ਗਈ ਰਿਪੋਰਟ ਤੋਂ ਪਤਾ ਚੱਲਦਾ ਹੈ ਕਿ 2011 ਦੇ ਵਰ੍ਹੇ ਵਿਚ ਇਥੇ 215 ਲੱਖ ਲੋਕੀਂ ਨੈੱਟ ਸੈਟਲ ਹੋਏ ਸਨ। 2012 ਵਿਚ ਇਹ ਦੋ ਲੱਖ ਤੋਂ ਸ਼ਾਇਦ ਹੀ ਘੱਟ ਹੋਵੇ। ਜਿਹੜੀ ਗਿਣਤੀ ਘਟੀ ਵੀ ਹੈ, ਉਹ ਇਸ ਕਰਕੇ ਹੈ ਕਿ ਸਰਕਾਰ ਨੇ ਸਟੂਡੈਂਟਾਂ ਦੇ ਆਉਣ ਉਤੇ ਸਖ਼ਤੀ ਕਰ ਦਿੱਤੀ ਹੈ। ਅੱਜ ਕੱਲ੍ਹ 2011 ਨਾਲੋਂ 26% ਘੱਟ ਵਿਦਿਆਰਥੀ ਇਥੇ ਆਉਣ ਲਈ ਅਪਲਾਈ ਕਰਦੇ ਹਨ ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਬਹੁਤੇ ਵਿਦਿਆਰਥੀ ਵਿਦਿਆਰਥੀ ਹੈ ਹੀ ਨਹੀਂ ਸਨ। ਉਹ ਇਕਨੌਮਿਕ ਇਮੀਗਰਾਂਟਸ ਸਨ। ਉਪਰੰਤ ਸਰਕਾਰ ਨੇ ਇਹ ਵੀ ਕਰ ਰੱਖਿਆ ਸੀ ਕਿ ਇਕ ਸਟੂਡੈਂਟ ਆਪਣੀ ਮੰਗੇਤਰ ਜਾਂ ਵਾਈਫ ਜਾਂ ਹਸਬੈਂਡ ਨੂੰ ਵੀ ਲਿਆ ਸਕਦੀ ਸੀ। ਇਹੋ ਜਿਹੇ ਜੀਵਨ ਸਾਥੀ ਆਮ ਕਰਕੇ ਬਹੁਤੇ ਕੁਆਲੀਫਾਈਡ ਲੋਕ ਨਹੀਂ ਹੁੰਦੇ। ਸਿੱਟਾ ਇਹ ਨਿਕਲਿਆ ਹੈ ਕਿ ਗੈਰ ਹੁਨਰਮੰਦ ਲੋਕ ਇਥੇ ਫੁੱਲ ਟਾਈਮ ਜੌਬਾਂ ਲੈਣ ਦੇ ਹੱਕਦਾਰ ਹੋ ਗਏ ਹਨ। ਲੇਖਾ ਜੋਖਾ ਕਰਨ ਉਪਰੰਤ ਸਟੂਡੈਂਟਾਂ ਉਤੇ ਕੀਤੀ ਗਈ ਸਖਤੀ ਕਾਰਨ ਨੈੱਟ ਇਮੀਗਰੇਸ਼ਨ ਦੀ ਗਿਣਤੀ ਇਕ ਲੱਖ ਚਾਲੀ ਹਜ਼ਾਰ ਤੀਕ ਵੀ ਡਿੱਗ ਸਕਦੀ ਹੈ। ਮਗਰ ਜਦੋਂ 2015 ਵਿਚ ਚੋਣਾ ਹੋਈਆਂ ਹਨ ਤੇ ਇਹ ਗਿਣਤੀ ਫੇਰ ਵਧ ਜਾਣੀ ਹੈ ਕਿਉਂਕਿ ਕੁਲੀਸ਼ਨ ਪਾਰਟਨਰਜ਼ ਲਿਬਰਲ ਡੈਮੋਕਰੈਟਸ ਨੇ ਹੋਰ ਇਮੀਗਰੇਸ਼ਨ ਲਈ ਪ੍ਰੈਸ਼ਰ ਪਾਉਣਾ ਸ਼ੁਰੂ ਕਰ ਦੇਣਾ ਹੈ।

ਸਨਅਤਕਾਰੀ ਦੇਸ਼ਾਂ ਵਿਚ ਤੇਲ ਦਾ ਭਾਅ ਇਕ ਵਿਸ਼ੇਸ਼ ਰੋਲ ਅਦਾ ਕਰਦਾ ਹੈ। ਅਗਰ ਤੇਲ ਦੀਆਂ ਕੀਮਤਾਂ ਵੱਧ ਜਾਣ ਤਾਂ ਵਸਤਾਂ ਦੀ ਪ੍ਰੋਡਕਸ਼ਨ ਵੀ ਮਹਿੰਗੀ ਹੋ ਜਾਂਦੀ ਹੈ ਤੇ ਇਸ ਨੂੰ ਇਕ ਥਾਂ ਤੋਂ ਦੂਜੇ ਤੀਕ ਘੱਲਣਾ ਵੀ ਮਹਿੰਗਾ ਹੋ ਜਾਂਦਾ ਹੈ। ਇਥੋਂ ਤੀਕ ਕਿ ਕਾਮਿਆਂ ਲਈ ਅਗਰ ਟਰਾਂਸਪੋਰਟ ਮਹਿੰਗੀ ਹੋ ਜਾਵੇ ਤਾਂ ਉਨ੍ਹਾਂ ਦੇ ਵੇਤਨ ਵਧਾਉਣ ਦੀ ਵੀ ਲੋੜ ਪੈ ਸਕਦੀ

ਹੈ। ਇੰਗਲੈਂਡ ਵਿਚ ਤੇਲ ਦੀ ਕੀਮਤ ਯੂਰਪ ਦੇ ਬਾਕੀ ਦੇਸ਼ਾਂ ਵਿਚ ਵਿਕਦੇ ਤੇਲ ਨਾਲੋਂ ਕਿਤੇ ਵੱਧ ਹੈ। ਇਸ ਦਾ ਮੁੱਖ ਕਾਰਨ ਇਹ ਹੈ ਕਿ ਬਰਤਾਨਵੀ ਸਰਕਾਰ ਪੈਟਰੋਲ ਅਤੇ ਡੀਜ਼ਲ ਉਤੇ ਟੈਕਸ ਲਗਾ ਕੇ ਵੱਧ ਤੋਂ ਵੱਧ ਪੈਸੇ ਇਕੱਠੇ ਕਰਨ ਵੱਲ ਲੱਗੀ ਹੋਈ ਹੈ। ਅੱਜ ਕੱਲ੍ਹ ਇੰਗਲੈਂਡ ਵਿਚ ਇਕ ਲੀਟਰ ਡੀਜ਼ਲ ਦੀ ਕੀਮਤ ਇਕ ਪੌਂਡ 43 ਪੈਂਸ ਹੈ। ਇਸ ਵਿਚੋਂ 81 ਪੈਂਸ ਬਤੌਰ ਟੈਕਸ ਦੇ ਬਰਤਾਨਵੀ ਸਰਕਾਰ ਨੂੰ ਜਾਂਦਾ ਹੈ। ਭਾਵ ਡੀਜ਼ਲ ਅਤੇ ਪੈਟਰੋਲ ਉਤੇ ਤਕਰੀਬਨ 57% ਟੈਕਸ ਹੈ। ਇੰਗਲੈਂਡ ਨੌਰਥ ਸੀਅ (North Sea) 'ਚੋਂ ਤੇਲ ਕੱਢਦਾ ਹੈ ਪਰ ਇਸ ਦੀ ਬਜਾਇ ਕਿ ਉਹ ਇਸ ਤੇਲ ਨੂੰ ਇਥੋਂ ਦੇ ਡਰਾਈਵਰਾਂ ਨੂੰ ਸਸਤੇ ਭਾਅ ਵੇਚੇ, ਇਹ ਆਪਣਾ ਪੈਟਰੋਲ ਉਸੇ ਭਾਅ ਉਤੇ ਰੱਖ ਕੇ ਤੇ ਤਕੜਾ ਟੈਕਸ ਲਾ ਕੇ ਵੇਚਦਾ ਹੈ। ਇਸ ਮਹਿੰਗੇ ਤੇਲ ਦੀ ਵਜ੍ਹਾ ਕਰਕੇ ਇੰਗਲੈਂਡ ਵਿਚ ਮਹਿੰਗਾਈ ਦਾ ਦਰ ਥੱਲੇ ਨਹੀਂ ਜਾਂਦਾ। ਹਰੇਕ ਸਾਲਾਨਾ ਬਜਟ ਵਿਚ ਤੇਲ ਉਤੇ ਟੈਕਸ ਵਧਾ ਦਿੱਤਾ ਜਾਂਦਾ ਹੈ। ਉਂਝ ਵੀ ਕਿਉਂਕਿ ਔਇਲ ਪਰੋਡਿਊਸਿੰਗ ਕੰਟਰੀਜ਼ ਦਾ ਗਰੁੱਪ ਇਕਮੁੱਠ ਹੋਇਆ ਹੋਇਆ ਹੈ ਇਸ ਲਈ ਤੇਲ ਦੀ ਕੀਮਤ ਨਾਵਾਜਬ ਹੈ।

ਕਿਸੇ ਵੀ ਦੇਸ਼ ਵਾਸਤੇ ਉਸ ਦੇ ਪੜ੍ਹੇ-ਲਿਖੇ ਤੇ ਆਹਲਾ ਦਿਮਾਗ ਲੋਕ ਉਸ ਦਾ ਸਰਮਾਇਆ ਹੁੰਦੇ ਹਨ। ਅਗਰ ਇਹੋ ਹੀ ਦੇਸ਼ ਛੱਡ ਕੇ ਜਾਣ ਲੱਗ ਪੈਣ ਤਾਂ ਜ਼ਾਹਿਰ ਹੈ ਕਿ ਇਹ ਗੱਲ ਸਬੰਧਤ ਦੇਸ ਵਾਸਤੇ ਇਕ ਘਾਟੇ ਵਾਲਾ ਸੌਦਾ ਹੈ। ਜਿਸ ਤਰ੍ਹਾਂ ਭਾਰਤ ਦੇ ਵਧੀਆ ਇੰਜੀਨੀਅਰ, ਡਾਕਟਰ, ਸਰਜਨ, ਆਈ.ਟੀ. ਸਪੈਸ਼ਲਿਸਟ ਆਪਣੀ ਕਿਸਮਤ ਅਜ਼ਮਾਈ ਕੈਨੇਡਾ ਅਤੇ ਅਮਰੀਕਾ ਵਿਚ ਕਰਨਾ ਚਾਹੁੰਦੇ ਹਨ। ਇਸੇ ਤਰ੍ਹਾਂ ਇੰਗਲੈਂਡ ਦੇ ਜੰਮਪਲ ਲੋਕ ਵੀ ਇਸ ਮਹਿੰਗੇ ਅਤੇ ਟੈਕਸ ਪੱਖੋਂ ਉੱਚੇ ਦੇਸ਼ ਨੂੰ ਛੱਡਣਾ ਚਾਹੁੰਦੇ ਹਨ। ਬਲਕਿ ਕਹਿਣਾ ਚਾਹੀਦਾ ਹੈ ਕਿ ਅਸੀਂ ਔਸਤਨ 1500 ਗਰੈਜੂਏਟ, ਪੋਸਟ ਗਰੈਜੂਏਟ, ਮੈਨੇਜਰ, ਸਾਇੰਸਦਾਨ ਅਤੇ ਹੋਰ ਅਤੀ ਕਾਬਲ ਲੋਕ ਹਰ ਹਫ਼ਤੇ ਗੁਆ ਰਹੇ ਹਾਂ। ਇਹ ਲੋਕ ਅਮਰੀਕਾ, ਆਸਟਰੇਲੀਆ, ਕੈਨੇਡਾ ਅਤੇ ਹੋਰ ਲੋਅ ਟੈਕਸ ਵਾਲੇ ਤੇ ਵਧੀਆ ਤਨਖਾਹਾਂ ਵਾਲੇ ਦੇਸ਼ਾਂ ਨੂੰ ਜਾ ਰਹੇ ਹਨ। ਇਹ ਆਹਲਾ ਦਿਮਾਗ ਲੋਕਾਂ ਦੀ ਐਮੀਗਰੇਸ਼ਨ (Emigration) ਨੂੰ ਬਰੇਨ ਡਰੇਨ ਆਖਦੇ ਹਨ। ਇਹ ਇੰਗਲੈਂਡ ਦੇ ਭਵਿੱਖ ਵਾਸਤੇ ਚੰਗੀ ਗੱਲ ਨਹੀਂ ਹੈ। 2010 ਦੇ ਵਰ੍ਹੇ ਵਿਚ 75 ਹਜ਼ਾਰ ਪ੍ਰੋਫੈਸ਼ਨਲ ਲੋਕ ਯੂ.ਕੇ. ਨੂੰ ਅਲਵਿਦਾ ਕਹਿ ਚੁੱਕੇ ਹਨ। ਵੱਡੇ-ਵੱਡੇ ਬ੍ਰਿਟਿਸ਼ ਬਿਜ਼ਨਸ ਅਦਾਰੇ ਕਹਿ ਰਹੇ ਹਨ ਕਿ ਇਥੋਂ ਜਾਣ ਵਾਲੇ ਪ੍ਰੋਫੈਸ਼ਨਲ ਲੋਕ ਘੱਟ ਟੈਕਸ, ਵਧੀਆ ਸਹੂਲਤਾਂ, ਵਧੀਆ ਮਾਹੌਲ ਅਤੇ ਸਸਤੀਆਂ ਰੋਜ਼ਮਰਾਂ ਦੀਆਂ ਵਸਤਾਂ ਵੱਲ ਆਕਰਸ਼ਿਤ ਹੁੰਦੇ ਹਨ। ਉਦਾਹਰਣ ਵਜੋਂ ਤੇਲ ਕਾਰਨ ਅਮੀਰ ਹੋ ਗਏ ਮਿਡਲ ਈਸਟ ਦੇ ਦੇਸ਼ ਪ੍ਰੋਫੈਸ਼ਨਲ ਲੋਕਾਂ ਤੋਂ ਕੋਈ ਇਨਕਮ ਟੈਕਸ ਨਹੀਂ ਲੈਂਦੇ। ਅਮਰੀਕਾ ਵਿਚ ਤੇਲ ਸਸਤਾ ਹੈ ਤੇ ਖੁੱਲ੍ਹੇ ਘਰ ਅਤੇ ਅਮੀਰ ਵਾਤਾਵਰਣ ਹੈ। ਇਸੇ ਤਰ੍ਹਾਂ ਕੈਨੇਡਾ ਹੈ। ਭਾਵੇਂ ਕਿ ਇੰਗਲੈਂਡ ਦੇ ਵੈਲੇਫਅਰ ਸਿਸਟਮ ਨੂੰ ਤੇ ਨੈਸ਼ਨਲ ਹੈਲਥ ਸਰਵਿਸ ਨੂੰ ਕੋਈ ਦੇਸ਼ ਵੀ ਮਾਤ ਨਹੀਂ ਪਾ ਸਕਦਾ। ਸ਼ਾਇਦ ਇਹੋ ਦੋ ਚੀਜ਼ਾਂ ਵੀ ਇੰਗਲੈਂਡ ਨੂੰ ਲੈ ਬੈਠਣਗੀਆਂ। ਐਨ.ਐਚ.ਐਸ. ਅਤੇ ਵੈਲਫੇਅਰ ਦਾ ਸਾਲਾਨਾ ਬਜਟ ਤਕਰੀਬਨ 200 ਬਿਲੀਅਨ ਪੌਂਡ ਹੈ ਜਦਕਿ ਟੈਕਸ ਦੀ ਉਗਰਾਹੀ ਏਨੀ ਨਹੀਂ ਹੋ ਰਹੀ। ਵੈਲਫੇਅਰ ਅਤੇ ਐਨ.ਐਚ.ਐਸ. ਵਿਚ ਹੁੰਦੀ ਹੇਰਾਫੇਰੀ ਦੇਸ਼ ਨੂੰ ਚੰਗੀ ਤਰ੍ਹਾਂ ਰਗੜਾ ਲਾ ਰਹੀ ਹੈ। ਗਰੀਬ ਲੋਕਾਂ ਨੂੰ ਦਿੱਤਾ ਜਾਂਦਾ ਕਰੋੜਾਂ ਦਾ ਲੀਗਲ ਏਡ ਵੀ ਦੇਸ਼ ਨੂੰ ਚੰਗਾ ਰਗੜਾ ਲਗਾ ਰਿਹਾ ਹੈ। ਇਸੇ

ਤਰ੍ਹਾਂ ਇਹ ਦੇਸ਼ ਗਿਆਰਾਂ ਬਿਲੀਅਨ ਪੌਂਡ ਪ੍ਰਤੀ ਵਰਸ਼ ਦਾ ਓਵਰਸੀਜ਼ ਏਡ ਵੀ ਦਿੰਦਾ ਹੈ। ਸੌ ਮਿਲੀਅਨ ਪੌਂਡ ਤਾਂ ਅਸੀਂ ਤਰਜਮਾਕਾਰਾਂ ਉਤੇ ਹੀ ਲਗਾ ਰਹੇ ਹਾਂ ਕਿਉਂਕਿ ਇਸ ਦੀ ਬਜਾਏ ਕਿ ਅਸੀਂ ਬਾਹਰੋਂ ਆਏ ਲੋਕਾਂ ਨੂੰ ਅੰਗਰੇਜ਼ੀ ਸਿੱਖਣ ਵੱਲ ਪ੍ਰੇਰਿਤ ਕਰੀਏ, ਅਸੀਂ ਉਨ੍ਹਾਂ ਨੂੰ ਇੰਟਰਪ੍ਰੇਟਰ ਮੁਹੱਈਆ ਕਰ ਰਹੇ ਹਾਂ। ਯਾਦ ਰਹੇ ਇੰਗਲੈਂਡ ਵਿਚ 120 ਬੋਲੀਆਂ ਬੋਲਣ ਵਾਲੇ ਲੋਕੀਂ ਰਹਿੰਦੇ ਹਨ। ਜਿਥੇ ਅਮਰੀਕਾ ਅਤੇ ਕੁਝ ਹੋਰ ਦੇਸ਼ਾਂ ਵਿਚ ਤਰਜਮਾਕਾਰਾਂ ਦੀ ਫੀਸ ਸਬੰਧਿਤ ਲੋੜਵੰਦ ਅੰਗਰੇਜ਼ੀ ਰਹਿਤ ਬੰਦਾ ਭਰਦਾ ਹੈ, ਉਥੇ ਇੰਗਲੈਂਡ ਟੈਕਸ ਪੇਅਰ ਦੇ ਪੈਸੇ ਇਨ੍ਹਾਂ ਤਰਜਮਾਰਾਂ ਨੂੰ ਦਿੰਦਾ ਹੈ। ਜਿੱਥੇ ਲੋੜ ਇਸ ਗੱਲ ਦੀ ਹੈ ਕਿ ਵੈਲਫੇਅਰ ਉਤੇ ਘੱਟ ਸਪੈਂਡਿੰਗ ਕੀਤੀ ਜਾਵੇ, ਉੱਥੇ ਹਾਲਤ ਇਹ ਹੈ ਕਿ ਚਾਂਸਲਰ (ਵਿੱਤ ਮੰਤਰੀ) ਦੀਆਂ ਵਾਰਨਿੰਗਜ਼ ਦੇ ਬਾਵਜੂਦ ਵੀ ਅਸੀਂ ਵੈਲਫੇਅਰ ਉੱਤੇ ਹਰ ਵਰ੍ਹੇ 7% ਦਾ ਵਾਧਾ ਕਰ ਰਹੇ ਹਾਂ।

ਕੋਈ ਦੇਸ਼ ਕਿੰਨਾ ਵੀ ਅਮੀਰ ਹੋਵੇ, ਉਹਨੂੰ ਉਸੇ ਤਰ੍ਹਾਂ ਹੀ ਬਜਟ ਬਨਾਉਣਾ ਪੈਂਦਾ ਹੈ ਜਿਸ ਤਰ੍ਹਾਂ ਆਮ ਆਦਮੀ ਆਪਣੇ ਖਰਚੇ ਅਤੇ ਆਮਦਨ ਨੂੰ ਬੈਲੈਂਸ ਕਰਦਾ ਹੈ। ਉਧਾਰ ਚੁੱਕ ਕੇ ਤੁਸੀਂ ਬਹੁਤੀ ਦੇਰ ਜ਼ਿੰਦਾ ਨਹੀਂ ਰਹਿ ਸਕਦੇ। ਬਿਲਕੁਲ ਇਹੋ ਹਾਲ ਕਿਸੇ ਦੇਸ਼ ਦਾ ਹੁੰਦਾ ਹੈ। ਇੰਗਲੈਂਡ ਉਨ੍ਹਾਂ ਦੇਸ਼ਾਂ ਵਿਚੋਂ ਹੈ ਜਿਹੜਾ ਖਰਚੇ ਵੱਧ ਕਰਦਾ ਹੈ ਤੇ ਆਮਦਨ ਘੱਟ ਕਰ ਰਿਹਾ ਹੈ। ਇਹ ਚਿੰਤਾ ਵਾਲੀ ਗੱਲ ਹੈ।

(2013)

# ਬਰਤਾਨਵੀ ਪੰਜਾਬੀ ਸਾਹਿਤ ਦਾ ਸਿਰਮੌਰ ਲੇਖਕ-
# ਸਾਥੀ ਲੁਧਿਆਣਵੀ

ਸਾਥੀ ਲੁਧਿਆਣਵੀ ਬਰਤਾਨਵੀ ਪੰਜਾਬੀ ਸਾਹਿਤ ਦੀ ਅਜ਼ੀਮ ਸ਼ਖ਼ਸੀਅਤ ਹਨ। ਜਦੋਂ ਮੈਂ ਇੰਗਲੈਂਡ ਆਇਆ ਸਾਂ ਥੋੜ੍ਹਾ ਬਹੁਤਾ ਹੀ ਲਿਖਦਾ ਸਾਂ ਪਰ ਸਾਥੀ ਜੀ ਉਦੋਂ ਬਰਤਾਨਵੀ ਪੰਜਾਬੀ ਸਾਹਿਤ ਦੀ ਉੱਭਰੀ ਹੋਈ ਸ਼ਖ਼ਸੀਅਤ ਬਣ ਚੁੱਕੇ ਸਨ। ਸਾਥੀ ਜੀ 'ਪ੍ਰੀਤ ਲੜੀ' ਵਿਚ ਨਿਰੰਤਰ ਲਿਖਦੇ ਸਨ। ਪ੍ਰੀਤ ਲੜੀ ਪੰਜਾਬੀ ਦਾ ਬੇਮਿਸਾਲ ਪਰਚਾ ਸੀ ਅਤੇ ਇਹ ਸਾਰੇ ਸਾਹਿਤਕਾਰਾਂ ਲਈ ਚਾਨਣ ਦਾ ਮੁਨਾਰਾ ਸੀ। 'ਪ੍ਰੀਤ ਲੜੀ' ਨੇ ਪੰਜਾਬੀਆਂ ਨੂੰ ਗਿਆਨ ਦੇ ਲੜ ਲਾਇਆ ਹੈ ਅਤੇ ਅਨੇਕਾਂ ਹੀ ਲੇਖਕਾਂ ਨੇ ਪ੍ਰੀਤ ਲੜੀ ਨਾਲ ਜੁੜ ਕੇ ਸਾਹਿਤ ਦੇ ਪਿੜ ਵਿਚ ਆਪਣਾ ਸਥਾਨ ਹਾਸਲ ਕੀਤਾ ਹੈ। ਸਾਥੀ ਜੀ ਦੀ ਲੇਖਣੀ ਤੋਂ ਪ੍ਰਭਾਵਿਤ ਹੁੰਦੇ ਹੋਏ ਗੁਰਬਖਸ਼ ਸਿੰਘ ਪ੍ਰੀਤ ਲੜੀ ਲਿਖਦੇ ਹਨ, "ਭਾਰਤੀਆਂ ਦੇ ਜੀਵਨ ਤੇ ਉਨ੍ਹਾਂ ਦੇ ਚਰਿੱਤਰ ਉਤੇ ਸਿਆਣਾ ਚਾਨਣਾ ਪਾ ਕੇ ਕਈ ਚੰਗੇ ਸੁਝਾਓ ਦਿੱਤੇ ਹਨ। ਕਈ ਚਰਿਤਰਕ ਤਰੁੱਟੀਆਂ ਬਾਰੇ ਕਲਾ ਪੂਰਨ ਢੰਗ ਨਾਲ ਸੋਝੀ ਦੇ ਕੇ ਉਨ੍ਹਾਂ ਨੂੰ ਦੂਰ ਕਰਨ ਲਈ ਪ੍ਰੇਰਿਆ ਹੈ। ਜਿਹੜਾ ਭੁਲੇਖਾ ਨੌਜਵਾਨਾਂ ਨੂੰ ਹੈ ਕਿ ਯੂਰਪ ਕੋਈ ਸਵਰਗ ਹੈ, ਉਹ ਭੁਲੇਖਾ ਸਾਥੀ ਜੀ ਨੇ ਦੂਰ ਕੀਤਾ ਹੈ।

ਬਰਤਾਨਵੀ ਪੰਜਾਬੀ ਸਾਹਿਤ ਵਿਚ ਅੱਜ ਤਾਂ ਕਾਫੀ ਵਾਰਤਕ ਲਿਖਾਰੀ ਹਨ ਪਰ ਉਦੋਂ ਸਾਥੀ ਜੀ ਹੀ ਗਰਮਜੋਸ਼ੀ ਨਾਲ ਲਿਖ ਰਹੇ ਸਨ। ਉਹ ਬਰਤਾਨੀਆ ਦੀ ਸਮੁੱਚੀ ਸਮਾਜੀ ਜ਼ਿੰਦਗੀ ਬਾਰੇ ਇਥੋਂ ਦੇ ਲੇਖਕਾਂ ਬਾਰੇ, ਇਥੋਂ ਦੀ ਕਮਿਊਨਿਸਟ ਲਹਿਰ ਬਾਰੇ, ਇਥੋਂ ਦੀ ਸੱਭਿਆਚਾਰਕ ਜ਼ਿੰਦਗੀ ਬਾਰੇ, ਇਥੋਂ ਦੀ ਅੰਤਰਰਾਸ਼ਟਰੀ ਮਹੱਤਤਾ ਆਦਿ ਵਿਸ਼ਿਆਂ ਨੂੰ ਆਪਣੇ ਸਾਹਿਤਕ ਕਲਾਵੇ ਵਿਚ ਲੈ ਕੇ ਰਚਨਾ ਕਰਦੇ ਸਨ। ਸਾਥੀ ਜੀ ਭਾਵੇਂ ਆਮ ਜਾਣਕਾਰੀ ਭਰਪੂਰ ਲੇਖ ਲਿਖਦੇ ਸਨ ਪਰ ਉਨ੍ਹਾਂ ਦੀ ਵਾਰਤਕ ਵਿਚ ਸਾਹਿਤਕ ਸੁਆਦ ਕੁੱਟ-ਕੁੱਟ ਕੇ ਭਰਿਆ ਹੁੰਦਾ ਸੀ। "ਮੈਂ ਬਰਤਾਨਵੀ ਪੰਜਾਬੀ ਵਾਰਤਿਕ" ਨਾਮੇ ਲਿਖੇ ਪਰਚੇ ਜੋ ਮੇਰੀ ਪੁਸਤਕ "ਬਰਤਾਨਵੀ ਪੰਜਾਬੀ ਸਾਹਿਤ (1991)" ਵਿਚ ਅੰਕਿਤ ਹੈ, ਵਿਚ ਲਿਖਿਆ ਹੈ, ਸਾਥੀ ਜੀ ਨੇ ਸਮਾਜਿਕ, ਰਾਜਨੀਤਕ, ਸੱਭਿਆਚਾਰਕ, ਰਾਸ਼ਟਰੀ ਤੇ ਅੰਤਰਰਾਸ਼ਟਰੀ ਮਸਲਿਆ ਸਬੰਧੀ ਲੇਖ ਲਿਖੇ ਹਨ। ਉਸ ਦੇ ਲੇਖਾਂ ਵਿਚ ਆਮ ਜਾਣਕਾਰੀ ਤੋਂ ਇਲਾਵਾ ਗਿਆਨ ਵੀ ਹੁੰਦਾ ਹੈ। ਸਾਥੀ ਦੀ ਅੱਖ ਬੜੀ ਤਿੱਖੀ ਹੈ, ਉਹ ਦ੍ਰਿਸ਼ ਵਰਨਣ ਕਰਦਾ ਹੋਇਆ ਰਾਸ਼ਟਰੀ ਮਸਲਿਆਂ ਵੱਲ ਸਾਡੀ ਨਿਗਾਹ ਘੁਮਾ ਜਾਂਦਾ ਹੈ। ਉਸ ਦੇ ਲੇਖਾਂ ਵਿਚ ਕਹਾਣੀ ਵਰਗਾ ਰਸ ਹੁੰਦਾ ਹੈ। ਕੁਝ ਲੇਖ ਤਾਂ ਕਹਾਣੀ ਦਾ ਰੂਪ ਹੀ ਧਾਰਨ ਕਰ ਗਏ ਹਨ। ਰੌਚਿਕਤਾ ਉਸ ਦਾ ਖਾਸ ਗੁਣ ਹੈ। ਉਸ ਦੀ

ਸ਼ੈਲੀ ਵਿਚ ਵਿਚਕਾਰ ਡੂੰਘਾਈ, ਸੰਜਮ, ਸੁਹਜ ਅਤੇ ਸਾਰਥਿਕਤਾ ਆਦਿ ਗੁਣ ਹਨ ਜੋ ਉਸ ਨੂੰ ਪ੍ਰੌਢ ਲੇਖਕ ਬਣਾਉਂਦੇ ਹਨ। ਵਾਰਤਿਕ ਦੇ ਖੇਤਰ ਵਿਚ ਸਾਥੀ ਜੀ ਨੇ "ਸਮੁੰਦਰੋਂ ਪਾਰ", "ਅੱਗ ਖਾਣ ਪਿਛੋਂ" ਅਤੇ "ਉਡਦੀਆਂ ਤਿੱਤਲੀਆਂ ਮਗਰ" ਆਦਿ ਪੁਸਤਕਾਂ ਪੰਜਾਬੀ ਸਾਹਿਤ ਸੰਸਾਰ ਨੂੰ ਭੇਟਾ  ਦਿੰਦੇ ਹਨ। ਉਹ ਆਪਣਾ ਧਰਮ ਨਿਰਪੱਖਤਾ ਵਾਲਾ ਨਜ਼ਰੀਆ ਬਿਲਕੁਲ ਨਹੀਂ ਤਿਆਗਦੇ ਅਤੇ ਕਿਸੇ 'ਤੇ ਵੀ ਆਪਣਾ ਮੱਤ ਠੋਸਦੇ ਨਹੀਂ ਹਨ। ਉਨ੍ਹਾਂ ਵਿਚ ਹੱਦ ਦਰਜੇ ਦੀ ਨਿਰਮਾਣਤਾ ਦੇਖਣ ਨੂੰ ਮਿਲਣੀ ਹੈ ਪ੍ਰੰਤੂ ਇਸ ਦਾ ਇਹ ਭਾਵ ਵੀ ਨਹੀਂ ਕਿ ਕੋਈ ਉਨ੍ਹਾਂ ਉਤੇ ਗਲਤ ਕਿਸਮ ਨਾਲ ਹਾਵੀ ਹੋ ਕੇ ਆਪਣੀ ਗੱਲ ਪੁਗਾ ਜਾਵੇ। ਇਹ ਉਨ੍ਹਾਂ ਵੱਲੋਂ ਪ੍ਰਾਪਤ ਗਿਆਨ, ਵਿਸ਼ੇ ਦੀ ਪਕੜ, ਮਿਹਨਤ, ਲਗਨ ਤੇ ਪ੍ਰਤੀਬੱਧਤਾ ਨਾਲ ਕੰਮ ਕਰਨ ਕਰਕੇ ਹੁੰਦਾ ਹੈ। ਉਹ ਆਪਣੀ ਸ਼ਖ਼ਸੀਅਤ ਨੂੰ ਹਮੇਸ਼ਾ ਹੀ ਸਾਵੀਂ ਬਣਾਈ ਰੱਖਦੇ ਹਨ। ਸਾਨੂੰ ਪੰਜਾਬੀਆਂ ਨੂੰ ਉਨ੍ਹਾਂ 'ਤੇ ਮਾਣ ਹੈ। ਉਨ੍ਹਾਂ ਨੂੰ ਈਸਟ ਲੰਡਨ ਦੀ ਯੂਨੀਵਰਸਿਟੀ ਨੇ ਪੀ.ਐਚ.ਡੀ. ਦੀ ਆਨਰੇਰੀ ਡਿਗਰੀ ਨਾਲ ਸਨਮਾਨਿਆ ਹੈ। ਉਨ੍ਹਾਂ ਦੇ ਪ੍ਰੋਗਰਾਮਾਂ ਤੋਂ ਸੰਦੇਸ਼ ਮਿਲਦਾ ਹੈ ਕਿ ਦੁਨੀਆਂ ਇਕ ਗਲੋਬਲ ਵਿਲੇਜ ਬਣ ਗਈ ਹੈ। ਇਸੇ ਲਈ ਉਹ ਦੁਨੀਆਂ ਦੇ ਹੋਰ ਦੇਸ਼ਾਂ ਦੀਆਂ ਸਮੱਸਿਆਵਾਂ ਨੂੰ ਵੀ ਵਿਚਾਰ ਗੋਚਰ ਲਿਆਉਂਦੇ ਹਨ। ਉਨ੍ਹਾਂ ਨੇ ਆਪਣੇ ਪ੍ਰੋਗਰਾਮਾਂ ਵਿਚ ਮੱਧ ਏਸ਼ੀਆ ਦੇ ਮੁਲਕਾਂ, ਇਸਲਾਮੀ ਦਹਿਸ਼ਤਵਾਦ, ਯੂਰਪੀਨ ਮਸਲੇ, ਈਰਾਨ ਤੇ ਇਰਾਕ ਦੇ ਮਸਲੇ, ਅਮਰੀਕਨ ਤੇ ਬਰਤਾਨਵੀ ਮਸਲੇ, ਭਾਰਤ ਤੇ ਪਾਕਿਸਤਾਨ ਦੇ ਮਸਲੇ। ਗੱਲ ਕੀ ਉਨ੍ਹਾਂ ਦੀ ਵਿਚਾਰ ਚਰਚਾ ਦਾ ਘੇਰਾ ਬੜਾ ਵਿਸਤ੍ਰਿਤ ਹੁੰਦਾ ਹੈ। ਉਹ ਹਰ ਮਸਲੇ ਸਮੇਂ ਆਪਣੀ ਸੰਤੁਲਿਤ ਪਹੁੰਚ ਬਣਾਈ ਰੱਖਦੇ ਹਨ।

ਮੀਡੀਏ ਵਿਚ ਪੂਰਨ ਰੂਪ ਵਿਚ ਖੁੱਭਣ ਦੇ ਬਾਵਜੂਦ ਉਨ੍ਹਾਂ ਆਪਣਾ ਨਾਤਾ ਸਾਹਿਤ ਨਾਲ ਜੋੜੀ ਰੱਖਿਆ ਹੈ। ਉਹ ਅਸਲ ਵਿਚ ਸਾਹਿਤ ਦੇ ਸਿਰਜਕ ਹਨ। ਸਾਹਿਤ ਸਿਰਜਣਾ ਤੋਂ ਬਗੈਰ ਉਹ ਰਹਿ ਹੀ ਨਹੀਂ ਸਕਦੇ। ਵਿਸ਼ੇ ਨੂੰ ਵਿਚਾਰ ਚਰਚਾ ਦਾ ਆਧਾਰ ਬਣਾਉਣ ਲੱਗਿਆ ਉਸ ਉੱਤੇ ਖੁੱਭ ਕੇ ਖੋਜ-ਕਾਰਜ ਕਰਦੇ ਹਨ। ਉਹ ਵਿਸ਼ੇ ਨਾਲ ਅਤੇ ਇਸ ਦੇ ਸਾਰੇ ਪਾਸਾਰਾਂ ਬਾਰੇ ਅਤੇ ਹੋਰ ਸਬੰਧਿਤ ਪੱਖਾਂ ਬਾਰੇ ਪੂਰੀ ਤਨਦੇਹੀ ਨਾਲ ਮਿਹਨਤ ਕਰਦੇ ਹਨ ਤਾਂ ਕਿ ਕਿਸੇ ਕਿਸਮ ਦੀ ਘਾਟ ਨਾ ਰਵੇ ਅਤੇ ਸਰੋਤਿਆਂ ਉਤੇ ਵਿਸ਼ੇ ਦਾ ਸੰਤੁਲਿਤ ਪ੍ਰਭਾਵ ਪਵੇ। ਇਨ੍ਹਾਂ ਵਿਸ਼ਿਆਂ ਤੋਂ ਪ੍ਰਾਪਤ ਸ਼ਮੱਗਰੀ ਨੂੰ ਹੀ ਉਹ ਆਪਣੇ ਲੇਖਾਂ ਵਿਚ ਢਾਲਦੇ ਹਨ। ਮੀਡੀਏ ਨਾਲ ਸੰਬੰਧਿਤ ਇਨ੍ਹਾਂ ਵਿਸ਼ਿਆਂ ਬਾਰੇ ਉਨ੍ਹਾਂ ਆਪਣੀ ਨਵ-ਪ੍ਰਕਾਸ਼ਿਤ ਪੁਸਤਕ "ਸਮੇਂ ਦੇ ਪੈਰ ਚਿੰਨ੍ਹ' ਲਿਖੀ ਹੈ।

ਸਾਥੀ ਜੀ ਅੱਜ ਕੱਲ੍ਹ ਮੀਡੀਏ ਨਾਲ ਜੁੜੇ ਹੋਏ ਹਨ। ਉਹ ਕਿਸਮਤ ਰੇਡੀਓ 'ਤੇ ਬਹੁਤ ਹੀ ਖ਼ੂਬਸੂਰਤ ਡਿਸਕਸ਼ਨ ਪ੍ਰੋਗਰਾਮ ਪੇਸ਼ ਕਰਦੇ ਹਨ। ਉਨ੍ਹਾਂ ਦੀਆਂ ਵਿਚਾਰ-ਚਰਚਾਵਾਂ ਵਿਚ ਉੱਚ ਪਾਏ ਦੇ ਮਸਲਿਆਂ ਨੂੰ ਵਿਚਾਰਿਆ ਜਾਂਦਾ ਹੈ। ਮੈਂ ਖ਼ੁਦ ਇਸ ਪ੍ਰੋਗਰਾਮ ਨੂੰ ਨਿਰੰਤਰ ਸੁਣਦਾ ਤੇ ਮਾਣਦਾ ਹਾਂ। ਇਨ੍ਹਾਂ ਵਿੱਚ ਭਾਗ ਲੈਣ ਵਾਲੇ ਕਈ ਕਾਲਰ ਤਾਂ ਚੰਗੇ ਬੁੱਧੀਜੀਵੀ ਲੋਕ ਹੁੰਦੇ ਹਨ ਜਿਨ੍ਹਾਂ ਦਾ ਗਿਆਨ ਬੜਾ ਵਸੀਹ ਹੁੰਦਾ ਹੈ। ਸਾਥੀ ਜੀ ਦੇ ਟਾਪਿਕਾਂ ਵਿਚ ਸਮਾਜਿਕ, ਧਾਰਮਿਕ, ਸੱਭਿਆਚਾਰਕ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਸਲਿਆਂ 'ਤੇ ਖੁੱਲ੍ਹ ਕੇ ਵਿਚਾਰਾਂ ਹੁੰਦੀਆਂ ਹਨ। ਕਈ ਦਫਾ ਇਨ੍ਹਾਂ ਮਸਲਿਆ ਵਿਚ ਗਰਮਜੋਸ਼ੀ ਵੀ ਪਾਈ ਜਾਂਦੀ ਹੈ

ਪਰ ਸਾਥੀ ਜੀ ਬੜੇ ਠਰੰਮੇ ਨਾਲ, ਜ਼ਬਤ ਨਾਲ, ਬੁੱਧੀ ਦੀ ਸਿਆਣਪ ਨਾਲ ਹਰ ਇਕ ਦੀ ਰਾਏ ਨੂੰ ਧਿਆਨ ਨਾਲ ਸੁਣਦੇ ਹਨ ਤੇ ਆਪਣਾ ਦ੍ਰਿਸ਼ਟੀਕੋਣ ਪੇਸ਼ ਕਰਦੇ ਹਨ। ਉਹ ਹਰ ਇਕ ਦੀ ਗੱਲ ਨੂੰ ਧਿਆਨ ਨਾਲ ਸੁਣ ਕੇ, ਸਮਝ ਕੇ ਆਪਣਾ ਪ੍ਰਤੀਕਰਮ ਪੈਰ-ਚਿੰਨ" ਪਾਠਕਾਂ ਨੂੰ ਪੇਸ਼ ਕੀਤੀ ਹੈ। ਪਹਿਲੀਆਂ ਪੁਸਤਕਾਂ ਨਾਲੋਂ ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ: ਇਸ ਵਿਚ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਸਮਾਜਿਕ ਤੇ ਰਾਜਨੀਤਕ ਲੇਖ ਸ਼ਾਮਿਲ ਕੀਤੇ ਗਏ ਹਨ। ਇਹ ਪੁਸਤਕ 1985 ਤੋਂ ਲੈ ਕੇ 2007 ਦੇ ਅੰਤਰਾਲ ਦੇ ਸਮੇਂ ਨੂੰ ਨੌਜਿਠਦੀ ਹੈ।

ਕਈ ਲੋਕ ਕਵਿਤਾ, ਕਹਾਣੀ ਤੇ ਨਾਵਲ ਆਦਿ ਨੂੰ ਸਿਰਜਣਾਤਮਕ ਸਾਹਿਤ ਮੰਨਦੇ ਹਨ ਤੇ ਇਹ ਧਾਰਣਾ ਸਾਡੇ ਮੁਲਕ ਵਿਚ ਕਿਸੇ ਨਾ ਕਿਸੇ ਸ਼ਕਲ ਵਿਚ ਅਜੇ ਵੀ ਤੁਰੀ ਆ ਰਹੀ ਹੈ। ਪ੍ਰੰਤੂ ਪੱਛਮ ਦੇ ਵਿਦਵਾਨ ਸਾਹਿਤ ਨੂੰ ਦੋ ਭਾਗਾਂ ਵਿਚ ਵੰਡਦੇ ਹਨ। ਇਕ ਨੂੰ ਸਿਰਜਣਾਤਮਕ ਸਾਹਿਤ ਅਤੇ ਦੂਜੇ ਨੂੰ ਗਿਆਨ ਦਾ ਸਾਹਿਤ। ਗਿਆਨ ਦਾ ਸਾਹਿਤ ਵਧੇਰੇ ਕਰਕੇ ਵਾਰਤਿਕ ਵਿਚ ਹੀ ਰਚਿਆ ਜਾਂਦਾ ਹੈ। ਵਾਰਤਿਕ ਰਾਹੀਂ ਜੀਵਨ ਦੇ ਬਹੁਪੱਖੀ ਗਿਆਨ ਨੂੰ ਪਾਠਕਾਂ ਤੱਕ ਪਹੁੰਚਾਇਆ ਜਾਂਦਾ ਹੈ। ਪਾਠਕ ਰਸ ਵੀ ਮਾਣਦਾ ਹੈ ਤੇ ਲੇਖਕ ਦੇ ਅਨੁਭਵ ਰਾਹੀਂ ਜੀਵਨ ਨੂੰ ਦੇਖਦਾ, ਸਮਝਦਾ, ਤਰਾਸ਼ਦਾ ਤੇ ਰੂਪਮਾਨ ਕਰਦਾ ਹੈ। ਅਸਲ ਵਿਚ ਗਿਆਨ ਦਾ ਸਾਹਿਤ ਵੀ ਸਿਰਜਣਾਤਮਕ ਸਾਹਿਤ ਹੀ ਹੁੰਦਾ ਹੈ ਪਰ ਇਸ ਦਾ ਰੂਪ ਸਿਰਜਣਾਤਮਕ ਸਾਹਿਤ ਨਾਲੋਂ ਨਿਵੇਕਲਾ ਹੁੰਦਾ ਹੈ ਜਿਸ ਦੀ ਆਪਣੀ ਵਿਸ਼ੇਸ਼ਤਾ ਹੈ।

ਸਾਥੀ ਜੀ ਨੇ ਕਵਿਤਾ ਦੇ ਖੇਤਰ ਵਿਚ ਵੀ ਆਪਣਾ ਯੋਗਦਾਨ ਪਾਇਆ ਹੈ ਅਤੇ ਜੀਵਨ ਦੇ ਡੂੰਘੇ ਅਨੁਭਵਾਂ ਰਾਹੀਂ ਪੇਸ਼ ਕੀਤਾ ਹੈ। ਉਨ੍ਹਾਂ ਨੇ ਸਮਾਜੀ ਤੇ ਰਾਜਨੀਤਕ ਜ਼ਿੰਦਗੀ ਤੇ ਬਹੁਪੱਖੀ ਮਸਲਿਆਂ ਨੂੰ ਆਪਣੀ ਗ਼ਜ਼ਲਗੋਈ ਦਾ ਹਿੱਸਾ ਬਣਾਇਆ ਹੈ। ਉਹ ਜੀਵਨ ਨੂੰ ਸੁੰਦਰ, ਮਨਮੋਹਣਾ ਤੇ ਖ਼ੁਸ਼ਹਾਲ ਦੇਖਣ ਦੀ ਲੋਚਾ ਰੱਖਦੇ ਹਨ। ਉਹ ਅਸਲੀ ਅਰਥਾਂ ਵਿਚ ਜੀਵਨ ਦੇ ਸ਼ਾਇਰ ਹਨ ਤੇ ਹੱਕ-ਸੱਚ ਦੀ ਗੱਲ ਕਰਦੇ ਹਨ। ਉਹ ਲਿਖਦੇ ਹਨ-

*ਮੈਂ ਕੋਈ ਰੱਬ ਨਹੀਂ ਜੋ ਗੁਨਾਹਾਂ ਤੋਂ ਮੁਕਤ ਹੋਵਾਂ*
*ਪਰ ਹੱਥ 'ਚ ਹੈ ਸੱਚ ਦੀ ਕਟਾਰ, ਇੰਤਜ਼ਾਰ ਕਰੋ।*

ਜੀਵਨ ਦੀ ਹਕੀਕਤ ਨੂੰ ਉਹ ਆਪਣੀ ਕਾਵਿ-ਸ਼ੈਲੀ ਵਿਚ ਢਾਲ ਕੇ ਲਿਖਦੇ ਹਨ। ਹੇਠਲੀਆਂ ਉਨ੍ਹਾਂ ਦੀਆਂ ਕਾਵਿ-ਸਤਰਾਂ ਮੈਨੂੰ ਬੇਹੱਦ ਪ੍ਰਭਾਵਿਤ ਕਰਦੀਆਂ ਹਨ-

*ਹੱਸਦੇ ਹੱਸਦੇ ਇਕ ਦਿਨ ਡੰਡੀਉਂ ਟੁੱਟ ਜਾਂ 'ਗੇ*
*ਜਿਸ ਮਿੱਟੀ 'ਚੋਂ ਜਨਮੇ ਉਸੇ 'ਚ ਮੁੱਕ ਜਾਂ 'ਗੇ*
*ਅਸੀਂ ਤਾਂ ਚਾਨਣ ਵੰਡਦੇ ਫਿਰਦੇ ਤਾਰੇ ਆਂ*
*ਚਾਨਣ ਵੰਡਦੇ ਵੰਡਦੇ ਗਗਨੋਂ ਟੁੱਟ ਜਾਂ 'ਗੇ*
*ਸਾਨੂੰ 'ਸਾਥੀ' ਆਪਣੇ ਨੇਹੁੰ 'ਤੇ ਫਖਰ ਬੜਾ,*
*ਤੇਰੀ ਅੱਖ ਦਾ ਅੱਥਰੂ ਬਣ ਕੇ ਸੁੱਕ ਜਾਂ 'ਗੇ।*

ਸਾਥੀ ਜੀ ਨੇ ਕਹਾਣੀਆ ਵੀ ਲਿਖੀਆਂ ਹਨ ਜੋ ਉਨ੍ਹਾਂ ਨੇ ਆਪਣੇ ਕਹਾਣੀ ਸੰਗ੍ਰਹਿ "ਮੌਸਮ ਖਰਾਬ ਹੈ" ਵਿਚ ਅੰਕਿਤ ਕੀਤੀਆਂ ਹਨ। ਉਨ੍ਹਾਂ ਦਾ ਦ੍ਰਿਸ਼ਟੀਕੋਣ ਬੜਾ ਵਿਸ਼ਾਲ ਹੈ ਅਤੇ ਉਨ੍ਹਾਂ ਜੀਵਨ ਦੇ ਅਨੇਕਾਂ ਮਸਲਿਆਂ ਨੂੰ ਆਪਣੀ ਕਲਮੀ ਛੁਹ ਪ੍ਰਦਾਨ ਕੀਤੀ ਹੈ।

ਪ੍ਰਵਾਸੀ ਬਣ ਕੇ ਉਨ੍ਹਾਂ ਨੇ ਪ੍ਰਵਾਸੀ ਮਸਲਿਆਂ ਨੂੰ ਹੀ ਅਧਾਰ ਨਹੀਂ ਬਣਾਇਆ ਸਗੋਂ ਉਨ੍ਹਾਂ ਨੇ ਅਜਿਹੀਆਂ ਕਹਾਣੀਆਂ ਵੀ ਲਿਖੀਆਂ ਹਨ ਜਿਨ੍ਹਾਂ ਵਿਚ ਉਨ੍ਹਾਂ ਦਾ ਮਾਨਵੀ ਹਿਰਦਾ ਸਮੁੱਚੀ ਮਨੁੱਖਤਾ ਨੂੰ ਆਪਣੇ ਕਲਾਵੇ ਲੈਂਦਾ ਹੈ। ਉਨ੍ਹਾਂ ਦੀ ਕਹਾਣੀ "ਮਾਂ" ਸਮੁੱਚੇ ਵਿਸ਼ਵੀ ਰਿਸ਼ਤੇ ਨੂੰ ਮੂਰਤੀਮਾਨ ਕਰਦੀ ਖ਼ੂਬਸੂਰਤ ਕਹਾਣੀ ਹੈ।

ਸਾਥੀ ਜੀ ਦੀਆਂ ਪ੍ਰਾਪਤੀਆਂ 'ਤੇ ਸਾਨੂੰ ਗੌਰਵ ਹੈ। ਉਹ ਜੀਵਨ ਦੇ ਬਹੁ-ਪੱਖੀ ਗਿਆਨ ਨੂੰ ਮੀਡੀਏ ਰਾਹੀਂ ਤੇ ਕਲਮੀ ਸਿਰਜਨਾ ਰਾਹੀਂ ਆਪਣੇ ਸਰੋਤਿਆਂ ਤੇ ਪਾਠਕਾਂ ਨੂੰ ਪ੍ਰਦਾਨ ਕਰਦੇ ਹਨ। ਸ਼ਾਲਾ! ਉਨ੍ਹਾਂ ਦਾ ਇਹ ਗਿਆਨ ਹੋਰ ਵਧੇ ਫੁੱਲੇ ਤੇ ਗਿਆਨ ਦੇ ਰਸੀਏ ਗਿਆਨ ਦੇ ਘੁੱਟ ਪੀ ਕੇ ਤ੍ਰਿਪਤ ਹੋਵਣ ਤੇ ਸਾਥੀ ਜੀ ਦੇ ਗੁਣ ਗਾਇਨ ਕਰਦੇ ਰਹਿਣ।

**-ਡਾ. ਪ੍ਰੀਤਮ ਸਿੰਘ ਕੈਂਬੋ, ਲੰਡਨ**

(2013)

# Bio data

Sathi Ludhianvi was born on 1st February 1941 in Jhikka, District Jalandhar. His parents were S. Prem Singh and Mrs Raj Kaur. The family lead by his brother S. Joginder Singh, moved to Ludhiana in 1945 and established business there by the name of Model Hosiery Works (Regd). At his young age he fully supported the family business in Ludhiana. He was managing a company called Commander Hosiery Factory.

Sathi Ludhianvi started living in the United Kingdom in 1962. He graduated from Ludhiana. He also got diploma in accountancy and then perused to do Chartered accountancy in the UK but sidelined in other areas.

In the UK he worked in the British Post Office as a Postal and Telegraph Officer for number of years. He then joined the British Airways as a capacity control officer. He bought his own business of chemist and Sub Post Office in 1978. After successfully running this , he bought a stationery, books and art material business in Eastcote, London. He then opened another business in sports goods and sports equipments. He retired from business in the year 2002. He simultaneously carried on writing and broadcasting.

Sathi Ludhianvi fully participates in community issues selflessly and devotedly. He commands huge respect among his people as well as in the host community. He is a very popular man among Asians as a TV and Radio presenter. He is a multilingual socio political radio discussion host on current affairs where he covers issues in the United Kingdom, USA, Canada, Europe, India, Pakistan , Sri Lanka, Middle East and Bangladesh etc. He is a Doctor of Arts in broadcasting and journalism and literature.. His Doctorate was awarded by the Chancellor Of the University of East London Lord Brian Rix in 2009. He is the first

Punjabi writer and multi lingual broadcaster to have achieved that status. He was also the first Punjabi broadcaster to have produced and read Punjabi news on the radio across Europe in February 1990 on Sunrise Radio, London. He remained the news editor for over 10 years. He worked on LTV for 4 years as a producer and presenter and then on Sunrise Television. He is currently on Kismat Radio London, a part of Sunrise Radio Group.

Sathi Ludhianvi started writing at a very young age. He was already a well established writer before he caught the plane to start a new life in the Uk. He became even more active in the new country. When S Navtej Singh of Preet lari asked him to write a regular monthly column, Sathi Ludhianvi committed to it and religiously wrote Samundron Paar for over 20 years. He then wrote this column for Punjabi Tribune for number of years. He also wrote Vishavsaar for the Daily Ajit, Jullundur. He is a regular contributor to Des Pardes Weekly UK since 1965. Dr Sathi Ludhianvi also writes in English. He is a regular column writer for India Link International, a prominent monthly magazine in the United Kingdom. . Sathi Ludhianvi also writes, although in lesser extent in Hindi and Urdu.

He won many awards in broadcasting, literature and journalism . He was one of the first Punjabi writers living abroad who was awarded the Sahit Sharomani Award in 1985 by the Bhasha Vibhag of the Government of India followed by a special award by the Punjabi Sahit Sabha Wolverhampton (1999). In the field of broadcasting in TV and Radio, journalism and literature he was honoured by Unity Radio ( 1999), Punjabi Society, Cleveland, USA (1999), Guru Gobind Singh Society Ohio, USA (2000), Mayor of Hounslow (2001), East London Cultural Society (2005), The Punjabi Academy, Leicester (2006), The House of Commons (British Parliament) All Party Select Committee (2007), Bradford Educational Society of Sikhs (2007), Punjabi Sahit Sabha Glasgow (2007), Punjab Radio (2007), Overseas Congress and the High Commission of India (2008), India International Foundation presented by The Shadow Attorney General, now Attorney General of Great Britain by Right Honourable Dominic Grieve MP in the presence of the Indian High Commission and other high profile dignitaries ( 2009), Doctorate of Arts Award given by the University of East London ( 2009), Punjabi Sahit Sabha, Seattle (USA) (2011), Universal Guru Nanak Sewa Foundation UK (2011) and many other

national and international organisations.

He is the author of at least 11 books of articles, short stories, poems, ghazals and travels. His book Samundron Paar was on A level syllabus in the Uk as well as in the Guru Nanak University in Amritsar for MA students. Some students did M Phil on his work.

Dr Sathi Ludhianvi is a member of the British Labour Party since 1967. He is a member of many organisations including Multi Cultural Society, Hounslow. He was one of the first Punjabi writers to form Punjabi Sahit Sabha in the UK in 1963. He is the general secretary of Progressive Punjabi Writers Association, GB. He is the general secretary of Punjabi Sahit Sangam,. He is a special convenor of the World Punjabi Organisation. He is the president of Punjabi Sahit Kala Kendar. He is the Special Adviser of The Punjabi Circle International UK. He is the member of International Hindi Society UK and many more.

Dr Sathi Ludhianvi can be approached via his e mail. drsathi@hotmail.co.uk and /or drsathi41@gmail.com

His mobile phone is 07956 525324 and land line is 01895 678929



## ਸਾਥੀ ਲੁਧਿਆਣਵੀ

*Dr Sathi Ludhianvi is a well established and well respected writer, journalist and broadcaster in the United Kingdom. He is a prominent Multi Lingual Socio Political discussion host with Sunrise Radio Group. He was the first Punjabi news reader and editor who started reading the news in 1990 for United Kingdom and Europe. Sathi Ludhianvi has been awarded the Honorary Doctorate of Arts (HONORIS CAUSA) by the University of East London. This was in recognition of his brilliance in the field of broadcasting and journalism. He was the one of the first overseas writers who won Sahit Sharomani Award given by the Government of Punjab's Language Department in 1985. In addition Sathi Ludhianvi has been awarded by many national and international bodies including House of Commons (British Parliament) Friends of Punjabis Committee, Punjabi Academy Leicester, Mayor of Hounslow, Punjabi Sahit Sabha Wolverhampton, Glasgow, East London, Punjabi Society Cleveland, USA and Punjabi Society Seattle, USA. He worked in the British Post Office, British Airways and ran his own businesses since moving to UK in 1962. His writing career spans to 6 decades. He regularly and selflessly works for community issues. He is respected for his sincerity, intellect and humour.*

*Sathi Ludhianvi frequently writes in Punjabi, Hindi and English. He wrote a regular column for Preet Lari, Ajit and The Punjabi Tribune for many years. He writes a regular column in English 'In Step With Time' for a prominent monthly magazine The India Link International.*

5 ਆਬ Parkashan, Jalandhar
*1-2 Desh Bhagat Yadgar Hall, Jalandhar*
*Punjab, India*
*Phone : 98140-87063*
*5aabparkashan@gmail.com*
*www.5aabparkashan.com*

ISBN : 978-93-82413-33-2

₹ 150